Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com

ਸਾਲ-7, ਅੰਕ-2, ਫਰਵਰੀ 2017

Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220

Registration No. 210836300

## ਵਿਧਾਨ-ਸਭਾ ਚੋਣਾਂ ਅਤੇ ਵੋਟ ਬਟੋਰੂ ਵਾਅਦੇ






ਬੂਟਾ ਸਿੰਘ, ਨਵਾਂ ਸ਼ਹਿਰ
94634-74342

ਵਿਧਾਨ-ਸਭਾ ਚੋਣਾਂ ਦੇ ਮੱਦੇਨਜ਼ਰ ਚੋਣਵਾਦੀ ਪਾਰਟੀਆਂ ਆਪਣੇ ਲੋਕ-ਲੁਭਾਉਣੇ ਪ੍ਰਚਾਰ ਅਤੇ ਵਾਅਦਿਆਂ ਦੇ ਨਾਲ-ਨਾਲ ਪੰਜਾਬ ਦੇ ਲੋਕਾਂ ਨੂੰ ਭਰਮਾਉਣ ਲਈ ਇਸ ਵਕਤ ਹਰ ਸਿਆਸੀ ਹਰਬਾ ਇਸਤੇਮਾਲ ਕਰ ਰਹੀਆਂ ਹਨ। ਅਵਾਮ ਦੀ ਧਾਰਮਿਕ ਸ਼ਰਧਾ ਨੂੰ ਵੋਟਾਂ ਵਿਚ ਢਾਲਣ ਲਈ ਵੱਖ-ਵੱਖ ਹਾਕਮ ਜਮਾਤੀ ਪਾਰਟੀਆਂ ਦੇ ਆਗੂ ਡੇਰਿਆਂ ਦੇ ਮੁੱਖੀਆਂ ਨੂੰ ਆਪਣੇ ਹੱਕ ਵਿਚ ਭੁਗਤਾਉਣ ਲਈ ਉਨ੍ਹਾਂ ਦੇ ਚਰਨੀਂ ਲੱਗ ਰਹੇ ਹਨ। ਅਰਵਿੰਦ ਕੇਜਰੀਵਾਲ, ਸੁਖਬੀਰ ਬਾਦਲ, ਬਿਕਰਮ ਮਜੀਠੀਆ, ਕੈਪਟਨ ਅਮਰਿੰਦਰ ਸਿੰਘ ਵਗੈਰਾ ਡੇਰਾ ਬਿਆਸ ਤੇ ਡੇਰਾ ਸਚਖੰਡ ਪਿੰਡ ਬੱਲਾਂ (ਜਲੰਧਰ ਜ਼ਿਲ੍ਹਾ) ਵਿਖੇ ਹਾਜ਼ਰੀ ਭਰ ਚੁੱਕੇ ਹਨ। ਡੇਰਾ ਬੱਲਾਂ ਦਾ ਦੁਆਬੇ ਦੇ ਰਵਿਦਾਸੀਆ ਭਾਈਚਾਰੇ ਵਿਚ ਵੱਡਾ ਪ੍ਰਭਾਵ ਹੈ। ਇਸ ਡੇਰੇ ਦੇ ਦੋ ਪੈਰੋਕਾਰਾਂ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਟਿਕਟਾਂ ਦੇ ਕੇ ਵੀ ਨਿਵਾਜਿਆ ਹੈ। ਡੇਰਾ ਸਰਸਾ ਨਾਲ ਜੁੜੇ ਵਿਵਾਦਾਂ ਕਾਰਨ ਭਾਵੇਂ ਕੋਈ ਹਾਕਮ ਜਮਾਤੀ ਸਿਆਸਤਦਾਨ 'ਸੱਚੇ ਸੌਦੇ' ਵਾਲੇ ਸਾਧ ਨੂੰ ਖੁੱਲ੍ਹੇਆਮ ਮਿਲਣ ਦਾ ਸਿਆਸੀ 'ਜ਼ੋਖ਼ਮ' ਨਹੀਂ ਲੈ ਰਿਹਾ ਪਰ ਲੁਕਵੇਂ ਤੌਰ 'ਤੇ ਉਸ ਨਾਲ ਸੰਪਰਕ ਕੀਤਾ ਜਾ ਰਿਹਾ ਹੈ। ਹਾਲ ਦੀ ਘੜੀ ਸੌਦਾ ਸਾਧ ਫਿਲਮ ਦੀ ਸ਼ੂਟਿੰਗ ਦੇ 'ਰੁਝੇਵੇਂ' ਦੇ ਪੱਜ ਇਨ੍ਹਾਂ ਨੂੰ ਨਹੀਂ ਮਿਲ ਰਿਹਾ ਪਰ ਉਹ ਕੇਂਦਰ ਦੀ ਭਾਜਪਾ ਸਰਕਾਰ ਦੇ ਲਗਾਤਾਰ ਸੰਪਰਕ ਵਿਚ ਹੈ ਅਤੇ ਬਾਦਲਕੇ ਸੰਘ ਬਰਗੇਡ ਦੇ ਜ਼ਰੀਏ ਉਸਦਾ ਸਿਆਸੀ ਆਸ਼ੀਰਵਾਦ ਲੈਣ ਲਈ ਯਤਨਸ਼ੀਲ ਹਨ। ਝੂਠੇ ਵਾਅਦਿਆਂ ਅਤੇ ਲਾਰਿਆਂ ਉੱਪਰ ਹਾਕਮ ਜਮਾਤੀ ਸਿਆਸਤਦਾਨਾਂ ਦੀ ਮੁੱਖ ਟੇਕ ਹੈ।

ਇਸ ਲੋਕ ਦੁਸ਼ਮਣ ਰਾਜਸੀ ਪ੍ਰਬੰਧ ਦੀ ਬੇਥਾਹ ਲੁੱਟਮਾਰ ਤੋਂ ਅੱਕੇ-ਸਤੇ ਲੋਕ ਬਦਲਾਓ ਚਾਹੁੰਦੇ ਹਨ ਪਰ ਇਨਕਲਾਬੀ ਜਮਾਤੀ ਚੇਤਨਾ ਅਤੇ ਸੂਝ ਦੀ ਅਣਹੋਂਦ ਕਾਰਨ ਅਤੇ ਜਿਨ੍ਹਾਂ ਇਨਕਲਾਬੀ ਜਮਹੂਰੀ ਤਾਕਤਾਂ ਨੇ ਲੋਕਾਂ ਨੂੰ ਚੋਣਵਾਦੀ ਸਿਆਸਤ ਦੀ ਦਲਦਲ ਵਿੱਚੋਂ ਕੱਢਕੇ ਸਹੀ ਮਾਇਨਿਆਂ ਵਿਚ ਬਦਲ ਸਥਾਪਤ ਕਰਨਾ ਹੈ ਉਨ੍ਹਾਂ ਦੇ ਕਮਜ਼ੋਰ ਹੋਣ ਕਾਰਨ ਲੋਕ ਉਸੇ ਘੁੰਮਣਘੇਰੀ ਵਿਚ ਫਸੇ ਹੋਏ ਹਨ। ਵੋਟ ਬਟੋਰੂ ਸਿਆਸੀ ਪਾਰਟੀਆਂ ਇਸ ਹਕੀਕਤ ਨੂੰ ਲੋਕਾਂ ਤੋਂ ਛੁਪਾ ਰਹੀਆਂ ਹਨ ਕਿ ਘੋਰ ਨਾਬਰਾਬਰੀ ਅਤੇ ਨੰਗੇ ਅਨਿਆਂ 'ਤੇ ਅਧਾਰਤ ਇਸ ਰਾਜਸੀ ਪ੍ਰਬੰਧ ਦੇ ਅੰਦਰ ਮਹਿਜ਼ ਸਰਕਾਰ ਬਦਲਕੇ ਕੋਈ ਲੋਕਪੱਖੀ ਬਦਲਾਓ ਉੱਕਾ ਹੀ ਸੰਭਵ ਨਹੀਂ। ਇਹ ਭਰਮ ਬਣਾਈ ਰੱਖਣਾ ਇਸ ਲੋਕ ਵਿਰੋਧੀ ਪ੍ਰਬੰਧ ਪੱਖੀ ਤਮਾਮ ਸਿਆਸੀ ਧੜਿਆਂ ਦੀ ਅਣਸਰਦੀ ਲੋੜ ਹੈ ਕਿ ਵੋਟਾਂ ਦੁਆਰਾ ਸਰਕਾਰ ਬਦਲਕੇ ਲੋਕ ਐਸਾ ਨਿਜ਼ਾਮ ਲਿਆ ਸਕਦੇ ਹਨ ਜੋ ਉਨ੍ਹਾਂ ਦੇ ਹਿੱਤ, ਬਿਹਤਰੀ ਅਤੇ ਤਰੱਕੀ ਲਈ ਕੰਮ ਕਰੇਗਾ। ਜਦਕਿ ਹਕੀਕਤ ਇਹ ਹੈ ਕਿ ਬਦੇਸ਼ੀ ਅਤੇ ਦੇਸੀ ਲੋਟੂ ਜਮਾਤਾਂ ਦੀਆਂ ਖ਼ਿਦਮਤਗਾਰ ਸਰਕਾਰਾਂ ਦੀਆਂ ਨੀਤੀਆਂ ਨੇ ਸਾਮਰਾਜਵਾਦ ਦੇ ਦਬਾਓ ਹੇਠ ਸਾਡੇ ਮੁਲਕ ਨੂੰ ਪਿਛਲੇ ਢਾਈ ਦਹਾਕਿਆਂ ਵਿਚ ਐਸੇ ਆਰਥਕ ਢਾਂਚੇ ਵਿਚ ਨੂੜ ਦਿੱਤਾ ਹੈ ਜਿਥੇ ਕਾਰਪੋਰੇਟ ਸਰਮਾਏ ਦੇ ਹਿੱਤ ਹੀ ਸਭ ਕੁਝ ਹਨ ਅਤੇ ਪਿਛਲੇ ਦੌਰ ਦੇ ਲੋਕ-ਭਲਾਈ ਦੇ ਨਾਮਨਿਹਾਦ ਸੁਧਾਰਾਂ ਦੀ ਮਾਮੂਲੀ ਗੁੰਜਾਇਸ਼ ਵੀ ਖ਼ਤਮ ਹੋ ਚੁੱਕੀ ਹੈ। ਲਿਹਾਜ਼ਾ ਚੋਣਵਾਦੀ ਪਾਰਟੀਆਂ ਲੋਕਾਂ ਨੂੰ ਪ੍ਰਭਾਵਿਤ ਕਰਨ ਲਈ ਜੋ ਭਰਮਾਊ

(ਬਾਕੀ ਸਫ਼ਾ 22 'ਤੇ)


5

ਡਰੱਗ ਕੰਪਨੀਆਂ ਵਲੋਂ ਸਰਕਾਰਾਂ ਤੇ ਕਾਰਪੋਰੇਟ ਮੀਡੀਆ ਨਾਲ ਰਲ਼ ਕੇ ਕੀਤੀ ਜਾ ਰਹੀ ਜਥੇਬੰਧਕ ਕੁਰੱਪਸ਼ਨ


11

ਪੰਜਾਬ ਅੰਦਰ ਸ਼੍ਰੋਮਣੀ ਅਕਾਲੀ ਦਲ ਦੀ ਦਹਿਸ਼ਤ ਦੇ ਸਾਏ


20

ਬਲੋਚਿਸਤਾਨ ਨਾਲ਼ ਹਮਦਰਦੀ ਪਿੱਛੇ ਲੁਕੇ ਅੰਨ੍ਹੀ ਕੌਮਪ੍ਰਸਤੀ ਦੇ ਮਨਸੂਬੇ



28

ਰੀਐਲਟੀ ਟੀਵੀ : ਖੂਹ ਦੇ ਡੱਡੂਆਂ ਲਈ ਸੱਭਿਆਚਾਰਕ ਸੜਾਂਦ ਦਾ ਫੈਕਟਰੀ ਆਊਟਲੈੱਟ

SUPER VISA INSURANCE

PUNJAB INSURANCE INC.

• Life Insurance • Mortgage Insurance
• Critical Illness Insurance • Disability Insurance
• RESP, RRSP



Sherjang Singh Rana
416.910.9000



Ravinder Singh Basra
416.845.6232

www.punjabinsurance.ca

# ਲੇਖਕ ਅਤੇ ਲਿਖਤ



ਹਰੀਪਾਲ
403-714-4816



ਲਿਖਣ ਪ੍ਰਕਿਰਿਆ ਨੂੰ ਸਾਧਾਰਣ ਸ਼ਬਦਾਂ ਵਿਚ ਕਲਾ ਜਾਂ ਹੁਨਰ ਹੀ ਕਿਹਾ ਜਾਂਦਾ ਹੈ। ਲੇਖਕਾਂ ਬਾਰੇ ਵੀ ਬਹੁਤ ਲੋਕਾਂ ਦੀ ਰਾਇ ਹੁੰਦੀ ਹੈ ਕਿ ਇਹ ਵਿਚਲੇ ਹਨ ਅਤੇ ਲਿਖੀ ਜਾਂਦੇ ਹਨ ਪਰ ਇਸ ਤਰ੍ਹਾਂ ਬਿਲਕੁਲ ਨਹੀਂ ਹੈ। ਇਹਦੇ ਵਿਚ ਕੋਈ ਸ਼ੱਕ ਨਹੀਂ ਕਿ ਕਾਫ਼ੀ ਲੇਖਕ ਸ਼ੌਕੀਆ ਹੁੰਦੇ ਹਨ, ਜਿਹੜੇ ਕਿ ਲਿਖਦੇ ਜਾਂ ਆਪਦੀ ਲਿਖਤ ਨੂੰ ਛੁਪਵਾਉਂਦੇ ਸਿਰਫ਼ ਇਸ ਲਈ ਹਨ ਕਿ ਉਹ ਅਖ਼ਬਾਰਾਂ, ਰਸਾਲਿਆਂ ਵਿਚ ਆਪਦਾ ਨਾਂ ਛਪਿਆ ਦੇਖਣਾ ਚਾਹੁੰਦੇ ਹਨ ਜਾਂ ਆਪਣੀ ਫੋਟੋ ਛਪੀ ਦੇਖਣੀ ਚਾਹੁੰਦੇ ਹਨ ਪਰ ਕੁਝ ਇਹੋ ਜਿਹੇ ਲੇਖਕ ਵੀ ਹੁੰਦੇ ਹਨ ਲਿਖਣਾ ਜਿਨ੍ਹਾਂ ਦੀ ਮਜਬੂਰੀ ਹੁੰਦੀ ਹੈ, ਤਲਬ ਹੁੰਦੀ ਹੈ ਜਾਂ ਉਹ ਸਮਾਜ ਪ੍ਰਤੀ ਅਤੇ ਆਪਣੀ ਹੋਂਦ ਪ੍ਰਤੀ ਆਪਣੀ ਜ਼ਿੰਮੇਵਾਰੀ ਸਮਝਦੇ ਹਨ। ਦੂਜੀ ਕਿਸਮ ਦੇ ਲੇਖਕਾਂ ਦੀਆਂ ਲਿਖਤਾਂ ਸਮਾਜਿਕ ਸਰੋਕਾਰਾਂ ਨਾਲ ਸਬੰਧਤ ਹੁੰਦੀਆਂ ਹਨ ਅਤੇ ਇਹੀ ਲਿਖਤਾਂ ਸਦੀਵੀ ਹੁੰਦੀਆਂ ਹਨ। ਗੋਰਕੀ ਨੂੰ, ਟਾਲਸਟਾਏ ਨੂੰ ਜਾਂ ਅਰਨੈਸਟ ਹੈਮਿੰਗਵੇ ਨੂੰ ਬੀਤਿਆਂ ਕਾਫ਼ੀ ਸਮਾਂ ਹੋ ਚੁੱਕਿਆ ਹੈ, ਪਰ ਉਨ੍ਹਾਂ ਦੀਆਂ ਲਿਖਤਾਂ 'ਤੇ ਅੱਜ ਵੀ ਚਰਚਾ ਹੋ ਰਹੀ ਹੈ, ਬਹੁਤ ਸਾਰੇ ਕਾਲਜਾਂ ਯੂਨੀਵਰਸਿਟੀਆਂ ਵਿਚ ਉਨ੍ਹਾਂ ਦੀਆਂ ਲਿਖਤਾਂ ਸਲੇਬਸ ਦਾ ਹਿੱਸਾ ਹਨ।

ਕਲਮ ਘਸਾਈ ਦਾ ਜ਼ੋਰ ਅੱਜ ਕੱਲ੍ਹ ਬਹੁਤ ਜਿਆਦਾ ਹੈ। ਲਿਖਿਆ ਬਹੁਤ ਜਾ ਰਿਹਾ ਹੈ ਅਤੇ ਪੜ੍ਹਿਆ ਬਹੁਤ ਘੱਟ ਜਾ ਰਿਹਾ ਹੈ। ਧੜਾ ਧੜ ਕਿਤਾਬਾਂ ਛਪ ਰਹੀਆ ਹਨ ਪਰ ਪੜ੍ਹਨ ਵਾਲੇ ਬਹੁਤ ਘੱਟ ਹਨ। ਸਾਡੀ ਸਮੱਸਿਆ ਇਹ ਹੈ ਕਿ ਅਸੀਂ ਪੰਜਾਬੀ ਬਹੁਤ ਜ਼ਜਬਾਤੀ ਹਾਂ, ਅਸੀਂ ਕਦੇ ਵੀ ਆਪਦੀ ਲਿਖਤ ਦੀ ਪੜਚੋਲ ਕਰਨਾ ਨਹੀਂ ਚਾਹੁੰਦੇ, ਬੱਸ ਅਸੀਂ ਤਾਂ ਕਹਿੰਦੇ ਹਾਂ ਕਿ ਮੈਂ ਜੋ ਲਿਖ ਦਿੱਤਾ ਹੈ ਇਹ ਇਕ ਅਟੱਲ ਸੱਚਾਈ ਹੈ। ਕਹਿੰਦੇ ਹਨ ਕਿ ਜੇਕਰ ਤੁਸੀਂ ਇਕ ਹਜ਼ਾਰ ਪੰਨਾ ਪੜ੍ਹਦੇ ਹੋ, ਤਾਂ ਇਕ ਪੰਨਾ ਲਿਖੋ ਅਤੇ ਅਸੀਂ ਹਾਂ ਕਿ ਇਕ ਪੰਨਾ ਵੀ ਨਹੀਂ ਪੜ੍ਹਦੇ। ਹਜ਼ਾਰ ਪੰਨਾ ਲਿਖ ਦਿੰਦੇ ਹਾਂ। ਮੈਂ ਇਕ ਅਜਿਹੇ ਲੇਖਕ ਨੂੰ ਜਾਣਦਾ ਹਾਂ ਕਿ ਜਿਸ ਨੇ ਆਪਦੇ ਮਤਲਬ ਖਾਤਰ ਵੀਹ ਕਿਤਾਬਾਂ ਰਾਜਨੀਤਿਕ ਨੇਤਾਵਾਂ ਨੂੰ ਅਰਪਣ ਕੀਤੀਆਂ ਹਨ। ਤਰਸ ਆਉਂਦਾ ਹੈ ਇਹੋ ਜਿਹੇ ਮਹਾਨ ਲੇਖਕਾਂ ਤੇ। ਲੇਖਕ ਦਾ ਮਨ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ, ਨਿੱਕੀ ਜਿਹੀ ਗੱਲ ਵੀ ਲੇਖਕ ਨੂੰ ਚੁੱਭਦੀ ਰਹਿਣੀ ਚਾਹੀਦੀ ਹੈ ਤਾਂ ਹੀ ਕਿਸੇ ਦਿਨ ਉਹ ਕਾਗਜ਼ ਤੇ ਉਤਰੇਗੀ। ਫਰਜ਼ ਕਰੋ (ਇਕ ਉਦਾਹਰਣ) ਵਿਚ ਛੋਟਾ ਜਿਹਾ ਬੱਚਾ ਕਿਸੇ ਪੁੱਲ ਥੱਲੇ ਬੈਠਾ ਹੈ, ਉਸਦੇ ਅੱਗੇ ਇਕ ਕੌਲਾ ਜਿਹਾ ਰੱਖਿਆ ਹੈ, ਉਸਦੀਆਂ ਨਜ਼ਰਾਂ ਤੁਹਾਥੋਂ ਕੁਝ ਮੰਗ ਰਹੀਆਂ ਹਨ। ਤਿੰਨ ਤਰ੍ਹਾਂ ਦੇ ਵਿਅਕਤੀ ਉਸ ਕੋਲੋਂ ਲੰਘਦੇ ਹਨ। ਇਕ ਵਿਅਕਤੀ ਸਰਸਰੀ ਨਜ਼ਰੇ ਬੱਚੇ ਵੱਲ ਵੇਖਦੇ ਸੋਚੇਗਾ ਕਿ ਇਨ੍ਹਾਂ ਤੋਂ ਕੰਮ ਨਹੀਂ ਹੁੰਦਾ, ਕਿਵੇਂ ਵਿਹਲੀਆਂ ਖਾਣ ਗਿੱਝੇ ਹਨ। ਉਹ ਉਸ ਬੱਚੇ ਵੱਲ ਘਿਰਾਣਾ ਭਰੀਆਂ ਨਜ਼ਰਾਂ ਨਾਲ ਵੇਖੇਗਾ ਅਤੇ ਚਲਾ ਜਾਵੇਗਾ। ਇਕ ਹੋਰ ਵਿਅਕਤੀ ਉਸ ਕੋਲੋਂ ਲੰਘਦਾ ਹੈ, ਉਹ ਉਸ ਬੱਚੇ ਵੱਲ ਤਰਸ ਭਰੀ ਨਜ਼ਰ ਨਾਲ ਦੇਖੇਗਾ ਅਤੇ ਦੁਆਨੀ ਚੁਆਨੀ ਸਿੱਟ ਕੇ ਉਸਦੀ ਅਸੀਸ ਖਰੀਦਣ ਦੀ ਕੋਸ਼ਿਸ਼ ਕਰੇਗਾ ਅਤੇ ਰੱਬ ਨੂੰ ਕਹੇਗਾ 'ਦੇਖ ਮੈਂ ਤੇਰੇ ਪੈਦਾ ਕੀਤੇ ਜੀਅ ਦਾ ਖਿਆਲ ਰੱਖਿਆ ਹੈ' ਹੁਣ ਤੂੰ ਮੇਰਾ ਖਿਆਲ ਰੱਖੀਂ' ਤੇ ਫੱਟਾ ਫੱਟ ਰੱਬ 'ਤੇ ਅਹਿਸਾਨ ਕਰਨ ਦੀ ਕੋਸ਼ਿਸ਼ ਕਰੇਗਾ ਅਤੇ ਉਸ ਨਾਲ ਡੀਲ ਕਰਨ ਦੀ ਵੀ। ਹੁਣ ਇਕ ਤੀਜਾ ਵਿਅਕਤੀ ਲੰਘਦਾ ਹੈ, ਉਹ ਵੀ ਉਸ ਬੱਚੇ ਵਲ ਵੇਖੇਗਾ, ਹੋ ਸਕਦਾ ਹੈ ਜੇਬ 'ਚ ਹੱਥ ਮਾਰਕੇ ਕੋਈ ਛੋਟੀ ਮੋਟੀ ਭਾਨ ਵੀ ਦੇਵੇ। ਪਰ ਉਹ ਇਹ ਜ਼ਰੂਰ ਸੋਚੇਗਾ ਕਿ ਉਹ ਕਿਹੜੇ ਹਾਲਾਤ ਹਨ, ਜਿਨ੍ਹਾਂ ਨੇ ਇਸ ਨਿੱਕੇ ਜਿਹੇ ਪਿਆਰੇ ਜਿਹੇ ਬੱਚੇ ਨੂੰ ਮੰਗਣ ਲਈ ਮਜਬੂਰ ਕੀਤਾ ਹੈ। ਇਹ ਉਹ ਵਿਅਕਤੀ ਹੈ ਜਿਹੜਾ ਸੋਚਦਾ ਹੈ ਕਿ ਮਹਿਲਾਂ ਦੇ ਕੋਲ ਝੁੱਗੀਆਂ ਕਿਉਂ ਹਨ ਜਾਂ ਟਿੱਬਿਆਂ ਕੋਲ ਟੋਏ ਕਿਉਂ ਹਨ?

ਜੇਕਰ ਤੁਹਾਡੀ ਸੋਚ ਇਸ ਤੀਜੇ ਵਿਅਕਤੀ ਵਰਗੀ ਹੈ, ਤਾਂ ਕਿਰਪਾ ਕਰਕੇ ਜ਼ਰੂਰ ਪਰ ਜ਼ਰੂਰ ਲਿਖੋ ਕਿਉਂਕਿ ਇਸ ਨਾਲ ਸਮਾਜ ਦਾ ਕੁਝ ਭਲਾ ਤਾਂ ਹੋਵੇਗਾ। ਇਸ ਤਰ੍ਹਾਂ ਦੀ ਸੋਚ ਵਾਲੇ ਟਾਲਸਟਾਏ ਨੇ ਆਪਣੀ ਜ਼ਮੀਨ ਗਰੀਬਾਂ ਵਿਚ ਵੰਡ ਦਿੱਤੀ ਸੀ, ਇਹੋ ਜਿਹੀ ਸੋਚ ਵਾਲੀ ਅਰੁੰਧਤੀ ਰਾਏ ਨੇ ਬੁੱਕਰ ਇਨਾਮ ਦੀ ਲੱਖਾਂ ਦੀ ਰਾਸ਼ੀ ਲੋੜਵੰਦਾਂ ਵਿਚ ਵੰਡ ਦਿੱਤੀ ਸੀ। ਹੁਣ ਜਦੋਂ ਆਪਾਂ ਆਮ ਲੋਕਾਂ ਲਈ ਲਿਖਦੇ ਹਾਂ, ਤਾਂ ਕੀ ਆਪਾਂ ਉਹੋ ਜਿਹੀਆਂ ਹਾਲਾਤਾਂ ਦਾ ਸਾਹਮਣਾ ਵੀ ਕਰ ਸਕਦੇ ਹਾਂ, ਜਿਹੋ ਜਿਹੀਆਂ ਹਾਲਾਤਾਂ ਆਪਾਂ ਆਪਦੀਆਂ ਲਿਖਤਾਂ ਵਿਚ ਚਿਤੋਹਦੇ ਹਾਂ ਜਿਸ ਤਰ੍ਹਾਂ ਏ. ਸੀ. ਕਮਰੇ ਵਿਚ ਬੈਠ ਕੇ ਮਜ਼ਦੂਰ ਦੇਮੁੜ੍ਹਕੇ ਦੀ ਗੱਲ ਕਰਨੀ ਜਾਂ ਹੀਟਡ ਘਰਾਂ ਵਿਚ ਬੈਠ ਕੇ, ਸੜਕਾਂ 'ਤੇ ਠੁਰ ਠੁਰ ਕਰਦੇ ਮਜ਼ਦੂਰਾਂ ਦੇ ਬੱਚਿਆਂ ਦੀ ਗੱਲ ਕਰਨੀ ਜਾਂ ਸਥਾਪਤੀ ਦੀ ਕੁਰਸੀ ਦਾ ਅਨੰਦ ਮਾਣਦੇ ਹੋਏ, ਕਾਮਿਆਂ ਦੇ ਘੋਲਾਂ ਜਾਂ ਜੇਲ੍ਹਾਂ ਦੇ ਦੁੱਖ ਤਕਲੀਫਾਂ ਦੀ ਗੱਲ ਕਰਨੀ ਤਾਂ ਇਸ ਤਰ੍ਹਾਂ ਦੀਆਂ ਲਿਖਤਾਂ ਦੀ ਕੋਈ ਲੰਬੀ ਉਮਰ ਨਹੀਂ ਹੋਵੇਗੀ। ਇਹ ਲਿਖਤਾਂ ਅਖ਼ਬਾਰਾਂ ਦੀਆਂ ਖ਼ਬਰਾਂ ਵਾਂਗ ਮਿਟ ਜਾਣਗੀਆਂ। ਜਿਹੜੇ ਲੇਖਕਾਂ ਨੇ ਜਿਵੇਂ ਉਦਾਸੀ ਹੋਵੇ, ਲਾਲ ਸਿੰਘ ਦਿਲ ਜਾਂ ਗੁਰਦਾਸ ਰਾਮ ਆਲਮ ਹੋਵੇ, ਮਜ਼ਦੂਰਾਂ ਦੀਆਂ ਦੁੱਖ ਤਕਲੀਫ਼ਾਂ ਲਿਖੀਆਂ ਹਨ ਕਿਉਂਕਿ ਉਨ੍ਹਾਂ ਨੇ ਮਜ਼ਦੂਰੀ ਕੀਤੀ ਹੈ, ਥੁੜ੍ਹਾਂ ਭਰੀ ਜ਼ਿੰਦਗੀ ਹੰਢਾਈ ਹੈ, ਅੱਜ ਉਨ੍ਹਾਂ ਦੀਆਂ ਲਿਖਤਾਂ ਅਮਰ ਹਨ। ਅਵਤਾਰ ਸਿੰਘ ਪਾਸ਼ ਨੇ ਪੁਲਿਸ ਤਸ਼ੱਦਦ ਝੱਲਿਆ ਹੈ, ਇਕ ਖਾਸ ਵਿਚਾਰਧਾਰਾ ਨਾਲ ਪ੍ਰਤੀਬੱਧਤਾ ਨਿਭਾਈ ਹੈ। ਆਪ ਦੀ ਜਾਨ ਵੀ ਦਿੱਤੀ ਹੈ, ਪਰ ਆਪਦੀ ਵਿਚਾਰਧਾਰਾ ਤੋਂ। ਪਿਛੇ ਨਹੀਂ ਹਟਿਆ, ਇਸ ਕਰਕੇ ਪਾਸ਼ ਅੱਜ ਲੋਕ ਮਨਾਂ ਵਿਚ ਜਿੰਦਾ ਹੈ। ਦਸਵੀਂ ਪਾਸ਼, ਅਵਤਾਰ ਪਾਸ਼ ਦੀਆਂ ਕਵਿਤਾਵਾਂ ਯੂਨੀਵਰਸਿਟੀਆਂ ਦੇ ਸਲੇਬਸਾਂ ਦਾ ਹਿੱਸਾ ਹਨ। ਕਹਿੰਦੇ ਹਨ ਕਿ ਕਵੀ ਸਟੇਸਟਮੈਨ ਹੁੰਦੇ ਹਨ, ਜਿਵੇਂ ਇਕ ਸਿਆਸਤਦਾਨ ਆਉਣ ਵਾਲੀ ਚੋਣ ਬਾਰੇ ਸੋਚਦਾ ਹੈ, ਪਰ ਇਕ ਸਟੇਟਸਮੈਨ ਆਉਣ ਵਾਲੀ ਪੀੜ੍ਹੀ ਬਾਰੇ ਸੋਚਦਾ ਹੈ। ਇਸੇ ਤਰ੍ਹਾਂ ਰਚਨਾਵਾਂ ਦੇ ਬਾਰੇ ਮਹਾਨ ਲੇਖਕਾਂ ਦਾ ਕਥਨ ਹੈ ਕਿ ਕਵਿਤਾ ਆਪਦੇ ਆਪ ਵਿਚ ਪੂਰੀ ਕਹਾਣੀ ਹੁੰਦੀ ਹੈ ਅਤੇ ਕਹਾਣੀ ਆਪਦੇ ਆਪ ਵਿਚ ਪੂਰਾ ਨਾਵਲ ਹੁੰਦਾ ਹੈ ਤਾਂ ਫੇਰ ਨਾਵਲ ਕੀ ਹੈ? ਨਾਵਲ ਆਪਦੇ ਆਪ ਵਿਚ ਪੂਰਾ ਖਿੱਤਾ ਹੁੰਦਾ ਹੈ। ਇਹ ਖਿੱਤਾ ਉਸ ਇਲਾਕੇ ਦੇ ਲੋਕਾਂ ਦੇ ਸਮਾਜਿਕ, ਆਰਥਿਕ, ਰਾਜਨੀਤਕ ਹਾਲਾਤਾਂ ਨੂੰ ਪੇਸ਼ ਕਰਦਾ ਹੈ। ਕਵਿਤਾ, ਕਹਾਣੀ ਜਾਂ ਨਾਵਲ ਲਿਖ ਕੇ ਛਪਵਾਕੇ ਤੁਸੀਂ ਅਰਾਮ ਨਾਲ ਨਹੀਂ ਬੈਠ ਸਕਦੇ, ਤੁਸੀਂ ਜੋ ਲਿਖਿਆ ਹੈ ਉਸ ਨੂੰ ਜਿਉਣਾ ਪੈਂਦਾ ਹੈ। ਕੈਨੇਡੀਅਨ ਪੰਜਾਬੀ ਲੇਖਕ ਸਾਧੂ ਬਿਨਿੰਗ ਨੇ, ਛੇ ਸੱਤ ਸਾਲ ਪਹਿਲਾਂ ਇਕ ਕਿਤਾਬ ਛਪਵਾਈ ਸੀ 'ਨਾਸਤਿਕ ਬਾਣੀ', ਉਸ ਕਿਤਾਬ ਤੇ ਉਠਦੇ ਸਵਾਲਾਂ ਲਈ ਹੁਣ ਵੀ ਸਾਧੂ ਬਿਨਿੰਗ ਨੂੰ ਰੇਡੀਓ ਅਤੇ ਅਖ਼ਬਾਰਾਂ ਵਿਚ ਜਵਾਬਦੇਹ ਹੋਣਾ ਪੈਂਦਾ ਹੈ। ਆਪਦੇ ਵਿਚਾਰਾਂ ਨਾਲ ਪ੍ਰਤੀਬੱਧਤਾ ਦਿਖਾਉਣ ਕਰਕੇ ਬਰੂਨੋ ਨੂੰ ਪਾਬਲੋ ਨੈਰੂਦਾ ਨੂੰ

(ਬਾਕੀ ਸਫ਼ਾ 23 'ਤੇ)




HARPINDER SIDHU
(403) 404-3500

Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com



FIVE STAR INSURANCE
Save up to 51%
• Auto • Home • Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
905.459.0555
270 Orenda Rd., Unit # 200 Brampton, ON L6T 4X6

**SARO KARAN DI AWAZ**

**Publisher**
Pro-People Arts Project Media
Group 29 Mapleview Ave,
Brampton
Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Milton
(Ontario)
226-979-5688
deephsingh@gmail.com

**Literary Advisor**
Gurbachan Singh Brar
Calgary (NE) Alberta
403-470-2628
brargurbachan@yahoo.ca

**Advisory Board**
Narbhinder Singh (India)
935-443-0211

Buta Singh Nawan Shahr
(India)
946-347-4342
atoozed@gmail.com

Jaswant Zirakh (India)
98151-69825
jaswantzirakh@gmail.com

Harnek Dhaliwal, Winnipeg
(Manitoba)
204-488-6960

Parshotam Dosanjh,
Surrey (BC)
1-604-512-8371

Sukhdev Singh Sandhu
(Toronto)

Master Balbir Singh Gill
(Toronto)
Jaspreet Dhaliwal
(Toronto)

Randeep Singh
(India)
09855695905
rvs0001@gmail.com

Baljinder Singh
Graphic Desinger
+91-98782-29598
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

# ਕੀ ਪੰਜਾਬੀਆਂ ਦੀਆਂ ਉਮੀਦਾਂ 'ਤੇ ਖਰੀ ਉਤਰੇਗੀ ਆਮ ਆਦਮੀ ਪਾਰਟੀ?

ਇਸ ਵਾਰ ਪੰਜਾਬ 'ਚ ਹੋ ਰਹੀਆਂ ਇਲੈਕਸ਼ਨਾਂ ਸਮੇਂ ਹੋਰ ਰਵਾਇਤੀ ਪਾਰਟੀਆਂ ਤੋਂ ਇਲਾਵਾ ਤੀਜੇ ਬਦਲ ਵਜੋਂ ਆਮ ਆਦਮੀ ਪਾਰਟੀ ਵੀ ਉਭਰ ਕੇ ਸਾਹਮਣੇ ਆਈ ਹੈ। ਪੰਜਾਬ ਦੇ ਮਿਹਨਤਕਸ਼ ਲੋਕ ਅਕਾਲੀ-ਭਾਜਪਾ ਅਤੇ ਕਾਂਗਰਸ ਪਾਰਟੀ ਦੇ ਉਤਰ ਕਾਟੋ ਮੈਂ ਚੜ੍ਹਾਂ ਦੇ ਡਰਾਮੇ ਤੋਂ ਕਾਫ਼ੀ ਤੰਗ ਆ ਚੁੱਕੇ ਹਨ। ਪਿਛਲੇ ਦਸਾਂ ਸਾਲਾਂ ਤੋਂ ਤਾਂ ਬਾਦਲ ਸਰਕਾਰ ਵਲੋਂ ਮਚਾਈ ਹਨੇਰਗਰਦੀ ਤੇ ਹਰ ਕਿਸਮ ਦੇ ਮਾਫ਼ੀਆ ਗਰੋਹਾਂ ਤੋਂ ਪ੍ਰਵਾਸੀ ਪੰਜਾਬੀ ਵੀ ਬੇਹੱਦ ਔਖ ਮਹਿਸੂਸ ਕਰ ਰਹੇ ਸਨ ਤੇ ਸਮਾਂ ਆਉਣ 'ਤੇ ਇਸ ਦਾ ਬਦਲਾ ਲੈਣ ਦੀ ਤਾਕ 'ਚ ਬੈਠੇ ਸਨ। ਪ੍ਰਵਾਸੀ ਪੰਜਾਬੀ ਵੀ ਹੋਰਨਾਂ ਪੰਜਾਬੀਆਂ ਵਾਂਗ ਆਪਣੇ ਪੰਜਾਬ ਨੂੰ ਖੁਸ਼ਹਾਲ, ਅਮਨ ਪਸੰਦ ਤੇ ਸਾਫ਼ ਸੁਥਰਾ ਦੇਖਣਾ ਚਾਹੁੰਦੇ ਸਨ। ਇਨ੍ਹਾਂ ਹੀ ਸਵਾਲਾਂ ਨੂੰ ਮੁੱਖ ਰੱਖਦਿਆਂ ਅੱਜ ਕੱਲ੍ਹ ਹਜ਼ਾਰਾਂ ਹੀ ਪ੍ਰਵਾਸੀ ਪੰਜਾਬੀ ਪੰਜਾਬ ਦੀ ਧਰਤੀ 'ਤੇ ਪਹੁੰਚੇ ਹੋਏ ਹਨ। ਇਨ੍ਹਾਂ ਵਿਚ ਕੁਝ ਲੋਕ ਉਹ ਵੀ ਹਨ ਜੋ ਪਹਿਲਾਂ ਲੰਮਾ ਸਮਾਂ ਕਾਂਗਰਸੀ, ਕਮਿਊਨਿਟ ਜਾਂ ਅਕਾਲੀ ਵੀ ਰਹੇ ਹਨ ਤੇ ਉਨ੍ਹਾਂ ਦੇ ਕੁਝ ਨਿੱਜੀ ਮੁਫ਼ਾਦ ਵੀ ਹੋ ਸਕਦੇ ਹਨ, ਪਰ ਬਹੁਤੇ ਲੋਕ ਬਿਨਾਂ ਕਿਸੇ ਮੁਫ਼ਾਦ ਤੋਂ ਆਪਣਾ ਕੰਮਕਾਰ ਛੱਡ ਕੇ ਇਕ ਨਵਾਂ ਬਦਲ ਲੱਭਣ ਦੀ ਤਮੰਨਾ ਲੈ ਕੇ ਇਸ ਰਾਹ 'ਤੇ ਤੁਰੇ ਹਨ। ਇਹ ਵੀ ਤਾਂ ਸੱਚ ਹੈ ਕਿ ਬਹੁਤੇ ਆਮ ਲੋਕ ਨਾ ਹੀ ਇਸ ਬੜੀ ਗੁੰਝਲਦਾਰ ਆਰਥਿਕਤਾ ਨੂੰ ਤੇ ਨਾਹੀ ਸਮਾਜਿਕ ਤਬਦੀਲੀ ਦੇ ਵਰਤਾਰੇ ਨੂੰ ਪੂਰੀ ਤਰ੍ਹਾਂ ਸਮਝਦੇ ਹੁੰਦੇ ਹਨ। ਇਹੋ ਜਿਹੇ ਲੋਕ ਮੁਸ਼ਕਿਲ



ਦਾ ਫੌਰੀ ਹੱਲ ਲੱਭਣ ਲਈ ਭਾਵੁਕਤਾ ਤੋਂ ਵੱਧ ਕੰਮ ਲੈਂਦੇ ਹਨ। ਇਸ ਗੱਲ 'ਤੇ ਵੀ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਬਾਦਲ ਦੇ ਰਾਜ ਸਮੇਂ ਪੁਲਿਸ ਜ਼ਬਰ ਤੇ ਸਰਕਾਰੀ ਸ਼ਹਿ 'ਤੇ ਪਲਦੇ ਮਾਫ਼ੀਆ ਗਰੋਹਾਂ ਨੇ ਆਮ ਸ਼ਹਿਰੀਆਂ ਦੇ ਦਿਲਾਂ 'ਚ ਇਕ ਦਹਿਸ਼ਤ ਵਾਲਾ ਮਾਹੌਲ ਪੈਦਾ ਕਰ ਦਿੱਤਾ ਸੀ। ਇਸ ਦਹਿਸ਼ਤ ਨੂੰ ਤੋੜਨ ਤੇ ਰਵਾਇਤੀ ਲੀਡਰਾਂ ਖਿਲਾਫ਼ ਜੁਰਅਤ ਨਾਲ ਗੱਲ ਕਰਨ 'ਤੇ ਗੁੰਡਾਗਰਦੀ ਦਾ ਮੁਕਾਬਲਾ ਕਰਨ ਦੀ ਆਮ ਲੋਕਾਂ 'ਚ ਹਿੰਮਤ ਵੀ ਆਮ ਆਦਮੀ ਪਾਰਟੀ ਦੇ ਵਾਲੰਟੀਅਰਾਂ ਨੇ ਹੀ ਪੈਦਾ ਕੀਤੀ ਹੈ। ਲੋਕ ਇਕ ਵਾਰ ਫਿਰ ਆਪਣੀ ਤਾਕਤ ਨੂੰ ਪਛਾਨਣ ਦੇ ਯੋਗ ਹੋਏ ਹਨ ਭਾਵੇਂ ਇਹ ਵਰਤਾਰਾ ਆਰਜੀ ਹੈ। ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਵਿਚ ਤੇ ਖਾਸ ਤੌਰ 'ਤੇ ਪ੍ਰਵਾਸੀ ਵਲੰਟੀਅਰਾਂ 'ਚ ਇਹ ਕਮਜ਼ੋਰੀ ਵੀ ਹੈ ਕਿ ਉਹ ਕੇਜਰੀਵਾਲ ਦੇ ਖਿਲਾਫ਼ ਕਿਸੇ ਜਾਇਜ਼ ਗੱਲ ਨੂੰ ਸੁਣਨ ਲਈ ਤਿਆਰ ਨਹੀਂ ਹਨ ਜੋ ਗੱਲ ਕੇਜਰੀਵਾਲ ਦੀ ਕਹਿਣੀ ਅਤੇ ਕਰਨੀ ਤੇ ਪ੍ਰਸ਼ਨਚਿੰਨ੍ਹ ਲਾਉਂਦੀ ਹੋਵੇ। ਉਨ੍ਹਾਂ ਨੂੰ ਕੇਜਰੀਵਾਲ ਤੇ ਸਵਾਲ ਉਠਾਉਣ ਵਾਲਾ ਬੰਦਾ ਅਕਾਲੀ ਜਾਂ ਕਾਂਗਰਸੀ ਪਾਰਟੀ ਦੇ ਹੱਕ 'ਚ ਭੁਗਤਦਾ ਜਾਪਦਾ ਹੈ। ਇਹ ਗੈਰ ਵਾਜਬੀ ਗੱਲ ਉਨ੍ਹਾਂ ਨੂੰ ਆਉਣ ਵਾਲੇ ਸਮੇਂ 'ਚ ਨਿਰਾਸ਼ ਵੀ ਕਰ ਸਕਦੀ ਹੈ। ਕਮਿਊਨਿਸਟ ਪਾਰਟੀਆਂ ਤੇ ਹੋਰ ਗਰੁੱਪਾਂ ਦੇ ਆਪੋ ਆਪਣੇ ਏਜੰਡੇ ਹਨ। ਸੀ. ਪੀ. ਆਈ. ਤੇ ਸੀ. ਪੀ. ਐਮ. ਵਾਲੇ ਵੀ ਕੇਜਰੀ ਨੂੰ ਬਾਕੀ ਦੀਆਂ ਰਵਾਇਤੀ ਪਾਰਟੀਆਂ ਵਾਂਗ ਅਜਾਰੇਦਾਰੀ ਪੱਖੀ ਸਮਝਦੇ ਹਨ। ਜਦੋਂਕਿ ਇਹ ਕਮਿਊਨਿਸਟ ਵੀ ਹੋਰ ਰਵਾਇਤੀ ਪਾਰਟੀਆਂ ਨਾਲ ਅਲਾਇੰਸ ਬਣਾਕੇ ਪਿਛਲੇ ਕਈ ਦਹਾਕਿਆਂ ਤੋਂ ਚੋਣਾਂ 'ਚ ਭਾਗ ਲੈ ਰਹੇ ਹਨ ਤੇ ਬਹੁਤ ਵਾਰ ਆਪਣੀਆਂ ਸਰਕਾਰਾਂ ਵੀ ਬਣਾ ਚੁੱਕੇ ਹਨ। ਸੋ ਆਮ ਲੋਕਾਂ ਵਲੋਂ ਇਨ੍ਹਾਂ ਪਾਰਟੀਆਂ ਵਲੋਂ ਕੇਜਰੀਵਾਲ ਦੀਆਂ ਪਾਲਿਸੀਆਂ ਦੇ ਕੀਤੇ ਜਾਂਦੇ ਵਿਰੋਧ ਦਾ ਘੱਟ ਹੀ ਨੋਟਿਸ ਲਿਆ ਜਾਂਦਾ ਹੇ। ਕਈ ਹੋਰ ਕਮਿਊਨਿਸਟ ਗਰੁੱਪਾਂ ਦੇ ਵੀ ਚੋਣਾਂ ਬਾਰੇ ਵੱਖੋ-ਵੱਖਰੇ ਵਿਚਾਰ ਹਨ। ਕੁਝ ਗਰੁੱਪ ਚੋਣਾਂ 'ਚ ਹਿੱਸਾ ਲੈਂਦੇ ਹਨ ਤੇ ਕੁਝ ਚੋਣਾਂ ਦਾ ਵਿਰੋਧ ਕਰਦੇ ਹਨ। ਇਸ ਕਿਸਮ ਦਾ ਰੋਲ ਘਚੋਲਾ ਵੀ ਆਮ ਲੋਕਾਂ ਨੂੰ ਕੋਈ ਸਪਸ਼ਟ ਸੇਧ ਦੇਣ 'ਚ ਸਹਾਈ ਸਿੱਧ ਨਹੀਂ ਹੋ ਰਿਹਾ। ਆਮ ਲੋਕ ਜੋ ਰਾਜਨੀਤਕ ਤੌਰ 'ਤੇ ਬਹੁਤੇ ਸੁਚੇਤ ਨਹੀਂ ਹਨ ਉਹ ਸਾਰੇ ਕਮਿਊਨਿਸਟਾਂ ਨੂੰ ਇਕ ਹੀ ਸਮਝਦੇ ਹਨ। ਪੰਜਾਬ ਦੇ ਲੋਕਾਂ ਦਾ ਰੁਝਾਨ ਇਸ ਬਾਰੇ ਅਕਾਲੀ-ਭਾਜਪਾ ਪਾਰਟੀਆਂ ਦੇ ਵਿਰੋਧ ਦੇ ਰੁੱਖ ਵਾਲਾ ਹੈ। ਜੇ ਕੇਜਰੀਵਾਲ ਦੀ ਪਾਰਟੀ ਦੀ ਸਰਕਾਰ ਬਣ ਵੀ ਜਾਂਦੀ ਹੈ ਤਾਂ ਵੀ ਇਹ ਸੰਭਵ ਨਹੀਂ ਲਗਦਾ ਕਿ ਉਸ ਵਲੋਂ ਜਿੰਨੇ ਵਾਅਦੇ ਲੋਕਾਂ ਨਾਲ ਕੀਤੇ ਗਏ ਹਨ ਜਿਵੇਂ ਕੁਰੱਪਸ਼ਨ ਦਾ ਖਾਤਮਾ, ਨਸ਼ਾ ਮੁਕਤ ਪੰਜਾਬ, ਬੁਢਾਪਾ ਪੈਨਸ਼ਨ, ਸ਼ਗਨ ਸਕੀਮ, ਕਿਸਾਨਾਂ ਦਾ ਸਾਰਾ ਕਰਜ਼ਾ ਮਾਫ਼, ਸਿਹਤ ਸੇਵਾਵਾਂ ਤੇ ਵਿਦਿਅਕ ਸਿਸਟਮ 'ਚ ਸੁਧਾਰ, ਨੌਜਵਾਨਾਂ ਲਈ ਲੱਖਾਂ ਹੀ ਨੌਕਰੀਆਂ ਦਾ ਵਾਅਦਾ, ਇਹ ਸਾਰੇ ਪੂਰੇ ਕੀਤੇ ਜਾ ਸਕਦੇ ਹਨ। ਕੌਮਾਂਤਰੀ ਆਰਥਿਕਤਾ ਸੰਕਟਗ੍ਰਸਤ ਹੈ ਤੇ ਮੋਦੀ ਸਰਕਾਰ ਵਲੋਂ ਨੋਟਬੰਦੀ ਕਰਕੇ ਮੁਲਕ ਦੀ ਆਰਥਿਕਤਾ ਨੂੰ ਹੋਰ ਝਟਕਾ ਦੇ ਦਿੱਤਾ ਹੈ ਤੇ ਲੱਖਾਂ ਹੀ ਲੋਕ ਬੇਰੁਜ਼ਗਾਰ ਹੋ ਗਏ ਹਨ ਇਹੋ ਜਿਹੇ ਸਮੇਂ 'ਚ ਪੰਜਾਬ ਦੇ ਬੁਨਿਆਦੀ ਮਸਲਿਆਂ ਨੂੰ ਹੱਲ ਕਰਨਾ ਸੰਭਵ ਨਹੀਂ ਜਾਪਦਾ। ਖਰੀਆਂ ਇਨਕਲਾਬੀ ਤਾਕਤਾਂ ਨੂੰ ਉਸ ਮੌਕੇ ਨੂੰ ਸੰਭਾਲਣਾ ਚਾਹੀਦਾ ਹੈ ਜਦੋਂ ਲੋਕ ਆਮ ਆਦਮੀ ਪਾਰਟੀ ਵਲੋਂ ਵਾਅਦੇ ਨਾ ਪੂਰੇ ਕਰਨ 'ਤੇ ਨਿਰਾਸ਼ਤਾ ਵਲ ਨੂੰ ਵੱਧਣ ਤਾਂ ਉਸ ਸਮੇਂ ਉਨ੍ਹਾਂ ਨੂੰ ਸਹੀ ਬਦਲ ਦੇਣ ਵਾਲਾ ਰਸਤਾ ਦਿਖਾ ਕੇ ਸੰਘਰਸ਼ਾਂ ਵਾਲੇ ਰਸਤੇ 'ਤੇ ਤੋਰ ਸਕਣ।

**ਪੱਤਰ ਪ੍ਰੇਰਕ ਸਰੋਕਾਰਾਂ ਦੀ ਆਵਾਜ਼**






# ਡਰੱਗ ਕੰਪਨੀਆਂ ਵਲੋਂ ਸਰਕਾਰਾਂ ਤੇ ਕਾਰਪੋਰੇਟ ਮੀਡੀਆ ਨਾਲ ਰਲ਼ ਕੇ ਕੀਤੀ ਜਾ ਰਹੀ ਜਥੇਬੰਧਕ ਕੁਰੱਪਸ਼ਨ



**ਹਰਚਰਨ ਸਿੰਘ ਪਰਹਾਰ**
(ਸੰਪਾਦਕ-ਸਿੱਖ ਵਿਰਸਾ, ਮੈਗਜ਼ੀਨ)
403-681-8689
hp8689@gmail.com

ਆਮ ਤੌਰ 'ਤੇ ਦੇਖਿਆ ਜਾਂਦਾ ਹੈ ਕਿ ਪੰਜਾਬੀ ਜਾਂ ਇੰਡੀਅਨ ਵਿਅਕਤੀ ਵਿਦੇਸ਼ਾਂ ਵਿੱਚ ਕਿਤੇ ਵੀ ਇੱਕੱਠੇ ਹੋਣ ਤਾਂ ਉਹ ਅਕਸਰ ਇੰਡੀਅਨ ਸਮਾਜ ਵਿੱਚ ਫੈਲੇ ਭ੍ਰਿਸ਼ਟਾਚਾਰ ਪ੍ਰਤੀ ਫਿਕਰਮੰਦ ਹੁੰਦੇ ਹਨ। ਅਕਸਰ ਇਹ ਵੀ ਕਿਹਾ ਜਾਂਦਾ ਹੈ ਕਿ ਜੇ ਸਾਡੇ ਦੇਸ਼ ਵਿੱਚ ਰਿਸ਼ਵਤਖੋਰੀ ਤੇ ਭ੍ਰਿਸ਼ਟਾਚਾਰ ਨਾ ਹੋਵੇ ਅਤੇ ਲੋਕਾਂ ਨੂੰ ਯੋਗਤਾ ਅਨੁਸਾਰ ਨੌਕਰੀਆਂ ਮਿਲਣ ਤਾਂ ਕੋਈ ਵੀ ਬਾਹਰਲੇ ਦੇਸ਼ਾਂ ਨੂੰ ਨਾ ਆਵੇ। ਅਸੀਂ ਪੱਛਮੀ ਦੇਸ਼ਾਂ ਵੱਲ ਭੱਜਣ ਦਾ ਵੱਡਾ ਕਾਰਨ ਇਹੀ ਸਮਝਦੇ ਹਾਂ ਕਿ ਇਥੇ ਕਿਸੇ ਕਿਸਮ ਦੀ ਰਿਸ਼ਵਤਖੋਰੀ ਜਾਂ ਭ੍ਰਿਸ਼ਟਾਚਾਰ ਨਹੀਂ ਹੈ। ਲੋਕ ਆਪਣੀ ਮਿਹਨਤ ਕਰਕੇ ਇਮਾਨਦਾਰੀ ਨਾਲ ਆਪਣੇ ਪਰਿਵਾਰ ਨੂੰ ਸੋਹਣਾ ਪਾਲ਼ ਸਕਦੇ ਹਨ। ਇਥੇ ਸਾਡੇ ਬੱਚਿਆਂ ਦਾ ਭਵਿੱਖ ਬੜਾ ਉੱਜਲ ਹੈ। ਓਪਰੀ ਨਜ਼ਰ ਮਾਰਿਆਂ ਇਹ ਗੱਲਾਂ ਬਿਲਕੁਲ ਠੀਕ ਲਗਦੀਆਂ ਹਨ। ਪੱਛਮੀ ਦੇਸ਼ਾਂ ਵਿੱਚ ਨੌਕਰੀਆਂ ਜਾਂ ਸਰਕਾਰੀ ਕੰਮਾਂ ਜਾਂ ਪੁਲਿਸ ਆਦਿ ਵਲੋਂ ਕਿਸੇ ਕੰਮ ਲਈ ਰਿਸ਼ਵਤ ਨਹੀਂ ਮੰਗੀ ਜਾਂਦੀ। ਕਿਸੇ ਨੌਕਰੀ ਜਾਂ ਸਰਕਾਰੀ ਕੰਮ ਲਈ ਤੁਹਾਨੂੰ ਕਿਸੇ ਲੀਡਰ ਜਾਂ ਮਨਿਸਟਰ ਦੀ ਸਿਫਾਰਸ਼ ਪਵਾਉਣ ਦੀ ਵੀ ਲੋੜ ਨਹੀਂ ਪੈਂਦੀ। ਇਸੇ ਲਈ ਇਨ੍ਹਾਂ ਦੇਸ਼ਾਂ ਵਿੱਚ ਵਸ ਕੇ ਅਸੀਂ ਆਪਣੇ ਆਪ ਨੂੰ ਸਵਰਗਾਂ ਵਿੱਚ ਵਸਦਾ ਮਹਿਸੂਸ ਕਰਦੇ ਹਾਂ। ਪਰ ਇਥੇ ਰੋਜ਼ਾਨਾ ਜੀਵਨ ਦੀ ਜੱਦੋ-ਜਹਿਦ ਜਾਂ ਰੋਟੀ, ਕੱਪੜਾ ਔਰ ਮਕਾਨ ਦੀ ਦੌੜ ਵਿੱਚ ਅਜਿਹੇ ਫਸਦੇ ਹਾਂ ਜਾਂ ਕਹਿ ਲਉ ਕਿ ਸਰਮਾਏਦਾਰੀ ਨਿਜ਼ਾਮ ਵਲੋਂ ਅਜਿਹੇ ਫਸਾਏ ਜਾਂਦੇ ਹਾਂ ਕਿ ਸਾਨੂੰ ਆਪਣੇ ਪਰਿਵਾਰ ਤੋਂ ਬਾਹਰ ਹੋ ਕੇ ਸਮਾਜ ਬਾਰੇ ਸੋਚਣ ਜਾਂ ਸਰਕਾਰਾਂ ਦੀ ਕਾਰਗੁਜ਼ਾਰੀ ਨੂੰ ਜਾਨਣ ਜਾਂ ਇਥੋਂ ਦੇ ਸਿਸਟਮ ਨੂੰ ਸਮਝਣ ਦਾ ਕਦੇ ਮੌਕਾ ਹੀ ਨਹੀਂ ਮਿਲਦਾ। ਅਸੀਂ ਸਵਰਗ ਵਿੱਚ ਵਸਣ ਦੇ ਭਰਮ ਵਿੱਚ ਗੁਆਚੇ ਇਹ ਭੁੱਲ ਹੀ ਜਾਂਦੇ ਹਾਂ ਕਿ ਸਰਮਾਏਦਾਰੀ ਨਿਜ਼ਾਮ ਤੇ ਮਲਟੀ ਨੈਸ਼ਨਲ ਕਾਰਪੋਰੇਸ਼ਨਾਂ ਨੇ ਇਥੇ ਅਜਿਹਾ ਜ਼ਾਲ ਬੁਣਿਆ ਹੋਇਆ ਹੈ ਕਿ ਉਨ੍ਹਾਂ ਵਲੋਂ ਕੀਤੀ ਜਾਂਦੀ ਲੁੱਟ ਸਾਨੂੰ ਲੁੱਟ ਨਹੀਂ ਲਗਦੀ। ਇਨ੍ਹਾਂ ਵਲੋਂ ਵੱਡੇ ਪੱਧਰ 'ਤੇ ਕੀਤੀ ਜਾਂਦੀ ਕੁਰੱਪਸ਼ਨ ਸਾਨੂੰ ਕੁਰੱਪਸ਼ਨ ਮਹਿਸੂਸ ਨਹੀਂ ਹੁੰਦੀ ਕਿਉਂਕਿ ਇਨ੍ਹਾਂ ਦੀ ਕੁਰੱਪਸ਼ਨ ਬੜੇ ਸੂਖਸ਼ਮ ਢੰਗ ਦੀ ਹੈ, ਜਿਹੜੀ ਕਿ ਸਪੱਸ਼ਟ ਰੂਪ ਵਿੱਚ ਨਾ ਦਿਖਾਈ ਦਿੰਦੀ ਹੈ ਤੇ ਨਾ ਹੀ ਮਹਿਸੂਸ ਹੁੰਦੀ ਹੈ। ਇਨ੍ਹਾਂ ਪੱਛਮੀ ਦੇਸ਼ਾਂ ਦੀਆਂ ਸਰਕਾਰਾਂ, ਜਿਨ੍ਹਾਂ ਨੂੰ ਇਹ ਕਾਰਪੋਰੇਸ਼ਨਾਂ ਹੀ ਚਲਾ ਰਹੀਆਂ ਹਨ, ਵਲੋਂ ਰਲ਼ ਕੇ ਨਾ ਸਿਰਫ ਇਥੇ ਸਰਵਗਾਂ ਵਿੱਚ ਵਸਦੇ ਲੋਕਾਂ ਨੂੰ ਟੈਕਸਾਂ ਰਾਹੀਂ ਅਤੇ ਸਸਤੀਆਂ ਚੀਜ਼ਾਂ ਨੂੰ ਸੈਂਕੜੇ ਗੁਣਾ ਮੁਨਾਫੇ ਤੇ ਵੇਚ ਕੇ ਲੁੱਟਿਆ ਜਾ ਰਿਹਾ ਹੈ, ਸਗੋਂ ਦੁਨੀਆਂ ਦੇ ਆਰਥਿਕ ਤੌਰ 'ਤੇ ਪਛੜੇ (ਜਿਨ੍ਹਾਂ ਨੂੰ ਇਹ ਥਰਡ ਵਰਲਡ ਜਾਂ ਅਨ-ਡਿਵੈਲਪ ਜਾਂ ਅੰਡਰ-ਡਿਵੈਲਪ ਕੰਟਰੀ ਕਹਿੰਦੇ ਹਨ) ਦੇਸ਼ਾਂ ਦੇ ਲੋਕਾਂ ਨੂੰ ਨੌਕਰੀਆਂ ਦੇਣ ਦੇ ਨਾਮ ਤੇ ਵੱਡੀ ਪੱਧਰ 'ਤੇ ਲੁੱਟ ਹੀ ਨਹੀਂ ਰਹੇ, ਸਗੋਂ ਉਨ੍ਹਾਂ ਦੇਸ਼ਾਂ ਦੀਆਂ ਲੋਕ ਵਿਰੋਧੀ ਸਰਕਾਰਾਂ ਨੂੰ ਰਿਸ਼ਤਵਖੋਰੀ ਰਾਹੀਂ ਖਰੀਦ ਕੇ, ਉਥੇ ਦੇ ਕੁਦਰਤੀ ਸਾਧਨਾਂ ਤੇ ਕੌਡੀਆਂ ਦੇ ਭਾਅ ਕਬਜ਼ੇ ਕਰ ਰਹੇ ਹਨ। ਬੇਸ਼ਕ ਇਸ ਆਰਟੀਕਲ ਦਾ ਵਿਸ਼ਾ ਇਹ ਨਹੀਂ ਕਿ ਕਿਵੇਂ ਮਲਟੀ ਨੈਸ਼ਨਲ ਕਾਰਪੋਰੇਸ਼ਨਾਂ ਵਲੋਂ ਲੋਕ ਵਿਰੋਧੀ ਸਰਮਾਏਦਾਰੀ ਸਰਕਾਰਾਂ ਨਾਲ ਰਲ਼ ਕੇ ਪਛੜੇ ਦੇਸ਼ਾਂ ਦੀ ਲੁੱਟ ਕੀਤੀ ਜਾਂਦੀ ਹੈ (ਇਸ ਬਾਰੇ ਅਗਲੇ ਕਿਸੇ ਲੇਖ ਵਿੱਚ ਵਿਚਾਰਾਂਗੇ), ਪਰ ਇਥੇ ਸੰਖੇਪ ਵਿੱਚ ਇਨ੍ਹਾਂ ਸਰਕਾਰਾਂ ਦੇ ਖਾਸੇ ਨੂੰ ਦੱਸਣ ਤੋਂ ਭਾਵ ਇਹ ਸੀ ਕਿ ਅਸੀਂ ਆਪਣੇ ਘਰ ਦੀ ਚਾਰ ਦੀਵਾਰੀ ਜਾਂ ਆਪਣੇ ਪਰਿਵਾਰ ਦੀ ਸੋਚ ਤੋਂ ਬਾਹਰ ਨਿਕਲ ਕੇ ਇਥੇ ਦੇ ਸਿਸਟਮ ਨੂੰ ਵੀ ਜਾਨਣ ਦੀ ਕੋਸ਼ਿਸ਼ ਕਰੀਏ। ਹਰ ਘਟਨਾ ਜਾਂ ਸਿਸਟਮ ਦਾ ਹਮੇਸ਼ਾਂ ਦੂਜਾ ਪਹਿਲੂ ਵੀ ਹੁੰਦਾ ਹੈ, ਉਸ ਦੂਜੇ ਪਹਿਲੂ ਨੂੰ ਜਾਨਣਾ ਹੀ ਇਸ ਲੇਖ ਦਾ ਮਕਸਦ ਹੈ। ਇਸ ਲੇਖ ਵਿੱਚ ਜਾਨਣ ਦੀ ਕੋਸ਼ਿਸ਼ ਕਰਾਂਗੇ ਕਿ ਕਿਵੇਂ ਮਲਟੀ ਬਿਲੀਅਨ ਡਰੱਗ ਕਾਰਪੋਰੇਸ਼ਨਾਂ (ਫਾਰਮਾ ਸੂਟੀਕਲ ਕੰਪਨੀਆਂ) ਸਰਕਾਰਾਂ ਨਾਲ ਰਲ਼ ਕੇ ਨਾ ਸਿਰਫ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਦੀਆਂ ਹਨ, ਸਗੋਂ ਆਪਣੇ ਮੁਨਾਫੇ ਦੀ ਹਵਸ ਵਿੱਚ ਅੰਨ੍ਹੀਆਂ ਹੋਈਆਂ, ਲੋਕਾਂ ਦੀ ਵੱਡੇ ਪੱਧਰ ਤੇ ਦਵਾਈਆਂ ਦੇ ਨਾਮ ਤੇ ਲੁੱਟ ਕਰ ਰਹੀਆਂ ਹਨ।





ਵਿਸ਼ਵ ਪ੍ਰਸਿੱਧ ਸਮਾਜਿਕ ਤੇ ਰਾਜਨੀਤਕ, ਲੇਖਕ ਤੇ ਚਿੰਤਕ, ਨੋਏਮ ਚੋਮੈਸਕੀ ਵਲੋਂ ਆਪਣੀ ਕਿਤਾਬ **'ਪ੍ਰੌਫਿਟ ਓਵਰ ਪਿਊਪਲ'** ਵਿੱਚ ਕਿਹਾ ਸੀ ਕਿ ਮਲਟੀ ਨੈਸ਼ਨਲ ਕਾਰਪੋਰੇਸ਼ਨਾਂ ਵਲੋਂ ਪੈਸੇ ਦੀ ਤਾਕਤ ਨਾਲ ਗਲੋਬਲਾਈਜ਼ੇਸ਼ਨ ਦੇ ਨਾਮ ਹੇਠ ਸਰਕਾਰਾਂ ਕੋਲੋਂ ਅਜਿਹੇ ਆਰਥਿਕ ਕਨੂੰਨ ਬਣਾਏ ਜਾਂਦੇ ਹਨ, ਜਿਨ੍ਹਾਂ ਨਾਲ ਜਿਥੇ ਇੱਕ ਪਾਸੇ ਉਨ੍ਹਾਂ ਨੂੰ ਘੱਟ ਟੈਕਸ ਭਰਨੇ ਪੈਣ ਅਤੇ ਦੂਜੇ ਪਾਸੇ ਉਹ ਬੜੀ ਆਸਾਨੀ ਨਾਲ ਦੁਨੀਆਂ ਭਰ ਵਿੱਚ ਆਪਣੇ ਮੁਨਾਫੇ ਲਈ ਲੋਕਾਂ ਦੀ ਲੁੱਟ ਕਰ ਸਕਣ। ਅੱਜ ਦੁਨੀਆਂ ਭਰ ਦੀਆਂ ਸਰਕਾਰਾਂ ਇਨ੍ਹਾਂ ਗਿਣਤੀ ਦੀਆਂ ਕੁਝ ਕਾਰਪੋਰੇਸ਼ਨਾਂ ਦੀ ਕਠਪੁਤਲੀ ਬਣ ਚੁੱਕੀਆਂ ਹਨ। ਜਿਸਦਾ ਨਤੀਜਾ ਇਹ ਹੋਇਆ ਹੈ ਕਿ ਨਵੀਆਂ ਰਿਪੋਰਟਾਂ ਅਨੁਸਾਰ ਪਿਛਲੇ 2-3 ਦਹਾਕਿਆਂ ਵਿੱਚ ਦੁਨੀਆਂ ਦੀ ਸਾਰੀ ਦੌਲਤ ਕੁਝ ਇਲੀਟ ਘਰਾਣਿਆਂ ਦੇ ਹੱਥਾਂ ਵਿੱਚ ਜਾ ਚੁੱਕੀ ਹੈ। ਅੱਜ ਦੁਨੀਆਂ ਭਰ ਦੀ ਦੌਲਤ ਦਾ 98% ਹਿੱਸਾ 2% ਲੋਕਾਂ ਕੋਲ ਹੈ ਅਤੇ 2% ਹਿੱਸਾ 98% ਲੋਕਾਂ ਕੋਲ ਹੈ। ਇਸ ਬਾਰੇ ਟਿੱਪਣੀ ਕਰਦੇ ਹੋਏ ਉਘੇ ਲੇਖਕ, ਫਿਲਮ ਮੇਕਰ ਤੇ ਫਰੈਂਚ ਜਨਰਲਿਸਟ ਗਿਲਬਰਟ ਮਰਸੀਅਰ ਨੇ ਆਪਣੇ ਇੱਕ ਲੇਖ ਵਿੱਚ ਕਿਹਾ ਸੀ ਕਿ ਅਸੀਂ (ਆਮ ਲੋਕ) ਕਦੋਂ ਇਸ ਲੁਟੇਰਾ ਨਿਜ਼ਾਮ ਨੂੰ ਕਹਾਂਗੇ ਕਿ **'ਬੱਸ ਹੋਰ ਨਹੀਂ, ਬਹੁਤ ਹੋ ਚੁੱਕੀ ਤੁਹਾਡੀ ਲੁੱਟ'**।

**ਡੱਰਗ ਕੰਪਨੀਆਂ ਦਾ ਰੋਲ**

ਡਰੱਗ ਕੰਪਨੀਆਂ ਦਾ ਮੁੱਖ ਕੰਮ ਵੱਖ-ਵੱਖ ਬੀਮਾਰੀਆਂ ਲਈ ਦਵਾਈਆਂ ਡਿਵੈਲਪ ਕਰਨੀਆਂ, ਉਨ੍ਹਾਂ ਨੂੰ ਲੋੜ ਅਨੁਸਾਰ ਫੈਕਟਰੀ ਵਿੱਚ ਤਿਆਰ ਕਰਨਾ ਅਤੇ ਉਨ੍ਹਾਂ ਨੂੰ ਵੇਚਣ ਲਈ ਮਾਰਕੀਟ ਕਰਨਾ ਹੈ। ਇਹ ਕੰਪਨੀਆਂ ਜਿਥੇ ਨਵੀਆਂ ਦਵਾਈਆਂ ਲਈ ਆਪਣੀ ਰਿਸਰਚ ਵੀ ਕਰਦੀਆਂ ਹਨ, ਉਥੇ ਹੋਰ ਵਿਗਿਆਨੀਆਂ ਵਲੋਂ ਕੀਤੀ ਰਿਸਰਚ ਨੂੰ ਖਰੀਦ ਕੇ ਪੇਟੈਂਟ ਕਰ ਲੈਂਦੀਆਂ ਹਨ। ਡਰੱਗ ਕੰਪਨੀਆਂ ਦੋ ਤਰ੍ਹਾਂ ਦੀਆਂ ਹਨ, ਇੱਕ ਬਰੈਂਡ ਨੇਮ ਅਤੇ ਦੂਜੀਆਂ ਜ਼ਨੈਰਿਕ ਕੰਪਨੀਆਂ। ਇਨ੍ਹਾਂ ਵਿੱਚ ਫਰਕ ਇਹ ਹੈ ਕਿ ਜਦੋਂ ਕੋਈ ਨਵੀਂ ਦਵਾਈ ਬਣਦੀ ਹੈ ਤਾਂ ਬਰੈਂਡ ਨੇਮ ਕੰਪਨੀਆਂ ਉਸਦਾ ਪੇਟੈਂਟ (ਕਾਪੀ ਰਾਈਟ) ਕਰਵਾ ਲੈਂਦੀਆਂ ਹਨ ਕਿ ਘੱਟੋ-ਘੱਟ 20 ਸਾਲਾਂ ਤੱਕ ਕੋਈ ਹੋਰ ਕੰਪਨੀ ਇਹ ਫਾਰਮੂਲਾ ਵਰਤ ਕੇ ਨਵੀਂ ਦਵਾਈ ਜਾਂ ਉਹੋ ਜਿਹੀ ਦਵਾਈ ਨਹੀਂ ਬਣਾ ਸਕਦੀ। ਜਦੋਂ ਪੈਟੈਂਟ ਦਾ ਸਮਾਂ ਪੂਰਾ ਹੋ ਜਾਂਦਾ ਹੈ ਤਾਂ ਹੋਰ ਛੋਟੀਆਂ ਕੰਪਨੀਆਂ ਉਹੀ ਦਵਾਈ ਉਸੇ ਫਾਰਮੂਲੇ ਨਾਲ ਬਣਾ ਲੈਂਦੀਆਂ ਹਨ, ਜਿਸਨੂੰ ਜਨੈਰਿਕ ਡਰੱਗ ਕਿਹਾ ਜਾਂਦਾ ਹੈ। ਡਰੱਗ ਕੰਪਨੀਆਂ ਆਪਣੇ ਵਲੋਂ ਬਹੁਤ ਘੱਟ ਰਿਸਰਚ ਕਰਦੀਆਂ ਹਨ। ਉਹ ਨਵੇਂ ਵਿਗਿਆਨਕਾਂ ਦੇ ਫਾਰਮੂਲੇ ਸਸਤੇ ਵਿੱਚ ਖਰੀਦ ਲੈਂਦੀਆਂ ਹਨ ਜਾਂ ਸਰਕਾਰਾਂ ਵਲੋਂ ਕਾਲਿਜਾਂ-ਯੂਨੀਵਰਸਿਟੀਆਂ ਵਿੱਚ ਕੀਤੇ ਜਾ ਰਹੇ ਖੋਜ ਦੇ ਕੰਮਾਂ ਜਾਂ ਖੋਜ ਦੇ ਵਿਦਿਆਰਥੀਆਂ ਨੂੰ ਆਪਣੇ ਲਈ ਹਾਇਰ ਕਰਕੇ ਖੋਜ ਕਰਵਾ ਲੈਂਦੀਆਂ ਹਨ। ਸਰਕਾਰਾਂ ਜੋ ਬਿਲੀਅਨਜ਼ ਡਾਲਰ ਖੋਜ ਦੇ ਕੰਮਾਂ ਲਈ ਖਰਚਦੀਆਂ ਹਨ, ਉਸਦਾ ਲਾਭ ਮੁਫਤੋ ਮੁਫਤੀ ਇਹ ਪ੍ਰਾਈਵੇਟ ਕੰਪਨੀਆਂ ਉਠਾ ਲੈਂਦੀਆਂ ਹਨ। ਕਈ ਲੋਕਾਂ ਨੂੰ ਭਰਮ ਹੁੰਦਾ ਹੈ ਕਿ ਸ਼ਾਇਦ ਜਨੈਰਿਕ ਕੰਪਨੀਆਂ ਦੀਆਂ ਦਵਾਈਆਂ, ਬਰੈਂਡ ਨਾਮ ਨਾਲੋਂ ਘਟੀਆ ਹੁੰਦੀਆਂ ਹਨ, ਸ਼ਾਇਦ ਇਸੇ ਲਈ ਉਹ ਸਸਤੀਆਂ ਦਿੰਦੀਆਂ ਹਨ, ਅਜਿਹਾ ਨਹੀਂ ਹੈ। ਜਨੈਰਿਕ ਕੰਪਨੀਆਂ ਦੀਆਂ ਦਵਾਈਆਂ ਵੀ ਉਸੇ ਫਾਰਮੂਲੇ ਅਨੁਸਾਰ ਬਣਦੀਆਂ ਹਨ, ਜਿਸ ਨਾਲ ਬਰੈਂਡ ਨੇਮ ਕੰਪਨੀਆਂ ਨੇ ਬਣਾਇਆ ਹੁੰਦਾ ਹੈ। ਫਰਕ ਸਿਰਫ ਇਤਨਾ ਹੀ ਹੁੰਦਾ ਹੈ ਕਿ ਛੋਟੀਆਂ ਜਨੈਰਿਕ ਕੰਪਨੀਆਂ ਘੱਟ ਮੁਨਾਫੇ ਤੇ ਵੀ ਕੰਮ ਕਰ ਲੈਂਦੀਆਂ ਹਨ ਅਤੇ ਦੂਜਾ ਉਨ੍ਹਾਂ ਨੂੰ ਦਵਾਈਆਂ ਨੂੰ ਡਿਵੈਲਪ, ਖੋਜ ਜਾਂ ਮਾਰਕੀਟ ਕਰਨ ਲਈ ਪੈਦਾ ਨਹੀਂ ਖਰਚਣਾ ਪੈਂਦਾ।

**ਡਰੱਗ ਇੰਡਸਟਰੀ ਕਿਤਨੀ ਵੱਡੀ ਹੈ?**

ਦੁਨੀਆਂ ਭਰ ਦੀਆਂ ਡਰੱਗ (ਦਵਾਈਆਂ) ਕੰਪਨੀਆਂ ਦਾ ਜੇ ਰੈਵੇਨਿਊ ਦੇਖੀਏ ਤਾਂ ਇਹ ਤਕਰੀਬਨ 1100 ਬਿਲੀਅਨ ਡਾਲਰ (1.1 ਟ੍ਰਿਲੀਅਨ) ਦੇ ਕਰੀਬ ਹੈ। ਜਿਸ ਵਿਚੋਂ ਅਮਰੀਕਾ ਦੀਆਂ ਕੰਪਨੀਆਂ ਕੋਲ ਤਕਰੀਬਨ ਅੱਧਾ ਹਿੱਸਾ (49%) ਹੈ। ਦੁਨੀਆਂ ਦੀਆਂ 10 ਵੱਡੀਆਂ ਡਰੱਗ ਕਾਰਪੋਰੇਸ਼ਨਾਂ ਵਿਚੋਂ 5 ਅਮਰੀਕਾ (ਜੌਹਨਸਨ ਐਂਡ ਜੌਹਨਸਨ, ਫਾਈਜ਼ਰ, ਮਰਕ, ਏਲੀ ਲਿਲੀ ਅਤੇ ਐਬਵੀ) ਦੀਆਂ ਹਨ, 2 ਇੰਗਲੈਂਡ (ਜੀ ਐਸ ਕੇ ਤੇ ਐਸਟਰਾ ਜੈਨਿਕਾ), 2 ਸਵਿਸ

Home Life/Superstars
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092
Sukdev Singh Liddar
*2555 Steeles Ave E. Unit 11 *Brampton *ON*L6T4L6

Hiring Drivers/Owners/Operators
GALAXY Frightline inc.
We Offer:
*Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
*2 Years Experience
* Clean Current Abstract
* Ability to Cross Border
* Positive, Professional Attitude
For:
*GTA
* ON-QC
* ON-MB-AB-BC
* USA
TEL: 1-877-251-5299
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2

(ਨੋਵਾਰਟਿਸ ਤੇ ਹੌਫਮੈਨ ਲਾ ਰੋਚੇ) ਅਤੇ 1 ਫਰਾਂਸ (ਸੈਨੋਫੀ) ਦੀ ਹੈ। ਜੇ ਦੁਨੀਆਂ ਦੀਆਂ ਵੱਖ-ਵੱਖ ਖੇਤਰਾਂ ਦੀਆਂ 5 ਵੱਡੀਆਂ ਕਾਰਪੋਰੇਸ਼ਨਾਂ (ਡਰੱਗ ਕੰਪਨੀਆਂ, ਬੈਂਕਾਂ, ਕਾਰਾਂ ਬਣਾਉਣ ਦੀ ਕੰਪਨੀਆਂ, ਆਇਲ ਐਂਡ ਗੈਸ ਕੰਪਨੀਆਂ, ਮੀਡੀਆ ਦੀ ਕੰਪਨੀਆਂ) ਦੇ ਪ੍ਰੌਫਿਟ ਨੂੰ ਦੇਖੀਏ ਤਾਂ ਡਰੱਗ ਕੰਪਨੀਆਂ ਸਭ ਤੋਂ ਵੱਧ ਮੁਨਾਫਾ ਕਮਾਉਦੀਆਂ ਹਨ। ਆਮ ਲੋਕਾਂ ਦੀ ਧਾਰਨਾ ਹੈ ਕਿ ਸ਼ਾਇਦ ਆਇਲ ਐਂਡ ਗੈਸ ਜਾਂ ਕਾਰ ਕੰਪਨੀਆਂ ਵੱਧ ਮੁਨਾਫਾ ਕਮਾਉਂਦੀਆਂ ਹਨ, ਪਰ ਸਚਾਈ ਇਹ ਹੈ ਡਰੱਗ ਕੰਪਨੀਆਂ ਆਪਣੇ ਖਰਚੇ ਕੱਢ ਕੇ 42% ਮੁਨਾਫਾ ਕਮਾਉਂਦੀਆਂ ਹਨ, ਜਦਕਿ ਬੈਂਕਾਂ 29%, ਆਇਲ ਗੈਸ ਕੰਪਨੀਆਂ 24%, ਮੀਡੀਆ ਕੰਪਨੀਆਂ 18% ਤੇ ਕਾਰਾਂ ਦੀ ਕੰਪਨੀਆਂ 10% ਮੁਨਾਫਾ ਕਮਾਉਂਦੀਆਂ ਹਨ। ਜੇ ਤੁਸੀਂ ਧਿਆਨ ਨਾਲ ਦੇਖੋ ਤਾਂ ਇਨ੍ਹਾਂ ਕੰਪਨੀਆਂ ਵਲੋਂ ਤਿਆਰ ਕੀਤੀਆਂ ਦਵਾਈਆਂ ਰਾਹੀਂ ਇਹ ਲੋਕਾਂ ਨੂੰ ਪੂਰੀ ਤਰ੍ਹਾਂ ਠੀਕ ਨਹੀਂ ਕਰਨਾ ਚਾਹੁੰਦੇ, ਸਗੋਂ ਇਸ ਢੰਗ ਨਾਲ ਇਲਾਜ ਕਰਦੇ ਹਨ ਕਿ ਤੁਹਾਨੂੰ ਦਵਾਈ ਸਾਰੀ ਉਮਰ ਖਾਣੀ ਪਵੇ। ਇਥੋਂ ਹੀ ਇਹ ਮੁਨਾਫਾ ਕਮਾਉਂਦੇ ਹਨ। ਸਾਡੀਆਂ ਸਵਰਗ ਵਰਗੇ ਪੱਛਮੀ ਦੇਸ਼ਾਂ ਦੀਆਂ ਸਰਕਾਰਾਂ ਆਮ ਕਾਮਿਆਂ ਲਈ ਘੱਟ-ਘੱਟ ਤੋਂ ਉਜਰਤ ਵਧਾਉਣ ਲਈ ਤਾਂ ਕਈ ਕਈ ਸਾਲ ਰਿਵਿਊ ਕਰਦੀਆਂ ਰਹਿੰਦੀਆਂ ਹਨ, ਫਿਰ ਕਈ ਸਾਲੀਂ 50 ਸੈਂਟ ਜਾਂ 1 ਡਾਲਰ ਵਧਾ ਕੇ ਲੋਕ ਪੱਖੀ ਹੋਣ ਦੇ ਖੇਖਣ ਕਰਦੀਆਂ ਹਨ, ਪਰ ਇਨ੍ਹਾਂ ਦਵਾਈਆਂ ਦੀਆਂ ਕਾਰਪੋਰੇਸ਼ਨਾਂ ਸਮੇਤ ਹਰ ਤਰ੍ਹਾਂ ਦੀਆਂ ਕਾਰਪੋਰੇਸ਼ਨਾਂ ਦੇ ਮੁਨਾਫੇ ਤੇ ਕੋਈ ਕੁੰਡਾ ਨਹੀਂ ਲਗਾਇਆ ਜਾਂਦਾ। ਬੜੀ ਹੈਰਾਨੀ ਹੁੰਦੀ ਹੈ ਕਿ 42% ਮੁਨਾਫਾ ਕਮਾਉਣ ਵਾਲੀਆਂ ਇਨ੍ਹਾਂ ਕਾਰਪੋਰੇਸ਼ਨਾਂ ਨੂੰ ਪੁੱਛਣ ਵਾਲਾ ਕੋਈ ਨਹੀਂ? ਪੁਛੇਗਾ ਕੌਣ? ਰਾਜਨੀਤਕ ਪਾਰਟੀਆਂ ਤੇ ਰਾਜਨੀਤਕ ਲੋਕ, ਇਨ੍ਹਾਂ ਦੇ ਪੈਸੇ ਨਾਲ ਹੀ ਐਸ਼ਾਂ ਕਰਦੇ ਹਨ? ਬੇਸ਼ਕ ਇਥੇ ਦੇ ਸਿਆਸਤਦਾਨ ਤੁਹਾਡੇ ਤੋਂ ਸਿੱਧੇ ਢੰਗ ਨਾਲ ਇੰਡੀਆ ਵਰਗੇ ਦੇਸ਼ਾਂ ਦੇ ਸਿਆਸਤਦਾਨਾਂ ਵਾਂਗ ਸਿੱਧੇ ਤੌਰ 'ਤੇ ਰਿਸ਼ਵਤ ਨਹੀਂ ਲੈਂਦੇ, ਸਿੱਧੇ ਤੌਰ ਤੇ ਭ੍ਰਿਸ਼ਟਾਚਾਰ ਜਾਂ ਘਪਲੇ ਨਹੀਂ ਕਰਦੇ? ਪਰ ਇਨ੍ਹਾਂ ਕਾਰਪੋਰੇਸ਼ਨਾਂ ਨੂੰ ਬਿਲੀਅਨਜ਼ ਡਾਲਰ ਦਾ ਮੁਨਾਫਾ, ਤੁਹਾਡੀਆਂ ਜ਼ੇਬਾਂ ਵਿਚੋਂ ਹੀ ਜਾਂਦਾ ਹੈ। ਫਿਰ ਉਸ ਮੁਨਾਫੇ ਵਿਚੋਂ ਹਿੱਸੇਪੱਤੀ, ਇਨ੍ਹਾਂ ਸਾਊ ਲੀਡਰਾਂ ਨੂੰ ਜਾਂਦੀ ਹੈ। ਇਕ ਰਿਪੋਰਟ ਅਨੁਸਾਰ ਪਿਛਲੇ ਸਾਲ ਦੁਨੀਆਂ ਦੀਆਂ 500 ਫੌਰਚੂਨ (ਵੱਧ ਮੁਨਾਫੇ ਵਾਲੀਆਂ) ਕੰਪਨੀਆਂ ਵਿਚੋਂ ਵੱਖ-ਵੱਖ ਖੇਤਰਾਂ ਦੀਆਂ 490 ਕੰਪਨੀਆਂ ਵਲੋਂ ਜਿਤਨਾ ਰਲ਼ ਕੇ ਮੁਨਾਫਾ (33.7 ਬਿਲੀਅਨ) ਕਮਾਇਆ ਗਿਆ, ਉਸ ਤੋਂ ਵੱਧ ਮੁਨਾਫਾ (35.9 ਬਿਲੀਅਨ) ਸਿਰਫ 10 ਫਾਰਮਾ ਕੰਪਨੀਆਂ ਵਲੋਂ ਕਮਾਇਆ ਗਿਆ। ਕਨੇਡਾ ਵਿੱਚ ਰਹਿਣ ਵਾਲੇ 80% ਤੋਂ ਵੱਧ ਆਮ ਲੋਕਾਂ ਦੀ ਪਰਸਨਲ ਇਨਕਮ 30 ਹਜ਼ਾਰ ਤੋਂ 40 ਹਜਾਰ ਵਿੱਚ ਹੈ। ਅਮਰੀਕਾ ਵਿੱਚ ਪਰਸਨਲ 40-50 ਹਜ਼ਾਰ ਹੈ। ਇਸ ਹਿਸਾਬ ਨਾਲ ਆਮ ਵਿਅਕਤੀ 25-65 ਸਾਲ ਤੱਕ 40 ਸਾਲਾਂ ਵਿੱਚ 1.5-2 ਮਿਲੀਅਨ ਡਾਲਰ ਸਾਰੀ ਉਮਰ ਵਿੱਚ ਕਮਾਉਂਦਾ ਹੈ। ਹੁਣ ਜਦੋਂ ਪ੍ਰਮੁੱਖ 20 ਫਾਰਮਾ ਕੰਪਨੀਆਂ ਦੇ ਸੀ. ਈ. ਉ. ਦੀਆਂ ਤਨਖਾਹਾਂ ਦੇਖੀਏ ਤਾਂ ਸਭ ਤੋਂ ਘੱਟ ਤਨਖਾਹ ਵਾਲਾ ਸੀ. ਈ. ਉ. ਇੱਕ ਸਾਲ ਦਾ 15 ਮਿਲੀਅਨ ਅਮਰੀਕਨ ਡਾਲਰ ਕਮਾਉਂਦਾ ਹੈ ਅਤੇ ਸਭ ਤੋਂ ਵੱਧ ਤਨਖਾਹ ਵਾਲਾ 50 ਮਿਲੀਅਨ ਡਾਲਰ ਸਾਲ ਦਾ ਕਮਾਉਂਦਾ ਹੈ। ਇਹੀ ਲੋਕ ਜਦੋਂ ਆਮ ਵਿਅਕਤੀ ਦੀ ਸਾਲ ਬਾਅਦ 1 ਡਾਲਰ ਘੰਟਾ ਤਨਖਾਹ ਵਧ ਜਾਵੇ ਤਾਂ ਧਮਕੀਆਂ ਦਿੰਦੇ ਹਨ ਕਿ ਉਹ ਆਪਣਾ ਕੰਮ ਬੰਦ ਕਰਕੇ ਹੋਰ ਪ੍ਰੋਵਿੰਸ ਜਾਂ ਦੇਸ਼ ਵਿੱਚ ਚਲੇ ਜਾਣਗੇ, ਜਿਥੇ ਲੇਬਰ ਸਸਤੀ ਹੋਵੇ। ਅਮਰੀਕਾ ਦੇ 534 ਵਿਚੋਂ 300 ਦੇ ਕਰੀਬ ਕਾਂਗਰਸਮੈਨ ਮਿਲੀਅਨੇਰ ਹਨ ਅਤੇ ਸਭ ਤੋਂ ਵੱਧ ਅਮੀਰ ਕਾਂਗਰਸਮੈਨ ਕਿਸੇ ਸਮੇਂ ਕਾਰਾਂ ਵਿੱਚ ਅਲਾਰਮ ਲਗਾਉਣ ਦਾ ਬਿਜਨੈਸ ਕਰਦਾ ਸੀ ਤੇ ਅੱਜ ਉਸ ਕੋਲ 464 ਮਿਲੀਅਨ ਦੀ ਜਾਇਦਾਦ ਹੈ ਅਤੇ ਸਭ ਤੋਂ ਗਰੀਬ ਕਾਂਗਰੈਸਮੈਨ ਕੋਲ 13 ਮਿਲੀਅਨ ਦੀ ਜਾਇਦਾਦ ਹੈ। ਬਹੁਤੇ ਕਾਂਗਰਸਮੈਨਾਂ ਦਾ ਪੈਸਾ 5 ਵੱਡੀਆਂ ਕਾਰਪੋਰੇਸ਼ਨਾਂ ਜਨਰਲ ਇਲੈਕਟਰਿਕ, ਵੈਲਸ ਫਾਰਗੋ, ਐਪਲ, ਮਾਈਕਰੋਸੌਫਟ, ਗੈਂਬਲ ਐਂਡ ਪ੍ਰੌਕਟਰ ਵਿੱਚ ਲੱਗਾ ਹੋਇਆ ਹੈ। ਜੇ ਅਜੇ ਵੀ ਕਿਸੇ ਨੂੰ ਸਿਆਸਤਦਾਨਾਂ ਤੇ ਸਰਮਾਏਦਾਰਾਂ ਦੇ ਗੱਠਜੋੜ ਦੀ ਸਮਝ ਨਹੀਂ ਲਗਦੀ ਤਾਂ ਫਿਰ ਅਜਿਹੀ ਸੋਚ ਤੇ ਤਰਸ ਹੀ ਕੀਤਾ ਜਾ ਸਕਦਾ ਹੈ। ਕੈਨੇਡਾ ਵਿੱਚ ਸਿਆਸਤਦਾਨਾਂ ਵਿੱਚੋਂ ਸਭ ਤੋਂ ਵੱਧ ਅਮੀਰ ਮੌਜੂਦਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਸੀਨੀਅਰ ਪੁਲੀਟੀਕਲ ਅਡਵਾਈਜ਼ਰ ਜ਼ੈਰਲਡ ਬੱਟਸ ਹੈ, ਜਿਸ ਕੋਲ 23 ਮਿਲੀਅਨ ਦੀ ਜਾਇਦਾਦ ਹੈ, ਦੂਜੇ ਨੰਬਰ ਤੇ ਮਜਦੂਰਾਂ-ਕਾਮਿਆਂ ਦੀ ਕਹੀ ਜਾਂਦੀ ਪਾਰਟੀ ਐਨ. ਡੀ. ਪੀ. ਦੇ ਸਾਬਕਾ ਲੀਡਰ ਟੌਮ ਮੁਕਲੇਅਰ ਹਨ, ਜਿਨ੍ਹਾਂ ਕੋਲ 21.5 ਮਿਲੀਅਨ ਦੀ ਜਾਇਦਾਦ ਹੈ। ਤੀਜੇ ਨੰਬਰ ਤੇ ਹਾਰਪਰ ਸਰਕਾਰ ਦੇ ਇੰਡਸਟਰੀ ਮਨਿਸਟਰ ਜੇਮਸ ਮੂਰ, 21 ਮਿਲੀਅਨ ਜਾਇਦਾਦ ਦੇ ਮਾਲਕ ਹਨ, ਚੌਥੇ ਨੰਬਰ ਤੇ ਸਾਬਕਾ ਮਨਿਸਟਰ ਤੇ ਹੁਣ ਅਲਬਰਟਾ ਵਿੱਚ ਪੀ.ਸੀ. ਲੀਡਰਸ਼ਿਪ ਦੇ ਮੂਹਰਲੀ ਕਤਾਰ ਦੇ ਲੀਡਰ ਜੇਸਨ ਕੈਨੀ, ਕੋਲ 19 ਮਿਲੀਅਨ ਦੀ ਜਾਇਦਾਦ ਹੈ।

**ਨਾਰਥ ਅਮਰੀਕਾ ਵਿੱਚ ਦਵਾਈਆਂ ਦੀ ਵਿਕਰੀ** : ਆਮ ਤੌਰ 'ਤੇ ਸਮਝਿਆ ਜਾਂਦਾ ਹੈ ਕਿ ਕਨੇਡਾ-ਅਮਰੀਕਾ ਜਾਂ ਹੋਰ ਵਿਕਸਤ ਪੱਛਮੀ ਦੇਸ਼ਾਂ ਵਿੱਚ ਵਸਦੇ ਲੋਕ ਬੜੇ ਸਿਹਤਮੰਦ ਹਨ ਅਤੇ ਇਥੇ ਪ੍ਰਦੂਸ਼ਣ ਜਾਂ ਹੋਰ ਅਨੇਕਾਂ ਤਰ੍ਹਾਂ ਦੀ ਸਮੱਸਿਆਵਾਂ ਨਹੀਂ ਹਨ, ਜਿਨ੍ਹਾਂ ਦਾ ਸਾਹਮਣਾ ਥਰਡ ਵਰਲਡ ਜਾਂ ਅੰਡਰ ਡਿਵੈਲਪ ਦੇਸ਼ਾਂ ਦੇ ਲੋਕਾਂ ਨੂੰ ਕਰਨਾ ਪੈਂਦਾ ਹੈ। ਪਰ ਜਦੋਂ ਅਸੀਂ ਦਵਾਈਆਂ ਦੀ ਵਿਕਰੀ ਦੇਖਦੇ ਹਾਂ ਤਾਂ ਕਨੇਡਾ ਵਰਗੇ ਥੋੜੀ ਜਿਹੀ ਅਬਾਦੀ ਵਾਲੇ ਦੇਸ਼ ਵਿੱਚ ਹੀ ਹਰ ਸਾਲ 25 ਬਿਲੀਅਨ ਅਮਰੀਕਨ ਡਾਲਰਾਂ ਦੀਆਂ ਦਵਾਈਆਂ ਵਿਕਦੀਆਂ ਹਨ ਅਤੇ ਇਸਦੇ ਮੁਕਾਬਲੇ ਅਮਰੀਕਾ ਵਿੱਚ 425 ਬਿਲੀਅਨ ਦੀਆਂ ਦਵਾਈਆਂ ਵੇਚੀਆਂ ਜਾਂਦੀਆਂ ਹਨ। ਨਾਰਥ ਅਮਰੀਕਾ ਵਿੱਚ ਹੀ ਦਵਾਈਆਂ ਰਾਹੀਂ ਸਭ ਤੋਂ ਵੱਧ ਮੁਨਾਫਾ, ਇਥੇ ਦੀਆਂ ਸਰਕਾਰਾਂ ਨਾਲ ਰਲ਼ ਕੇ ਫਾਰਮਾ ਸੂਟੀਕਲ ਕੰਪਨੀਆਂ ਵਲੋਂ ਕਮਾਇਆ ਜਾਂਦਾ ਹੈ। ਅਮਰੀਕਾ ਵਿੱਚ ਬਣਨ ਵਾਲੀਆਂ ਦਵਾਈਆਂ ਨੂੰ ਅਮਰੀਕਾ-ਕਨੇਡਾ ਵਿੱਚ ਕਈ ਗੁਣਾਂ ਵੱਧ ਮੁਨਾਫੇ ਤੇ ਵੇਚਿਆ ਜਾਂਦਾ ਹੈ ਅਤੇ ਉਸੇ ਦਵਾਈ ਨੂੰ ਹੋਰ ਦੇਸ਼ਾਂ ਵਿੱਚ ਘੱਟ ਕੀਮਤ ਤੇ ਵੇਚਿਆ ਜਾਂਦਾ ਹੈ। ਜਿਸਦੀ ਉਦਾਹਰਣ ਇਥੋਂ ਮਿਲਦੀ ਹੈ ਕਿ ਪੇਟ ਵਿੱਚ ਵਧਦੇ ਐਸਿਡ ਨੂੰ ਕੰਟਰੋਲ ਕਰਨ ਲਈ ਨੈਕਸੀਅਮ ਨਾਮ ਦੀ ਦਵਾਈ ਜਿਹੜੀ ਕਿ ਯੂਰਪ ਵਿੱਚ 18-20 ਡਾਲਰ ਦੀ ਵੇਚੀ ਜਾਂਦੀ ਹੈ, ਉਹੀ ਦਵਾਈ ਨਾਰਥ ਅਮਰੀਕਾ ਵਿੱਚ 187 ਡਾਲਰ ਦੀ ਮਿਲਦੀ ਹੈ। ਇਸੇ ਤਰ੍ਹਾਂ ਕਲੈਸਟਰੋਲ ਦੀ ਦਵਾਈ ਲਿਪਿਟੋਰ ਯੂਰਪ ਜਾਂ ਕਈ ਹੋਰ ਦੇਸ਼ਾਂ ਵਿੱਚ 11-13 ਡਾਲਰ ਦੀ ਮਿਲਦੀ ਹੈ ਤੇ ਉਹੀ ਇਥੇ 100 ਡਾਲਰ ਨੂੰ ਮਿਲਦੀ ਹੈ। ਜਦਕਿ ਚਾਹੀਦਾ ਤਾਂ ਇਹ ਹੈ ਕਿ ਇਥੇ ਸਸਤੀ ਮਿਲੇ, ਪਰ ਸਰਕਾਰਾਂ ਤੇ ਹੈਲਥ ਕੇਅਰ ਰੈਗੂਲੇਟਰਾਂ ਦੀ ਮਿਲੀ ਭੁਗਤ ਨਾਲ ਲੋਕਾਂ ਦੀ ਵੱਡੇ ਪੱਧਰ ਤੇ ਲੁੱਟ ਹੋ ਰਹੀ ਹੈ। ਸਾਡੇ ਕਨੇਡੀਅਨ ਸਮਾਜ ਦੀ ਮਾਨਸਿਕ ਸਿਹਤ ਕਿਸ ਤਰ੍ਹਾਂ ਦੀ ਹੈ, ਇਸਦਾ ਅੰਦਾਜ਼ਾ ਇਥੋਂ ਲਗਾਇਆ ਜਾ ਸਕਦਾ ਹੈ ਕਿ ਹਰ ਸਾਲ ਬਲੱਡ ਪ੍ਰੈਸ਼ਰ ਦੀਆਂ ਦਵਾਈਆਂ 215 ਮਿਲੀਅਨ ਡਾਲਰ ਅਤੇ ਡਿਪਰੈਸ਼ਨ ਦੀਆਂ ਦਵਾਈਆਂ 270 ਮਿਲੀਅਨ ਡਾਲਰ ਦੀਆਂ ਵਿਕਦੀਆਂ ਹਨ। ਇਥੋਂ ਅੰਦਾਜ਼ਾ ਲਗਾਉਣਾ ਕੋਈ ਔਖਾ ਨਹੀਂ ਕਿ ਕਿਵੇਂ ਇਸ ਸਰਮਾਏਦਾਰੀ ਨਿਜ਼ਾਮ ਨੇ ਆਪਣੇ ਵੱਧ ਮੁਨਾਫੇ ਅਤੇ ਆਮ ਲੋਕਾਂ ਨੂੰ ਬਾਹਰੀ ਜ਼ਿੰਦਗੀ ਦੀ ਚਕਾ-ਚੌਂਧ ਦੀ ਦੌੜ (ਰੈਟ ਰੇਸ) ਵਿੱਚ ਅਜਿਹਾ ਪਾਇਆ ਹੋਇਆ ਹੈ ਕਿ ਹਰ ਕੋਈ ਵਧੀਆ ਘਰ, ਵਧੀਆ ਗੱਡੀ, ਵਧੀਆ ਬਰੈਂਡਡ ਕੱਪੜੇ ਤੇ ਵਧੀਆ ਲਾਈਫ ਸਟਾਈਲ ਦੇ ਚੱਕਰ ਵਿੱਚ ਆਪਣਾ ਮਾਨਸਿਕ ਸੰਤੁਲਨ ਗਵਾ ਰਿਹਾ ਹੈ। ਹਰ ਸਾਲ ਹਾਈ ਬਲੱਡ ਪ੍ਰੈਸ਼ਰ, ਹਾਈ ਕਲੈਸਟਰੋਲ, ਹਾਈ ਸ਼ੂਗਰ, ਡਿਪਰੈਸ਼ਨ ਆਦਿ ਬੀਮਾਰੀਆਂ ਦੇ ਮਰੀਜ਼ਾਂ ਦੀ ਗਿਣਤੀ 10-15% ਵਧ ਰਹੀ ਹੈ। ਕੈਨੇਡਾ ਇਸ ਵਕਤ ਦਵਾਈਆਂ ਦੀ ਖਪਤ ਵਿੱਚ ਦੁਨੀਆਂ ਭਰ ਵਿਚੋਂ 10ਵੇਂ ਨੰਬਰ ਤੇ ਹੈ। ਜਦ ਕਿ ਕਨੇਡਾ ਦੀ ਅਬਾਦੀ ਭਾਰਤ ਦੇ 4 ਵੱਡੇ ਸ਼ਹਿਰਾਂ ਦਿੱਲੀ, ਮੁੰਬਈ, ਬੈਂਗਲੌਰ, ਚੇਨਈ ਤੋਂ ਵੀ ਘੱਟ ਹੈ। ਜਿਥੇ ਇਹ ਸਮਾਜ ਦੇ ਨਿਘਾਰ ਦੀ ਨਿਸ਼ਾਨੀ ਹੈ, ਉਥੇ ਡਰੱਗ ਕੰਪਨੀਆਂ ਲਈ ਇਹ ਸੁਨਹਿਰਾ ਭਵਿੱਖ ਹੈ। ਇਥੇ ਇਹ ਵੀ ਵਰਨਣਯੋਗ ਹੈ ਕਿ ਕੈਨੇਡਾ ਵਿੱਚ 25 ਬਿਲੀਅਨ ਦਵਾਈਆਂ ਦੀ ਖਪਤ ਵਿਚੋਂ ਤਕਰੀਬਨ 16 ਬਿਲੀਅਨ ਡਾਲਰ ਦੀ ਹਸਪਤਾਲਾਂ ਜਾਂ ਸਰਕਾਰੀ ਹੈਲਥ ਸੈਂਟਰਾਂ ਵਿੱਚ ਖਪਤ ਹੁੰਦੀ ਹੈ। ਕੈਂਸਰ ਜਾਂ ਕਈ ਹੋਰ ਕਰਿਟੀਕਲ ਇਲਨੈਸ ਬੀਮਾਰੀਆਂ ਲਈ ਵਰਤੀਆਂ ਜਾਂਦੀਆਂ ਦਵਾਈਆਂ ਹਸਪਤਾਲਾਂ ਜਾਂ ਸਰਕਾਰੀ ਅਦਾਰਿਆਂ ਨੂੰ ਬੜੇ ਮਹਿੰਗੇ ਭਾਅ ਤੇ ਦਿੱਤੀਆਂ ਜਾਂਦੀਆਂ ਹਨ। ਅਸੀਂ ਸੋਚਦੇ ਹਾਂ ਕਿ ਹਸਪਤਾਲ ਵਿੱਚ ਸਾਡਾ ਇਲਾਜ ਮੁਫਤ ਵਿੱਚ ਹੋ ਗਿਆ, ਪਰ ਹੈਲਥ ਕੇਅਰ ਲਈ ਫੰਡਿਗ ਸਾਡੇ ਟੈਕਸ ਡਾਲਰਾਂ ਵਿਚੋਂ ਹੀ ਹੁੰਦੀ ਹੈ। ਇਥੇ ਦੇ ਸਿਸਟਮ ਵਿੱਚ ਰਿਸ਼ਵਤ ਤੁਹਾਡੇ ਤੋਂ ਸਿੱਧੇ ਢੰਗ ਨਾਲ ਨਹੀਂ ਲਈ ਜਾਂਦੀ ਅਤੇ ਨਾ ਹੀ ਲੀਡਰ ਸਿੱਧੇ ਢੰਗ ਨਾਲ ਭ੍ਰਿਸ਼ਟਾਚਾਰ ਕਰਦੇ ਹਨ, ਆਮ ਵਿਅਕਤੀ ਤੇ ਟੈਕਸ ਦਾ ਬੋਝ ਪਾਈ ਜਾਣਾ ਤੇ ਟੈਕਸ ਮਨੀ ਨੂੰ ਵੱਖ-ਵੱਖ ਢੰਗਾਂ ਆਪਣੇ ਹਿੱਤਾਂ ਲਈ ਵਰਤਣਾ ਵੀ ਕੁਰੱਪਸ਼ਨ ਹੈ। ਇਥੇ ਇਹ ਦੱਸਣਾ ਵੀ ਵਾਜਿਜ਼ ਰਹੇਗਾ ਕਿ ਰਾਜਨੀਤਕ ਲੋਕਾਂ ਵਲੋਂ ਆਪਣੇ ਚਹੇਤਿਆਂ ਨੂੰ ਵੱਖ-ਵੱਖ ਸਰਕਾਰੀ ਜਾਂ ਅਰਧ ਸਰਕਾਰੀ ਮਹਿਕਮਿਆਂ ਵਿੱਚ ਵੱਡੀਆਂ-ਵੱਡੀਆਂ



ਅਫਸਰਸ਼ਾਹੀ ਵਾਲੀਆਂ ਪੋਸਟਾਂ ਤੇ ਲਗਾਇਆ ਹੁੰਦਾ ਹੈ, ਜਿਥੇ ਉਨ੍ਹਾਂ ਨੂੰ ਆਮ ਕਾਮਿਆਂ ਨਾਲੋਂ 5-20 ਗੁਣਾਂ ਵੱਧ ਤਨਖਾਹਾਂ ਤੁਹਾਡੇ ਟੈਕਸ ਡਾਲਰਾਂ ਵਿਚੋਂ ਦਿੱਤੀਆਂ ਜਾਂਦੀਆਂ ਹਨ। ਭਾਵ ਜੇ ਆਮ ਕੈਨੇਡੀਅਨ ਵਿਅਕਤੀ ਕਿਸੇ ਕੰਮ ਤੇ ਸਾਲ ਦਾ 50 ਹਜ਼ਾਰ ਡਾਲਰ ਬਣਾਉਂਦਾ ਹੈ ਤਾਂ ਅਫਸਰਸ਼ਾਹੀ ਉਨ੍ਹਾਂ ਤੋਂ ਘੱਟ ਕੰਮ ਕਰਕੇ ਢਾਈ ਲੱਖ ਤੋਂ ਮਿਲੀਅਨ ਤੱਕ ਬਣਾਉਂਦੀ ਹੈ।

**ਡਰੱਗ ਕੰਪਨੀਆਂ ਦੀ ਦਵਾਈਆਂ ਵੇਚਣ ਲਈ ਮਾਰਕੀਟਿੰਗ** : ਡਰੱਗ ਕੰਪਨੀਆਂ ਬਹੁਤ ਵੱਡੀ ਰਕਮ ਆਪਣੀਆਂ ਦਵਾਈਆਂ ਨੂੰ ਮਾਰਕੀਟ ਕਰਨ ਲਈ ਖਰਚਦੀਆਂ ਹਨ। ਇਸ ਲਈ ਉਹ ਵੱਖ-ਵੱਖ ਢੰਗ ਅਪਨਾਉਂਦੀਆਂ ਹਨ। ਅਮਰੀਕਾ, ਬਰਾਜ਼ੀਲ ਤੇ ਨਿਊਜ਼ੀਲੈਂਡ ਆਦਿ ਦੇਸ਼ਾਂ ਵਿੱਚ ਇਹ ਕੰਪਨੀਆਂ ਆਪਣੀਆਂ ਦਵਾਈਆਂ ਨੂੰ ਵੱਖ-ਵੱਖ ਤਰ੍ਹਾਂ ਦੇ ਮੀਡੀਆ (ਟੀ.ਵੀ. ਨਿਊਜ਼ ਪੇਪਰਜ਼, ਮੈਗਜ਼ੀਨਜ਼ ਆਦਿ) ਰਾਹੀਂ ਐਡਵਰਟਾਈਜ਼ ਕਰਕੇ ਵੇਚਦੀਆਂ ਹਨ। ਪਰ ਬਹੁਤੇ ਦੇਸ਼ਾਂ (ਕੈਨੇਡਾ ਸਮੇਤ) ਵਿੱਚ ਅਜਿਹਾ ਕਰਨ ਦੀ ਇਜ਼ਾਜਤ ਨਹੀਂ, ਇਸ ਲਈ ਉਨ੍ਹਾਂ ਦੇਸ਼ਾਂ ਵਿੱਚ ਇਹ ਕੰਪਨੀਆਂ ਡਾਕਟਰਾਂ ਤੇ ਫਾਰਮੇਸੀਆਂ ਨੂੰ ਆਪਣੀ ਮਾਰਕੀਟ ਲਈ ਵਰਤਦੀਆਂ ਹਨ। ਜਿਸ ਲਈ ਡਾਕਟਰਾਂ, ਫਾਰਮਾਸਿਸਟਾਂ ਨੂੰ ਫਰੀ ਸੈਂਪਲ ਦੇਣੇ, ਹੋਰ ਕਈ ਤਰ੍ਹਾਂ ਦੇ ਤੋਹਫੇ, ਵੱਖ-ਵੱਖ ਸੈਲਾਨੀ ਥਾਵਾਂ ਦੇ ਟਰਿਪ ਦੇਣੇ, ਡਾਕਟਰਾਂ ਨੂੰ ਪੈਸੇ ਦੇ ਕੇ ਸੈਮੀਨਾਰਾਂ ਵਿੱਚ ਦਵਾਈਆਂ ਦੇ ਹੱਕ ਵਿੱਚ ਬੁਲਵਾਉਣਾ, ਅਖ਼ਬਾਰਾਂ-ਮੈਗਜ਼ੀਨਾਂ ਵਿੱਚ ਆਰਟੀਕਲ ਲਿਖਵਾਣੇ ਆਦਿ ਸ਼ਾਮਿਲ ਹੈ। ਪਿਛੇ ਜਿਹੇ 'ਪਰੋ ਪਬਲਿਕਾ' ਨਾਮ ਦੀ ਆਜ਼ਾਦ ਪੱਤਰਕਾਰਾਂ ਦੀ ਸੰਸਥਾ ਵਲੋਂ 2015 ਵਿੱਚ ਛਾਪੀ ਗਈ ਤੱਥਾਂ ਅਧਾਰਿਤ ਰਿਪੋਰਟ '**ਡਾਲਰਜ਼ ਫਾਰ ਡੌਕਟਰਜ਼**' ਅਨੁਸਾਰ ਫਾਰਮਾ ਕੰਪਨੀਆਂ ਵਲੋਂ ਦੁਨੀਆਂ ਭਰ ਵਿੱਚ ਡਾਕਟਰਾਂ ਨੂੰ 2013-2015 ਦੌਰਾਨ 6.5 ਬਿਲੀਅਨ ਡਾਲਰ ਵੱਖ-ਵੱਖ ਢੰਗਾਂ ਨਾਲ ਆਪਣੀਆਂ ਦਵਾਈਆਂ ਦੀ ਪ੍ਰੋਮੋਸ਼ਨ ਲਈ ਦਿੱਤੇ ਗਏ। ਇਸੇ ਰਿਪੋਰਟ ਅਨੁਸਾਰ ਕਿਡਨੀ ਦੀ ਮਾਹਿਰ ਇੱਕ ਡਾਕਟਰ ਐਨਾ ਸਟੈਨਕੋਵਿਕ ਨੂੰ ਫਾਰਮਾ ਕੰਪਨੀਆਂ ਵਲੋਂ 2014 ਵਿੱਚ ਤਕਰੀਬਨ 6 ਲੱਖ ਡਾਲਰ ਮਿਲੇ ਸਨ ਅਤੇ 2015 ਵਿੱਚ ਤਕਰੀਬਨ 7 ਲੱਖ ਡਾਲਰ ਮਿਲੇ। ਇਸ ਰਿਪੋਰਟ ਅਨੁਸਾਰ ਐਨਾ ਦੁਨੀਆਂ ਦੇ ਉਨ੍ਹਾਂ 6 ਲੱਖ ਤੋਂ ਵੱਧ ਡਾਕਟਰਾਂ ਵਿਚੋਂ 250ਵੇਂ ਨੰਬਰ ਵਾਲੀ ਡਾਕਟਰ ਸੀ, ਜਿਨ੍ਹਾਂ ਨੂੰ ਫਾਰਮਾ ਕੰਪਨੀਆਂ ਵਲੋਂ ਅਜਿਹੀਆਂ ਪੇਮੈਂਟਾਂ ਦਿੱਤੀਆਂ ਜਾਂਦੀਆਂ ਹਨ। ਇਸੇ ਤਰ੍ਹਾਂ 'ਫੌਰਚੂਨ' ਮੈਗਜ਼ੀਨ ਵਲੋਂ ਜੁਲਾਈ 2016 ਛਾਪੀ ਇੱਕ ਰਿਪੋਰਟ ਅਨੁਸਾਰ 'ਫਾਰਮਾ ਕੰਪਨੀਆਂ' ਅਤੇ 'ਮੈਡੀਕਲ ਡਿਵਾਈਸ ਕੰਪਨੀਆਂ' ਵਲੋਂ 2015 ਵਿੱਚ ਡਾਕਟਰਾਂ ਤੇ ਹਸਪਤਾਲਾਂ ਦੇ ਡਾਇਰੈਕਟਰਜ਼ ਨੂੰ ਪ੍ਰਭਾਵਤ ਕਰਨ ਲਈ 7.5 ਬਿਲੀਅਨ ਡਾਲਰਜ਼ ਵੱਖ-ਵੱਖ ਢੰਗਾਂ ਨਾਲ ਦਿੱਤੇ ਗਏ। '**ਦੀ ਕਾਲਿਜ਼ ਆਫ ਫਿਜ਼ੀਸ਼ੀਅਨ ਐਂਡ ਸਰਜ਼ੀਅਨ ਉਨਟੇਰੀਉ**' ਵਲੋਂ ਸਾਲ 2014 ਵਿੱਚ ਫਾਰਮਾ ਕੰਪਨੀਆਂ ਵਲੋਂ ਡਾਕਟਰਾਂ ਤੇ ਹਸਪਤਾਲਾਂ ਨੂੰ ਦਿੱਤੇ ਜਾਂਦੇ ਗਿਫਟਾਂ ਤੇ ਪਾਬੰਧੀ ਲਗਾਉਣ ਦੀ ਗੱਲ ਕੀਤੀ ਗਈ ਸੀ, ਜਿਸ ਬਾਰੇ ਮਾਰਚ 2014 ਵਿੱਚ '**ਨੈਸ਼ਨਲ ਪੋਸਟ**' ਅਖਬਾਰ ਵਿੱਚ ਇੱਕ ਰਿਪੋਰਟ ਵੀ ਛਪੀ ਸੀ, ਉਸ ਤੇ ਸਰਕਾਰ ਜਾਂ ਹੈਲਥ ਰੈਗੂਲੇਟਰ ਵਲੋਂ ਕੋਈ ਕਾਰਵਾਈ ਕੀਤੀ ਗਈ ਜਾਂ ਨਹੀਂ, ਬਾਰੇ ਅਜੇ ਕੋਈ ਜਾਣਕਾਰੀ ਨਹੀਂ ਮਿਲੀ। ਇਥੇ ਇਹ ਵੀ ਵਰਨਣਯੋਗ ਹੈ ਕਿ ਇਸ ਹਮਾਮ ਵਿੱਚ ਸਾਰੇ ਨੰਗੇ ਹਨ, ਰੈਗੂਲੇਟਰਾਂ ਤੇ ਸਰਕਾਰੀ ਅਧਿਕਾਰੀਆਂ ਦੀ ਮਿਲੀ ਭੁਗਤ ਤੋਂ ਬਿਨਾਂ ਅਜਿਹਾ ਸੰਭਵ ਨਹੀਂ ਹੁੰਦਾ? ਕਨੇਡਾ ਵਿੱਚ ਬਰੈਂਡ ਨੇਮ ਦੀਆਂ ਦਵਾਈਆਂ ਦੀ ਵਿੱਕਰੀ 77% ਹੈ ਤੇ ਜਨੈਰਿਕ ਦਵਾਈਆਂ ਦੀ ਵਿਕਰੀ ਸਿਰਫ 23% ਹੈ। ਜਿਸਦਾ ਤੋਂ ਸਪੱਸ਼ਟ ਹੈ ਕਿ ਡਾਕਟਰਾਂ ਵਲੋਂ ਫਾਰਮਾ ਕੰਪਨੀਆਂ ਤੋਂ ਮਿਲਦੇ ਇਵਜ਼ ਵਜੋਂ ਬਰੈਂਡ ਨੇਮ ਦਵਾਈਆਂ ਨੂੰ ਪਰਿਸਕਰਾਈਬ ਕੀਤਾ ਜਾਂਦਾ ਹੈ, ਅਗਰ ਡਾਕਟਰ ਵੱਧ ਤੋਂ ਵੱਧ ਜਨੈਰਿਕ ਦਵਾਈਆਂ ਪਰਿਸਕਰਾਈਬ ਕਰਨ ਤਾਂ ਹੈਲਥ ਕੇਅਰ ਦਾ ਮਿਲੀਅਨਜ਼ ਡਾਲਰ ਬਚ ਸਕਦਾ ਹੈ। ਫਾਰਮਾ ਕੰਪਨੀਆਂ ਵਲੋਂ ਡਾਕਟਰਾਂ ਤੋਂ ਇਲਾਵਾ ਰਜਿਸਟਰਡ ਨਰਸਾਂ (ਆਰ. ਐੱਨ.) ਅਤੇ ਹਸਪਤਾਲਾਂ ਦੇ ਡਾਇਰੈਕਟਰਾਂ ਆਦਿ ਨੂੰ ਵਰਤਿਆ ਜਾਂਦਾ ਹੈ। ਫਾਰਮਾ ਕੰਪਨੀਆਂ ਹੀ ਨਹੀਂ, ਮੈਡੀਕਲ ਡਿਵਾਈਸ ਕੰਪਨੀਆਂ ਵੀ ਆਪਣੀਆਂ ਮੈਡੀਕਲ ਮਸ਼ੀਨਾਂ ਹਸਪਤਾਲਾਂ ਨੂੰ ਇਸੇ ਤਰ੍ਹਾਂ ਵੇਚਦੀਆਂ ਹਨ।

**ਫਾਰਮਾ ਕੰਪਨੀਆਂ ਕਿਵੇਂ ਸਰਕਾਰਾਂ ਨੂੰ ਆਪਣੇ ਹਿੱਤਾਂ ਲਈ ਵਰਤਦੀਆਂ ਹਨ?**

ਵੈਸੇ ਤਾਂ ਹਰ ਖੇਤਰ ਦੀਆਂ ਮਲਟੀ ਨੈਸ਼ਨਲ ਕਾਰਪੋਰੇਸ਼ਨਾਂ ਆਪਣੇ ਹਿੱਤਾਂ ਦੀ ਰਾਖੀ ਲਈ ਸਰਕਾਰਾਂ ਨੂੰ ਪੈਸੇ ਨਾਲ ਪ੍ਰਭਾਵਿਤ ਕਰਦੀਆਂ ਹਨ। ਪਾਰਟੀ ਫੰਡ ਜਾਂ ਪਾਰਟੀ ਡਿਨਰ ਦੇ ਨਾਮ ਤੇ ਮਿਲੀਅਨਜ਼ ਡਾਲਰ ਖਰਚੇ ਜਾਂਦੇ ਹਨ ਤਾਂ ਕਿ ਅਜਿਹੇ ਕਨੂੰਨ ਬਣਵਾਏ ਜਾਣ ਕਿ ਵੱਡੀਆਂ ਕਾਰਪੋਰੇਸ਼ਨਾਂ ਨੂੰ ਨਾ ਸਿਰਫ ਉਨ੍ਹਾਂ ਦੇ ਆਪਣੇ ਦੇਸ਼ਾਂ ਵਿੱਚ ਘੱਟ ਟੈਕਸ ਦੇਣੇ ਪੈਣ, ਸਗੋਂ ਵੱਡੀਆਂ ਸਬਸਿਡੀਆਂ ਵੀ ਮਿਲਦੀਆਂ ਰਹਿਣ। ਇਸਦੇ ਨਾਲ ਹੀ ਇਹ ਕਾਰਪੋਰੇਸ਼ਨਾਂ ਆਪਣੇ ਹਿੱਤਾਂ ਨੂੰ ਸੁਰੱਖਿਅਤ ਕਰਨ ਤੇ ਵੱਧ ਮੁਨਾਫੇ ਲਈ ਦੂਜੇ ਦੇਸ਼ਾਂ ਦੀ ਸਰਕਾਰਾਂ ਨਾਲ ਬਿਜਨੈਸ ਡੀਲਾਂ ਕਰਨ ਵੇਲੇ ਆਪਣਾ ਫਾਇਦਾ ਲੈਂਦੀਆਂ ਹਨ। 'ਵੈਨਕੂਵਰ ਸੰਨ' ਅਖ਼ਬਾਰ ਦੀ ਇੱਕ ਰਿਪੋਰਟ ਅਨੁਸਾਰ ਪਿਛਲੇ ਸਾਲਾਂ ਵਿੱਚ ਫਾਰਮਾ ਕੰਪਨੀਆਂ ਵਲੋਂ ਬੀ.ਸੀ. ਲਿਬਰਲ ਪਾਰਟੀ ਨੂੰ 6 ਲੱਖ ਡਾਲਰ ਦੀ ਡੋਨੇਸ਼ਨ ਦਿੱਤੀ ਗਈ ਸੀ। ਅਮਰੀਕਾ ਦੀ 2012 ਦੀ ਰਾਸ਼ਟਰਪਤੀ ਚੋਣ ਵਿੱਚ ਫਾਰਮਾ ਕੰਪਨੀਆਂ ਵਲੋਂ ਰਿਪਬਲਿਕਨ ਤੇ ਡੈਮੋਕਰੈਟਸ ਦੀਆਂ ਕੈਂਪੇਨ ਲਈ 51 ਮਿਲੀਅਨ ਡਾਲਰ ਖਰਚੇ ਗਏ ਸਨ। ਇਸੇ ਤਰ੍ਹਾਂ ਫਾਰਮਾ ਕੰਪਨੀਆਂ ਵਲੋਂ ਆਪਣੇ ਹੱਕ ਵਿੱਚ ਲਾਅ ਬਣਾਉਣ ਤੇ ਹੈਲਥ ਕੇਅਰ ਨੂੰ ਹੋਰ ਜ਼ਿਆਦਾ ਪ੍ਰਾਈਵੇਟਾਈਜ਼ ਕਰਨ ਲਈ ਲੌਬੀ ਕਰਨ ਤੇ



229 ਮਿਲੀਅਨ ਡਾਲਰ ਖਰਚੇ ਗਏ ਸਨ। ਰਾਸ਼ਟਰਪਤੀ ਉਬਾਮਾ ਨੇ ਆਪਣੀ 2008 ਦੀ ਪਹਿਲੀ ਇਲੈਕਸ਼ਨ ਮੌਕੇ ਆਪਣੀ ਕੈਂਪੇਨ ਲਈ ਇਨ੍ਹਾਂ ਫਾਰਮਾ ਕੰਪਨੀਆਂ ਤੋਂ 20 ਮਿਲੀਅਨ ਡਾਲਰ ਦੀ ਡੋਨੇਸ਼ਨ ਲਈ ਸੀ। ਪ੍ਰਧਾਨ ਮੰਤਰੀ ਤੇ ਫੈਡਰਲ ਮਨਿਸਟਰਾਂ ਤੋਂ ਸ਼ੁਰੂ ਹੋ ਕੇ ਸੂਬਿਆਂ ਦੇ ਪ੍ਰੀਮੀਅਰਾਂ ਤੇ ਵੱਡੇ ਸ਼ਹਿਰਾਂ ਦੇ ਮੇਅਰਾਂ ਦੇ ਫੰਡ ਰੇਜ਼ਿੰਗ ਡਿਨਰਾਂ ਮੌਕੇ ਟਿਕਟ 1000 ਡਾਲਰ ਤੋਂ ਲੈ ਕੇ 10000 ਡਾਲਰ ਤੱਕ ਹੁੰਦੀ ਹੈ, ਇਹ ਵੱਡੀਆਂ ਕੰਪਨੀਆਂ ਹੀ ਟਿਕਟਾਂ ਖਰੀਦੀਆਂ ਹਨ ਤੇ ਫਿਰ ਆਪਣੇ ਸਿਆਸੀ ਚਹੇਤਿਆਂ ਰਾਹੀਂ ਆਪਣੇ ਸਮਰਥਕਾਂ ਨੂੰ ਮੁਫਤ ਦੇ ਦਿੱਤੀਆਂ ਜਾਂਦੀਆਂ ਹਨ।

**ਫਲੂ ਵੈਕਸੀਨ ਦੇ ਟੀਕੇ** : ਪਿਛਲੇ ਕੁਝ ਸਾਲਾਂ ਤੋਂ ਹਰ ਸਾਲ ਨਾਰਥ ਅਮਰੀਕਾ ਵਿੱਚ ਅਕਤੂਬਰ ਤੋਂ ਦਸੰਬਰ ਤੱਕ ਫਲੂ ਦੇ ਟੀਕੇ ਲਗਾਏ ਜਾਂਦੇ ਹਨ। ਕੁਝ ਸਟੇਟਾਂ ਵਿੱਚ ਇਹ ਟੀਕੇ ਮੁਫਤ ਹੁੰਦੇ ਹਨ ਤੇ ਕੁਝ ਵਿੱਚ ਤੁਹਾਨੂੰ ਥੋੜਾ ਪੇਅ ਕਰਨਾ ਪੈਂਦਾ ਹੈ। ਅਲਬਰਟਾ ਵਿੱਚ ਇਹ ਟੀਕੇ ਮੁਫਤ ਲਗਾਏ ਜਾਂਦੇ ਹਨ। ਅਕਸਰ ਕਾਰਪੋਰੇਟ ਮੀਡੀਆ ਰਾਹੀਂ ਹੈਲਥ ਕੇਅਰ ਵਲੋਂ ਮਿਲੀਅਨਜ਼ ਡਾਲਰ ਖਰਚਾ ਪ੍ਰਚਾਰ ਲਈ ਕੀਤਾ ਜਾਂਦਾ ਹੈ ਕਿ ਇਸਨੂੰ ਲਗਾਉਣਾ ਸਭ ਲਈ ਬੜਾ ਜ਼ਰੂਰੀ ਹੈ। ਮੀਡੀਏ ਰਾਹੀਂ ਲੋਕਾਂ ਵਿੱਚ ਫਲੂ ਦਾ ਇੱਕ ਸਹਿਮ ਪੈਦਾ ਕੀਤਾ ਜਾਂਦਾ ਹੈ ਕਿ ਜਿਵੇਂ ਨਾਰਥ ਅਮਰੀਕਾ ਵਿੱਚ ਫਲੂ ਦੀ ਮਾਹਮਾਰੀ ਫੈਲ ਗਈ ਹੋਵੇ ਤੇ ਲੋਕ ਧੜਾ-ਧੜ ਮਰ ਰਹੇ ਹਨ ਜਾਂ ਹਸਪਤਾਲਾਂ ਵਿੱਚ ਭਰਤੀ ਹੋ ਰਹੇ ਹਨ। ਜੇ ਆਪਾਂ ਅਲਬਰਟਾ ਦੀ ਹੀ ਗੱਲ ਕਰੀਏ ਤਾਂ ਅਲਬਰਟਾ ਸੂਬੇ ਦੀ ਆਬਾਦੀ ਤਕਰੀਬਨ 43 ਲੱਖ (4.3 ਮਿਲੀਅਨ) ਦੇ ਕਰੀਬ ਹੈ ਤੇ ਅਲਬਰਟਾ ਹੈਲਥ ਨੇ ਇਸ ਵਾਰ ਇੱਕ ਮਿਲੀਅਨ ਤੋਂ ਵੱਧ ਇਨਫਲੂਐਂਜ਼ਾ ਵੈਕਸੀਨ ਖਰੀਦਆਂ ਸਨ। ਭਾਵ ਜੇ ਇੱਕ ਫਲੂ ਸ਼ਾਟ 50 ਡਾਲਰ ਕੌਸਟ ਕਰੇ ਤਾਂ 50 ਮਿਲੀਅਨ ਡਾਲਰ ਤੋਂ ਵੱਧ ਫਲੂ ਸ਼ਾਟ ਤੇ ਖਰਚਿਆ ਗਿਆ ਹੈ। ਜਿਹੜੇ ਲੋਕ ਸਮਾਂ ਕੱਢ ਕੇ ਜਾਂ ਕੰਮ ਤੋਂ ਸਮਾਂ ਛੱਡ ਕੇ ਜਾਂਦੇ ਹਨ, ਉਨ੍ਹਾਂ ਦੀ ਕੌਸਟ ਵੱਖਰੀ ਹੈ। ਜੇ ਸਟੇਟ ਦੇਖੀਏ ਤਾਂ ਅਲਬਰਟਾ ਹੈਲਥ ਦੀ ਰਿਪੋਰਟ ਅਨੁਸਾਰ ਸਾਰੇ ਸਾਲ ਵਿੱਚ 2 ਬਜ਼ੁਰਗ ਵਿਅਕਤੀਆਂ ਦੀ ਫਲੂ ਦੀ ਇਨਫੈਕਸ਼ਨ ਨਾਲ ਮੌਤ ਹੋਈ। ਤਕਰੀਬਨ 1000 ਤੋਂ ਵੀ ਘੱਟ ਬਜ਼ੁਰਗ ਜਾਂ ਛੋਟੇ ਬੱਚਿਆਂ (ਜਿਨ੍ਹਾਂ ਦਾ ਅਮਿਊਨ ਸਿਸਟਮ ਕਮਜ਼ੋਰ ਹੁੰਦਾ ਹੈ) ਵਿੱਚ ਉਸ ਫਲੂ ਦੀ ਵਾਇਰਸ ਪਾਈ ਗਈ। ਇਹ ਕੀ ਸਾਬਿਤ ਕਰਦਾ ਹੈ? ਕਿਸੇ ਨੂੰ ਵੀ ਸਮਝਣ ਵਿੱਚ ਸਮੱਸਿਆ ਨਹੀਂ ਹੋਣੀ ਚਾਹੀਦੀ? ਨਾਰਥ ਅਮਰੀਕਾ ਵਿੱਚ ਹਰ ਸਾਲ ਤਕਰੀਬਨ 200 ਮਿਲੀਅਨ ਵੈਕਸੀਨ ਦੇ ਟੀਕੇ ਵੇਚੇ ਜਾਂਦੇ ਹਨ। 'ਦੀ ਗਲੋਬ ਐਂਡ ਮੇਲ' ਦੀ ਇੱਕ ਰਿਪੋਰਟ ਅਨੁਸਾਰ ਫਾਰਮਾ ਕੰਪਨੀਆਂ ਲਈ ਫਲੂ ਸ਼ਾਟਸ ਜਾਂ ਵੈਕਸੀਨ ਇੱਕ ਬਹੁਤ ਵੱਡਾ ਬਿਜ਼ਨੈਸ ਬਣਦਾ ਜਾ ਰਿਹਾ ਹੈ, ਜਿਹੜਾ ਕਿ ਸਰਕਾਰਾਂ ਦੀ ਮਿਲੀ ਭੁਗਤ ਨਾਲ ਦਿਨੋ ਦਿਨ ਵਧਦਾ ਜਾ ਰਿਹਾ ਹੈ। ਫਲੂ ਸ਼ਾਟਸ ਬਾਰੇ ਅਨੇਕਾਂ ਹੈਲਥ ਮਾਹਿਰਾਂ ਦਾ ਮੰਨਣਾ ਹੈ ਕਿ ਇਸਦਾ ਉਤਨਾ ਲਾਭ ਨਹੀਂ ਹੈ, ਜਿਤਨਾ ਕਿ ਪ੍ਰਚਾਰਿਆ ਜਾਂਦਾ ਹੈ। ਠੀਕ ਹੈ ਕਿ ਛੋਟੀ ਉਮਰ ਦੇ ਬੱਚੇ ਜਾਂ ਵਡੇਰੀ ਉਮਰ ਦੇ ਬਜ਼ੁਰਗਾਂ ਦਾ ਅਮਿਊਨ ਸਿਸਟਮ ਕਮਜ਼ੋਰ ਹੋਣ ਕਰਕੇ ਉਨ੍ਹਾਂ ਨੂੰ ਅਜਿਹੇ ਫਲੂ ਸ਼ਾਟਸ ਦੀ ਲੋੜ ਹੋਵੇ, ਭਾਵੇਂ ਕਿ ਉਨ੍ਹਾਂ ਵਿੱਚ ਵੀ ਸਾਰਿਆਂ ਨੂੰ ਲੋੜ ਨਹੀਂ ਹੁੰਦੀ। ਸਗੋਂ ਫਲੂ ਸ਼ਾਟਸ ਲਗਾ ਕੇ ਅਸੀਂ ਆਪਣੇ ਅਮਿਊਨ ਸਿਸਟਮ ਨੂੰ ਬੀਮਾਰੀਆਂ ਨਾਲ ਲੜਨ ਲਈ ਕਮਜ਼ੋਰ ਕਰਦੇ ਹਾਂ, ਜੋ ਕਿ ਕੁਦਰਤ ਦੇ ਸਿਸਟਮ ਦੇ ਅਨੁਕੂਲ ਨਹੀਂ ਹੈ। ਕੁਦਰਤ ਨੇ ਸਾਡੇ ਅੰਦਰ ਹੀ ਐਂਟੀ ਬਾਇਟੈਕ ਸਿਸਟਮ ਲਗਾਇਆ ਹੋਇਆ ਹੈ, ਜਿਹੜਾ ਕਿ ਬੀਮਾਰੀਆਂ ਨਾਲ ਆਪ ਲੜਦਾ ਹੈ। ਜੇ ਅਸੀਂ ਫਲੂ, ਸਿਰਦਰਦ ਜਾਂ ਬੁਖਾਰ ਆਦਿ ਵਰਗੀਆਂ ਛੋਟੀਆਂ ਬੀਮਾਰੀਆਂ ਨਾਲ ਵੀ ਆਪਣੇ ਅਮਿਊਨ ਸਿਸਟਮ ਨੂੰ ਲੜਨ ਨਹੀਂ ਦਿੰਦੇ ਤਾਂ ਇਹ ਕਮਜ਼ੋਰ ਹੋ ਕੇ ਵੱਡੀਆਂ ਬੀਮਾਰੀਆਂ ਸਹੇੜਦਾ ਹੈ।

**ਕੀ ਕੀਤਾ ਜਾਵੇ?** : ਜਿਸ ਤਰ੍ਹਾਂ ਤੁਸੀਂ ਉਪਰ ਪੜ੍ਹਿਆ ਹੈ ਕਿ ਕਿਵੇਂ ਮਲਟੀਨੈਸ਼ਨਲ ਫਾਰਮਾ (ਡਰੱਗ) ਕਾਰਪੋਰੇਸ਼ਨਾਂ ਵਲੋਂ ਸਰਕਾਰਾਂ, ਡਾਕਟਰਾਂ, ਡਰੱਗ ਰਿਸਰਚਰਾਂ, ਬਿਊਰੋਕਰੈਟਾਂ, ਕਾਰਪੋਰੇਟ ਮੀਡੀਆ ਦੀ ਮਿਲੀ ਭੁਗਤ ਨਾਲ ਲੋਕਾਂ ਦੀ ਸਿਹਤ ਠੀਕ ਕਰਨ ਦੇ ਨਾਮ ਹੇਠ ਟ੍ਰਿਲੀਅਨਜ਼ ਡਲਾਰ ਬਣਾਏ ਜਾ ਰਹੇ ਹਨ। ਸਿਰਫ 10 ਵੱਡੀਆਂ ਕੰਪਨੀਆਂ ਦਾ ਪ੍ਰੌਫਿਟ ਹੀ 100 ਬਿਲੀਅਨ ਤੋਂ ਉਪਰ ਹੈ। ਇਨ੍ਹਾਂ ਕੰਪਨੀਆਂ ਦੇ ਸੀ. ਈ. ਉ. (ਮੁਖੀ) ਔਸਤਨ 20-25 ਮਿਲੀਅਨ ਸਾਲ ਦਾ ਕਮਾਉਂਦੇ ਹਨ। ਲੱਖਾਂ ਲੋਕ ਕੈਂਸਰ ਵਰਗੀਆਂ ਨਾਮੁਰਾਦ ਬੀਮਾਰੀਆਂ ਨਾਲ ਮਰ ਰਹੇ ਹਨ। 'ਅਲਟਰਨੈੱਟ' ਨਾਮ ਦੇ ਇੱਕ ਆਜ਼ਾਦ ਮੀਡੀਆ ਗਰੁੱਪ ਦੀ ਇੱਕ ਰਿਪੋਰਟ ਅਨੁਸਾਰ ਉਹ ਕੈਂਸਰ ਜਿਸ ਨਾਲ ਮੌਤ ਦਾ ਖਤਰਾ ਹੁੰਦਾ ਹੈ, ਉਸ ਦੀਆਂ ਦਵਾਈਆਂ ਦੀ ਇੱਕ ਸਾਲ ਦੀ ਕੀਮਤ 1 ਲੱਖ ਤੋਂ ਉਪਰ ਹੁੰਦੀ ਹੈ, ਜਦਕਿ ਕੰਪਨੀਆਂ ਨੂੰ ਇਸਨੂੰ ਬਣਾਉਣ ਦੀ ਕੌਸਟ ਬਹੁਤ ਘੱਟ ਹੈ, ਪਰ ਕੰਪਨੀਆਂ ਇਸ ਵਿਚੋਂ ਹੀ ਵੱਡਾ ਮੁਨਾਫਾ ਕਮਾਉਂਦੀਆਂ ਹਨ। ਸਰਕਾਰਾਂ ਅਜਿਹੀਆਂ ਮਲਟੀ ਨੈਸ਼ਨਲ ਕਾਰਪੋਰੇਸ਼ਨਾਂ ਤੇ ਕਿਸੇ ਤਰ੍ਹਾਂ ਦਾ ਕੁੰਡਾ ਲਾਉਣ ਲਈ ਤਿਆਰ ਨਹੀਂ ਹਨ ਕਿਉਂਕਿ ਇਹ ਕੰਪਨੀਆਂ ਹੀ ਉਨ੍ਹਾਂ ਲਈ ਪਾਰਟੀ ਤੇ ਵਿਅਕਤੀਗਤ ਫੰਡਾਂ ਲਈ ਮੁੱਖ ਸ੍ਰੋਤ ਹਨ। ਪਿਛੇ ਜਿਹੇ ਦੁਨੀਆਂ ਭਰ ਦੇ 100 ਤੋਂ ਵੱਧ ਕੈਂਸਰ ਮਾਹਿਰਾਂ ਵਲੋਂ ਇੱਕ ਕੰਪੇਨ ਸ਼ੁਰੂ ਕੀਤੀ ਗਈ ਸੀ ਕਿ ਕਰਿਟੀਕਲ ਇਲਨੈਸ (ਉਹ ਬੀਮਾਰੀਆਂ ਜਿਨ੍ਹਾਂ ਨਾਲ ਮੌਤ ਹੋ ਸਕਦੀ ਹੈ) ਦੀਆਂ ਦਵਾਈਆਂ ਦੀ ਕੀਮਤ ਨੂੰ ਕੰਟਰੋਲ ਕੀਤਾ ਜਾਵੇ। ਅਮਰੀਕਨ ਕੰਪਨੀਆਂ ਵਲੋਂ ਬਣਾਈਆਂ ਜਾਂਦੀਆਂ ਦਵਾਈਆਂ ਹੋਰ ਦੇਸ਼ਾਂ ਨਾਲੋਂ ਨਾਰਥ ਅਮਰੀਕਾ ਵਿੱਚ ਢਾਈ ਤੋਂ ਤਿੰਨ ਗੁਣਾਂ ਵੱਧ ਕੀਮਤ ਤੇ ਹਸਪਤਾਲਾਂ ਨੂੰ ਸਰਕਾਰੀ ਹੈਲਥ ਅਧਿਕਾਰੀਆਂ ਅਤੇ ਸਰਕਾਰਾਂ ਦੀ ਮਿਲੀਭੁਗਤ ਨਾਲ ਵੇਚਿਆ ਜਾਂਦਾ ਹੈ। ਹੈਲਥ ਕੇਅਰ ਦੇ ਬਜਟ ਦਾ ਬਹੁਤ ਵੱਡਾ ਹਿੱਸਾ ਇਨ੍ਹਾਂ ਫਾਰਮਾ ਕੰਪਨੀਆਂ ਦੇ ਮੁਨਾਫੇ ਨੂੰ ਵਧਾ ਰਿਹਾ ਹੋਣ ਕਰਕੇ ਹੀ ਆਮ ਲੋਕਾਂ ਐਮਰਜੈਂਸੀ ਵਿੱਚ 12-16 ਘੰਟੇ ਬੈਠਣਾ ਪੈਂਦਾ ਹੈ, ਸਰਜਰੀਆਂ ਲਈ ਸਾਲਾਂ ਵੱਧੀ ਉਡੀਕ ਕਰਨੀ ਪੈਂਦੀ ਹੈ। ਸਰਕਾਰਾਂ ਕਹਿੰਦੀਆਂ ਹਨ ਕਿ ਉਨ੍ਹਾਂ ਕੋਲ ਹੋਰ ਬਜਟ ਨਹੀਂ ਹੈ, ਪਰ 'ਅੰਨ੍ਹੀ ਪੀਸੇ, ਕੁੱਤੀ ਚੱਟੇ' ਦੀ ਕਹਾਵਤ ਵਾਂਗ ਰਾਜਨੀਤਕ ਤੇ ਅਫਸਰਸ਼ਾਹੀ ਹੀ ਖਾਈ ਪੀਈ ਜਾਂਦੀ ਹੈ। ਫਾਰਮਾ ਕੰਪਨੀਆਂ ਨੂੰ ਅੰਨ੍ਹੀ ਲੁੱਟ ਕਰਨ ਦੀ ਪੂਰੀ ਖੁੱਲ੍ਹ ਮਿਲੀ ਹੋਈ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਰੋਜ਼ਾਨਾ ਜੀਵਨ ਦੀ ਰੈਟ ਰੇਸ (ਕੁੜਿਕੀ ਵਿੱਚ ਫਸੇ ਹੋਏ ਚੂਹੇ ਦੀ ਦੌੜ) ਵਿਚੋਂ ਥੋੜਾ ਸਮਾਂ ਕੱਢ ਕੇ ਇਥੇ ਦੇ ਸਿਸਟਮ ਨੂੰ ਜਾਣੀਏ, ਇਸਨੂੰ ਸਮਝੀਏ? ਇਥੇ ਕੋਈ ਸਵਰਗ ਨਹੀਂ ਹੈ, ਇਥੇ ਵੀ ਆਮ ਕਿਰਤੀ ਵਿਅਕਤੀ ਦੀ ਥਰਲ ਵਰਲਡ ਕੰਟਰੀਆਂ ਵਾਂਗ ਹੀ ਲੁੱਟ ਹੋ ਰਹੀ ਹੈ? ਅਸੀਂ ਆਪਣੇ ਲੋਕਲ, ਸੂਬਾਈ ਤੇ ਫੈਡਰਲ ਨੁਮਾਇੰਦਿਆਂ ਨੂੰ ਜਵਾਬਦੇਹ ਬਣਾਈਏ। ਕਮਿਊਨਿਟੀ ਲੈਵਲ ਤੇ ਡਿਸਕਸ਼ਨ ਗਰੁੱਪ ਕਾਇਮ ਕਰੀਏ। ਅਜਿਹੇ ਸਾਂਝੇ ਲੋਕ ਮਸਲਿਆਂ ਪ੍ਰਤੀ ਜਾਗਰੂਕਤਾ ਲਈ ਸੈਮੀਨਾਰ ਕਰੀਏ। ਪਟੀਸ਼ਨਾਂ ਸਾਈਨ ਕਰਵਾਕੇ ਇਨ੍ਹਾਂ ਰਾਜਨੀਤਕ ਲੋਕਾਂ ਤੱਕ ਆਪਣੀ ਗੱਲ ਪਹੁੰਚਾਈਏ? ਸੋਸ਼ਲ ਮੀਡੀਆ ਰਾਹੀਂ ਅਜਿਹੇ ਮਸਲਿਆਂ ਨੂੰ ਲੋਕਾਂ ਵਿੱਚ ਉਭਾਰੀਏ? ਬਹੁਤ ਕੁਝ ਕੀਤਾ ਜਾ ਸਕਦਾ ਹੈ, ਜੇ ਅਸੀਂ ਸਾਰੇ ਕੁਝ ਨਾ ਕੁਝ ਕਰਨ ਵੱਲ ਨੂੰ ਯਤਨ ਕਰੀਏ? ਪਰ ਸਭ ਤੋਂ ਵੱਡੀ ਗੱਲ ਕਿ ਅਸੀਂ ਜਾਗਰੂਕ ਹੋਈਏ, ਆਪਣੇ ਆਪ ਨੂੰ ਐਜੂਕੇਟ ਕਰੀਏ? ਅਸੀਂ ਆਪਣਾ ਨਜ਼ਰੀਆ ਵਿਸ਼ਵ ਪੱਧਰ ਦੀ ਸੋਚ ਦਾ ਬਣਾਈਏ, ਪਰ ਕੰਮ ਲੋਕਲ ਲੈਵਲ ਤੇ ਸ਼ੁਰੂ ਕਰੀਏ?

# ਮੇਨਕਾ ਗਾਂਧੀ ਦੇ ਬਿਆਨ 'ਚੋਂ ਝਲਕਦੀ ਭਾਰਤੀ ਹਕੂਮਤ ਦੀ ਬਲਾਤਕਾਰ ਪ੍ਰਤੀ ਗੈਰ-ਸੰਜੀਦਗੀ

**ਰੌਸ਼ਨ**

ਪਿਛਲੇ ਸਮੇਂ ਮੁੰਬਈ 'ਚ ਪੱਤਰਕਾਰਾਂ ਦੀ ਇੱਕ ਵਰਕਸ਼ਾਪ ਲੱਗੀ ਜਿਸ 'ਚ ਮਹਿਲਾ ਤੇ ਬਾਲ ਵਿਕਾਸ ਮੰਤਰੀ ਮੇਨਕਾ ਗਾਂਧੀ ਪੁੱਜੀ ਤੇ ਉਸਨੇ ਕਿਹਾ ਕਿ ਸੰਸਾਰ ਵਿੱਚ ਹੋਣ ਵਾਲੇ ਬਲਾਤਕਾਰਾਂ ਦੀ ਗਿਣਤੀ ਪੱਖੋਂ ਸਵੀਡਨ ਪਹਿਲੇ ਸਥਾਨ 'ਤੇ ਹੈ ਤੇ ਭਾਰਤ ਆਖਰੀ ਚਾਰ ਦੇਸ਼ਾਂ ਵਿੱਚ ਆਉਂਦਾ ਹੈ।

ਉਸਨੇ ਅੱਗੇ ਸ਼ਿਕਾਇਤ ਦੇ ਲਹਿਜ਼ੇ ਵਿੱਚ ਕਿਹਾ ਕਿ ਭਾਰਤ ਵਿੱਚ ਮੀਡੀਆ ਬਲਾਤਕਾਰ ਦਾ ਰੌਲਾ ਜ਼ਿਆਦਾ ਪਾਉਂਦਾ ਹੈ ਜਿਸ ਕਰਕੇ ਵਿਦੇਸ਼ੀ ਸੈਲਾਨੀ ਸੋਚਦੇ ਹਨ ਕਿ ਭਾਰਤ ਔਰਤਾਂ ਲਈ ਅਸੁਰੱਖਿਅਤ ਹੈ। ਵਿਦੇਸ਼ਾਂ ਵਿੱਚ ਬਲਾਤਕਾਰ ਕੋਈ ਵੱਡੀ ਖਬਰ ਨਹੀਂ ਬਣਦੇ, ਉੱਥੇ ਅਖ਼ਬਾਰ ਸਾਡੇ ਵਾਂਗ ਇਹਨਾਂ ਘਟਨਾਵਾਂ ਨੂੰ ਦਰਜ਼ ਨਹੀਂ ਕਰਦੇ। ਮਤਲਬ ਮੇਨਕਾ ਗਾਂਧੀ ਦੇ ਕਹਿਣ ਦਾ ਭਾਵ ਸੀ ਕਿ ਭਾਰਤ ਵਿੱਚ ਬਲਾਤਕਾਰ ਕੋਈ ਵੱਡੀ ਸਮੱਸਿਆ ਨਹੀਂ ਹੈ ਸਗੋਂ ਇਸਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ ਜਾਂਦਾ ਹੈ।

ਜੇ ਮਹਿਲਾ ਤੇ ਬਾਲ ਵਿਕਾਸ ਮੰਤਰੀ ਦੇ ਇਹੋ ਜਿਹੇ ਬਿਆਨ ਹਨ ਜਿੱਥੇ ਬਲਤਾਕਾਰ ਤੇ ਔਰਤਾਂ ਵਿਰੁੱਧ ਜੁਰਮਾਂ ਨੂੰ ਕਾਬੂ ਕਰਨਾ ਤਾਂ ਦੂਰ ਸਗੋਂ ਉਹਨਾਂ ਨੂੰ ਕਬੂਲਣੋਂ, ਉਹਨਾਂ ਦੀ ਗੰਭੀਰਤਾ ਸਮਝਣੋਂ ਹੀ ਇਨਕਾਰੀ ਹੋਇਆ ਜਾ ਰਿਹਾ ਹੈ ਤਾਂ ਔਰਤ ਮੁਕਤੀ ਦਾ ਸਫਰ ਹਾਲੇ ਕਿੰਨਾ ਲੰਬਾ ਹੈ। ਮੇਨਕਾ ਗਾਂਧੀ ਹੀ ਨਹੀਂ ਸਗੋਂ ਦੇਸ਼ ਦੇ ਬਹੁਤ ਸਾਰੇ ਲੀਡਰਾਂ ਦੀ ਸੋਚਣੀ ਇਹੋ ਜਿਹੀ ਹੀ ਹੈ। 2014 'ਚ ਅਰੁਣ ਜੇਤਲੀ ਦਾ ਕਹਿਣਾ ਸੀ ਕਿ ਦਿੱਲੀ ਬਲਾਤਕਾਰ ਕਾਂਡ ਛੋਟੀ ਜਿਹੀ ਘਟਨਾ ਸੀ ਜਿਸਨੂੰ ਵੱਡੀ ਬਣਾ ਦਿੱਤਾ ਗਿਆ। ਸੈਰ-ਸਪਾਟਾ ਮੰਤਰੀ ਮਹੇਸ਼ ਸ਼ਰਮਾ ਦਾ ਕਹਿਣਾ ਹੈ ਕਿ ਵਿਦੇਸ਼ੀ ਔਰਤਾਂ ਛੋਟੇ ਕੱਪੜਿਆਂ ਤੇ ਆਪਣਾ ਸਰੀਰ ਵਿਖਾਉਣ ਕਾਰਨ ਖੁਦ ਵੀ ਬਲਤਾਕਾਰ ਲਈ ਜ਼ਿੰਮੇਵਾਰ ਹਨ।

2012 ਦੇ ਇੱਕ ਕੌਮਾਂਤਰੀ ਸਰਵੇਖਣ ਨੇ ਭਾਰਤ ਨੂੰ ਔਰਤਾਂ ਲਈ ਸਭ ਤੋਂ ਮਾੜਾ ਸਥਾਨ ਮੰਨਿਆ ਹੈ। 2015 'ਚ ਭਾਰਤ 'ਚ 34,651 ਬਲਾਤਕਾਰ ਦੀਆਂ ਘਟਨਾਵਾਂ ਦਰਜ਼ ਹੋਈਆਂ ਨੇ ਜਿਹਨਾਂ 'ਚ 6 ਸਾਲ ਦੀਆਂ ਬੱਚੀਆਂ ਤੋਂ ਲੈ ਕੇ 60 ਸਾਲ ਦੀਆਂ ਬਜ਼ੁਰਗ ਔਰਤਾਂ ਨੂੰ ਵੀ ਹਵਸ ਦਾ ਸ਼ਿਕਾਰ ਬਣਾਇਆ ਗਿਆ ਹੈ। ਪਰ ਲੱਖਾਂ ਅਜਿਹੀਆਂ ਘਟਨਾਵਾਂ ਤਾਂ ਕਿਧਰੇ ਦਰਜ਼ ਹੀ ਨਹੀਂ ਕੀਤੀਆਂ ਜਾਂਦੀਆਂ। ਕੌਮੀ ਪਰਿਵਾਰ ਸਿਹਤ ਸਰਵੇਖਣ ਦੀ 2005 ਦੀ ਇੱਕ ਰਿਪੋਰਟ ਮੁਤਾਬਕ 15-49 ਸਾਲ ਦੀਆਂ ਔਰਤਾਂ ਨਾਲ਼ ਹੋਏ ਬਲਾਤਕਾਰ ਦੇ ਮਾਮਲਿਆਂ ਵਿੱਚ ਸਿਰਫ 5.8 ਫੀਸਦੀ ਹੀ ਪੁਲਿਸ ਵਿੱਚ ਦਰਜ਼ ਹੁੰਦੇ ਹਨ। ਮਤਲਬ ਅਸਲ ਘਟਨਾਵਾਂ ਦੀ ਗਿਣਤੀ ਦਰਜ਼ ਹੋਏ ਮਾਮਲਿਆਂ ਨਾਲੋਂ ਲਗਭਗ 20 ਗੁਣਾ ਵੱਧ ਹੈ। ਬਲਾਤਕਾਰ ਤੋਂ ਬਿਨਾਂ ਔਰਤਾਂ ਨਾਲ਼ ਛੇੜਛਾੜ, ਬਦਸਲੂਕੀ, ਦਾਜ਼ ਲਈ ਤੰਗ ਕੀਤੇ ਜਾਣ ਜਿਹੇ ਹੋਰ ਅਨੇਕਾਂ ਜੁਰਮ ਵਾਰਪਰਦੇ ਹਨ। ਇਹਨਾਂ ਤੋਂ ਬਿਨਾਂ ਔਰਤਾਂ ਨੂੰ ਘਰਾਂ 'ਚ ਬਰਾਬਰ ਦੇ ਹੱਕ ਨਾ ਦੇਣਾ, ਉਹਨਾਂ ਨੂੰ ਪੜ੍ਹਨ, ਕੰਮਕਾਰ ਕਰਨ ਦੀ ਅਜ਼ਾਦੀ ਨਾ ਦੇਣਾ, ਮਰਿਆਦਾ ਤੇ ਰਸਮਾਂ ਦੇ ਨਾਮ 'ਤੇ ਔਰਤਾਂ ਨੂੰ ਦਬਾਈ ਰੱਖਣ ਜਿਹੇ ਔਰਤ ਗੁਲਾਮੀ ਦੇ ਹੋਰ ਬਹੁਤ ਸਾਰੇ ਰੂਪ ਸਾਡੇ ਸਮਾਜ ਵਿੱਚ ਮੌਜੂਦ ਹਨ ਜੋ ਕਿਸੇ ਕਨੂੰਨ ਦੀ ਜੁਰਮ ਦੀ ਪਰਿਭਾਸ਼ਾ ਵਿੱਚ



ਆਉਂਦੇ ਹੀ ਨਹੀਂ।

ਭਾਰਤ ਵਿੱਚ ਔਰਤਾਂ ਵਿਰੁੱਧ ਹੁੰਦੇ ਜੁਰਮਾਂ ਵਿੱਚ ਔਰਤਾਂ ਦੇ ਪਹਿਰਾਵੇ, ਉਹਨਾਂ ਦੇ ਘਰੋਂ ਬਾਹਰ ਨਿੱਕਲਣ, ਕੰਮ ਕਰਨ, ਹਨੇਰ੍ਹੇ ਵਿੱਚ ਬਾਹਰ ਘੁੰਮਣ, ਸ਼ਰਾਬ ਪੀਣ ਆਦਿ ਨੂੰ ਉਹਨਾਂ ਦੇ ਬਲਾਤਕਾਰ ਲਈ ਜ਼ਿੰਮੇਵਾਰ ਦੱਸਿਆ ਜਾਂਦਾ ਹੈ ਤੇ ਇਸ ਕੰਮ ਵਿੱਚ ਵੀ ਦੇਸ਼ ਦੇ ਸਿਆਸੀ ਆਗੂ, ਧਾਰਮਿਕ ਗੁਰੂ ਆਦਿ ਸਭ ਤੋਂ ਅੱਗੇ ਹਨ। ਇਸ ਤਰ੍ਹਾਂ ਪੀੜਤ ਨੂੰ ਹੀ ਦੋਸ਼ੀ ਬਣਾ ਕੇ ਮਰਦਾਂ ਨੂੰ ਬਰੀ ਕਰਨ ਦੀ ਮਾਨਸਿਕਤਾ ਵੱਡੇ ਪੱਧਰ 'ਤੇ ਮੌਜੂਦ ਹੈ। ਸਾਡੇ ਸਮਾਜ ਬਲਾਤਕਾਰ ਪੀੜਤ ਨੂੰ ਸਮਾਜ ਵਿੱਚ ਹਿਰਖ ਦੀ ਨਜ਼ਰ ਨਾਲ਼ ਵੇਖਿਆ ਜਾਂਦਾ ਹੈ, ਭਾਵ ਬਲਾਤਕਾਰ ਮਗਰੋਂ ਉਹਨਾਂ ਦੀ ਪਰਿਵਾਰਕ ਤੇ ਸਮਾਜਿਕ ਜ਼ਿੰਦਗੀ ਤਬਾਹ ਹੋ ਜਾਂਦੀ ਹੈ। ਲੱਖਾਂ ਮੁਕੱਦਮੇ ਅਦਾਲਤਾਂ 'ਚ ਲਟਕਦੇ ਪਏ ਹਨ ਤੇ ਬਹੁਤਿਆਂ 'ਚ ਆਰਥਿਕ, ਸਿਆਸੀ ਰਸੂਖ ਸਦਕਾ ਦੋਸ਼ੀ ਬਰੀ ਹੋ ਜਾਂਦੇ ਹਨ ਜਾਂ ਜਮਾਨਤ 'ਤੇ ਬਾਹਰ ਆ ਜਾਂਦੇ ਹਨ। ਬਲਤਾਕਾਰ ਦੀਆਂ ਅਜਿਹੀਆਂ ਵਾਰਦਾਤਾਂ ਵੀ ਆਮ ਹਨ ਜਿੱਥੇ ਪੀੜਤ ਵੱਲੋਂ ਦੋਸ਼ੀਆਂ ਖਿਲਾਫ ਸ਼ਿਕਾਇਤ ਕਰਨ 'ਤੇ ਦੋਸ਼ੀ ਕਈ ਤਰ੍ਹਾਂ ਦੇ ਹੱਥਕੰਡੇ ਵਰਤ ਕੇ ਬਚ ਗਏ ਤੇ ਉਹਨਾਂ ਮੁੜ ਪੀੜਤ ਨਾਲ਼ ਬਲਾਤਕਾਰ ਕੀਤਾ ਕਈ ਮਾਮਲਿਆਂ ਵਿੱਚ ਉਸਦਾ ਕਤਲ ਵੀ ਕੀਤਾ ਹੈ। ਕਈ ਵਾਰ ਤਾਂ ਬਲਾਤਕਾਰ ਦਾ ਮਾਮਲਾ ਦਰਜ਼ ਕਰਵਾਉਣ ਥਾਣੇ ਗਈ ਔਰਤ ਨਾਲ਼ ਪੁਲਿਸ ਵੱਲੋਂ ਹੀ ਬਲਾਤਕਾਰ ਕੀਤਾ ਜਾਂਦਾ ਹੈ। ਅਜਿਹੇ ਸਮਾਜ 'ਚ ਭਲਾਂ ਇਹ ਕਿਹਾ ਜਾ ਸਕਦਾ ਹੈ ਕਿ ਬਲਾਤਕਾਰ ਦੇ ਮਸਲੇ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤਾ ਜਾ ਰਿਹਾ ਹੈ?

ਔਰਤਾਂ ਵਿਰੁੱਧ ਜੁਰਮ ਤੇ ਬਲਾਤਕਾਰ ਦੇ ਮਾਮਲੇ ਵਿੱਚ ਪੋਰਨੋਗ੍ਰਾਫੀ ਸਮਾਜ ਦੇ ਨਿਘਾਰ ਨੂੰ ਦਰਸਾਉਂਦੀ ਹੈ। ਭਾਰਤ ਵਿੱਚ ਇੰਟਰਨੈੱਟ ਦੀ ਸਭ ਤੋਂ ਵੱਧ ਵਰਤੋਂ ਪੋਰਨੋਗ੍ਰਾਫੀ ਲਈ ਹੁੰਦੀ ਹੈ। ਪਰ ਭਾਰਤ ਵਿੱਚ ਪੋਰਨੋਗ੍ਰਾਫੀ ਨਾਲੋਂ ਵੱਧ ਘਿਨਾਉਣੀਆਂ ਚੀਜ਼ਾਂ ਵੀ ਮੌਜੂਦ ਹਨ। ਦੇਸ਼ ਵਿੱਚ ਔਰਤਾਂ ਨਾਲ਼ ਅਸਲ ਬਲਾਤਕਾਰ ਦੇ ਵੀਡੀਓ ਵਿਕਦੇ ਹਨ ਜਿਹਨਾਂ ਨੂੰ ਲੋਕ ਚਾਅ ਨਾਲ਼ ਦੇਖ ਕੇ ਅਨੰਦ ਲੈਂਦੇ ਹਨ। ਅਜਿਹੇ ਸਮਾਜ ਨੂੰ ਔਰਤਾਂ ਲਈ ਕਿੰਨਾ ਕੁ ਸੁਰੱਖਿਅਤ ਕਿਹਾ ਜਾ ਸਕਦਾ ਹੈ?

ਜੇ ਦੇਸ਼ ਦੇ ਸਿਆਸੀ ਆਗੂਆਂ ਦੇ ਅਜਿਹੇ ਬਿਆਨ ਹਨ ਤਾਂ ਭਲਾ ਇੱਥੇ ਔਰਤਾਂ ਲਈ ਸੁਰੱਖਿਆ ਤੇ ਇਨਸਾਫ ਦੀ ਉਮੀਦ ਕਿੱਥੇ ਰੱਖੀ ਜਾ ਸਕਦੀ ਹੈ? ਭਾਰਤ ਵਿੱਚ ਸਵੀਡਨ ਜਾਂ ਹੋਰ ਦੇਸ਼ਾਂ ਨਾਲੋਂ ਘੱਟ ਬਲਾਤਕਾਰ ਦੇ ਦਾਅਵੇ ਤਾਂ ਖੋਖਲੇ ਹੀ ਹਨ ਕਿਉਂਕਿ ਘਟਨਾਵਾਂ ਦਰਜ਼ ਕਰਵਾਉਣ ਤੇ ਕਨੂੰਨੀ ਪਰਿਭਾਸ਼ਾਵਾਂ ਮੁਤਾਬਕ ਭਾਰਤ ਦਾ ਮਾੜਾ ਹਾਲ ਹੈ। ਪਰ ਉਸਤੋਂ ਵੱਡਾ ਸਵਾਲ ਤਾਂ ਇਹ ਹੈ ਕਿ ਕੀ ਕਿਸੇ ਦੂਜੇ ਦੇਸ਼ ਦੇ ਅੰਕੜਿਆਂ ਨਾਲ਼ ਤੁਲਨਾ ਕਰਕੇ ਸਾਨੂੰ ਸਬਰ ਕਰ ਲੈਣਾ ਚਾਹੀਦਾ ਹੈ ਕਿ ਅਸੀਂ ਘੱਟ ਨਿੱਘਰੇ ਹੋਏ ਹਾਂ? ਜੇ 130 ਕਰੋੜ ਦੀ ਅਬਾਦੀ ਵਾਲੇ ਦੇਸ਼ ਵਿੱਚ ਇੱਕ ਵੀ ਬਲਾਤਕਾਰ ਹੁੰਦਾ ਹੈ ਤਾਂ ਉਹ ਮੌਜੂਦਾ ਸਮਾਜਿਕ ਪ੍ਰਬੰਧ ਉੱਪਰ ਸਵਾਲ ਬਣਦਾ ਹੈ ਤੇ ਹਰ ਸੰਵਦੇਨਸ਼ੀਲ ਮਨੁੱਖ ਦੀ ਫਿਕਰਮੰਦੀ ਦਾ ਮਸਲਾ ਬਣਦਾ ਹੈ।

ਮੇਨਕਾ ਗਾਂਧੀ ਬਾਰੇ ਪਾਠਕਾਂ ਨਾਲ਼ ਇਹ ਜਾਣਕਾਰੀ ਵੀ ਸਾਂਝੀ ਕਰਨੀ ਬਣਦੀ ਹੈ ਕਿ ਉਹ ਜਾਨਵਰਾਂ ਦੇ ਹੱਕਾਂ ਲਈ ਸੰਘਰਸ਼ ਕਰਨ ਲਈ ਜਾਣੀ ਜਾਂਦੀ ਹੈ। ਪਰ ਜਿਸ ਸਮਾਜ ਵਿੱਚ ਮਨੁੱਖਾਂ ਦੀ ਹੀ ਕੋਈ ਫਿਕਰਮੰਦੀ ਨਹੀਂ ਹੈ ਸਮਾਜ ਦੀ ਅੱਧੀ ਅਬਾਦੀ ਦੇ ਰੂਪ ਵਿੱਚ ਔਰਤਾਂ ਲਈ ਕੋਈ ਸੁਰੱਖਿਆ ਨਹੀਂ, ਕੋਈ ਸੁਖਾਵਾਂ ਮਹੌਲ ਨਹੀਂ ਤੇ ਕੋਈ ਅਜ਼ਾਦੀ, ਬਰਾਬਰੀ ਦੇ ਹੱਕ ਨਹੀਂ ਤਾਂ ਉਹ ਸਮਾਜ ਭਲਾ ਜਾਨਵਰਾਂ ਦੀ ਦੇਖਭਾਲ ਕਿੱਥੋਂ ਕਰੇਗਾ? ਸਗੋਂ ਇਹ ਵੀ ਸੋਚਣਾ ਬਣਦਾ ਹੈ ਕਿ ਜਿਸਨੂੰ ਔਰਤਾਂ ਨਾਲ਼ ਹੁੰਦੇ ਬਲਾਤਕਾਰ ਵੱਡੀ ਚਿੰਤਾ ਦਾ ਵਿਸ਼ਾ ਨਹੀਂ ਲਗਦੇ ਉਹਨੂੰ ਜਾਨਵਰਾਂ ਨਾਲ਼ ਵੀ ਕਿੰਨਾ ਕੁ ਸਰੋਕਾਰ ਹੋਵੇਗਾ?

ਕੁੱਝ ਸਾਲ ਪਹਿਲਾਂ ਤੱਕ ਜਦੋਂ ਮੇਨਕਾ ਗਾਂਧੀ ਸੱਤ੍ਹਾ 'ਚ ਭਾਈਵਾਲ ਨਹੀਂ ਸੀ ਤਾਂ ਔਰਤਾਂ ਦੇ ਮਸਲਿਆਂ ਉੱਪਰ ਤਿੱਖੀ ਸੁਰ 'ਚ ਬੋਲਦੀ ਸੀ। ਵਿਆਹ ਸਬੰਧਾਂ 'ਚ ਔਰਤਾਂ ਨਾਲ਼ ਮਰਜ਼ੀ ਤੋਂ ਬਗੈਰ ਸਬੰਧ ਬਣਾਉਣ ਨੂੰ ਬਲਾਤਕਾਰ ਮੰਨਣ 'ਤੇ ਉਹ ਜ਼ੋਰ ਦਿੰਦੀ ਸੀ ਪਰ ਭਾਜਪਾ ਦੀ ਹਕੂਮਤ 'ਚ ਕੁਰਸੀ ਮਿਲਣ ਮਗਰੋਂ ਉਸਦੀ ਸੁਰ ਬਦਲ ਗਈ ਤੇ ਇਸ ਸਾਲ ਜੁਲਾਈ ਮਹੀਨੇ ਉਸਦਾ ਬਿਆਨ ਸੀ ਕਿ ਭਾਰਤ ਵਿੱਚ ਪਛੜੇਵੇਂ, ਗਰੀਬੀ, ਸਮਾਜਕ ਰਸਮਾਂ ਤੇ ਸਿੱਖਿਆ ਆਦਿ ਕਾਰਨ ਹਾਲੇ ਵਿਆਹੁਤਾ ਬਲਾਤਕਾਰ ਦੀ ਧਾਰਨਾ ਨੂੰ ਮਾਨਤਾ ਨਹੀਂ ਦਿੱਤੀ ਜਾ ਸਕਦੀ। ਮਤਲਬ ਭਾਰਤ ਵਿੱਚ ਪਛੜੇਵੇਂ, ਗਰੀਬੀ, ਸਿੱਖਿਆ ਆਦਿ ਕਾਰਨ ਮਰਦਾਂ ਨੂੰ ਆਪਣੀਆਂ ਪਤਨੀਆਂ ਨਾਲ਼ ਬਲਾਤਕਾਰ ਕਰਨ ਦੀ ਖੁੱਲ੍ਹ ਹੋਣੀ ਚਾਹੀਦੀ ਹੈ।

ਕੇਂਦਰ ਸਰਕਾਰ ਵਿੱਚ ਅਹਿਮ ਅਹੁਦੇ ਵਾਲੇ ਸਿਆਸੀ ਆਗੂ ਵਜੋਂ ਅਜਿਹਾ ਬਿਆਨ ਸਮੁੱਚੇ ਸਰਕਾਰੀ ਤੰਤਰ ਦੀ ਸੰਜ਼ੀਦਗੀ ਉੱਪਰ ਹੀ ਸਵਾਲ ਹੈ ਕਿ ਮੌਜੂਦਾ ਸਰਕਾਰ ਔਰਤਾਂ ਦੀ ਸੁਰੱਖਿਆ, ਇਨਸਾਫ, ਅਜ਼ਾਦੀ ਤੇ ਬਰਾਬਰੀ ਦੀ ਦਿਸ਼ਾ 'ਚ ਕੋਈ ਠੋਸ ਕਦਮ ਚੁੱਕਣ ਲਈ ਤਿਆਰ ਨਹੀਂ ਹੈ। ਦੂਜੇ ਪਾਸੇ ਅਸੀਂ ਜੋ ਹਲਾਤ ਉੱਪਰ ਬਿਆਨੇ ਹਨ ਉਹਨਾਂ ਤੋਂ ਸਾਫ ਹੈ ਕਿ ਭਾਰਤ ਵਿੱਚ ਔਰਤ ਵਿਰੋਧੀ ਮਾਨਸਿਕਤਾ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਗੱਡੀਆਂ ਹੋਈਆਂ ਹਨ। ਇਹ ਜੜ੍ਹਾਂ ਇੰਨੀਆਂ ਡੂੰਘੀਆਂ ਹਨ ਕਿ ਇਹ ਨਾ ਸਿਰਫ ਔਰਤ ਵਿਰੁੱਧ ਜੁਰਮ ਨੂੰ ਕਬੂਲਣ ਲਈ ਤਿਆਰ ਹੀ ਨਹੀਂ ਹੈ ਸਗੋਂ ਵੱਖ-ਵੱਖ ਢੰਗਾਂ ਨਾਲ਼ ਇਸਨੂੰ ਜਾਇਜ ਵੀ ਠਹਿਰਾਉਂਦੀ ਹੈ। ਇਸ ਲਈ ਇਸ ਔਰਤ ਮੁਕਤੀ ਲਹਿਰ ਦੀਆਂ ਚੁਣੌਤੀਆਂ ਬਹੁਤ ਵੱਡੀਆਂ ਹਨ ਜਿਸਨੂੰ ਵੱਖ-ਵੱਖ ਪੱਖਾਂ ਤੋਂ ਸਮਝਦੇ ਹੋਏ ਇੱਕ ਮਜ਼ਬੂਤ ਲਹਿਰ ਉਸਾਰੇ ਜਾਣ ਦੀ ਲੋੜ ਹੈ।

# ਸੂਬੇ ਦੀ ਵਿਧਾਨ ਸਭਾ ਚੋਣਾਂ ਰਾਹੀਂ ਆਪਣੀ ਜੂਨ ਸੰਵਾਰਨ ਦੀ ਆਸ ਪਾਲ ਰਹੇ ਲੋਕੋ !

## ਇਨ੍ਹਾਂ ਚੋਣਾਂ ਰਾਹੀਂ ਤੁਹਾਡੀਆਂ ਉਮੀਦਾਂ ਨੂੰ ਕੀ ਸੱਚੀ ਸੁੱਚੀ ਬੂਰ ਪਵੇਗਾ ? ਆਓ, ਵਿਚਾਰੀਏ !

ਪਿਆਰੇ ਲੋਕੋ,

4 ਫਰਵਰੀ, 2017 ਨੂੰ ਤੁਸੀਂ ਇੱਕ ਵੇਰ ਫਿਰ ਸੂਬਾ ਸਰਕਾਰ ਦੀ ਚੋਣ ਕਰਨ ਜਾ ਰਹੇ ਹੋ। ਤੁਸੀਂ ਪਹਿਲਾਂ ਦੇ ਕਾਂਗਰਸੀ ਰਾਜਾਂ ਵਾਂਗ ਸੂਬੇ 'ਚ ਪਿਛਲੇ 10 ਵਰ੍ਹਿਆਂ ਤੋਂ ਰਾਜ ਕਰ ਰਹੇ ਅਕਾਲੀ ਭਾਜਪਾ-ਗਠਜੋੜ ਦੀ ਸਰਕਾਰ ਪ੍ਰਤੀ ਪੂਰੀ ਤਰ੍ਹਾਂ ਭਰੇ ਪੀਤੇ ਬੈਠੇ ਹੋ। ਤੁਹਾਡਾ ਗੁੱਸਾ ਬਿਲਕੁੱਲ ਜਾਇਜ਼ ਹੈ, ਕਿਉਂਕਿ ਇਸ ਬਾਦਲ ਪਿਓ-ਪੁੱਤ ਦੀ ਸਰਕਾਰ ਨੇ ਆਪਣੇ ਪਰਿਵਾਰ ਦੇ ਵੱਡੇ ਮੁਫਾਦਾਂ ਲਈ ਜਿਵੇਂ ਪੰਜਾਬ ਨੂੰ ਖਾਧਾ ਹੈ, ਲੁੱਟਿਆ ਹੈ, ਕੁੱਟਿਆ ਹੈ, ਕਿਸੇ ਤੋਂ ਵੀ ਲੁਕਿਆ ਨਹੀਂ ਹੋਇਆ। ਰੇਤਾ ਬੱਜਰੀ ਦੀ ਬਲੈਕ, ਚਿੱਟੇ ਦੇ ਜਵਾਨੀ ਮਾਰ ਵਪਾਰ ਰਾਹੀਂ ਕਮਾਏ ਲੱਖਾਂ ਕਰੋੜਾਂ ਰੁਪਏ, ਪੰਜਾਬ ਦੀ ਸਰਕਾਰੀ ਟਰਾਂਸਪੋਰਟ ਦਾ ਨਾਸ਼ ਕਰਕੇ ਲੱਗਭਗ ਸਾਰੇ ਰੂਟ ਪਰਮਿਟ ਉਰਬਿਟ, ਡੱਬਵਾਲੀ, ਤਾਜ ਤੇ ਸਕੇ ਸੋਹਦੜਿਆਂ ਦੇ ਹਵਾਲੇ, ਟੀ.ਵੀ. ਕੇਬਲ, ਹੋਟਲਾਂ, ਹਵੇਲੀਆਂ ਤੇ ਕਬਜ਼ੇ, ਗੁੰਡਾਗਰਦੀ ਦਾ ਨੰਗਾ ਨਾਚ, ਬੇਰੁਜ਼ਗਾਰਾਂ ਦੇ ਅੰਨ੍ਹੇ ਕੁਟਾਪੇ, ਕਿਸਾਨਾਂ ਮਜ਼ਦੂਰਾਂ, ਬੇਰੁਜ਼ਗਾਰਾਂ ਤੇ ਹਜ਼ਾਰਾਂ ਝੂਠੇ ਪੁਲਿਸ ਕੇਸ, ਵਿਧਾਨ ਸਭਾ ਹਲਕਿਆਂ ਨੂੰ ਜੱਥੇਦਾਰਾਂ ਦੀ ਜਗੀਰ ਬਣਾਉਣ ਲਈ, ਅਕਾਲੀ-ਭਾਜਪਾ ਇੱਕ ਵੇਰ ਫਿਰ, ਦੀ ਮੁਹਾਰਨੀ ਪੜ੍ਹਦੀ ਥੋਡੇ ਦਰਾਂ 'ਤੇ ਹੈ। ਇਹ ਉਹ ਸਰਕਾਰ ਹੈ, ਜਿਸ ਨੇ ਬਿਜਲੀ ਬੋਰਡ, ਹਸਪਤਾਲਾਂ, ਸਕੂਲਾਂ, ਸੜਕਾਂ, ਪਾਣੀ ਵੱਡੇ ਲੁਟੇਰਿਆਂ, ਠੇਕੇਦਾਰਾਂ ਦੇ ਹਵਾਲੇ ਕਰ 'ਤੇ। ਕੇਂਦਰ ਸਰਕਾਰਾਂ ਦੀਆਂ ਨੀਤੀਆਂ ਨੂੰ ਪੂਰੇ ਜ਼ੋਰ-ਸ਼ੋਰ ਨਾਲ ਲਾਗੂ ਕਰ ਕੇ ਸੂਬੇ ਦਾ ਬੇੜਾ ਗਰਕ ਕਰ ਦਿੱਤਾ। ਕਾਲ਼ੇ ਕਾਨੂੰਨਾਂ ਦੀ ਆੜ 'ਚ ਚੰਡੀਗੜ੍ਹ, ਬੰਠਿਡਾ ਨੂੰ ਨਿੱਜੀ ਰਿਆਸਤ ਬਣਾ 'ਰਾਜ ਨਹੀਂ ਸੇਵਾ' ਦਾ ਡਰਾਮਾ ਕਰਦੀ ਇਸ ਅਕਾਲੀ-ਭਾਜਪਾ ਸਰਕਾਰ ਨੇ ਪੁਲਿਸ ਨੂੰ ਆਪਣੀ ਨਿੱਜੀ ਰਖੇਲ ਬਣਾ 10 ਸਾਲ ਜੋ ਗੁੱਲ ਖਿਲਾਏ ਹਨ, ਕਿਸੇ ਤੋਂ ਭੁੱਲੇ ਨਹੀਂ। ਇਹ ਉਹ ਸਰਕਾਰ ਹੈ ਜਿਸ ਨੇ ਉੱਜੜ ਰਹੀ ਕਿਸਾਨੀ, ਨਰਕੀ ਜ਼ਿੰਦਗੀ ਜਿਉਂਦੇ ਪੇਂਡੂ/ਖੇਤ ਮਜ਼ਦੂਰਾਂ ਦੀ ਕਿਸੇ ਮੰਗ 'ਤੇ ਮਸਲੇ ਦੇ ਹੱਲ ਤੇ ਵਰ੍ਹਿਆਂ ਬੱਧੀ ਸੰਘਰਸ਼ ਕਰਨ ਦੇ ਬਾਵਜੂਦ ਕੋਈ ਕੰਨ ਨੀ ਧਰਿਆ। ਚਾਰ ਫਲਾਈ ਓਵਰ, ਠੇਕੇਦਾਰਾਂ ਤੋਂ ਬਣਵਾ ਕੇ ਵਿਕਾਸ ਦੀ ਡੰਡ ਪਾਉਣ ਵਾਲੀ ਇਸ ਸਰਕਾਰ ਨੇ ਸਸਤੀ ਸਿਹਤ ਸੇਵਾ, ਰੁਜ਼ਗਾਰ ਮੁਖੀ ਪੜ੍ਹਾਈ, ਹਰ ਨੌਜਵਾਨ ਲਈ ਰੁਜ਼ਗਾਰ ਨੂੰ ਕਦੇ ਵੀ ਅਜੰਡਾ ਨਹੀਂ ਬਣਾਇਆ। ਦਸ ਸਾਲ ਲੰਘ ਗਏ ਤੇ ਹੁਣ ਇੱਕ ਵਾਰ ਫਿਰ ਇਹ ਚੋਰ ਮੈਦਾਨ 'ਚ ਹਨ। ਦੇਸ਼ ਨੂੰ ਸਾਮਰਾਜੀ ਲੁੱਟ ਦੀ ਮੰਡੀ ਬਣਾਉਣ ਵਾਲੀ ਕਾਂਗਰਸ ਜੋ ਨਿੱਜੀਕਰਨ, ਉਦਾਰੀਕਰਨ, ਖੁੱਲ੍ਹੀ ਮੰਡੀ ਰਾਹੀਂ ਪੂਰੇ ਮੁਲਕ ਨੂੰ ਵੱਡੇ ਦੇਸ਼ੀ-ਵਿਦੇਸ਼ੀ ਕਾਰਪੋਰੇਟਾਂ ਨੂੰ ਬੈਅ ਕਰਨ 'ਤੇ ਵਰ੍ਹਿਆਂ ਤੋਂ ਲੱਗੀ ਹੋਈ ਹੈ। ਪੰਜਾਬ ਨੂੰ ਬੰਜਰ ਬਣਾਉਣ, ਖ਼ੁਦਕੁਸ਼ੀਆਂ ਦਾ ਸੂਬਾ ਬਣਾਉਣ 'ਚ ਅਕਾਲੀ-ਕਾਂਗਰਸ ਦੀਆਂ ਨੀਤੀਆਂ 'ਚ ਕੋਈ ਫ਼ਰਕ ਨਹੀਂ ਹੈ। ਖੇਤੀ ਉੱਜੜ ਰਹੀ ਹੈ, ਘਾਟੇ ਦਾ ਧੰਦਾ ਬਣ ਰਹੀ ਹੈ, ਛੋਟਾ ਕਿਸਾਨ ਮੌਤ ਦੇ ਮੂੰਹ 'ਚ ਜਾ ਰਿਹਾ ਹੈ, ਪਰ ਕਿਸੇ ਠੋਸ ਖੇਤੀ ਤੇ ਸਨਅਤੀ ਨੀਤੀ ਦੀ ਅਣਹੋਂਦ ਦੇ ਚੱਲਦਿਆਂ ਜਵਾਨੀ ਜਾਂ ਤਾਂ ਵਾਹੋਦਾਹੀ ਵਿਦੇਸ਼ਾਂ ਨੂੰ ਭੱਜ ਰਹੀ ਹੈ ਜਾਂ ਫਿਰ ਨਸ਼ਿਆਂ ਦੇ ਗਲ਼ ਲੱਗ ਮਸਾਨਾਂ ਨੂੰ ਜਾ ਰਹੀ ਹੈ। ਨਿਜ਼ਾਮ ਬਦਲਣ ਦਾ ਦਾਅਵਾ ਕਰ ਰਹੀ ਆਮ ਆਦਮੀ ਪਾਰਟੀ ਵੀ ਇਨਾਂ ਨੀਤੀਆਂ ਦੇ ਘੇਰੇ ਤੋਂ ਬਾਹਰ ਨਹੀਂ ਹੈ। ਇਹਨਾਂ ਨੀਤੀਆਂ ਨੂੰ ਲਾਗੂ ਕਰ ਕੇ ਹੀ ਉਹ ਪੰਜਾਬ 'ਚ ਖ਼ੁਸ਼ਹਾਲੀ ਲਿਆਉਣ ਤੇ ਵਿਕਾਸ ਕਰਨ ਦਾ ਦਾਅਵਾ ਕਰ ਰਹੀ ਹੈ।

ਪਿਆਰੇ ਲੋਕੋ, ਦੇਸ਼ ਦੇ ਸੂਬੇ ਦੇ 80-90 ਪ੍ਰਤੀਸ਼ਤ ਕਿਰਤੀ ਲੋਕਾਂ ਦੇ ਬੁਨਿਆਦੀ ਮਸਲੇ ਹਨ-ਗ਼ਰੀਬੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਸਮਾਜਿਕ ਇਨਸਾਫ਼। ਸਾਡੇ ਸੂਬੇ ਦੇ ਮਸਲੇ ਹਨ-ਕਿਸਾਨਾਂ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ, ਕਰਜ਼ੇ, ਕੁਰਕੀਆਂ। ਦਲਿਤ ਮਜ਼ਦੂਰਾਂ ਦੇ ਮਸਲੇ ਹਨ-ਪੱਕਾ ਰੁਜ਼ਗਾਰ, ਜ਼ਮੀਨ ਦਾ ਹੱਕ, ਜਾਤ ਦਾਬੇ ਦਾ ਖਾਤਮਾ, ਮੁਲਾਜ਼ਮਾਂ ਦੇ ਮਸਲੇ ਹਨ-ਠੇਕੇਦਾਰੀ ਸਿਸਟਮ ਦਾ ਖਾਤਮਾ, ਪੱਕਾ ਰੁਜ਼ਗਾਰ ਤੇ ਪੂਰੇ ਸੇਵਾ ਲਾਭ! ਨੌਜਵਾਨਾਂ ਦੇ ਮਸਲੇ ਹਨ-ਇੱਕਸਾਰ ਵਿੱਦਿਅਕ ਪ੍ਰਬੰਧ, ਮੁਫ਼ਤ ਵਿੱਦਿਆ-ਪੱਕਾ ਰੁਜ਼ਗਾਰ, ਨਸ਼ਿਆਂ ਦਾ ਖਾਤਮਾ! ਔਰਤਾਂ ਦੇ ਮਸਲੇ ਹਨ-ਬਰਾਬਰ ਮੌਕੇ, ਸੁਰੱਖਿਆ ਦੀ ਗਰੰਟੀ, ਔਰਤਾਂ ਨਾਲ ਹਰ ਤਰ੍ਹਾਂ ਦੇ ਵਿਤਕਰੇ ਦਾ ਖਾਤਮਾ। ਸਾਂਝੇ ਮਸਲੇ ਹਨ-ਚੰਗੀਆਂ ਤੇ ਮੁਫ਼ਤ ਸਿਹਤ ਸੇਵਾਵਾਂ, ਭ੍ਰਿਸ਼ਟਾਚਾਰ ਰਹਿਤ ਲੋਕਪੱਖੀ ਸਮਾਜਿਕ ਨਿਆਂ ਪ੍ਰਬੰਧ।

**ਸੱਤਰ ਸਾਲਾਂ 'ਚ ਤਾਂ ਇਹ ਹੋਇਆ ਨੀ, ਹੁਣ ਕੀ ਗਰੰਟੀ ਹੈ**

ਪਿਆਰੇ ਲੋਕੋ, ਪਿਛਲੇ 70 ਵਰ੍ਹਿਆਂ 'ਚ ਦੇਸ਼ ਸਮੇਤ ਸਾਡੇ ਸੂਬੇ 'ਚ ਗ਼ਰੀਬ ਤੇ ਅਮੀਰ ਦਾ ਆਰਥਿਕ ਪਾੜਾ ਵਧਿਆ ਹੈ-ਮਹਿੰਗਾਈ ਹਰ ਆਏ ਦਿਨ ਛਾਲਾਂ ਮਾਰਦੀ ਜਾ ਰਹੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਸਰਵੇ ਰਿਪੋਰਟ ਕਹਿੰਦੀ ਹੈ ਕਿ ਸਾਡੇ ਪੰਜਾਬ ਦੀ 89 ਪ੍ਰਤੀਸ਼ਤ ਕਿਸਾਨੀ ਕਰਜ਼ੇ ਦੇ ਬੋਝ ਹੇਠ ਦੱਬੀ ਹਰ ਰੋਜ਼ ਖ਼ੁਦਕੁਸ਼ੀਆਂ ਕਰ ਰਹੀ ਹੈ। ਖੇਤੀ ਲਈ ਸਾਮਰਾਜੀ ਨੀਤੀ ਨਿਰਦੇਸ਼ਾਂ ਕਾਰਣ ਪਾਣੀ 2, 3 ਸੌ ਫੁੱਟ ਥੱਲੇ ਆਖ਼ਰੀ ਤੱਦੀ ਤੱਕ ਪਹੁੰਚ ਗਿਆ ਹੈ, ਪਰ ਇਸ ਦੇ ਉਲਟ ਕੇਂਦਰ ਸਰਕਾਰ ਨੇ 2007 ਤੋਂ 2013 ਦੇ ਅਰਸੇ ਦੌਰਾਨ ਡੁੱਬ ਰਹੀ ਕਿਸਾਨੀ ਦਾ ਹੱਥ ਫੜਨ ਦੀ ਥਾਂ ਭਾਰਤੀ ਸਰਮਾਏਦਾਰਾਂ ਨੂੰ 37 ਲੱਖ ਕਰੋੜ ਦੇ ਗੱਫੇ ਵੰਡ ਦਿੱਤੇ। ਖੇਤੀ 'ਤੇ ਨਿਰਭਰ ਸੂਬੇ 'ਚ ਬਦਲਵੇ ਖੇਤੀ ਪ੍ਰਬੰਧ ਲਈ ਕਿਸੇ ਵੋਟ ਪਾਰਟੀ ਕੋਲ ਕੋਈ ਠੋਸ ਨੀਤੀ ਨਹੀਂ ਹੈ। ਸੂਬੇ 'ਚ ਸੁਖਬੀਰ ਦੇ ਫੋਕੇ ਪ੍ਰਚਾਰ ਦੇ ਬਾਵਜੂਦ ਸਨਅਤੀ ਵਿਕਾਸ ਲਗਾਤਾਰ ਪੱਛੜ ਰਿਹਾ ਹੈ। 2008 ਤੱਕ ਦੇ ਸੂਬੇ ਦੀ ਕੁੱਲ ਘਰੇਲੂ ਪੈਦਾਵਾਰ 'ਚ ਸਨਅਤ ਪੈਦਾਵਾਰ ਦਾ ਹਿੱਸਾ 19 ਪ੍ਰਤੀਸ਼ਤ ਸੀ ਜੋ ਕਿ 2011 ਤੱਕ ਘਟ ਕੇ 8 ਪ੍ਰਤੀਸ਼ਤ ਰਹਿ ਗਿਆ ਹੈ। ਇਹ ਘਾਟਾ ਨਿਰੰਤਰ ਵਧਦਾ ਜਾ ਰਿਹਾ ਹੈ, ਸਿੱਟੇ ਵਜੋਂ ਹਜ਼ਾਰਾਂ ਛੋਟੀਆਂ ਸਨਅਤੀ ਇਕਾਈਆਂ ਬੰਦ ਹੋ ਗਈਆਂ ਹਨ। ਜਾਤਪਾਤੀ ਨਫ਼ਰਤ ਅਤੇ ਸਮਾਜਿਕ ਦਾਬੇ ਦਾ ਸ਼ਿਕਾਰ ਦਲਿਤ ਪੇਂਡੂ ਮਜ਼ਦੂਰਾਂ ਦੀ ਆਰਥਿਕ, ਸਮਾਜਿਕ ਹਾਲਤ ਸੂਬੇ ਅੰਦਰ ਸਭ ਤੋਂ ਵੱਧ ਬਦਤਰ ਹੈ। ਸੂਬੇ ਦੀ ਆਬਾਦੀ ਦਾ 28 ਪ੍ਰਤੀਸ਼ਤ ਹਿੱਸਾ ਇਹ ਦਲਿਤ ਅਤਿਅੰਤ ਮਾੜੀਆਂ ਤੇ ਤਰਸਯੋਗ ਹਾਲਤਾਂ 'ਚ ਜੀਵਨ ਨੂੰ ਧੱਕਾ ਦੇਣ ਲਈ ਮਜ਼ਬੂਰ ਹਨ। ਪੰਜਾਬ 'ਚ ਸਿੱਖਿਆ ਦਾ ਨਿੱਜੀਕਰਨ ਜੋਰਾਂ 'ਤੇ ਹੈ। ਵਿੱਦਿਆ ਲਗਾਤਾਰ ਮਹਿੰਗੀ ਹੋ ਰਹੀ ਹੈ। ਨਵਾਂ ਰੁਜ਼ਗਾਰ ਨਾ ਮਾਤਰ ਹੈ। ਹਰ ਸਰਕਾਰੀ ਮਹਿਕਮੇ 'ਚ ਠੇਕੇਦਾਰੀ ਪ੍ਰਬੰਧ ਪੜ੍ਹੇ-ਲਿਖੇ, ਹੁਨਰਮੰਦ ਨੌਜਵਾਨਾਂ ਦਾ ਸ਼ੋਸ਼ਣ ਕਰਨ 'ਚ ਸਭ ਹੱਦਾਂ ਬੰਨੇ ਟੱਪ ਰਿਹਾ ਹੈ। ਸੂਬੇ 'ਚ ਇਸ ਸਮੇਂ ਪੜ੍ਹੇ-ਲਿਖੇ ਬੇਰੁਜ਼ਗਾਰਾਂ ਦੀ ਗਿਣਤੀ 60 ਲੱਖ ਤੋਂ ਉੱਪਰ ਹੈ। ਹਰ ਰੋਜ਼ ਸੜਕੀ ਹਾਦਸਿਆਂ 'ਚ ਅਜਾਈਂ ਮੌਤਾਂ, ਔਰਤਾਂ ਨਾਲ ਵਿਤਕਰੇ, ਬਲਾਤਕਾਰ, ਧੱਕੇਸ਼ਾਹੀਆਂ 'ਚ ਦਿਨ-ਬ-ਦਿਨ ਵਾਧਾ ਹੋ ਰਿਹਾ ਹੈ। ਆਮ ਬੰਦੇ ਦੀ ਨਾ ਥਾਣੇ 'ਚ, ਨਾ ਕਚਿਹਰੀ 'ਚ ਤੇ ਨਾ ਹੀ ਕਿਸੇ ਸਰਕਾਰੀ ਅਦਾਰੇ 'ਚ ਕੋਈ ਸੱਦ-ਪੁੱਛ ਨਹੀਂ, ਕੋਈ ਬੁੱਕਤ ਨਹੀਂ ਹੈ। ਉਪਰੋਂ ਕਾਲਾ ਧਨ ਬਾਹਰ ਕਢਵਾਉਣ ਦੇ ਕੂਨਾਂ ਹੇਠ ਮੋਦੀ ਹਕੂਮਤ ਨੇ 8 ਨਵੰਬਰ ਤੋਂ ਨੋਟਬੰਦੀ ਦੇ ਕਰੰਸੀ ਬੰਬ ਰਾਹੀਂ ਵਿਸ਼ਾਲ ਲੋਕਾਈ ਨੂੰ ਢੇਰ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨ ਲਈ ਮਜਬੂਰ ਕੀਤਾ ਹੋਇਆ ਹੈ। ਸੱਚੀ-ਮੁੱਚੀਂ ਦੇਸ਼ ਦੇ 80-90 ਪ੍ਰਤੀਸ਼ਤ ਲੋਕ ਇਸ ਮਾੜੇ ਪ੍ਰਬੰਧਾਂ ਤੋਂ ਅੱਕ ਚੁੱਕੇ ਹਨ, ਥੱਕ ਚੁੱਕੇ ਹਨ, ਉਹ ਬਦਲ ਚਾਹੁੰਦੇ ਹਨ, ਆਪਾਂ ਬਦਲ ਚਾਹੁੰਦੇ ਹਾਂ।

ਪਰ ਬਦਲ ਪਾਰਟੀਆਂ ਦਾ ਕਿ ਪ੍ਰਬੰਧ ਦਾ, ਆਓ ਸੋਚੀਏ!

ਸਤਿਕਾਰਤ ਭੈਣੋ-ਭਰਾਵੋ,

ਪਿਛਲੇ 70 ਵਰ੍ਹਿਆਂ ਤੋਂ ਅਸੀਂ ਕਦੇ ਇਹ ਤੇ ਕਦੇ ਉਹ ਬਦਲ ਬਦਲ ਲਿਆਉਂਦੇ ਰਹੇ ਪਰ ਜੂਨ ਨੀ ਬਦਲੀ, ਹਾਲਤ ਨੀ ਸੰਵਰੀ। ਹੁਣ ਇਸ ਵੇਰ ਫਿਰ ਇਨ੍ਹਾਂ ਦੋਹਾਂ 'ਚੋਂ ਹੀ ਜਾਂ ਫਿਰ ਕੋਈ ਹੋਰ ਆਮ ਆਦਮੀ ਦੇ ਨਾਂ 'ਤੇ ਪੁਰਾਣੀ ਸਿਆਸਤ ਦੀ ਹੀ ਨਵੇਂ ਲੇਬਲ ਹੇਠ ਦੁਹਰਾਈ ਕਰਨ ਆਇਆਂ 'ਚੋਂ ਕਿਸੇ ਇੱਕ ਨੂੰ ਆਪਣੀ ਸੂਬੇ ਦੀ ਸੱਤਾ ਦੀ ਚਾਬੀ ਫੜਾਉਣ ਜਾ ਰਹੇ ਹੋ? ਪਰ ਥੋੜ੍ਹਾ ਰੁਕੋ, ਸੋਚੋ, ਵਿਚਾਰੋ ਕਿ ਕੀ ਬੰਦੇ ਜਾਂ ਪਾਰਟੀ ਬਦਲਣ ਨਾਲ ਹਾਲਤ ਬਦਲ ਜੂ! ਸਾਨੂੰ ਤਾਂ ਲੱਗਦੈ ਕਿ ਨਹੀਂ ਇੰਝ ਨੀ ਹੋਣ ਵਾਲਾ। ਕਿਉਂਕਿ ਸਵਾਲ ਬੰਦੇ ਜਾਂ ਪਾਰਟੀ ਬਦਲਣ ਦਾ ਨਹੀਂ, ਰਾਜ ਤੇ ਸਮਾਜ ਬਦਲਣ ਦਾ ਹੈ। ਰਾਜ ਤੇ ਸਮਾਜ 'ਤੇ ਕਾਬਜ ਹਨ ਸਾਮਰਾਜੀਏ ਯਾਨਿ ਵਿਦੇਸ਼ੀ ਪੂੰਜੀਪਤੀ, ਦੇਸ਼ੀ ਅੰਬਾਨੀ, ਅਡਾਨੀ, ਬਿਰਲੇ ਟਾਟੇ। ਨਾਲ ਹਨ ਜਗੀਰਦਾਰ ਤੇ ਵੱਡੇ ਭੋਇ ਸਰਦਾਰ। ਇਸ ਸਭ ਕੁਝ ਦੇ ਜ਼ਿੰਮੇਵਾਰ ਸਾਮਰਾਜੀ ਨੀਤੀਆਂ 'ਚ ਸ਼ਾਮਿਲ ਨਿੱਜੀਕਰਨ, ਖੁੱਲ੍ਹੀ ਮੰਡੀ, ਠੇਕੇਦਾਰੀ ਪ੍ਰਬੰਧ ਨੂੰ ਰੱਦ ਕਰਨ ਦੇ ਪ੍ਰੋਗਰਾਮ ਇਨ੍ਹਾਂ ਵੋਟ ਪਾਰਟੀਆਂ ਦਾ ਪ੍ਰੋਗਰਾਮ ਨਹੀਂ ਹੈ। ਲਾਰੇ ਨਵੇਂ ਤੇ ਨਾਰੇ ਵੀ ਨਵੇਂ-ਪਰ ਮੁੱਦਾ ਇਹ ਹੈ ਕਿ 130 ਕਰੋੜ ਲੋਕਾਂ ਲਈ ਰੋਟੀ, ਰੁਜ਼ਗਾਰ, ਘਰ, ਸਮਾਜਿਕ ਬੁੱਕਤ ਭਲਾ ਕਿਵੇਂ ਮਿਲਣਗੇ। ਗ਼ਰੀਬੀ, ਮਹਿੰਗਾਈ, ਬੇਰੁਜ਼ਗਾਰੀ ਲਈ ਜ਼ਿੰਮੇਵਾਰ ਹਨ ਇਹ ਲੋਕ। ਸਰਕਾਰ ਬਦਲ ਜੇ, ਬੰਦੇ ਬਦਲ ਜਾਣ, ਰੰਗ ਬਦਲ ਜੇ-ਕੋਈ ਫ਼ਰਕ ਨਹੀਂ ਪੈਣਾ। ਕਿਉਂਕਿ ਪਿੱਛੇ ਖੜ੍ਹੀ ਜਮਾਤ ਤਾਂ ਉਵੇਂ ਹੀ ਖੜ੍ਹੀ ਹੈ। ਗ਼ਰੀਬੀ ਭੁੱਖਮਰੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਮਹਿੰਗਾਈ ਲਈ ਜ਼ਿੰਮੇਵਾਰ! ਸਵਾਲ ਚੋਣਾਂ ਰਾਹੀਂ ਹੱਲ ਹੋਣ ਵਾਲਾ ਹੈ ਹੀ ਨਹੀਂ-ਕਿਉਂਕਿ ਲੁਟੇਰਾ ਰਾਜ ਵੋਟਾਂ ਰਾਹੀਂ ਨਹੀਂ ਸਗੋਂ ਲੋਕ ਸੰਘਰਸ਼ਾਂ, ਲੋਕ ਲਹਿਰ ਰਾਹੀਂ ਹੀ ਬਦਲ ਹੋਵੇਗਾ। ਅਜਿਹੀ ਲੋਕ ਲਹਿਰ ਦੀ ਉਸਾਰੀ ਲਈ ਸਾਨੂੰ ਆਪਣੇ ਸੰਘਰਸ਼ਾਂ ਨੂੰ ਹੋਰ ਅੱਗੇ ਵਧਾਉਣਾ ਪਏਗਾ। ਅੱਜ ਛੋਟੀਆਂ ਮੰਗਾਂ ਲਈ ਚਲਦੇ ਸੰਘਰਸ਼ਾਂ ਨੂੰ ਵੱਡੀਆਂ ਜੋਕਾਂ (ਸਾਮਰਾਜੀਆਂ, ਦਲਾਲ ਸਰਮਾਏਦਾਰਾਂ, ਜਗੀਰਦਾਰਾਂ-ਭੋਇੰ ਸਰਦਾਰਾਂ) ਤੋਂ ਖੋਹਣ ਵਾਲੀਆਂ ਵੱਡੀਆਂ ਮੰਗਾਂ ਤੱਕ ਲਿਜਾਣਾ ਪਏਗਾ। ਇਹ ਸਾਰੀਆਂ ਹਾਕਮ ਜਮਾਤੀ ਪਾਰਟੀਆਂ ਸਾਨੂੰ ਇੱਕ ਹੱਥ ਨਿਗੂਣੀਆਂ ਰਿਆਇਤਾਂ (ਸ਼ਗਨ ਸਕੀਮਾਂ, ਆਟਾ ਦਾਲ ਤੇ ਸਮਾਰਟ ਫੋਨ ਵਗੈਰਾ) ਨਾਲ ਵਰਚਾਉਣਾ ਚਾਹੁੰਦੀਆਂ ਹਨ ਤੇ ਦੂਜੇ ਹੱਥ ਸਾਨੂੰ ਜੂਨ ਗੁਜ਼ਾਰੇ ਦੇ ਸਾਧਨਾਂ (ਜ਼ਮੀਨਾਂ, ਰੁਜ਼ਗਾਰ ਵਗੈਰਾ) ਤੋਂ ਪੂਰੀ ਤਰਾਂ ਵਾਂਝੇ ਕਰ ਕੇ ਵੱਡੀਆਂ ਕੰਪਨੀਆਂ ਅਤੇ ਸੂਦਖੋਰਾਂ ਮੂਹਰੇ ਲੁੱਟੇ ਜਾਣ ਲਈ ਸੁੱਟਣ ਵਾਲੀਆਂ ਨੀਤੀਆਂ 'ਤੇ ਮੋਹਰ ਲਵਾਉਣਾ ਚਾਹੁੰਦੀਆਂ ਹਨ। ਆਪਾਂ ਇਨਾਂ ਲੁਟੇਰੀਆਂ ਨੀਤੀਆਂ ਨੂੰ ਆਪਣੇ ਸੰਘਰਸ਼ਾਂ ਦਾ ਨਿਸ਼ਾਨਾ ਬਣਾਉਣਾ ਹੈ। ਇਸ ਖਾਤਰ ਤਿੱਖੇ ਜ਼ਮੀਨੀ ਸੁਧਾਰ ਲਾਗੂ ਕਰਵਾ ਕੇ ਵਾਧੂ ਜ਼ਮੀਨਾਂ ਬੇ-ਜ਼ਮੀਨਿਆਂ ਤੇ ਥੁੜ-ਜ਼ਮੀਨਿਆਂ 'ਚ ਵੰਡਾਉਣ, ਕਰਜ਼ਾ ਭਰਨੋਂ ਅਸਮਰੱਥ ਕਿਸਾਨਾਂ, ਖੇਤ-ਮਜ਼ਦੂਰਾਂ ਦੇ ਸੂਦਖੋਰ ਤੇ ਬੈਂਕ ਕਰਜ਼ਿਆਂ 'ਤੇ ਲੀਕ ਮਰਵਾਉਣ, ਸੂਦਖੋਰੀ ਪ੍ਰਬੰਧ ਖਤਮ ਕਰਵਾਉਣ, ਸਰਬ ਵਿਆਪਕ ਜਨਤਕ ਵੰਡ ਪ੍ਰਣਾਲੀ ਲਾਗੂ ਕਰਵਾਉਣ, ਕਾਰਪੋਰੇਟਾਂ ਦੇ ਮੁਨਾਫਿਆਂ 'ਤੇ ਰੋਕਾਂ ਲਾਉਣ, ਠੇਕਾ ਭਰਤੀ ਬੰਦ ਕਰਵਾ ਕੇ ਰੈਗੂਲਰ ਰੁਜ਼ਗਾਰ ਦੀ ਨੀਤੀ ਲਾਗੂ ਕਰਵਾਉਣ, ਵਸਤਾਂ ਦੀਆਂ ਕੀਮਤਾਂ ਸਰਕਾਰੀ ਕੰਟਰੋਲ ਹੇਠ ਲਿਆਉਣ, ਨਿੱਜੀਕਰਨ-ਵਪਾਰੀਕਰਨ ਦੀਆਂ ਨੀਤੀਆਂ ਰੱਦ ਕਰਵਾਉਣ, ਬਿਜਲੀ, ਸੜਕਾਂ ਤੇ ਹੋਰਨਾਂ ਖੇਤਰਾਂ 'ਚ ਪ੍ਰਾਈਵੇਟ ਕੰਪਨੀਆਂ ਨਾਲ ਕੀਤੇ ਸਮਝੌਤੇ ਰੱਦ ਕਰਨ, ਵੱਡੀਆਂ ਕੰਪਨੀਆਂ, ਧਨਾਢਾਂ ਤੇ ਵੱਡੀਆਂ ਪੇਂਡੂ ਜਾਇਦਾਦਾਂ 'ਤੇ ਭਾਰੀ ਟੈਕਸ ਲਾ ਕੇ ਸਰਕਾਰੀ ਖਜ਼ਾਨਾ ਭਰਨ ਵਰਗੀਆਂ ਅਹਿਮ ਮੰਗਾਂ ਲਈ ਘੋਲ ਮਘਾਉਣੇ ਹਨ। ਵੱਖ ਵੱਖ ਮਿਹਨਤਕਸ਼ ਤਬਕਿਆਂ ਦੀਆਂ ਇਹਨਾਂ ਸਾਂਝੀਆਂ ਮੰਗਾਂ ਲਈ ਸਾਂਝੇ ਘੋਲ ਖੜੇ ਕਰਨੇ ਹਨ ਤੇ ਲੋਕ ਸ਼ਕਤੀ ਦੇ ਕਿਲੇ ਦੀ ਉਸਾਰੀ ਕਰਦੇ ਜਾਣਾ ਹੈ। ਅੱਜ ਸਾਡਾ ਫੌਰੀ ਕਾਰਜ ਹਾਕਮ ਜਮਾਤੀ ਵੋਟ-ਪਾਰਟੀਆਂ ਦੇ ਮੁਕਾਬਲੇ ਲੋਕ-ਸ਼ਕਤੀ ਦੇ ਕਿਲੇ ਦੀ ਉਸਾਰੀ ਕਰਨਾ ਹੈ।

ਇਨਾਂ ਮੰਗਾਂ ਲਈ ਚਲਦੇ ਘੋਲਾਂ ਰਾਹੀਂ ਹੀ ਅਸੀਂ ਹਾਕਮ ਜਮਾਤਾਂ ਦੀ ਪੁੱਗਤ ਵਾਲੀਆਂ ਸੰਸਥਾਵਾਂ (ਪਾਰਲੀਮੈਂਟ, ਵਿਧਾਨ ਸਭਾਵਾਂ, ਅਦਾਲਤਾਂ ਵਗੈਰਾ) ਦੇ ਮੁਕਾਬਲੇ ਲੋਕਾਂ ਦੀ ਪੁੱਗਤ ਵਾਲੀਆਂ ਸੰਸਥਾਵਾਂ ਦੀ ਉਸਾਰੀ ਕਰਨੀ ਹੈ ਤੇ ਕਿਰਤੀ ਲੋਕਾਂ ਦੀ ਪੁੱਗਤ ਤੇ ਵੁੱਕਤ ਵਾਲੇ ਸਮਾਜ ਦੀ ਉਸਾਰੀ ਤੱਕ ਪੁੱਜਣਾ ਹੈ। ਉਹ ਸਮਾਜ ਜਿਸ 'ਚ ਕੋਈ ਭੁੱਖਾ ਨਹੀਂ ਸੋਵੇਗਾ, ਕੋਈ ਖ਼ੁਦਕਸ਼ੀ ਨਹੀਂ ਕਰੇਗਾ, ਕੋਈ ਵਿਹਲਾ ਨਹੀਂ ਰਹੇਗਾ। ਕੋਈ ਬੇਰੁਜ਼ਗਾਰ ਨਹੀਂ ਹੋਵੇਗਾ, ਕਿਸੇ ਨਾਲ ਕੋਈ ਧੱਕਾ ਨਹੀਂ ਹੋਵੇਗਾ ਤੇ ਜ਼ਿੰਦਗੀ ਹੋਵੇਗੀ ਇਕਸਾਰ, ਬਰਾਬਰ, ਲੁੱਟ ਰਹਿਤ, ਹੱਸਦੀ-ਖੇਡਦੀ, ਨੱਚਦੀ ਤੇ ਟੱਪਦੀ। ਜ਼ਮੀਨ ਦੀ ਕਾਣੀ ਵੰਡ ਖ਼ਤਮ ਕਰਨ, ਫੈਕਟਰੀਆਂ 'ਚ ਮਜ਼ਦੂਰਾਂ ਦੀ ਪੁੱਗਤ ਬਣਾਉਣ ਲਈ, ਜ਼ਿੰਦਗੀ ਬਦਲਣ ਲਈ ਸਾਧਨਾਂ 'ਤੇ ਕਾਬਜ ਲੁਟੇਰਿਆਂ ਨੂੰ ਵਗਾਹ ਮਾਰਣਾ, ਲੁੱਟ ਰੋਕਣ ਲਈ, ਲੁੱਟ ਦਾ ਮਾਲ ਜਬਤ ਕਰਨਾ, ਸਾਰਿਆਂ ਨੂੰ ਜ਼ਿੰਦਗੀ ਦੇ ਬਰਾਬਰ ਸਾਧਣ ਦੇਣਾ, ਇੱਕ ਸਾਰ ਸਿੱਖਿਆ ਅਤੇ ਸਸਤੀ ਤੇ ਚੰਗੀ ਸਿਹਤ ਸੇਵਾ, ਭ੍ਰਿਸ਼ਟਾਚਾਰ ਦਾ ਖਾਤਮਾ, ਹਰ ਇੱਕ ਲਈ ਛੱਤ, ਰੁਜ਼ਗਾਰ ਤੇ ਜ਼ਿੰਮੇਵਾਰੀ ਵਾਲਾ ਪ੍ਰਬੰਧ ਉਸਾਰਨਾ। ਨਾ ਕਿ ਇੱਕ ਵਾਰ ਫਿਰ ਵੋਟਾਂ ਪਾ ਕੇ ਪੰਜ ਸਾਲ ਲਈ ਮੁੜ ਪਛਤਾਵੋਂ ਤੇ ਸਾਲ ਦੋ ਸਾਲ ਬਾਅਦ ਮੱਥੇ 'ਤੇ ਹੱਥ ਮਾਰੋ। ਮੁੱਦਾ ਜਮਾਤ ਬਦਲਣ ਦਾ ਹੈ, ਰਾਜ ਤੇ ਸਮਾਜ ਬਦਲਣ ਦਾ ਹੈ, ਬੰਦਾ ਜਾਂ ਪਾਰਟੀ ਬਦਲਣ ਦਾ ਨਹੀਂ ਹੈ। ਉੱਠੋ, ਜਾਗੋ, ਬੜੀ ਵੇਰ ਵੋਟਾਂ ਦੇ ਝੂਠੇ ਡੱਬਿਆਂ 'ਚੋਂ ਤਕਦੀਰ ਬਦਲੀ ਦਾ ਭਰਮ ਪਾਲਿਆ ਹੈ, ਛੱਡੋ ਤੇ ਪ੍ਰਬੰਧ ਬਦਲੀ ਲਈ ਲੋਕ ਲਹਿਰ ਉਸਾਰੋ, ਬਦਲ ਉਸਾਰਣ ਦਾ ਇੱਕੋ-ਇੱਕ ਰਾਹ ਇਹ ਹੈ, ਨਾ ਕਿ ਵੋਟਾਂ! ਸਾਡਾ ਹੋਕਾ ਹੈ ਕਿ ਪਾਰਟੀਆਂ ਦੀ ਚੋਣ ਖੇਡ ਦਾ ਸ਼ਿਕਾਰ ਹੋਣ ਤੋਂ ਬਚੋ। ਉਹਨਾਂ ਮਗਰ ਲੱਗ ਕੇ ਆਪਣੀ ਜਮਾਤੀ ਏਕਤਾ 'ਚ ਪਾਟਕ ਨਾ ਪੈਣ ਦਿਓ। ਸਾਰੀ ਸ਼ਕਤੀ ਲੋਕ ਤਾਕਤ ਦੇ ਕਿਲੇ ਨੂੰ ਮਜਬੂਤ ਕਰਨ ਲਈ ਲਾਓ ਤੇ ਤਿੱਖੇ ਖਾੜਕੂ ਘੋਲਾਂ ਦੇ ਪਿੜ ਮਘਾਓ।

31 ਜਨਵਰੀ ਨੂੰ ਰਾਜ ਬਦਲੋ, ਸਮਾਜ ਬਦਲੋ ਕਾਨਫਰੰਸ 'ਚ ਹੁੰਮ ਹੁੰਮਾ ਕੇ ਬਠਿੰਡਾ ਪੁੱਜੋ!

ਰਾਜ ਬਦਲੋ ਸਮਾਜ ਬਦਲੋ ਮੁਹਿੰਮ ਕਮੇਟੀ, ਪੰਜਾਬ।

ਕਮੇਟੀ ਮੈਂਬਰ :- ਝੰਡਾ ਸਿੰਘ ਜੇਠੂਕੇ, ਬੂਟਾ ਸਿੰਘ ਬੁਰਜ ਗਿੱਲ, ਸ਼ਿੰਦਰ ਸਿੰਘ ਨੱਥੂਵਾਲਾ, ਜਗਮੋਹਨ ਸਿੰਘ ਪਟਿਆਲਾ, ਹਰਜਿੰਦਰ ਸਿੰਘ, ਨਰਾਇਣ ਦੱਤ, ਲਛਮਣ ਸਿੰਘ ਸੇਵੇਵਾਲਾ, ਲਾਲ ਸਿੰਘ ਗੋਲੇਵਾਲਾ, ਪਵੇਲ ਕੁੱਸਾ, ਕੰਵਲਜੀਤ ਖੰਨਾ, ਜੈਲ ਸਿੰਘ ਚੱਪਾਅੜਿੱਕੀ, ਗੁਰਮੇਲ ਸਿੰਘ ਠੁੱਲੀਵਾਲ

**ਪ੍ਰਕਾਸ਼ਨ ਮਿਤੀ : 17 ਜਨਵਰੀ 2017**

**- ਪਾਵੇਲ ਕੁੱਸਾ**

## ਫ਼ਿਲਮ 'ਚੰਮ' ਛੇੜੇਗੀ ਨਵਾਂ ਸੰਵਾਦ

## ਬਰਨਾਲਾ 'ਚ ਉਦਘਾਟਨੀ ਫ਼ਿਲਮ ਸ਼ੋਅ

ਬਰਨਾਲਾ : ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਵੱਲੋਂ ਸਥਾਨਕ ਸ਼ਕਤੀ ਕਲਾ ਮੰਦਰ ਵਿਖੇ ਫ਼ਿਲਮ 'ਚੰਮ' ਦਾ ਉਦਘਾਟਨੀ ਸਮਾਰੋਹ ਕਈ ਮਹੱਤਵਪੂਰਣ ਸੁਆਲ ਖੜ੍ਹੇ ਕਰ ਗਿਆ ਜਿਹੜੇ ਸੁਆਲ, ਮੁੱਦੇ ਅਤੇ ਸਰੋਕਾਰ ਚੋਣਾਂ ਦੀ ਰੁੱਤ ਅੰਦਰ ਹਾਕਮ ਜਮਾਤੀ ਪਾਰਟੀਆਂ ਵੱਲੋਂ ਪਰਦੇ ਪਿੱਛੇ ਕੀਤੇ ਜਾ ਰਹੇ ਹਨ। 'ਆਪਣਾ ਪਾਸ਼', 'ਆਤੂ ਖੋਜੀ' ਅਤੇ 'ਨਾਬਰ' ਵਰਗੀਆਂ ਫ਼ਿਲਮਾਂ ਦੇ ਜਾਣੇ-ਪਹਿਚਾਣੇ ਨਿਰਦੇਸ਼ਕ ਰਾਜੀਵ ਸ਼ਰਮਾ ਦੀ ਤੀਖਣ, ਵਿਸ਼ਾਲ, ਗਹਿਰੀ ਅਤੇ ਮਾਰਮਿਕ ਦ੍ਰਿਸ਼ਟੀ ਦਾ ਨਮੂਨਾ ਪੇਸ਼ ਕਰਦੀ ਹੈ ਫ਼ਿਲਮ 'ਚੰਮ' ਦਲਿਤ ਵਰਗ ਦੀ ਜ਼ਿੰਦਗੀ ਦੇ ਅਨੇਕਾਂ ਜਟਿਲ ਪੱਖਾਂ ਉੱਪਰ ਰੌਸ਼ਨੀ ਪਾਉਂਦੀ ਅਤੇ ਅਣਛੋਹੇ ਪੱਖਾਂ ਨੂੰ ਉਭਾਰਦੀ ਫ਼ਿਲਮ ਨੇ ਦਰਸ਼ਕਾਂ ਨੂੰ ਧੁਰ ਅੰਦਰ ਤੱਕ ਹਿਲਾ ਕੇ ਰੱਖ ਦਿੱਤਾ। ਜਾਤੀ, ਜਮਾਤੀ ਦਾਬੇ, ਵਿਤਕਰੇ ਅਤੇ ਜਲੀਲਤਾ ਦੇ ਭੰਨੇ ਦਲਿਤ ਭਾਈਚਾਰੇ ਦੇ ਦੁੱਖੜੇ, ਦਮ ਅਤੇ ਅੰਦਰੇ ਅੰਦਰ ਧੁਖਦੇ ਲਾਵੇ ਦੀ ਕਹਾਣੀ ਪੇਸ਼ ਕਰਦੀ ਹੈ ਫ਼ਿਲਮ 'ਚੰਮ'





ਸਦੀਆਂ ਤੋਂ ਮਰੇ ਪਸ਼ੂਆਂ ਨੂੰ ਚੁੱਕਦੇ, ਪਸ਼ੂਆਂ ਤੋਂ ਵੀ ਭੈੜਾ ਜੀਵਨ ਬਤੀਤ ਕਰਦੇ ਦਲਿਤ ਸਮਾਜ ਨਾਲ ਕਦਮ-ਕਦਮ ਤੇ ਕਿਵੇਂ ਅਨਿਆ ਅਤੇ ਜਬਰ ਸਿਤਮ ਦੀ ਹਨੇਰੀ ਝੁੱਲਦੀ ਹੈ ਇਸਦਾ ਬਾਖ਼ੂਬ ਚਿਤਰਣ ਹੈ। ਪਸ਼ੂਆਂ ਦਾ 'ਚੰਮ' ਜਿਹਨਾ ਵੱਡੇ ਵਿਉਪਾਰੀਆਂ ਕੋਲ ਆਮ ਕਾਮੇ ਵੇਚਦੇ ਹਨ ਉਹਨਾਂ ਦਾ ਕਮਾਊ ਲੋਕਾਂ ਨੂੰ ਦੁਰਕਾਰਨ ਵਾਲਾ ਵਿਹਾਰ ਤਿੱਖੀਆਂ ਸੈਨਤਾਂ ਕਰਦਾ ਹੈ ਕਿ ਇੱਕੋ ਭਾਈਚਾਰੇ ਵਿੱਚ ਹੁੰਦੇ ਹੋਏ ਵੀ ਆਰਥਕ ਪੱਖੋਂ ਤਕੜੇ ਵਪਾਰੀ ਆਪਣੇ ਹੀ ਭਾਈਚਾਰੇ ਦੇ ਆਰਥਕ ਪੱਖੋਂ ਟੁੱਟੇ ਲੋਕਾਂ ਨਾਲ ਕਿਵੇਂ ਅਮਾਨਵੀ ਵਿਹਾਰ ਕਰਦੇ ਹਨ। ਫ਼ਿਲਮ ਨੇ ਬਹੁਤ ਸੂਖ਼ਮਤਾ ਨਾਲ ਛੋਹਿਆ ਹੈ। ਅਮੀਰ ਸ਼ਾਹਾਂ ਦੇ ਘਰਾਂ 'ਚ ਕੰਮ ਕਰਦੀਆਂ ਦਲਿਤ ਔਰਤਾਂ ਦੀ ਇੱਜਤ ਨਾਲ ਹੁੰਦਾ ਖਿਲਵਾੜ ਅਤੇ ਦੋ ਚਮਚੇ ਦੇਸੀ ਘਿਓ ਪੁੱਛਕੇ ਲੈਣ ਤੇ ਵੀ ਚੋਰੀ ਦੇ ਲਾਏ ਜਾਂਦੇ ਇਲਜ਼ਾਮ, ਕਿਵੇਂ ਦਲਿਤ ਔਰਤਾਂ ਦੇ ਹਿਰਦੇ ਵਲੂੰਧਰਕੇ ਰੱਖ ਦਿੰਦੇ ਹਨ। ਪੰਚਾਇਤੀ ਜ਼ਮੀਨਾਂ ਦੇ ਤੀਜੇ ਹਿੱਸੇ ਦੀ ਬੋਲੀ ਦੇਣ ਦੇ ਦਲਿਤ ਭਾਈਚਾਰੇ ਦੇ ਰਾਖਵੇਂ ਹੱਕਾਂ ਉੱਪਰ ਜਾਗੀਰੂ ਚੌਧਰੀਆਂ ਅਤੇ ਸਰਕਾਰੀ ਦਰਬਾਰੇ ਪੁੱਗਤ ਵਾਲੇ ਹਿੱਸਿਆਂ ਵੱਲੋਂ ਮਾਰੇ ਜਾਂਦੇ ਛਾਪੇ ਅਤੇ ਜਬਰ ਢਹੁਣ ਦੀ ਦਸਤਾਂ ਪੇਸ਼ ਕਰਦੀ ਹੈ, ਫ਼ਿਲਮ ਚੋਣਾਂ ਦੇ ਮੱਕੜਜਾਲ ਨਾਲ ਧੜਵੈਲ ਜਮਾਤਾਂ ਕਿਵੇਂ ਇੱਕ ਮਾਂ ਜਾਣਿਆਂ ਵਿੱਚ ਵੀ ਜ਼ਹਿਰ ਘੋਲ ਦਿੰਦੀਆਂ ਹਨ ਅਤੇ ਵੋਟਾਂ ਬਾਰੇ ਆਪਣਾ ਸਵੈ-ਇਛਤ ਫੈਸਲਾ ਲੈਣ ਵਾਲੇ ਦਇਰਾਂ ਤੋਂ ਧਨਾਢ ਚੌਧਰੀ ਕਿਵੇਂ ਬਦਲਾ ਲੈਣਾ ਆਪਣਾ ਜਨਮ ਸਿਧ ਅਧਿਕਾਰ ਸਮਝਦੇ ਹਨ। ਫ਼ਿਲਮ ਸ਼ੋਅ ਮੌਕੇ ਸੰਬੋਧਨ ਕਰਦਿਆਂ ਪੰਜਾਬ ਲੋਕ ਸਭਿਆਚਾਰਕ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਅਤੇ ਫ਼ਿਲਮ ਨਿਰਦੇਸ਼ਕ ਰਜੀਵ ਸ਼ਰਮਾ ਨੇ ਕਿਹਾ ਕਿ ਰਵਾਇਤੀ ਫ਼ਿਲਮਾਂ ਤੋਂ ਹਟਕੇ ਬਣੀ ਫ਼ਿਲਮ 'ਚੰਮ' ਜਾਤ, ਜਮਾਤ, ਜਮੀਨ, ਚੋਣ ਪ੍ਰਣਾਲੀ, ਜਮਹੂਰੀਅਤ, ਸਮਾਜਕ ਬਰਾਬਰੀ, ਆਰਥਕ ਪਾੜੇ, ਅਜ਼ਾਦੀ, ਖ਼ੁਸ਼ਹਾਲੀ ਆਦਿ ਬਾਰੇ ਨਵਾਂ ਸੰਵਾਦ ਛੇੜਦੀ ਹੈ ਮੰਚ ਸੰਚਾਲਨ ਪਲਸ ਮੰਚ ਦੇ ਸੂਬਾ ਕਮੇਟੀ ਮੈਂਬਰ ਹਰਵਿੰਦਰ ਦੀਵਾਨਾ ਨੇ ਅਤੇ ਧੰਨਵਾਦ ਦੇ ਸ਼ਬਦ ਨਾਮਵਰ ਨਾਵਲਕਾਰ ਓਮ ਪ੍ਰਕਾਸ਼ ਗਾਸੋ ਅਤੇ ਮੰਚ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕਹੇ। ਅਦਾਕਾਰੀ ਅਤੇ ਸਿਨਮੈਟੋਗਰਾਫੀ ਬਾ-ਕਮਾਲ ਕਹੀ ਜਾ ਸਕਦੀ ਹੈ।

# For Bastar rape victims, the challenge lies ahead

**The NHRC report upholding their claims of rape, assault by security forces is just the first step. For the victims living in villages deep inside Bastar, making it to court hearings itself is a battle.**

The NHRC report upholding their claims of rape, assault by security forces is just the first step. For the victims living in villages deep inside Bastar, making it to court hearings itself is a battle. But, they tell **DIPANKAR GHOSE**, they will not stop fighting. Illustrations by **C R Sasikumar** based on actual photographs from the spot.



Under the shade of a thatched hut, a child sleeps, his cradle made of wood swaying gently. A little over a year ago, the basket that held him was smaller. It wasn't suspended by a long thin rope from one of the rafters of the home. He was just a few months old, his body fragile, movement kept to a minimum. As he slept then, his mother went to bathe. Soon, she says, security personnel on a combing mission in the jungles of Pedagellur in Bastar began an assault, hitting her on her back and legs. She pointed to her baby in the basket, and told them she was a feeding mother. They didn't believe her. The only proof they would believe, she says, was the sight of milk from her breasts.

On January 7, 14 months after the security forces allegedly assaulted 16 tribal women, including her, across three villages of Chhattisgarh, the National Human Rights Commission (NHRC) said their claims appeared to be true.

The next day, regional and national papers prominently reported the NHRC's strongly worded release. But 19 km away from the closest motorable road, with no electricity or forms of communication, where few venture for fear of the wrath of both the Maoists and the State, nobody told Pedagellur.

The first news came on Tuesday morning, when a television journalist based in Bijapur, 70 km away, arrived in the village. He told them of the order, the promise of compensation and justice. Says Vetti Hedma, the headman of the village, "He told us that more statements would be recorded. We told him that if the government wanted to give us money, why would we refuse? But that we want those guilty punished."

The journalist left before darkness fell, the headman remembers, as most outsiders do. "All of us talked long and hard into the night after he left. We didn't believe him, we couldn't. But now you have come too…." The first reports of the alleged assaults came in late October 2015 from Pedagellur and four surrounding villages in the district of Bijapur. For the next three months, more reports kept coming, from Bella Nendra in Bijapur and Kunna in Sukma. The NHRC in its report estimated 34 victims, in the three FIRs registered.

In its interim report on January 7, taking note of a report by The Indian Express in November 2015 and numerous complaints by social organisations, the NHRC said 16 women were "prima facie victims of rape, sexual and physical assault by state police personnel in Chhattisgarh" in Bijapur district in October 2015, and said it is of the view that "prima facie, human rights of the victims have been grossly violated, for which the state government is vicariously liable".



The NHRC, which examined the three FIRs, also said that it could not record the statements of 20 other women, and that those statements should be recorded within a month. In a stern notice to the chief secretary, it asked the state government to show-cause as to why it should not recommend interim monetary relief of Rs 37 lakh to the victims, and said it could issue more directions once its investigation was complete.

'Peda' is the word for big in the local Gondi dialect. The village has 137 homes, according to the headman, and, as is often the case in Bastar, the huts are spread out. Even within villages, the dissemination of information is slow, and only through word of mouth. As The Sunday Express reached Pedagellur on Wednesday, one woman who was allegedly raped had just come back after three days in the forest, cutting wood for fire and for repairing a faulty roof.

The headman called out to her, and told her about the NHRC order over the weekend and what had followed, struggling with the words. There are no appropriate words for 'Rashtriya Manavadhikar Aayog (NHRC)' in Gondi, the only language she knows. He uses "sarkaar (government)" instead. As Hedma finishes talking, there is silence. Disbelief. Would she accept the compensation if it came, he asks. She nods. Does she want justice? Yes. Does she believe she will get it? A slow, unsure shake of the head. Would she go down to Bijapur to give her statements? Would she fight for justice? She replies with her eyes fixed on the ground, quietly but firmly. "As long as I can," he translates in Hindi.

But both know the battle won't be easy.

In the past year, for example, not one official has made his or her way to this inaccessible area deep in the Maoist liberated zone. Not to install electricity, not to build a school, not to set up a primary health facility (PHC), or toilets under Swachh Bharat. The five villages to which the alleged victims belong have no power, school, PHC or toilet.

No official has been here to update the alleged victims on court dates either. It was Soni Sori, a tribal activist and member of the AAP, who travelled to Pedagellur in late December and told them about the dates, urging the women to go. Villagers say that while they managed to record statements at times, on many occasions, the journey was futile. "I went once with a few others to record my statement. But the policemen stopped us outside the gate, and made us wait till the evening. In front of our eyes, people left and the court shut. We returned," one alleged victim of assault says.

In October 2016, a Bijapur court issued non-bailable warrants against some of the women for not appearing to record testimonies on the scheduled dates. Isha Khandelwal of the Jagdalpur Legal Aid Group, which is providing legal assistance to the victims, says, "It was pointed out to the court that there are practical modalities which make this difficult. But you can't give out arrest warrants against the victims themselves. The warrants were withdrawn at that point, and there is none now."

So far, 15 of the alleged victims have recorded their statements before a magistrate. On the day that the Express reached Pedagellur, one victim was on her way to Bijapur to record her statement. But she had got the date wrong; there was no hearing.

Every time the women have to appear for a hearing, they walk 19 km barefeet to the nearest metalled road, over fields and rocks, through forests with wild animals. They must make sure that they reach Basaguda town, 19 km away, before nightfall. They spend the night in the Kotaguda village nearby, in the huts of those they know, eating at their homes. The next morning, they take a bus to Bijapur, 52 km away. The bus leaves in the morning, and returns in the evening. A newly metalled road, during the construction of which 24 jawans lost their lives, means they cover the distance in less than two hours. Should they miss the evening bus on their way back, they spend the night on the side of the road.

Each court hearing takes the women three days in all, to and fro. "A lot of us will go together," a woman says, talking of the next hearing, scheduled on January 16. Apart from the intimidating distance, there is another reason they seek company. There is strength in numbers. A strength that will allow them to speak in court.

Apart from what it costs them physically, three days is not something the alleged victims can afford easily. Everyone in Pedagellur struggles to make ends meet, with the men and women putting in equal work in the forests and fields which provide them their livelihood. The landholdings are small, leaving very little to sell in the weekly haats. "The only source of water is the rain. Last year we had good rains, but in 2015, we didn't. And since there is no irrigation, all we have is a single crop," a villager says, adding that they have never got any government relief.

On Wednesday, under a gentle January sun, with the grain cut and sold, villagers are busy making small culverts in the

fields with spades and forks, to hold in water should it rain. In 10 days, every able-bodied person will make his or her way across the border to Cherla in Andhra Pradesh, where they will spend at least a month earning daily wages picking chillies. Apart from farming, there is no employment to be found in these parts.

"The contractor will send tractors, and only the old and the children will be left behind. We will earn Rs 150 a day for 12 hours of labour, and come back with a little money," Hedma says.

When they return, the residents will scourge the forests looking for mahua, to be sold in the weekly market in Kotaguda. Once that process is over, it would be tendu patta season. "Then it will be time to sow the crop again and pray for rains. Every day has a purpose that feeds our stomachs," says Chaitu, a young man working in the fields.

Despite the NHRC's findings, senior police officials in Bastar whom The Sunday Express spoke to maintained that "the allegations seem to be part of Maoist propaganda", and "could not be true". Given "the high-profile nature of the case now", they did not want to be named, but argued, "The operation that was sent to that area in late October 2015 went on information regarding the presence of Hidma, a commander of a military battalion of the Maoists and one of the most feared men for our forces. How could our men have committed such acts when they would have been in a state of high alert? In those parts, the Maoists are nearly always present. Which is why it is difficult for the district administration to do any outreach for any developmental work. In other parts of Bijapur and even Sukma, there is work being done to electrify villages using solar energy. But Pedagellur and its surrounding places are unreachable unless in big numbers."

Asked if he didn't want solar electricity, school or a college like the others, a villager in Pedagellur murmurs quietly, "Schools and a hospital we want. But for electricity, I will have to ask the dadalog (Maoists), or they will beat us."

In May 2016, the National Commission for Scheduled Castes and Scheduled Tribes had handed over the probe in the case to the state CID, finding fault with the police's investigation until then. CID officials admit that investigation in the cases is "very difficult". "There is almost no way to get to the villages freely, for fear of



an ambush or an attack. A massive police team can't be sent there all the time, and even if it is, principally there will be duress on the victims with such a large police presence. Most of these cases came to light many days after the alleged date of incidents, so the medical evidence is minimal. So thus far, the concentration is on statements recorded. Even in those, most women cannot identify their attackers at all," a senior CID officer says, suggesting that laws could be changed when it comes to investigating these cases.

Khandelwal of the Jagdalpur Legal Aid Group questions police putting "the entire onus of the case on the victims themselves". "For the first few days, they didn't even register an FIR. Women are willing to come and testify and have been doing that, but what have police done? There has been no questioning of their own forces, whom they can easily identify. It's unreasonable to expect villagers to know the names of their attackers, but police can attempt to start an identification process by other means. None of that has been done," she says.

In the days since the NHRC report, political opponents have been targeting the Raman Singh government, which is already under fire for police excesses. The Congress and the Janata Congress, Ajit Jogi's new political entity, have both called for the Chief Minister to step down, even sought President's rule. On Wednesday, a Congress delegation met President Pranab Mukherjee with their demands. Says T S Singhdeo, leader of the Opposition in the Chhattisgarh Assembly and senior Congress leader, "This government has consistently failed in terms of human rights excesses. And each time, an investigation hasn't been launched by it on its own, but an institutional body had to get it to take action. For instance, it was the CBI which held that 160 homes were burnt in Tadmetla in Sukma, and in this case it is the NHRC."

On January 9, addressing a conference of inspector generals and superintendents of police from across the state, the CM said that even though police were doing well in its war against Naxalism, human rights violations were not acceptable and officers must keep this in mind.

In the months following the alleged assault, Pedagellur villagers say, there has been no cut-back in the visits of security personnel. The men react like they have always done - afraid of being picked up, they say, they run into the forests. Initially, after the assaults, the women did the same. "But we stopped after we saw a few changes. They no longer come into the village to spend the night, but stay just outside. This entire year, there has been only one small conflict," Hedma says, talking about the time some security personnel came in and reportedly took away a hen, "threatening" the few elders who protested.

As he recounts the story, Hedma laughs. "This is our normal. All we want for the future is for the women to get justice, and for us to be left alone to live our lives in peace."

Behind him, the child still sleeps, his cradle swaying gently.

Story so far:

Oct 19-24, 2015: Women allege rape, sexual and physical assault by security forces in villages in and around Pedagellur in Bijapur

Nov 4: FIR registered by Bijapur police

Jan 12-16, 2016: Similar allegations emerge from villages of Bella Nendra in Bijapur, and Kunna in Sukma; FIRs registered

Feb 22: Matter heard by NHRC which, considering "gravity of charges", sends an investigation team

April 16: A team of National Commission for Scheduled Castes and Scheduled Tribes visits villages

May 2016: The team says investigation unsatisfactory, transfers case to CID

Oct 2016: Bijapur court issues warrants against women of Pedagellur for not appearing before it to record statements; order revoked later

Jan 7, 2017: NHRC interim report says 16 women are victims of rape, physical and sexual assault, sends show-cause notices to government.

Indian Express, January 2017

# Canada's tax loopholes are expensive

Canada's tax loopholes are expensive, regressive, and increase income inequality: study December 5, 2016 OTTAWA—Canada's personal income tax expenditures disproportionately benefit the rich and cost the federal treasury nearly as much as it collects in personal income tax, says a study released by the Canadian Centre for Policy Alternatives (CCPA). The study, by CCPA Senior Economist David Macdonald, examines the income distribution of benefit for the 64 personal income tax expenditures for which there is available data. Out of the 64 tax expenditures, 59 of them provide more benefit to the top 50% of income earners than the bottom half, with the largest share going to the richest 10%. The cost of those 59 expenditures totalled $100.5 billion in 2011 alone. "The richest 10% pocket an average annual benefit of $15,000 per person from tax loopholes. By comparison, the poorest 10% receive on average $130 in tax loopholes and $1,200 in federal income transfers," says Macdonald. "In essence, there are two federal transfer systems in Canada: one for the poor and middle class and another shadow system for the rich." Among the study's key findings: Federal personal income tax loopholes cost $103 billion in 2011, while the total amount of income taxes collected was $121 billion. In other words, if the federal government closed all tax expenditures it would almost double the amount of income tax collected. In 2011, 39% of the benefit of all tax loopholes went to the richest 10% while the bottom half of income earners only saw 16% of the benefit. Only five tax expenditures provide more support for the bottom 50% of income earners than the top 50% and only one—the Working Income Tax Benefit—exclusively supports Canada's working poor. The cost of tax expenditures ($103 billion) is roughly equal to the cost of all federal transfers ($113 billion), including all of the following combined: the Canada Pension Plan, the Guaranteed Income Supplement, Old Age Security, Employment Insurance, the GST credit, the Universal Child Care Benefit, the Canada Child Tax Benefit, and the National Child Benefit Supplement. While income transfers are tightly controlled as to the maximum value a person can receive and who in the income spectrum receives them, many of the most regressive and expensive tax expenditures do not have a maximum individual value. "As with all government expenditures, tax expenditures reflect fiscal choices," Macdonald explains. "The five worst tax loopholes all provide 99% or more of their benefit to the richest half of Canadians and cost the federal government $10.4 billion in 2011. If those loopholes were closed, the federal government could use that money to eliminate university tuition and create an affordable national child care program." The report makes several recommendations, including: a 5% target savings in tax expenditures a year through the closure, capping, or phasing out of the most regressive tax expenditures; Finance Canada publish the distribution of tax expenditures in its annual review; and the inclusion of tax expenditures as costs in federal financial reporting. –30– Out of the Shadows: Shining a light on Canada's unequal distribution of federal tax expenditures is available on the CCPA website. - See more at: https://www.policyalternatives.ca/newsroom/news-releases/canada%E2%80%99s-tax-loopholes-are-expensive-regressive-and-increase-income#sthash.KK9HtT4o.dpuf




### ਲੋਕ ਕਾਫਲਾ, ਲਾਲ ਪਰਚਮ, ਸੁਰਖ ਲੀਹ ਦੇ ਸਾਂਝੇ ਵਿਸ਼ੇਸ਼ ਸਪਲੀਮੈਂਟ ਇਨਕਲਾਬੀ ਬਦਲ ਉਭਾਰੋ 'ਤੇ ਟਿੱਪਣੀ

# ਸਿਧਾਂਤਕ ਭੰਬਲਭੂਸੇ ਦੇ ਅਧਾਰ 'ਤੇ ਇਨਕਲਾਬੀ ਬਦਲ ਨਹੀਂ ਉੱਭਰ ਸਕਦਾ

ਪੰਜਾਬੀ 'ਚ ਛਪਦੇ ਤਿੰਨ ਇਨਕਲਾਬੀ ਪਰਚਿਆਂ ਲੋਕ ਕਾਫਲ਼ਾ, ਲਾਲ ਪਰਚਮ ਅਤੇ ਸੁਰਖ ਲੀਹ ਨੇ ਪੰਜਾਬ ਵਿਧਾਨ ਸਭਾ ਚੋਣਾਂ ਮੌਕੇ ਇਨਕਲਾਬੀ ਬਦਲ ਉਭਾਰਨ ਦਾ ਸੱਦਾ ਦਿੰਦਾ ਸਾਂਝਾ ਵਿਸ਼ੇਸ਼ ਸਪਲੀਮੈਂਟ ਜਾਰੀ ਕੀਤਾ ਹੈ। ਇਨਕਲਾਬੀ ਪਰਚਿਆਂ ਦੀ ਇਹ ਸਾਂਝ ਸਵਾਗਤਯੋਗ ਹੈ। ਇਹ ਸਾਂਝ ਹੋਰ ਵਧੇਰੇ ਸਵਾਗਤਯੋਗ ਹੁੰਦੀ ਜੇਕਰ ਸਾਂਝੇ ਸਪਲੀਮੈਂਟ 'ਚ ਸਿਧਾਂਤਕ ਸਪੱਸ਼ਟਤਾ ਹੁੰਦੀ। ਪਰ ਇਸ ਸਪਲੀਮੈਂਟ 'ਚ ਸਿਧਾਂਤਕ ਸਪੱਸ਼ਟਤਾ ਦੀ ਥਾਂ ਸਿਧਾਂਤਕ ਭੰਬਲਭੂਸਾ ਪ੍ਰਧਾਨ ਨਜ਼ਰ ਆਉਂਦਾ ਹੈ। ਦਰਅਸਲ ਇਹ ਸਪਲੀਮੈਂਟ ਤਿੰਨ ਵੱਖ-ਵੱਖ ਸਮਝਾਂ ਵਾਲ਼ੇ ਪਰਚਿਆਂ ਵੱਲੋਂ ਸਾਂਝੇ ਤੌਰ 'ਤੇ ਜਾਰੀ ਕੀਤਾ ਗਿਆ ਹੈ, ਜਿਸ 'ਚ ਸਿਧਾਂਤਕ ਸਵਾਲਾਂ ਨੂੰ ਤੁੱਥ-ਮੁੱਥ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਕੁੱਝ ਸਵਾਲਾਂ, ਪੋਜ਼ੀਸਨਾਂ ਤੋਂ ਕਿਨਾਰਾ ਕੀਤਾ ਗਿਆ ਹੈ। ਇਹ ਸਾਂਝ ਸਿਧਾਂਤ ਦੇ ਪੱਧਰ 'ਤੇ ਸਮਝੌਤਾ ਕਰਕੇ ਬਣਾਈ ਗਈ ਜਾਪਦੀ ਹੈ।

ਸੁਰਖ ਲੀਹ ਦੀ ਭਾਰਤੀ ਸਮਾਜ ਬਾਰੇ ਹੁਣ ਤੱਕ ਇਹ ਸਮਝ ਰਹੀ ਹੈ ਕਿ ਇਹ ਇੱਕ ਅਰਧ ਜਗੀਰੂ-ਅਰਧ ਬਸਤੀਵਾਦੀ ਸਮਾਜ ਹੈ। ਇੱਥੇ ਨਵ-ਜਮਹੂਰੀ ਇਨਕਲਾਬ ਦਾ ਪੜਾਅ ਹੈ। ਇਸ ਦਾ ਮੰਨਣਾ ਹੈ ਕਿ ਭਾਰਤ ਦੇ ਕਿਸੇ ਵੀ ਕੋਨੇ 'ਚ (ਪੰਜਾਬ ਸਮੇਤ) ਕੋਈ ਵੀ ਸਰਮਾਏਦਾਰੀ ਵਿਕਾਸ ਨਹੀਂ ਹੋਇਆ।

ਲਾਲ ਪਰਚਮ ਬਹੁਤ ਸਾਰੇ ਡਿੱਕ ਡੋਲ਼ੇ ਖਾਂਦਾ ਹੋਇਆ ਇਸ ਸਮਝ 'ਤੇ ਪਹੁੰਚ ਹੀ ਗਿਆ ਹੈ ਕਿ ਭਾਰਤੀ ਖੇਤੀ 'ਚ ਸਰਮਾਏਦਾਰਾ ਸਬੰਧ ਪ੍ਰਧਾਨ ਹੋ ਚੁੱਕੇ ਹਨ। ਪਰ ਇਸ ਦੇ ਬਾਵਜੂਦ ਵੀ ਇਹ ਭਾਰਤ 'ਚ ਨਵ-ਜਮਹੂਰੀ ਇਨਕਲਾਬ ਦੀ ਵਕਾਲਤ ਕਰ ਰਿਹਾ ਹੈ। ਭਾਰਤ 'ਚ ਸਰਮਾਏਦਾਰਾ ਪੈਦਾਵਾਰੀ ਪ੍ਰਣਾਲ਼ੀ ਦੇ ਭਾਰੂ ਹੋਣ ਦੇ ਬਾਵਜੂਦ ਵੀ ਇੱਥੇ ਕਿਸ ਅਧਾਰ 'ਤੇ ਨਵ-ਜਮਹੂਰੀ ਇਨਕਲਾਬ ਹੋਵੇਗਾ? ਇਸ ਸਵਾਲ ਦੀ ਇਸ ਪਰਚੇ 'ਚ ਕੋਈ ਵਿਆਖਿਆ ਨਹੀਂ ਮਿਲ਼ਦੀ।

ਜਿੱਥੋਂ ਤੱਕ ਲਾਲ ਕਾਫਲਾ ਦਾ ਸਬੰਧ ਹੈ, ਭਾਰਤੀ ਖੇਤੀ 'ਚ ਭਾਰੂ ਸਬੰਧਾਂ ਦੇ ਸਵਾਲ 'ਤੇ ਇਹ ਕਨਫਿਊਜ਼ ਨਜ਼ਰ ਆਉਂਦਾ ਹੈ। ਕਦੇ ਭਾਰਤੀ ਖੇਤੀ ਨੂੰ ਸਰਮਾਏਦਾਰਾ ਐਲਾਨਦਾ ਹੈ ਅਤੇ ਕਦੇ ਜਗੀਰੂ। ਪਰ ਜਿੱਥੋਂ ਤੱਕ ਸਾਡੀ ਜਾਣਕਾਰੀ ਹੈ, ਪੰਜਾਬ ਦੀ ਖੇਤੀ 'ਚ ਸਰਮਾਏਦਾਰਾ ਸਬੰਧਾਂ ਦੇ ਵਿਕਾਸ ਨੂੰ ਪ੍ਰਵਾਨ ਕਰਦਾ ਹੈ।

ਸਾਂਝੇ ਸਪਲੀਮੈਂਟ 'ਚ ਇਹਨਾਂ ਵੱਖ-ਵੱਖ ਸਮਝਾਂ 'ਚ ਤਾਲਮੇਲ ਬਿਠਾਉਂਣ ਦੀ ਕੋਸ਼ਿਸ਼ ਨਜ਼ਰ ਆਉਂਦੀ ਹੈ। ਇਸ ਲਈ ਕਈ ਸਵਾਲਾਂ 'ਤੇ ਸਪਲੀਮੈਂਟ ਗੋਲ਼-ਮੋਲ਼ ਗੱਲਾਂ ਕਰਦਾ ਹੈ। ਇਸ ਤਰ੍ਹਾਂ ਦੀ ਸਿਧਾਂਤਕ ਤੁੱਥ-ਮੁੱਥ ਨੂੰ ਕਿਸੇ ਵੀ ਅਧਾਰ 'ਤੇ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਕਮਿਊਨਿਸਟ ਅਮਲੀ ਜਮਾਤੀ ਘੋਲ਼ ਦੇ ਮੁੱਦਿਆਂ 'ਤੇ ਹੋਰਾਂ ਤਾਕਤਾਂ ਨਾਲ਼ ਇੱਥੋਂ ਤੱਕ ਕਿ ਕਈ ਵਾਰ ਕਿਸੇ ਦੁਸ਼ਮਣ ਤਾਕਤ ਨਾਲ਼ ਵੀ ਮੁੱਦਾ ਅਧਾਰਿਤ ਸਾਂਝ ਪਾਉਂਦੇ ਹਨ। ਪਰ ਕਦੇ ਵੀ ਸਿਧਾਂਤ ਦੇ ਪੱਧਰ 'ਤੇ ਸਾਂਝਾ ਮੋਰਚਾ ਨਹੀਂ ਬਣਾਉਂਦੇ।

ਸਾਂਝਾ ਸਪਲੀਮੈਂਟ ਭਾਰਤ ਦੀ ਸਮਾਜੀ ਆਰਥਕ ਬਣਤਰ ਨੂੰ ਸਪੱਸ਼ਟ ਰੂਪ 'ਚ ਪ੍ਰੀਭਾਸ਼ਤ ਕਰਨ ਤੋਂ ਬਚਦਾ ਹੈ ਕਿਉਂਕਿ ਸਾਂਝਾ ਸਪਲੀਮੈਂਟ ਜਾਰੀ ਕਰਨ ਵਾਲ਼ੇ ਪਰਚਿਆਂ ਦੀ ਇਸ ਸਵਾਲ 'ਤੇ ਵੱਖ-ਵੱਖ ਸਮਝ ਹੈ, ਇਸ ਲਈ ਇਸ ਸਵਾਲ ਨੂੰ ਬਾਈਪਾਸ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਕਿਧਰੇ ਵੀ ਨਾ ਤਾਂ ਭਾਰਤ ਨੂੰ ਇੱਕ ਅਰਧ ਜਗੀਰੂ-ਅਰਧ ਬਸਤੀਵਾਦੀ ਦੇਸ਼ ਕਿਹਾ ਗਿਆ ਹੈ ਅਤੇ ਨਾ ਹੀ ਸਰਮਾਏਦਾਰਾ। ਹੁਣ ਇਨਕਲਾਬੀ ਬਦਲ ਉਭਾਰਨ ਲਈ ਪਹਿਲੀ ਸ਼ਰਤ ਤਾਂ ਇਹੋ ਹੈ ਕਿ ਜਿਸ ਸਮਾਜੀ ਪ੍ਰਬੰਧ ਦਾ ਤੁਸੀਂ ਇਨਕਲਾਬੀ ਬਦਲ ਉਭਾਰਨਾ ਹੈ ਤੁਹਾਡੇ ਕੋਲ਼ ਉਸ ਦੀ ਸਪੱਸ਼ਟ ਸਮਝ ਹੋਵੇ। ਕਿਉਂਕਿ ਚੀਜ਼ਾਂ ਨੂੰ ਬਦਲਣ ਲਈ ਚੀਜ਼ਾਂ ਨੂੰ ਸਮਝਣਾ ਜ਼ਰੂਰੀ ਹੁੰਦਾ ਹੈ।

ਹੁਣ ਤੱਕ ਦੇਸ਼ 'ਚ ਨਵ-ਜਮਹੂਰੀ ਇਨਕਲਾਬ ਦਾ ਪੜਾਅ ਮੰਨਣ ਵਾਲ਼ੇ ਸਾਮਰਾਜ, ਦਲਾਲ ਸਰਮਾਏਦਾਰੀ ਅਤੇ ਜਗੀਰਦਾਰੀ ਦੀ ਤਿੱਕੜੀ ਨੂੰ ਇਸ ਨਵ-ਜਮਹੂਰੀ ਇਨਕਲਾਬ ਦੇ ਦੁਸ਼ਮਣਾ ਵਜੋਂ ਟਿੱਕਦੇ ਰਹੇ ਹਨ। ਪਰ ਹਾਲੇ ਵੀ ਨਵ-ਜਮਹੂਰੀ ਇਨਕਲਾਬ ਦੀ ਵਕਾਲਤ ਕਰ ਰਹੇ ਸਾਂਝੇ ਸਪਲੀਮੈਂਟ 'ਚ ਇਸ ਇਨਕਲਾਬ ਦੀਆਂ ਦੁਸ਼ਮਣ ਜਮਾਤਾਂ ਦੀ ਉਪਰੋਕਤ ਤਿੱਕੜੀ 'ਚ ਇੱਕ ਚੌਥੀ ਜਮਾਤ ਵੀ ਸ਼ਾਮਲ ਹੋ ਗਈ ਹੈ। ਸਾਂਝੇ ਸਪਲੀਮੈਂਟ 'ਚ ਕਿਹਾ ਗਿਆ ਹੈ, "ਬਦੇਸ਼ੀ ਸਾਮਰਾਜੀਏ, ਕੌਮ ਧਰੋਹੀ ਵੱਡੇ ਸਰਮਾਏਦਾਰ, ਜਗੀਰਦਾਰ ਅਤੇ ਭੋਇੰ ਸਰਦਾਰ ਲੋਕਾਂ ਦੀ ਅੰਨ੍ਹੀ ਲੁੱਟ ਕਰਕੇ ਮਾਲਾਮਾਲ ਹੋ ਰਹੇ ਹਨ।" (ਪੰਨਾ 11 ਜ਼ੋਰ ਸਾਡਾ) ਹੁਣ ਸਵਾਲ ਉੱਠਦਾ ਹੈ ਕਿ ਉਪਰੋਕਤ ਹਵਾਲੇ 'ਚ ਜਿਸ ਭੋਇੰ ਸਰਦਾਰ ਜਮਾਤ ਦੀ ਨਿਸ਼ਾਨਦੇਹੀ ਕੀਤੀ ਗਈ ਹੈ ਉਹਨਾਂ ਦਾ ਜਮਾਤੀ ਖਾਸਾ ਕੀ ਹੈ? ਕੀ ਉਹ ਸਰਮਾਏਦਾਰਾ ਭੋਇੰ ਸਰਦਾਰ ਹਨ? ਉਹ ਜਗੀਰਦਾਰਾਂ ਤੋਂ ਕਿਵੇਂ ਵੱਖਰੇ ਹਨ?

ਸਾਂਝੇ ਸਪਲੀਮੈਂਟ ਨੇ ਭਾਵੇ ਭਾਰਤੀ ਸਮਾਜੀ ਆਰਥਿਕ ਬਣਤਰ ਨੂੰ ਸਪੱਸ਼ਟ ਰੂਪ 'ਚ ਪ੍ਰੀਭਾਸ਼ਤ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਪਰ ਇਸ ਵੱਲੋਂ ਪੇਸ਼ ਕੀਤਾ ਪ੍ਰੋਗਰਾਮ ਨਵ-ਜਮਹੂਰੀ ਇਨਕਲਾਬ ਵਾਲ਼ਾ ਹੀ ਹੈ। ਜੋ ਕਿ ਭਾਰਤ ਦੀ ਸਮਾਜੀ-ਆਰਥਿਕ ਬਣਤਰ ਦੇ ਸਰਮਾਏਦਾਰਾ ਖਾਸੇ ਨਾਲ਼ ਉੱਕਾ ਹੀ ਬੇਮੇਲ਼ ਹੈ। ਸਾਂਝੇ ਸਪਲੀਮੈਂਟ 'ਚ ਜੋ ਜ਼ਰਈ ਪ੍ਰੋਗਰਾਮ ਦਿੱਤਾ ਗਿਆ ਹੈ ਉਹ ਸਮਾਜੀ ਵਿਕਾਸ ਨੂੰ ਪੁੱਠਾ ਗੇੜਾ ਦੇਣ ਵਾਲ਼ਾ ਹੈ। ਸਾਂਝੇ ਸਪਲੀਮੈਂਟ 'ਚ ਕਿਹਾ ਗਿਆ ਹੈ ਕਿ, "ਜ਼ਰਈ ਰਿਸ਼ਤਿਆਂ ਦੀ ਇਨਕਲਾਬੀ ਲੀਹਾਂ 'ਤੇ ਮੁੜ ਉਸਾਰੀ ਲਈ ਜ਼ਮੀਨ ਉੱਤੇ ਵੱਡੇ ਜ਼ਿਮੀਂਦਾਰਾਂ ਦੀ ਜਕੜ ਨੂੰ ਤੋੜ ਕੇ ਮੁੱਠੀ ਭਰ ਹੱਥਾਂ 'ਚ ਕੇਂਦਰਤ ਜ਼ਮੀਨਾਂ ਬਿਨਾਂ ਮੁਆਵਜ਼ੇ ਖੋਹ ਕੇ ਖੇਤ ਮਜ਼ਦੂਰਾਂ, ਬੇਜ਼ਮੀਨੇ ਤੇ ਥੁੜ ਜ਼ਮੀਨੇ ਕਿਸਾਨਾਂ 'ਚ ਵੰਡੀ ਜਾਵੇ।" ਦੇਸ਼ ਦੀ ਵਰਤਮਾਨ ਹਾਲਤ 'ਚ ਜਦੋਂ ਖੇਤੀ 'ਚ ਸਰਮੇਦਾਰਾ ਸਬੰਧ ਭਾਰੂ ਹਨ ਤਾਂ ਜ਼ਮੀਨ ਦੀ ਮਾਲਕੀ ਦੇ ਸਮਾਜੀਕਰਨ ਦਾ ਸਵਾਲ ਇਨਕਲਾਬ ਦੇ ਅਜੰਡੇ 'ਤੇ ਆ ਚੁੱਕਾ ਹੈ। ਅਜਿਹੀ ਹਾਲਤ 'ਚ ਜ਼ਮੀਨਾਂ ਦੀ ਮੁੜ ਵੰਡ ਦਾ ਨਾਹਰਾ ਦੇਣਾ, ਮਜ਼ਦੂਰਾਂ 'ਚ ਨਿੱਜੀ ਜਾਇਦਾਦ ਦੀ ਭੁੱਖ ਪੈਦਾ ਕਰਨਾ ਸਮਾਜੀ ਵਿਕਾਸ ਨੂੰ ਪਿਛਾਂਹ ਵੱਲ ਲੈ ਜਾਣਾ ਹੋਵੇਗਾ। ਮਜ਼ਦੂਰ ਜਮਾਤ ਦੇ ਅਧਿਆਪਕਾਂ ਨੇ ਵਾਰ-ਵਾਰ ਇਸ ਖਤਰੇ ਦੀ ਚੇਤਾਵਨੀ ਦਿੱਤੀ ਹੈ। ਸਤਾਲਿਨ ਨੇ ਕਿਹਾ ਸੀ ਕਿ ਜੇਕਰ ਖੇਤੀ 'ਚ ਜਗੀਰੂ ਪੈਦਾਵਾਰੀ ਸਬੰਧ ਪ੍ਰਧਾਨ ਹੋਣ ਤਾਂ ਜ਼ਮੀਨਾਂ ਦੀ ਕਿਸਾਨਾਂ 'ਚ ਵੰਡ ਇੱਕ ਅਗਾਂਹਵਧੂ ਕਦਮ ਹੁੰਦਾ ਹੈ ਪਰ ਜੇਕਰ ਖੇਤੀ 'ਚ ਸਰਮਾਏਦਾਰਾ ਪੈਦਾਵਾਰੀ ਸਬੰਧ ਭਾਰੂ ਹੋਣ ਤਾਂ ਇਹ ਕਦਮ ਪਿਛਾਂਹਖਿੱਚੂ ਹੁੰਦਾ ਹੈ।

ਬੁਰਜੂਆ ਪਾਰਲੀਮਾਨੀ ਚੋਣਾਂ ਬਾਰੇ ਵੀ ਇਸ ਸਪਲੀਮੈਂਟ 'ਚ ਸਾਡਾ ਅਜੀਬੋ ਗਰੀਬ ਵਿਚਾਰਾਂ ਨਾਲ਼ ਵਾਹ ਪੈਂਦਾ ਰਿਹਾ ਹੈ। ਬੁਰਜੂਆ ਪਾਰਲੀਮੈਂਟ ਮਜ਼ਦੂਰ ਜਮਾਤ ਦੀ ਮੁਕਤੀ ਦਾ ਸਾਧਨ ਨਹੀਂ ਹੋ ਸਕਦੀ, ਕਿਸੇ ਵੀ ਕਮਿਊਨਿਸਟ ਇਨਕਲਾਬੀ ਨੂੰ ਇਸ ਬਾਰੇ ਭਰਮ ਨਹੀਂ ਹੋਣਾ ਚਾਹੀਦਾ। ਕਮਿਊਨਿਸਟ ਪਾਰਟੀ ਲਈ ਚੋਣਾਂ 'ਚ ਹਿੱਸਾ ਲੈਣਾ ਜਾਂ ਬਾਈਕਾਟ ਕਰਨਾ ਇੱਕ ਦਾਅਪੇਚਕ ਸਵਾਲ ਹੈ ਨਾ ਕਿ ਯੁੱਧਨੀਤੀ ਦਾ ਸਵਾਲ। ਜਦੋਂ ਮਜ਼ਦੂਰ ਲਹਿਰ ਲਹਾਅ 'ਚ ਹੋਵੇ ਅਤੇ ਬੁਰਜੂਆ ਪਾਰਲੀਮੈਂਟ ਬਾਰੇ ਕਿਰਤੀ ਲੋਕਾਂ 'ਚ ਭਰਮਾਂ ਦੀ ਭਰਮਾਰ ਹੋਵੇ ਤਾਂ ਕਮਿਊਨਿਸਟ ਪਾਰਟੀ ਨੂੰ ਇਹਨਾਂ ਚੋਣਾਂ 'ਚ ਹਿੱਸਾ ਲੈਕੇ, ਬੁਰਜੂਆ ਪਾਰਲੀਮਾਨੀ ਸੰਸਥਾਵਾਂ ਦੇ ਮੰਚ ਦਾ ਇਸਤੇਮਾਲ ਕਰਦੇ ਹੋਏ, ਬੁਰਜੂਆ ਜਮਹੂਰੀਅਤ ਦੇ ਥੋਥ ਨੂੰ ਕਿਰਤੀ ਲੋਕਾਂ ਦੀਆਂ ਨਜ਼ਰਾਂ 'ਚ ਨੰਗਾ ਕਰਨਾ ਚਾਹੀਦਾ ਹੈ। ਇਸ ਬਾਰੇ ਲੈਨਿਨ ਅਤੇ ਤੀਸਰੀ ਕੌਮਾਂਤਰੀ ਦੀਆਂ ਬੜੀਆਂ ਸਪੱਸ਼ਟ ਸਿੱਖਿਆਵਾਂ ਹਨ। ਪਰ ਸਾਂਝੇ ਸਪਲੀਮੈਂਟ 'ਚ ਕਮਿਊਨਿਸਟਾਂ ਵਲੋਂ ਬੁਰਜੂਆ ਪਾਰਲੀਮਾਨੀ ਚੋਣਾਂ 'ਚ ਹਿੱਸਾ ਲੈਣ ਦੇ ਦਾਅਪੇਚ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਗਿਆ ਹੈ। ਸਪਲੀਮੈਂਟ 'ਚ ਕਿਹਾ ਗਿਆ ਹੈ, "ਜਿਹੜੀਆਂ ਅਗਾਂਹਵਧੂ ਕਹਾਉਣ ਵਾਲ਼ੀਆਂ ਸਿਆਸੀ ਤਾਕਤਾਂ ਵੋਟ ਦੇ ਰਸਮੀ ਹੱਕ ਦੇ ਥੋਥ ਅਤੇ ਚੋਣਾਂ ਦੇ ਢੌਂਗ ਨੂੰ ਸਪੱਸ਼ਟ ਤੌਰ 'ਤੇ ਰੱਦ ਕਰਨ ਦੀ ਬਜਾਏ ਇਸ ਵਿੱਚ ਹਿੱਸਾ ਲੈ ਕੇ ਚੋਣਾਂ ਦੇ ਥੋਥ ਨੂੰ ਨੰਗਾ ਕਰਨ ਜਾਂ ਲੋਕਾਂ ਨੂੰ ਇਸ ਬਾਰੇ ਜਾਗਰੂਕ ਜਾਂ ਚੇਤਨ ਕਰਨ ਦਾ ਭਰਮ ਪਾਲ਼ਦੀਆਂ ਹਨ, ਉਹ ਸਗੋਂ ਲੋਕਾਂ ਦੀਆਂ ਨਜ਼ਰਾਂ 'ਚ ਇਸ ਨੂੰ ਵਾਜਬੀਅਤ ਮੁਹੱਈਆ ਕਰਦੀਆਂ ਹਨ। ਲੋਕਾਂ ਅੰਦਰ ਇਨਕਲਾਬੀ ਚੇਤਨਾ ਅਤੇ ਸਿਆਸੀ ਸੂਝ ਦਾ ਸੰਚਾਰ ਕਰਨ ਦੀ ਬਜਾਏ ਉਹਨਾਂ ਦੀ ਚੋਣ ਕਵਾਇਦ ਲੋਕਾਂ ਦੀ ਸਿਆਸੀ ਚੇਤਨਾ ਨੂੰ ਖੁੰਢੀ ਕਰਨ ਦਾ ਸਾਧਨ ਬਣ ਜਾਂਦੀ ਹੈ।" ਇਹ ਸਾਫ ਤੌਰ 'ਤੇ ਕਮਿਊਨਿਸਟਾਂ ਦੁਆਰਾ ਬੁਰਜੂਆ ਪਾਰਲੀਮਾਨੀ ਚੋਣਾਂ 'ਚ ਹਿੰਸਾ ਲੈਂਦੇ ਹੋਏ, ਪਾਰਲੀਮਾਨੀ ਸੰਸਥਾਵਾਂ ਦੇ ਮੰਚਾਂ ਦਾ ਇਸਤੇਮਾਲ ਕਰਦੇ ਹੋਏ, ਇਹਨਾਂ ਦੇ ਥੋਥ ਨੂੰ ਲੋਕਾਂ 'ਚ ਨੰਗਾ ਕਰਨ ਸਬੰਧੀ ਲੈਨਿਨ ਅਤੇ ਤੀਸਰੀ ਕੌਮਾਂਤਰੀ ਦੀਆਂ ਸਿੱਖਿਆਵਾਂ ਦਾ ਨਿਖੇਧ ਹੈ। ਇੱਥੇ ਸਾਂਝੇ ਸਪਲੀਮੈਂਟ ਦਾ ਅਸਲ ਨਿਸ਼ਾਨਾ ਬੁਰਜੂਆ ਪਾਰਲੀਮਾਨੀ ਚੋਣਾਂ 'ਚ ਦਾਅਪੇਚਕ ਤੌਰ 'ਤੇ ਸ਼ਮੂਲੀਅਤ ਸਬੰਧੀ ਲੈਨਿਨ ਅਤੇ ਤੀਸਰੀ ਕੌਮਾਂਤਰੀ ਦੀਆਂ ਸਿੱਖਿਆਵਾਂ ਹਨ। ਇਹਨਾਂ ਸਾਥੀਆਂ ਨੂੰ ਇਹ ਕੰਮ ਲੈਨਿਨ ਅਤੇ ਤੀਸਰੀ ਕੌਮਾਂਤਰੀ ਦਾ ਨਾਮ ਲੈਕੇ ਅਤੇ ਉਹਨਾਂ ਦੀਆਂ ਇਸ ਸਵਾਲ 'ਤੇ ਰਚਨਾਵਾਂ ਨੂੰ ਗਲਤ ਸਾਬਤ ਕਰਦੇ ਹੋਏ ਕਰਨਾ ਚਾਹੀਦਾ ਹੈ।

ਕਮਿਊਨਿਸਟ ਪਾਰਟੀ ਮਜ਼ਦੂਰ ਜਮਾਤ ਦੀ ਪਾਰਟੀ ਹੁੰਦੀ ਹੈ, ਇਸ ਬੁਨਿਆਦੀ ਮਾਰਕਸਵਾਦੀ ਸੰਕਲਪ ਨੂੰ ਵੀ ਸਾਂਝੇ ਸਪਲੀਮੈਂਟ 'ਚ ਧੁੰਦਲਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਸਪਲੀਮੈਂਟ ਦੇ ਪੰਨਾ 22 'ਤੇ ਕਮਿਊਨਿਸਟ ਪਾਰਟੀ ਨੂੰ ਸਪੱਸ਼ਟ ਰੂਪ 'ਚ ਮਜ਼ਦੂਰ ਜਮਾਤ ਦੀ ਪਾਰਟੀ ਕਿਹਾ ਗਿਆ ਹੈ ਪਰ ਪੰਨਾ 2 'ਤੇ "ਗਰੀਬ ਗੁਰਬਿਆਂ" ਦੀ ਪਾਰਟੀ "ਲੋਕਾਂ ਦੀ ਪਾਰਟੀ" ਆਦਿ ਗੱਲਾਂ ਕੀਤੀਆਂ ਗਈਆਂ ਹਨ। "ਗਰੀਬ ਗੁਰਬਿਆਂ ਦੀ ਪਾਰਟੀ", "ਲੋਕਾਂ ਦੀ ਪਾਰਟੀ" ਆਦਿ ਗੈਰ-ਮਾਰਕਸਵਾਦੀ ਸੰਕਲਪ ਹਨ। ਗਰੀਬ ਗੁਰਬਿਆਂ ਅਤੇ ਲੋਕਾਂ 'ਚ ਵੱਖ-ਵੱਖ ਜਮਾਤਾਂ ਦੇ ਕਿਰਤੀ ਅਤੇ ਕਈ ਜਮਾਤ ਵਿਹੂਣੇ ਅਨਸਰ ਸ਼ਾਮਲ ਹੁੰਦੇ ਹਨ। ਕਮਿਊਨਿਸਟ ਪਾਰਟੀ ਸਿਰਫ਼ ਮਜ਼ਦੂਰ ਜਮਾਤ ਦੀ ਪਾਰਟੀ ਹੁੰਦੀ ਹੈ, ਉਹ ਸਾਰੇ "ਗਰੀਬ ਗੁਰਬਿਆਂ" ਅਤੇ "ਲੋਕਾਂ ਦੀ ਪਾਰਟੀ" ਨਹੀਂ ਹੋ ਸਕਦੀ। ਭਾਵੇਂ ਮਜ਼ਦੂਰ ਜਮਾਤ ਦੀ ਪਾਰਟੀ, ਕਮਿਊਨਿਸਟ ਪਾਰਟੀ ਸਾਰੇ ਗਰੀਬ ਗੁਰਬਿਆਂ ਅਤੇ ਕਿਰਤੀ ਲੋਕਾਂ ਦੀ ਮੁਕਤੀ ਲਈ ਲੜਦੀ ਹੈ।

ਸਾਂਝੇ ਸਪਲੀਮੈਂਟ ਦੇ ਪੰਨਾ 4 'ਤੇ ਇੱਕ ਵਚਿੱਤਰ ਦਾਅਵਾ ਕੀਤਾ ਗਿਆ ਹੈ, "ਪੰਜਾਬ 'ਚ ਸੱਨਅਤੀ ਖੇਤਰ ਬੁਰੀ ਤਰ੍ਹਾਂ ਤਬਾਹ ਹੋ ਚੁੱਕਿਆ ਹੈ।" ਇਹ ਇੱਕ ਖਿਆਲੀ, ਹਵਾਈ ਦਾਅਵਾ ਹੈ, ਜਿਸਦਾ ਪੰਜਾਬ ਦੀਆਂ ਜ਼ਮੀਨੀ ਹਕੀਕਤਾਂ ਨਾਲ਼ ਕੋਈ ਲੈਣਾ-ਦੇਣਾ ਨਹੀਂ ਹੈ। ਬੇਸ਼ੱਕ ਪੰਜਾਬ 'ਚ ਕੁੱਝ ਸੱਨਅਤਾਂ ਬੰਦ ਹੋਈਆਂ ਹਨ। ਪਰ ਜੋ ਨਵੀਆਂ ਸੱਨਅਤਾਂ ਲੱਗੀਆਂ ਹਨ ਉਹਨਾਂ ਦੀ ਗਿਣਤੀ ਬੰਦ ਹੋਈਆਂ ਸੱਨਅਤਾਂ ਨਾਲ਼ੋਂ ਕਿਤੇ ਜ਼ਿਆਦਾ ਹੈ। ਪੰਜਾਬ ਦੀ ਸੱਨਅਤ ਦੀ ਤਬਾਹੀ ਦੇ ਝੂਠੇ ਦਾਅਵੇ ਇਹਨਾਂ ਅਸੱਨਤੀਕਰਨ ਦੇ ਵਕੀਲਾਂ ਦੀ 'ਇਨਕਲਾਬੀ ਪ੍ਰੈਕਟਿਸ' ਜੋ ਕਿ ਧਨੀ ਕਿਸਾਨਾਂ ਦੇ ਫਸਲਾਂ ਦੇ ਲਾਹੇਵੰਦੇ ਭਾਵਾਂ ਅਤੇ ਸਬਸਿਡੀਆਂ ਰਾਹੀਂ ਮੁਨਾਫੇ ਵਧਾਉਣ ਦੇ ਪੂਰੀ ਤਰ੍ਹਾਂ ਅਨੁਕੂਲ ਹੈ ਕਿਉਂਕਿ ਜੇਕਰ ਪੰਜਾਬ 'ਚ ਸੱਨਅਤ ਨਹੀਂ ਸੱਨਅਤੀ ਮਜ਼ਦੂਰ ਨਹੀਂ ਤਾਂ ਇੱਕੋ ਇੱਕ ਕੰਮ ਬਚਦਾ ਹੈ। ਕਿਸਾਨਾਂ ਦੀਆਂ ਯੂਨੀਅਨਾਂ ਬਣਾਉਣਾ ਜੋ ਕਿ ਆਪਣੇ ਜਮਾਤੀ ਪੈਂਤੜੇ ਪੱਖੋਂ ਧਨੀ ਕਿਸਾਨਾਂ ਦੀ ਯੂਨੀਅਨਾਂ ਹੋ ਨਿੱਬੜਦੀਆਂ ਹਨ।

ਸਾਂਝੇ ਸਪਲੀਮੈਂਟ ਦੇ ਪੰਨਾ 22 'ਤੇ ਇਹ ਦਾਅਵਾ ਕੀਤਾ ਗਿਆ ਹੈ ਕਿ ਸਮਾਜ ਵਿਕਾਸ ਦਾ ਅਮਲ ਹਮੇਸ਼ਾ ਨੀਵੇਂ ਤੋਂ ਉਚੇਰੇ ਸਮਾਜਿਕ ਪ੍ਰਬੰਧ ਵੱਲ ਇੱਕ ਤਰਫਾ ਗਤੀ ਜ਼ਰੀਏ ਹੁੰਦਾ ਹੈ। ਇਹ ਮਸਲੇ ਦੀ ਦਰੁਸਤ ਪੇਸ਼ਕਾਰੀ ਨਹੀਂ ਹੈ। ਨੀਵੇਂ ਤੋਂ ਉਚੇਰੇ ਸਮਾਜਿਕ ਪ੍ਰਬੰਧ ਵੱਲ ਸਮਾਜ ਦੀ ਗਤੀ ਇਕਹਿਰੀ ਨਹੀਂ ਹੁੰਦੀ। ਨੀਵੇਂ ਤੋਂ ਉਚੇਰੇ ਸਮਾਜੀ ਪ੍ਰਬੰਧ ਵੱਲ਼ ਸਮਾਜਕ ਅਮਲ ਨੂੰ ਪਿੱਛਲਮੋੜਿਆਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਜਿਵੇਂ ਕਿ 20ਵੀਂ ਸਦੀ ਦੇ ਸਮਾਜਵਾਦੀ ਇਨਕਲਾਬਾਂ ਨੂੰ ਲੱਗੇ ਪਿੱਛਲਮੋੜੇ ਤੋਂ ਦੇਖਿਆ ਜਾ ਸਕਦਾ ਹੈ। ਮਨੁੱਖੀ ਇਤਿਹਾਸ 'ਚ ਇਸਦੀਆਂ ਹੋਰ ਵੀ ਅਨੇਕਾਂ ਉਦਾਹਰਣਾਂ ਮਿਲ਼ ਜਾਂਦੀਆਂ ਹਨ।

ਸਾਂਝੇ ਸਪਲੀਮੈਂਟ 'ਚ ਇੱਕ ਲੇਖ ਸ਼ਾਮਲ ਹੈ, "ਅਖੌਤੀ ਜਮਹੂਰੀਅਤ-ਹਕੀਕੀ ਅਧੀਨਗੀ" (ਪੰਨਾ 23)। ਇਸ ਲੇਖ ਦਾ ਸਾਰਤੱਤ ਇਹ ਹੈ ਕਿ ਭਾਰਤ 'ਚ ਜਮਹੂਰੀਅਤ (ਬੁਰਜੂਆ) ਦੀ ਕੋਈ ਹੋਂਦ ਹੀ ਨਹੀਂ ਹੈ। ਲੇਖ 'ਚ ਦਾਅਵਾ ਕੀਤਾ ਗਿਆ ਹੈ ਕਿ ਪਿੰਡਾਂ ਦੇ ਕਿਰਤੀ ਲੋਕ ਆਪਣੀ ਮਰਜ਼ੀ ਨਾਲ਼ ਵੋਟ ਪਾਉਣ ਲਈ ਅਜ਼ਾਦ ਨਹੀਂ ਹਨ। ਉਹ ਧਨਾਢ ਚੌਧਰੀਆਂ ਦੀ ਧੌਂਸ ਅੱਗੇ ਝੁਕ ਕੇ ਵੋਟ ਪਾਉਂਦੇ ਹਨ। ਅਜਿਹੇ ਖਿਆਲੀ ਦਾਅਵਿਆਂ 'ਤੇ ਤਾਂ ਹੱਸਿਆ ਹੀ ਜਾ ਸਕਦਾ ਹੈ। ਲੇਖ ਇੱਥੇ ਬੁਰਜੂਆ ਜਮਹੂਰੀਅਤ ਦੀ ਹੋਂਦ ਨੂੰ ਰੱਦ ਕਰਦਾ ਹੈ ਕਿਉਂਕਿ ਅਜਿਹਾ ਕਰਨਾ ਹੀ ਉਹਨਾਂ ਦੇ ਨਵ-ਜਮਹੂਰੀ ਇਨਕਲਾਬ ਦੇ ਪ੍ਰੋਗਰਾਮ ਦੇ ਚੌਖਟੇ 'ਚ ਫਿੱਟ ਬੈਠਦਾ ਹੈ। ਇਹਨਾਂ ਸਾਥੀਆਂ ਨੂੰ ਇਹ ਸਵਾਲ ਕਰਨਾ ਬਣਦਾ ਹੈ ਕਿ ਜੇਕਰ ਇੱਥੇ ਬੁਰਜੂਆ ਜਮਹੂਰੀਅਤ ਹੈ ਹੀ ਨਹੀਂ ਤਾਂ ਇਸ ਦੇ ਥੋਥ ਨੂੰ ਨੰਗਾ ਕਰਨ ਲਈ ਇਹਨਾਂ ਨੂੰ ਇਹ ਸਪਲੀਮੈਂਟ ਛਾਪਣ, ਪੋਸਟਰ, ਲੀਫਲੈਟ ਛਾਪਣ, ਮੀਟਿੰਗਾਂ ਰੈਲੀਆਂ ਕਰਨ ਦੀ ਕੀ ਲੋੜ ਪੈ ਗਈ? ਉਹਨਾਂ ਸਾਥੀਆਂ ਦਾ ਅਮਲ ਇਹਨਾਂ ਦੇ ਦਾਅਵਿਆਂ ਦੇ ਬਿਲਕੁਲ ਉਲ਼ਟ ਹੈ।

ਸਾਂਝੇ ਸਪਲੀਮੈਂਟ 'ਚ ਠੀਕ ਹੀ ਦਾਅਵਾ ਕੀਤਾ ਗਿਆ ਹੈ ਕਿ ਪਾਰਲੀਮਾਨੀ ਚੋਣਾਂ ਰਾਹੀਂ ਕਿਰਤੀਆਂ ਦੀ ਮੁਕਤੀ ਨਹੀਂ ਹੋ ਸਕਦੀ। ਇਸ ਲਈ ਉਹਨਾਂ ਇੰਡੋਨੇਸ਼ੀਆ, ਚਿੱਲੀ ਅਤੇ ਨੇਪਾਲ ਦੀਆਂ ਉਦਾਹਰਣਾਂ ਵੀ ਦਿੱਤੀਆਂ ਹਨ। ਪਰ ਇੱਥੇ ਕੁੱਝ ਤੱਥ ਸਹੀ ਨਹੀਂ ਜਾਪਦੇ। ਸਪਲੀਮੈਂਟ 'ਚ ਕਿਹਾ ਗਿਆ ਹੈ ਕਿ 1960 'ਚ ਇੰਡੋਨੇਸ਼ੀਆ 'ਚ ਕਮਿਊਨਿਸਟ ਪਾਰਟੀ ਸੱਤਾ 'ਚ ਆਈ। (ਪੰਨਾ 16) ਪਰ ਜਿੱਥੋਂ ਤੱਕ ਸਾਡੀ ਜਾਣਕਾਰੀ ਹੈ ਉਸ ਸਮੇਂ ਇੱਥੇ ਸਰਕਾਰ ਕੌਮਵਾਦੀ ਸੁਕਰਨੋ ਦੀ ਸੀ। ਜਿਸ ਨਾਲ਼ ਸਹਿਯੋਗ ਕਰਕੇ ਇੰਡੋਨੇਸ਼ੀਆ ਦੀ ਕਮਿਊਨਿਸਟ ਪਾਰਟੀ ਜਮਹੂਰੀ ਕਾਰਜ ਪੂਰੇ ਕਰਵਾ ਰਹੀ ਸੀ। ਸੁਕਰਨੋ ਖੁਦ ਨੂੰ 'ਅਮਲੀ ਮਾਮਲਿਆਂ 'ਚ ਕਮਿਊਨਿਸਟ' ਕਹਿੰਦਾ ਸੀ। ਇੰਡੋਨੇਸ਼ੀਆ ਦੀ ਕਮਿਊਨਿਸਟ ਪਾਰਟੀ ਨੇ ਸੁਕਰਨੋ ਤੋਂ ਵਧੇਰੇ ਹੀ ਉਮੀਦਾਂ ਰੱਖੀਆਂ। ਉਸਨੇ ਆਪਣਾ ਪਾਰਟੀ ਢਾਂਚਾ ਪੂਰੀ ਤਰ੍ਹਾਂ ਖੁੱਲ੍ਹਾ ਕਰ ਦਿੱਤਾ। ਇੰਡੋਨੇਸ਼ੀਆ 'ਚ ਕਮਿਊਨਿਸਟ ਕਤਲੇਆਮ ਦਾ ਮੂਲ ਕਾਰਨ ਪਾਰਟੀ ਦੀ ਇਹ ਭੁੱਲ ਸੀ।

ਇਸੇ ਤਰਾਂ ਨੇਪਾਲ ਦੇ ਮਾਮਲੇ 'ਚ ਸਪਲੀਮੈਂਟ 'ਚ ਕਿਹਾ ਗਿਆ ਹੈ ਕਿ ਨੇਪਾਲ ਦੇ ਇਨਕਲਾਬ ਨੂੰ ਪਛਾੜ ਇਸ ਲਈ ਲੱਗੀ ਕਿ ਨੇਪਾਲ ਦੀ ਕਮਿਊਨਿਸਟ ਪਾਰਟੀ (ਮਾਓਵਾਦੀ) ਹਥਿਆਰਬੰਦ ਤਾਕਤ ਰਾਹੀਂ ਇਨਕਲਾਬ 'ਤੇ ਦ੍ਰਿੜ ਨਾ ਰਹੀ ਅਤੇ ਵੋਟਾਂ ਜ਼ਰੀਏ ਉਸੇ ਪ੍ਰਬੰਧ 'ਚ ਸਰਕਾਰ ਬਣਾਉਂਣ ਦੇ ਆਤਮਘਾਤੀ ਰਾਹ 'ਤੇ ਚਲੀ ਗਈ (ਪੰਨਾ 17)। ਪਰ ਇੱਥੇ ਮਸਲੇ ਨੂੰ ਸਹੀ ਢੰਗ ਨਾਲ਼ ਪੇਸ਼ ਨਹੀਂ ਕੀਤਾ ਗਿਆ। ਦਰਅਸਲ ਨੇਕਪਾ (ਮਾਓਵਾਦੀ) 'ਚ ਜੋ ਉਪਰੋਕਤ ਭਟਕਾਅ ਆਏ ਉਹਨਾਂ ਦੀ ਮੂਲ ਵਜਾਹ ਇਸ ਪਾਰਟੀ ਦੀ ਮਾਰਕਸਵਾਦ ਦੇ ਬੁਨਿਆਦੀ ਅਸੂਲਾਂ ਤੋਂ ਭਟਕਣ ਸੀ। ਇਸ ਦੀ ਸ਼ੁਰੂਆਤ ਇਸ ਪਾਰਟੀ ਦੀ 2004 'ਚ ਹੋਈ ਚੁੰਨਵਾਂਗ ਕਾਨਫਰੰਸ 'ਚ ਹੀ ਹੋ ਗਈ ਸੀ ਜਦੋਂ ਇਹ ਪਾਰਟੀ ਸਮਾਜਵਾਦ ਅੰਦਰ ਬਹੁਪਾਰਟੀ ਜਮਹੂਰੀਅਤ ਦੀ ਵਕਾਲਤ ਕਰਨ ਲੱਗੀ। ਇਹ ਰਾਜ ਅਤੇ ਇਨਕਲਾਬ ਸਬੰਧੀ ਬੁਨਿਆਦੀ ਮਾਰਕਸਵਾਦੀ ਸਿੱਖਿਆਵਾਂ ਅਤੇ ਮਹਾਨ ਪ੍ਰੋਲੇਤਾਰੀ ਸੱਭਿਆਚਾਰਕ ਇਨਕਲਾਬ ਦੀਆਂ ਸਿੱਖਿਆਵਾਂ ਦਾ ਸਪੱਸ਼ਟ ਨਿਖੇਧ ਸੀ। ਵਿਚਾਰਧਾਰਾ ਦੇ ਖੇਤਰ 'ਚ ਇਸ ਕਦਰ ਗੰਭੀਰ ਗਲਤੀਆਂ ਕਰਨ ਵਾਲ਼ੀ ਪਾਰਟੀ ਨੂੰ ਅਧਰੰਗ ਹੋਣਾ ਹੀ ਸੀ।

26-01-2017-ਸੁਖਵਿੰਦਰ ਦੀ ਕੰਧ ਤੋਂ ਕਾਪੀ


**INDO-CANADIAN WORKERS ASSOCIATION,BRAMPTON ON,CA**
**APPEALS FOR FUND COLLECTION**



Prof. Jag Mohan Singh -Ludhiana

Dear Friend,

ICWA is more than two decades old Brampton based organization who has been actively dedicated to the peoples issue. Be it notorious immigration policies of the Govt or the loot of Auto Insurance or the ailing health and education sector of our country or criminal privatization of Hydro One etc, we have been hitting the streets, holding seminars to generate the awareness in the masses. We are the only Organization in North America who has been celebrating Shaheed E Azam Bhagat Singh, Rajguru, Sukhdev Singh's martyrdom day for more than twenty five years in a row when we gets largest congregation of the community on Shaheed Diwas. It would have not been possible without the community support.

This year Prof Jagmohan Singh, nephew of Shaheed Bhagat Singh will be our chief guest (from India) in our annual program on March 26th at Lester B. Pearson Theatre Brampton. Our Annual Mega Event is always covered by every sort of media of our community. Every year we used to print Event Posters with the insertion of visiting Cards of our Donor which provides them an opportunity to reach out the Community. We will soon be finalizing the design of our poster so please send in your Business Card at soonest. This year each insertion cost will be $150.00 (Check in the name of Indo- Canadian Workers Association)
We also have a Special Sponsor's option to display your Company's material at the venue on certain price and terms. Your inquiry will be diverted to the concerned responsible person who will get in touch with you to explain it further.




Poster Specimen Copy 2015

We look forward for your generous contribution for Martyrdom Day Celebration on March 26th, 2017

Expecting a quick response as usual.

Best Wishes from

Indo - Canadian Workers Association
Brampton ON, CA

# ਪੰਜਾਬ ਅੰਦਰ ਸ਼੍ਰੋਮਣੀ ਅਕਾਲੀ ਦਲ ਦੀ ਦਹਿਸ਼ਤ ਦੇ ਸਾਏ



ਦਰਬਾਰਾ ਸਿੰਘ ਕਾਹਲੋਂ

ਦਸੰਬਰ 14, 1920 ਨੂੰ ਗੁਰਦਵਾਰਾ ਸੁਧਾਰ ਵਿਚੋਂ ਪੰਜਾਬ ਅੰਦਰ ਉਪਜੀ ਰਾਜਨੀਤਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਦਾ ਭਾਰਤ ਅਤੇ ਖਾਸ ਕਰਕੇ ਪੰਜਾਬ ਦੀ ਰਾਜਨੀਤੀ ਅੰਦਰ ਇਕ ਨਿਵੇਕਲਾ ਸ਼ਾਨਾਮੱਤਾ ਅਤੇ ਕੁਰਬਾਨੀਆਂ ਭਰਿਆ ਇਤਿਹਾਸ ਹੈ। ਗੁਰਦਵਾਰਾ ਸੁਧਾਰ ਲਹਿਰ ਉਪਰੰਤ ਇਸ ਨੇ ਦੇਸ਼ ਦੀ ਰਾਜਨੀਤੀ ਦੀ ਮੁੱਖ ਧਾਰਾ ਵਿਚ ਜਜ਼ਬ ਹੁੰਦੇ ਦੇਸ਼ ਅਜ਼ਾਦੀ ਲਈ ਬਹੁਤ ਵੱਡੀਆਂ ਕੁਰਬਾਨੀਆਂ ਭਰਿਆ ਰੋਲ ਅਦਾ ਕੀਤਾ। ਦੇਸ਼ ਅਜ਼ਾਦੀ ਬਾਅਦ ਪੰਜਾਬੀ ਸੂਬੇ ਦੀ ਪ੍ਰਾਪਤੀ ਅਤੇ ਸੰਨ 1975 ਵਿਚ ਕਾਂਗਰਸ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਵਲੋਂ ਨਾਫ਼ਜ਼ ਐਮਰਜੈਂਸੀ ਦੇ ਡਿਕਟੇਟਰਾਨਾ ਫਾਸੀਵਾਦ ਵਿਰੁੱਧ ਸਫ਼ਲ ਮੋਰਚੇ ਲਗਾਏ। ਪੰਜਾਬ ਅੰਦਰ ਹਿੰਦੂ-ਸਿੱਖ ਏਕਤਾ ਅਤੇ ਸ਼ਾਂਤਮਈ ਭਾਈਚਾਰਕ ਸਾਂਝ ਭਰੇ ਸਮਾਜਿਕ ਮਾਹੌਲ ਲਈ ਭਾਜਪਾ (ਜਨ ਸੰਘ) ਨਾਲ ਰਾਜਨੀਤਕ ਗਠਜੋੜ ਕਾਇਮ ਕੀਤਾ। ਪੰਜਾਬ ਵਿਚ ਗਠਜੋੜ ਰਾਜਨੀਤੀ ਰਾਹੀਂ ਸੱਤਾ ਦੀ ਅਗਵਾਈ ਕਰਦੇ ਹਮੇਸ਼ਾ ਸਿੱਖੀ ਸਿਧਾਂਤਾਂ ਨੂੰ ਜਨਤਕ ਭਲਾਈ ਲਈ ਕਾਇਮ ਰਖਿਆ। ਵਿਸ਼ੇਸ਼ ਤੌਰ 'ਤੇ 'ਜਹਾਂ-ਜਹਾਂ ਖਾਲਸਾ ਜੀ ਸਾਹਿਬ, ਤਹਾਂ-ਤਹਾਂ ਰਛਿਆ ਰਯਾਤ।' ਇਸ ਵਿਸ਼ਵ ਅੰਦਰ ਇਸ ਤੋਂ ਵੱਡਾ ਸੰਕਲਪ-ਪੂਰਵਕ ਹੋਰ ਕੋਈ ਮਾਨਵਵਾਦੀ, ਲੋਕਵਾਦੀ, ਸਮਾਜਵਾਦੀ ਸਿਧਾਂਤ ਹੋ ਹੀ ਨਹੀਂ ਸਕਦਾ।

ਲੇਕਿਨ ਪਿਛਲੇ 10 ਦਸ ਸਾਲਾਂ ਦੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਦੇ ਪੰਜਾਬ ਵਿਚ ਲਗਾਤਾਰ ਰਾਜ ਵਿਚ ਸ਼੍ਰੋਮਣੀ ਅਕਾਲੀ ਦਲ 'ਤੇ ਕਾਬਜ਼ ਨਵੀਂ ਨੌਜਵਾਨ ਲੀਡਰਸ਼ਿਪ ਨੇ ਇਸ 'ਰਛਿਆ-ਰਯਾਤ' ਦੇ ਮਹਾਨ ਮਾਨਵਵਾਦੀ, ਲੋਕਵਾਦੀ, ਸਮਾਜਵਾਦੀ ਸਿਧਾਂਤ ਨੂੰ ਭੱਜ ਕੇ ਪੱਛਮੀ ਬੰਗਾਲ ਅੰਦਰ ਖੱਬੇ-ਪੱਖੀਆਂ ਦੇ 34 ਸਾਲਾ ਪਾਰਟੀ ਕਾਡਰ ਅਤੇ ਪੁਲਿਸ ਪ੍ਰਸ਼ਾਸ਼ਨ ਦਾ ਦਹਿਸ਼ਤਵਾਦੀ ਰਿਕਾਰਡ ਤੋੜਦਿਆਂ ਰਾਜ ਅੰਦਰ 25 ਸਾਲ ਸੱਤਾ 'ਤੇ ਕਾਬਜ਼ ਰਹਿਣ ਲਈ ਗੁੰਡਾਗਰਦ, ਪ੍ਰਸ਼ਾਸ਼ਨਿਕ, ਪੁਲਿਸ ਅਤੇ ਕ੍ਰਿਮੀਨਲ ਗੈਂਗਸਟਰਵਾਦੀ ਰਾਜਨੀਤਕ ਸਭਿਆਚਾਰ ਅਪਣਾਉਂਦੇ ਪੰਜਾਬ ਅੰਦਰ 10-12 ਸਾਲਾ ਅੱਤਵਾਦੀ ਦਹਿਸ਼ਤਵਾਦੀ ਵਾਂਗ ਰਾਜਨੀਤਕ, ਸਮਾਜਿਕ, ਪ੍ਰਸ਼ਾਸ਼ਨਿਕ ਦਹਿਸ਼ਤਵਾਦ ਕਾਇਮ ਕੀਤਾ। ਇਸ ਸੱਤਾਵਾਦੀ ਪ੍ਰਬੰਧ ਅੰਦਰ ਰਾਜਨੀਤਕ, ਸਮਾਜਿਕ, ਧਾਰਮਿਕ ਆਗੂ ਹੀ ਰਾਜਕੀ ਦਹਿਸ਼ਤ ਦਾ ਸ਼ਿਕਾਰ ਨਹੀਂ ਹੋਏ ਬਲਕਿ ਮੁਲਾਜ਼ਮ ਵਰਗ, ਆਮ ਲੋਕ ਅਤੇ ਖਾਸ ਕਰ ਕੇ ਮੀਡੀਆ ਵੀ ਇਸ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਰਿਹਾ।

ਪੱਛਮੀ ਬੰਗਾਲ ਅੰਦਰ ਖੱਬੇ ਪੱਖੀਆਂ ਵਿਰੁੱਧ ਕੁਮਾਰੀ ਮਮਤਾ ਬੈਨਰਜੀ ਵਰਗੀ ਅੱਗ ਫੱਕਣ ਵਾਲੀ, ਅਰਾਜਕਤਾਵਾਦੀ, ਦਹਿਸ਼ਤਵਾਦੀ, ਆਪਹੁੱਦਰੀ ਰਾਜਨੀਤਕ ਆਗੂ ਦਾ ਪੰਜਾਬ ਅੰਦਰ ਅਜੋਕੀ ਅਕਾਲੀ ਲੀਡਰਸ਼ਿਪ ਵਿਰੁੱਧ ਪੈਦਾ ਹੋਣਾ ਲਾਜ਼ਮੀ ਸੀ ਅਤੇ ਉਹ ਆਮ ਆਦਮੀ ਪਾਰਟੀ ਦੇ ਰੂਪ ਵਿਚ ਉਗਰ ਰੂਪ ਲੈਂਦੇ ਪੈਦਾ ਹੁੰਦੀ ਵੀ ਦਿਸੀ। ਪਰ ਸ਼੍ਰੀ ਅਰਵਿੰਦ ਕੇਜਰੀਵਾਲ ਅਤੇ ਉਨ੍ਹਾਂ ਦੇ ਰਾਜ ਅੰਦਰ ਬਾਹਰੀ ਪਿੱਠੂ ਸੰਜੈ ਸਿੰਘ, ਦੁਰਗੇਸ਼ ਪਾਠਕ, ਅਸੀਸ਼ ਖੈਤਾਨ ਆਦਿ ਬਹੁਤ ਵੱਡੀ ਭੁੱਲ ਕਰ ਬੈਠੇ। ਬੰਗਾਲ ਵਿਚੋਂ ਹੀ ਪੈਦਾ ਹੋਈ ਰਾਜਨੀਤਕ ਸ਼ੀਹਣੀ ਕੁਮਾਰੀ ਮਮਤਾ ਬੈਨਰਜੀ ਵਾਂਗ ਪੰਜਾਬ ਅੰਦਰ ਵੀ ਧਰਮਵੀਰ ਗਾਂਧੀ, ਸੁੱਚਾ ਸਿੰਘ ਜਾਂ ਹਰਿੰਦਰ ਖਾਲਸਾ ਜਾਂ ਹੋਰ ਐਸੀ ਲੀਡਰਸ਼ਿਪ ਦੀ ਲੋੜ ਸੀ ਜਿਸਨੂੰ ਉਨ੍ਹਾਂ ਅੱਗੇ ਨਹੀਂ ਆਉਣ ਦਿੱਤਾ। ਨਤੀਜੇ ਵਜੋਂ ਪੰਜਾਬ ਅੰਦਰ ਦੂਸਰੇ ਚਾਰ ਰਾਜਾਂ ਵਾਂਗ ਚੋਣਾਂ ਦਾ ਐਲਾਨ ਹੋਣ ਦੇ ਬਾਵਜੂਦ ਰਾਜਅੰਦਰ ਅਕਾਲੀ ਦਲ ਦੇ ਦਹਿਸ਼ਤ ਦੇ ਸਾਏ ਮੌਜੂਦ ਹਨ। ਹੁਣ ਇੰਨਾਂ ਨੂੰ ਦੂਰ ਕਰਨ ਲਈ ਕੀ ਚੋਣ ਕਮਿਸ਼ਨ ਕੋਈ ਕਾਰਗਰ ਕਦਮ ਉਠਾ ਸਕੇਗਾ? ਕੀ ਐਸਾ ਉਸ ਲਈ ਸੰਭਵ ਹੋ ਸਕੇਗਾ ਕਿਉਂਕਿ ਉਹ ਅਤੇ ਉਸ ਦੀ ਮਸ਼ੀਨਰੀ ਪ੍ਰਮੁੱਖ ਤੌਰ 'ਤੇ ਅਮਨ-ਅਮਾਨ ਨਾਲ ਵਿਧਾ ਸਭਾ ਚੋਣਾਂ ਕਰਾਉਣ ਦੇ ਚੁਣੌਤੀ ਭਰੇ ਪ੍ਰਬੰਧ ਵਿਚ ਬੁਰੀ ਤਰ੍ਹਾਂ ਰੁੱਝੀ ਰਹੇਗੀ?

ਪੰਜਾਬ ਅੰਦਰ 10-12 ਸਾਲਾਂ ਅਤਿਵਾਦੀ ਅਤੇ ਰਾਜਕੀ ਦਹਿਸ਼ਤ ਦੇ ਸਾਏ ਰੂਪ ਬਦਲ ਕੇ ਰਾਜ ਵਿਚ ਜਾਰੀ ਹਨ। ਸਿਰਫ ਇੰਨਾਂ ਦਾ ਦੈਂਤਵਾਦੀ ਸਰੂਪ ਬਦਲਿਆ ਹੈ। ਇਹ ਦਹਿਸ਼ਤਵਾਦੀ ਸਾਏ ਰਾਜਨੀਤਕ ਹੱਲਾਸ਼ੇਰੀ ਰਾਹੀਂ ਪੰਜਾਬ ਪੁਲਿਸ ਅਤੇ ਉਸਦੇ ਹਮਜੋਲੀ ਜਰਾਇਮ ਪੇਸ਼ਾ ਲੋਕਾਂ ਵਲੋਂ ਮਰਹੂਮ ਬੇਅੰਤ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵੇਲੇ ਵੀ ਜਾਰੀ ਰਹੇ। ਸਿਰਫ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸੰਨ 1997-2002 ਅਕਾਲੀ-ਭਾਜਪਾ ਸਰਕਾਰ ਵੇਲੇ ਇੰਨਾਂ ਨੂੰ ਕਿਸੇ ਹੱਦ ਤਕ ਠੱਲ ਪਈ ਭਾਵੇਂ ਪੁਲਿਸ ਦਾ ਵਤੀਰਾ ਲਗਾਤਾਰ ਦਹਿਸ਼ਤਵਾਦੀ ਬਣਿਆ ਰਿਹਾ।

ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵੇਲੇ ਰਾਜਨੀਤਕ ਬਦਲਾਖ਼ੋਰੀ, ਪੁਲਿਸ ਦੀ ਇਸ ਲਈ ਦਹਿਸ਼ਤ ਦੇ ਦਸਤੇ ਵਜੋਂ ਵਰਤੋਂ, ਆਪਣੀਆਂ ਹੱਕੀ ਮੰਗਾਂ ਲਈ ਮੁਜ਼ਾਹਿਰਾ ਕਰਨ ਵਾਲੇ ਕਿਸਾਨਾਂ, ਅਧਿਆਪਕਾਂ, ਮਜ਼ਦੂਰਾਂ, ਮੁਲਾਜ਼ਮਾਂ ਦੀ ਆਏ ਦਿਨ ਛੱਲੀਆਂ ਵਾਂਗ ਕੁੱਟ, ਚੰਡੀਗੜ੍ਹ ਸਥਿਤ ਮਟਕਾ ਚੌਂਕ ਨੂੰ ਬਦਨਾਮ 'ਕੁਟਾਪਾ ਚੌਂਕ' ਵਜੋਂ ਬਦਲਣਾ ਆਦਿ ਕਾਰਵਾਈਆਂ ਕਰਕੇ ਰਾਜਕੀ ਦਹਿਸ਼ਤਗਰਦੀ ਜਾਰੀ ਰਹੀ।

ਅੱਗੋਂ 25 ਸਾਲ ਪੰਜਾਬ ਵਿਚ ਅਕਾਲੀ-ਭਾਜਪਾ ਰਾਜ ਦੇ ਨਿਸ਼ਾਨੇ ਦੀ ਪੂਰਤੀ ਲਈ ਨੌਜਵਾਨ ਅਕਾਲੀ ਲੀਡਰਸ਼ਿਪ ਨੇ ਅਕਾਲੀ ਦਲ ਪ੍ਰਧਾਨ, ਉਪ ਮੁੱਖ ਮੰਤਰੀ ਸ੍ਰ. ਸੁਖਬੀਰ ਸਿੰਘ ਬਾਦਲ, ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰ ਮਾਲ ਅਤੇ ਲੋਕ ਸੰਪਰਕ ਮੰਤਰੀ ਬਿਕਰਮ ਮਜੀਠੀਆ, ਬਾਹੂਬਲੀ ਸਿਕੰਦਰ ਸਿੰਘ ਮਲੂਕਾ, ਆਪਹੁੱਦਰਾ ਆਦੇਸ਼ ਪ੍ਰਤਾਪ ਕੈਰੋਂ ਆਦਿ ਨੇ ਆਪਣੇ ਜਰਾਇਮ ਪੇਸ਼ਾ ਪਿੱਠੂਆਂ, ਗੈਂਗਸਟਰਾਂ, ਪੁਲਿਸ ਸ਼ਾਹੀ, ਲੈਂਡ, ਸੈਂਡ, ਕੇਬਲ, ਟਰਾਂਸਪੋਰਟ ਮਾਫੀਆ ਰਾਹੀਂ ਪੰਜਾਬ ਵਿਚ ਦਹਿਸ਼ਤਗਰਦੀ ਮਚਾ ਕੇ ਰਖੀ। ਰਾਜਨੀਤਕ ਵਿਰੋਧੀਆਂ ਅਤੇ ਪਾਰਟੀ ਅੰਦਰ ਸਿਰ ਚੁੱਕਣ ਵਾਲਿਆਂ ਵਿਰੁੱਧ ਝੂਠੇ ਮੁਕੱਦਮੇ ਉਵੇਂ ਹੀ ਦਰਜ ਕਰਾਏ ਜਿਵੇਂ 10-12 ਸਾਲਾ ਅੱਤਵਾਦੀ ਤ੍ਰਾਸਦੀ ਵੇਲੇ ਪੁਲਿਸ ਨੌਜਵਾਨਾਂ ਅਤੇ ਸ਼ਰੀਫ ਨਾਗਰਿਕਾਂ ਵਿਰੁੱਧ ਕਰਦੀ ਸੀ। ਰਾਜ ਅੰਦਰ ਮੀਡੀਆ ਐਮਰਜੈਂਸੀ ਲਗਾ ਕੇ ਰਖੀ। ਵਿਰੋਧੀ ਟੈਲੀਵਿਜ਼ਨ ਬੰਦ ਕੀਤੇ ਗਏ। ਅਖ਼ਬਾਰਾਂ ਦੇ



ਐਡੀਟਰ ਇਸ਼ਤਿਹਾਰਾਂ ਅਤੇ ਦਬਾਅ ਕਰਕੇ ਸੱਚ ਉਘਾੜਨ ਵਾਲੇ ਬੇਬਾਕ ਲੇਖ ਅਤੇ ਵਿਚਾਰ ਛਾਪਣ ਤੋਂ ਕਤਰਾਉਂਦੇ ਰਹੇ।

ਰਾਜ ਅੰਦਰ 6000 ਕਰੋੜੀ ਸਲਾਨਾ ਡਰੱਗ ਵਪਾਰ ਨੂੰ ਰਾਜਕੀ ਦਬਾਅ ਅਤੇ ਹਿਟਲਰ ਦੇ ਲੋਕ ਸੰਪਰਕ ਮੰਤਰੀ ਗੋਬਲਜ਼ ਵਾਂਗ ਝੂਠੇ ਪ੍ਰਚਾਰ ਰਾਹੀਂ ਨਕਾਰਨ ਦੇ ਉਪਰਾਲੇ ਹੋਏ। ਰੇਤ ਬਜਰੀ ਮਾਫੀਏ ਰਾਹੀਂ ਅਰਬਾਂ ਰੁਪਇਆਂ ਨੂੰ ਸਰਕਾਰ ਵਿਚ ਬੈਠੇ ਪ੍ਰਭਾਵਸ਼ਾਲੀ ਮੰਤਰੀਆਂ, ਵਿਧਾਇਕਾਂ ਜਿੰਨਾਂ ਵਿਚ ਭਾਜਪਾ ਦੇ ਵਿਧਾਇਕ ਵੀ ਸ਼ਾਮਿਲ ਸਨ, ਨੇ ਚੂਨਾ ਲਗਾਇਆ। ਸਾਸ਼ਕ ਪਰਿਵਾਰ ਨੇ ਟਰਾਂਸਪੋਰਟ ਏਕਾਧਿਕਾਰ ਕਾਇਮ ਕਰ ਲਿਆ। ਚੰਡੀਗੜ੍ਹ ਵਿਚ ਪਹਿਲੀਆਂ ਕੋਠੀਆਂ ਦੀ ਥਾਂ ਮਹੱਲ ਉਸਾਰੇ ਗਏ। ਸੱਤਾ ਭਾਈਵਾਲੀ ਖ਼ਾਤਰ ਭਾਜਪਾ ਦਾ ਕੌਮੀ ਪ੍ਰਧਾਨ ਅਮਿਤ ਸ਼ਾਹ ਜੋ ਪੰਜਾਬ ਅੰਦਰ ਡਰੱਗ ਵਪਾਰ ਦਾ ਮੁੱਦਾ ਉਭਾਰਦਾ ਨਜ਼ਰ ਆਇਆ, ਮੌਨ ਧਾਰਨ ਕਰ ਗਿਆ।

ਪੰਜਾਬ ਤੋਂ ਬਾਹਰੀ ਰਾਜ, ਰਾਜਨੇਤਾ, ਪ੍ਰਧਾਨ ਮੰਤਰੀ ਅਤੇ ਵਿਸ਼ੇਸ਼ ਕਰਕੇ ਰਾਸ਼ਟਰੀ ਮੀਡੀਆ ਰਾਜ ਅੰਦਰ ਦਹਿਸ਼ਤਗਰਦੀ ਦੇ ਡਰਾਉਣੇ ਸਾਏ ਤੋਂ ਅਨਜਾਣ ਲਗਦੇ ਹਨ ਜਿਸ ਨੇ ਆਮ ਆਦਮੀ ਦਾ ਸਾਹ ਸੂਤ ਰਖਿਆ ਹੈ।

**ਰਾਜਕੀ ਭੈਅ:**

ਸੱਤਾਧਾਰੀ ਲੀਡਰਸ਼ਿਪ ਨੇ ਪੁਲਿਸ, ਗੁੰਡਾਗਰਦ ਰਾਜਕੀ ਮਾਫੀਆ, ਪਾਰਟੀ ਬੁਰਛਾਗਰਦਾਂ ਰਾਹੀਂ ਹੱਕੀ ਮੰਗਾਂ ਲਈ ਵਿਰੋਧ ਕਰਦੇ ਮੁਲਾਜ਼ਮਾਂ, ਅਧਿਆਪਕਾਂ, ਬੇਰੋਜ਼ਗਾਰਾਂ, ਕਿਸਾਨਾਂ ਅਤੇ ਹੋਰ ਵਰਗਾਂ ਨੂੰ ਡੰਡਾਸ਼ਾਹੀ ਕੁੱਟ ਦਾ ਨਿਸ਼ਾਨਾ ਬਣਾਇਆ। ਵਿਰੋਧੀਆਂ 'ਤੇ ਝੂਠੇ ਪਰਚੇ ਦਰਜ ਕੀਤੇ। ਸੱਤਾ ਵਿਰੋਧੀ ਵਾਦਿਆਂ ਢੱਡਰੀਆਂ ਵਾਲਾ ਅਤੇ ਵਿਰੋਧੀ ਅਕਾਲੀ ਖੂਬ ਖੜਕਾਏ। ਜੇਲ੍ਹੀ ਸੁੱਟੇ। ਸਿਕੰਦਰ ਸਿੰਘ ਮਲੂਕਾ ਵਲੋਂ ਇਕ ਅਫਸਰਸ਼ਾਹ ਨੂੰ ਕੁਟਵਾਉਣ ਅਤੇ ਆਪ ਮੁਲਾਜ਼ਮਾਂ ਨੂੰ ਕੁੱਟਣ ਦੇ ਦੋਸ਼ ਲਗੇ। ਇਵੇਂ ਹੀ ਜੰਗਲਾਤ ਕਰਮਚਾਰੀਆਂ ਵਲੋਂ 78 ਲੱਖ ਦਾ ਗਬਨ ਉਘਾੜਨ ਵਿਰੁੱਧ ਬਲਵਿੰਦਰ ਭੂੰਦੜ ਰਾਜ ਸਭਾ ਮੈਂਬਰ ਵਲੋਂ ਉਨ੍ਹਾਂ ਨੂੰ ਕੁੱਟਣ ਅਤੇ ਕੁਟਵਾਉਣ ਦੇ ਦੋਸ਼ ਲਗੇ। ਸਿਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਦੇ ਮਹਿਕਮੇ ਸਬੰਧਿਤ ਵੱਖ-ਵੱਖ ਕਾਡਰ ਦੇ ਅਧਿਆਪਕਾਂ ਨੂੰ ਛੱਲੀਆਂ ਵਾਂਗ ਕੁੱਟਿਆ ਜਾਂਦਾ ਰਿਹਾ। ਗਰਭਵਤੀ ਬੇਰੋਜ਼ਗਾਰ, ਟੈੱਟ ਪਾਸ, ਰਮਸਾ, ਈ. ਜੀ ਐੱਸ., ਸਿਖਿਆ ਪ੍ਰੋਵਾਈਡਰ ਅਧਿਆਪਕਾਵਾਂ ਨੂੰ ਨਹੀਂ ਬਖਸ਼ਿਆ। ਅਕਾਲੀ ਬੁਰਸ਼ਾਗਰਦਾਂ ਨੇ ਉਨ੍ਹਾਂ ਨੂੰ ਵਾਲਾਂ ਤੋਂ ਫੜ੍ਹ ਘਸੀਟਿਆ। ਕਿਹੜਾ ਸੰਵਿਧਾਨ ਅਤੇ ਕਾਨੂੰਨ ਐਸੀ ਬੁਰਛਾਗਰਦੀ ਅਤੇ ਕੁੱਟ ਦੀ ਇਜਾਜ਼ਤ ਦਿੰਦਾ ਹੈ? ਡਾ. ਚੀਮਾ ਨੂੰ ਰਾਜਕੀ ਦਹਿਸ਼ਤਗਰਦੀ ਅਤੇ ਬੁਰਛਾਗਰਦੀ ਦਾ ਸਬਕ ਉਦੋਂ ਮਿਲਿਆ ਜਦੋਂ ਐਸੇ ਸਭਿਆਚਾਰ ਵਿਚੋਂ ਨਿਕਲੇ ਬੁਰਛਾਗਰਦ ਅਧਿਆਪਕਾਂ ਚੰਡੀਗੜ੍ਹ ਸਥਿਤ ਉਸਦੀ ਸਰਕਾਰੀ ਕੋਠੀ 'ਤੇ ਕਬਜ਼ਾ ਕਰ ਲਿਆ ਅਤੇ ਆਪਹੁੱਦਰੀ ਅਫਸਰਸ਼ਾਹੀ ਨੇ ਉਸ ਨੂੰ ਬੇਇਜ਼ਤ ਕਰਕੇ ਰਾਜਪਾਲ ਦੇ ਨਿਵਾਸ ਤੋਂ ਬਾਹਰ ਕੱਢਿਆ ਅਤੇ ਦਹਿਸ਼ਤਗਰਦ ਚੰਡੀਗੜ੍ਹ ਪੁਲਿਸ ਨੇ ਜ਼ਲੀਲ ਕੀਤਾ।

ਅਕਾਲੀ ਮੰਤਰੀ ਬਿਕਰਮ ਮਜੀਠੀਆ, ਵਿਧਾਇਕ ਵਿਰਸਾ ਸਿੰਘ ਵਲਟੋਹਾ ਅਤੇ ਇਕ ਕਾਂਗਰਸ ਵਿਧਾਇਕ ਨੇ ਲੋਕਤੰਤਰ ਦੇ ਪਵਿੱਤਰ ਸਦਨ ਵਿਧਾਨ ਸਭਾ ਨੂੰ ਗਾਲੀ-ਗਲੋਚ ਅਤੇ ਭੱਦੀ ਸ਼ਬਦਾਵਲੀ ਨਾਲ ਕੰਲਕਿਤ ਕੀਤਾ। ਇਵੇਂ ਹੀ ਹੋਰ ਸੱਤਾਧਾਰੀ ਬੁਰਛਾਗਰਦ ਵਿਧਾਇਕਾਂ ਨੇ ਵਿਰੋਧੀ ਧਿਰ ਸਮੇਤ। ਪ੍ਰੋਢ ਮੁੱਖ ਮੰਤਰੀ ਸ੍ਰ. ਬਾਦਲ ਅਤੇ ਹੋਰ ਭੱਦਰਪੁਰਸ਼ ਤਮਾਸ਼ਾਈ ਬਣਕੇ ਰਹਿ ਗਏ।

**ਸ਼ਰਾਬ ਮਾਫੀਆ :**

ਚੋਣਾਂ ਦੇ ਐਲਾਨ ਤੋਂ ਤਿੰਨ ਦਿਨ ਪਹਿਲਾਂ ਫਰੀਦਕੋਟ ਦੇ ਪਿੰਡ ਝੱਖੜਵਾਲਾ ਵਿਚ ਨਾਮੀ ਮਹਿਤਾ ਸ਼ਰਾਬ ਦੇ ਠੇਕੇਦਾਰ ਦੇ ਕਰਿੰਦਿਆਂ ਪੰਚ ਜਾਨੋਂ ਮਾਰ ਦਿਤਾ ਅਤੇ ਇਕ ਹੋਰ ਵਿਅਕਤੀ ਜ਼ਖ਼ਮੀ ਕਰ ਦਿਤਾ। ਸਰਕਾਰੀ ਅਤੇ ਸੱਤਾਧਾਰੀ ਸ਼ਹਿ ਤੇ ਸ਼ਰਾਬ ਮਾਫੀਆ ਨੇ ਰਾਜ ਵਿਚ ਢੇਰ ਚਿਰ ਤੋਂ ਦਹਿਸ਼ਤ ਮਚਾ ਰਖੀ ਹੈ। ਦਸੰਬਰ 11, 2015 ਨੂੰ ਅਬੋਹਰ ਦੇ ਸ਼ਰਾਬ ਕਾਰੋਬਾਰੀ ਸ਼ਿਵ ਲਾਲ ਡੋਡਾ ਦੇ ਫਾਰਮ ਹਾਊਸ ਵਿਚ ਦਲਿਤ ਭੀਮ ਦੇ ਹੱਥ-ਪੈਰ ਵੱਢ ਕੇ ਕਤੱਲ ਕੀਤਾ। ਇਹੀ ਡੋਡਾ ਚੋਣਾਂ ਦੇ ਐਲਾਨ ਬਾਅਦ ਫਾਜ਼ਿਲਕਾ ਜੇਲ੍ਹ ਵਿਚ 'ਅਕਾਲੀ ਦਰਬਾਰ' ਸਜਾਉਂਦਾ ਪਕੜਿਆ ਗਿਆ।

7 ਅਕਤੂਬਰ, 2016 ਨੂੰ ਮੁਕਤਸਰ ਜ਼ਿਲ੍ਹੇ 'ਚ ਸ਼ਰਾਬ ਵੇਚਣ ਤੋਂ ਰੋਕਣ ਕਰਕੇ ਕਰਿੰਦਿਆਂ ਅਜਯ ਨਾਮੀ ਨੌਜਵਾਨ ਦੀਆਂ ਅੱਖਾਂ ਕੱਢ ਕੇ ਕਤੱਲ ਕਰ ਦਿੱਤਾ। 11 ਅਕਤੂਬਰ, 2016 ਨੂੰ ਮਾਨਸਾ ਦੇ ਪਿੰਡ ਘਰਾਗਣਾਂ 'ਚ ਸ਼ਰਾਬ ਮਾਫੀਆ ਨੇ ਮੁਖ਼ਬਰੀ ਦੇ ਸ਼ੱਕ 'ਚ ਸੁਖਚੈਨ ਸਿੰਘ ਦੀਆਂ ਲੱਤਾਂ ਵੱਢ ਕੇ ਕਤੱਲ ਕਰ ਦਿਤਾ। 13 ਅਕਤੂਬਰ, 2016 ਨੂੰ ਜਲੰਧਰ 'ਚ ਬਸਤੀ ਸੇਖ਼ ਵਿਚ ਸ਼ਰਾਬ ਮਾਫੀਏ ਨੇ ਇਕ ਨੌਜਵਾਨ ਦੌੜਾ-ਦੌੜਾ ਕੇ ਕੁੱਟਣ ਬਾਅਦ ਚਾਕੂਆਂ ਨਾਲ ਵਿੰਨ ਕੇ ਮਾਰ ਦਿਤਾ। ਸੱਤਾਧਾਰੀਆਂ ਦੀ ਸ਼ਹਿ 'ਤੇ ਅਤੇ ਪੁਲਿਸ ਚੁੱਪ ਰਹਿਣ ਕਰਕੇ ਸ਼ਰਾਬ ਮਾਫੀਏ ਦੀ ਦਹਿਸ਼ਤਗਰਦੀ ਜਾਰੀ ਹੈ।

**ਗੈਂਗਵਾਰ :**

ਅਰਸਤੂ ਦਾ ਕਹਿਣਾ ਹੈ ਕਿ 'ਜਲਦੀ ਆਸਵੰਦ ਹੋਣ ਦੀ ਪ੍ਰਵਿਰਤੀ ਕਰਕੇ ਨੌਜਵਾਨ ਸੌਖੇ ਹੀ ਧੋਖੇ ਵਿਚ ਫਸ ਜਾਂਦੇ ਹਨ।' ਪੰਜਾਬ 'ਚ ਅੱਤਵਾਦ ਵੇਲੇ ਵੀ ਇਹੀ ਹੋਇਆ। ਇਵੇਂ ਹੀ ਹੁਣ ਰਾਜ 'ਚ 57 ਗੈਂਗਸਟਰ ਕੱਤਲੋਗਾਰਤ ਅਤੇ ਦਹਿਸ਼ਤਗਰਦੀ ਵਿਚ ਸ਼ਾਮਿਲ ਹਨ। ਐਸਾ ਸੱਤਾ ਧਿਰ ਦੀ ਹਮਾਇਤ ਅਤੇ ਪੁਲਿਸ ਦੀ ਸ਼ਹਿ ਕਰਕੇ ਸੰਭਵ ਹੋ ਸਕਿਆ। ਨਾਭਾ ਜੇਲ੍ਹ ਕਾਂਡ ਗੌਂਡਰ ਗੈਂਗਸਟਰ ਨੇ ਸੱਤਾ ਧਿਰ ਅਤੇ ਪੁਲਿਸ ਦੀ ਹਮਾਇਤ ਨਾਲ ਅੰਜਾਮ ਦਿੱਤਾ।

ਸੰਨ 2006 ਤੋਂ ਹੁਣ ਤਕ ਪ੍ਰਭਜਿੰਦਰ ਡਿੰਪੀ, ਜਸਵਿੰਦਰ ਸਿੰਘ ਰਾਕੀ, ਜੈਪਾਲ, ਗੁਰਪ੍ਰੀਤ ਸੇਖੋਂ, ਦਲਜੀਤ ਭਾਨਾ, ਪ੍ਰੇਮਾ ਲਾਹੌਰੀਆ, ਗੋਪੀ ਦਾਲੇਵਾਲੀਆ, ਸੁੱਖਾ ਕਾਹਲਵਾਂ, ਜ਼ਗੂ ਭਗਵਾਨ ਪੁਰੀਆ, ਭਿੰਦਾ ਸ਼ਾਦੀਪੁਰੀਆ, ਸ਼ੇਰਾ ਖੁੱਬਾਂ ਹੈਪੀ ਦਿਉਰਾ ਆਦਿ 57 ਗੈਂਗ ਜੋ ਆਧੁਨਿਕ ਹਥਿਆਰਾਂ ਨਾਲ ਲੈਸ ਹਨ ਜ਼ਮੀਨਾਂ-ਜਾਇਦਾਦਾਂ ਤੇ ਜਬਰੀ ਕਬਜ਼ੇ ਕਰਨ, ਪੈਸੇ ਬਟੋਰਨ, ਅਗਵਾਕਾਰੀ, ਕੱਤਲੋ-ਗਾਰਤ, ਜੇਲ੍ਹਾਂ ਵਿਚ ਸ਼ਹਾਨਾ ਜੀਵਨ ਅਤੇ ਉਥੋਂ ਕਾਰਵਾਈਆਂ ਚਲਾਉਣ ਵਿਚ ਸ਼ਾਮਿਲ ਰਹੇ ਹਨ।

ਇਹ ਵੀ ਪਤਾ ਚਲਿਆ ਹੈ ਕਿ ਸੱਤਾਧਾਰੀ ਆਗੂਆਂ ਨੇ ਚੋਣ ਪ੍ਰਕ੍ਰਿਆ ਅੰਦਰ ਵਿਰੋਧੀਆਂ ਅਤੇ ਵੋਟਰਾਂ ਨੂੰ ਡਰਾਉਣ ਧਮਕਾਉਣ ਦੀ ਬੁਰਛਾਗਰਦੀ ਰਾਹੀਂ ਵੋਟ ਬਟੋਰਨ ਲਈ ਇਕ ਖ਼ੁਫੀਆ ਦਹਿਸ਼ਤਗਰਦ ਸੈਨਾ ਗਠਿਤ ਕਰ ਰੱਖੀ ਹੈ। ਦਿੱਲੀਉਂ ਆਇਆ ਨਵ-ਅਕਾਲੀ ਧੌਂਸਬਾਜ਼ ਇਸ ਵਿਚ ਵੱਡਾ ਰੋਲ ਅਦਾ ਕਰ ਰਿਹਾ ਹੈ। ਜੇਕਰ ਚੋਣ ਕਮਿਸ਼ਨ ਅਤੇ ਚੋਣ ਮਸ਼ੀਨਰੀ ਨੇ ਇੰਨਾਂ ਦਹਿਸ਼ਤਵਾਦੀ ਅਨਸਰਾਂ ਵਿਰੁੱਧ ਢਿੱਲ ਵਰਤੀ ਤਾਂ ਪੰਜਾਬ ਵਿਚ ਮੁਨਸਫਾਨਾ, ਅਜ਼ਾਦਾਨਾ ਅਤੇ ਸ਼ਾਂਤੀਪੂਰਵਕ ਚੋਣਾਂ ਕਰਾਉਣਾ ਸੰਭਵ ਨਹੀਂ ਹੋ ਸਕੇਗਾ।

**ਸਾਬਕਾ ਰਾਜ ਸੂਚਨਾ ਕਮਿਸ਼ਨਰ, ਪੰਜਾਬ।**
**94170-94034**
**ਪਿੰਡ ਤੇ ਡਾ: ਅਵਾਂਖਾ।**
**ਜ਼ਿਲ੍ਹਾ- ਗੁਰਦਾਸਪੁਰ।**

## ਮਿੰਨੀ ਕਹਾਣੀ: ਕਿਰਤ ਸੱਭਿਆਚਾਰ

ਕਨੇਡਾ ਤੋਂ ਆਇਆ ਸੁਰਿੰਦਰ ਸਿੰਘ ਪਿੰਡ ਦੀ ਸੱਥ 'ਚ ਉਸ ਮੁਲਕ ਦੀਆਂ ਖੂਬੀਆਂ ਗਿਣਾਉਣ ਦੇ ਨਾਲ ਉੱਥੋਂ ਦੇ ਕਿਰਤ ਸੱਭਿਆਚਾਰ ਦਾ ਗੁਣਗਾਣ ਕਰ ਰਿਹਾ ਸੀ। ਉੱਧਰ ਅਸੀ ਆਪਣਾ ਹਰ ਕੰਮ ਆਪ ਕਰਦੇ ਹਾਂ ਤੇ ਕਿਸੇ ਕੰਮ ਪ੍ਰਤੀ ਕੋਈ ਸ਼ਰਮ ਨਹੀ ਹੈ" ।ਇੰਨੇ ਚਿਰ ਨੂੰ ਪਿੰਡ ਦੀ ਸਰਪੰਚਣੀ ਸੁਰਜੀਤ ਕੌਰ ਉੱਧਰੋਂ ਗੁਜਰੀ ।ਉਸਨੂੰ ਦੇਖ ਕਈਆਂ ਨੇ ਮਸ਼ਕਰੀ ਨਾਲ ਸਤਿ ਸ਼੍ਰੀ ਅਕਾਲ ਬੁਲਾਈ ਤੇ ਸੁਰਿੰਦਰ ਸਿੰਘ ਨੱਕ ਚੜ੍ਹਾ ਕੇ ਕਹਿਣ ਲੱਗਾ ਉ ਲੈ ਆਹ ਦੇਖ ਲਉ ਸਾਡੇ ਗੋਹਾ ਕੂੜਾ ਕਰਦੀ ਕਰਦੀ ਸੁਰਜੀਤੋ ਸਰਪੰਚਣੀ ਬਣ ਗਈ ਹੈ ।ਇਹਦਾ ਮਾਸਟਰ ਮੁੰਡਾ ਤੇ ਪਤੀ ਸਾਡੇ ਦਿਹਾੜੀਆਂ ਕਰਦੇ ਰਹੇ ਹਨ ।ਸਰਕਾਰ ਵੀ ਬਿਨਾਂ ਸੋਚੇ ਇਨ੍ਹਾਂ ਨੂੰ ਵਾਗਡੋਰ ਦੇ ਦਿੰਦੀ ਹੈ" ।ਗਰੀਬ ਸਰਪੰਚਣੀ ਦੇ ਪਰਿਵਾਰ ਦੀ ਨਿੰਦਾ ਕਰਨ ਦੇ ਨਾਲ ਸੁਰਿੰਦਰ ਸਿੰਘ ਅਜੇ ਵੀ ਉਨ੍ਹਾਂ ਦੀ ਕਿਰਤ ਨੂੰ ਨੀਚੀ ਅਤੇ ਆਪਣੇ ਕਿਰਤ ਸੱਭਿਆਚਾਰ ਦੇ ਤਾਰੀਫਾਂ ਦੇ ਪੁਲ ਬੰਨ ਰਿਹਾ ਸੀ।

**ਗੁਰਤੇਜ ਸਿੰਘ**
**ਪਿੰਡ ਤੇ ਡਾਕ. ਚੱਕ ਬਖਤੂ**
**ਤਹਿ. ਤੇ ਜਿਲ੍ਹਾ ਬਠਿੰਡਾ-151101**
**ਸੰਪਰਕ: 94641-72783**

# ਹੁਣ ਮੈਂ ਕਦੀ ਨਿਰਾਸ਼ ਨਹੀਂ ਹੁੰਦੀ..

**-ਅਮਨਦੀਪ ਹਾਂਸ**



ਹਨੇਰ ਉਹੀ ਲੋਕ ਢੋਂਹਦੇ ਨੇ ਜੋ ਨਾ ਤੁਰਨ ਦੇ ਬਹਾਨੇ ਘੜਦੇ ਬਿਨ ਲੜਿਆਂ ਹਾਰ ਜਾਂਦੇ ਨੇ.. ਹਥਿਆਰ ਸੁੱਟ ਦਿੰਦੇ ਨੇੜਜਾਂ ਫੇਰ ਜ਼ਿੰਦਗੀ ਜਿਉਣ ਵਾਲੇ ਹਥਿਆਰ ਚੁੱਕਦੇ ਹੀ ਨਹੀਂ..

ਅੱਜ ਇਕ ਸੰਘਰਸ਼ਸ਼ੀਲ ਨੰਨੀ ਪਰੀ ਨੂੰ ਮਿਲਾਉਂਦੇ ਹਾਂ.. ਜਿਸ ਦੇ ਪਰ ਨਹੀਂ ਪਰ ਉਹ ਅੰਬਰ ਤੱਕ ਦੀ ਉੱਚੀ ਉਡਾਣ ਭਰਨ ਨੂੰ ਅਹੁਲਦੀ ਹੈ.. ਮੇਰੀ ਤਾਂ ਰੋਲ ਮਾਡਲ ਬਣ ਗਈ, ਤੁਹਾਡੀ ਵੀ ਬਣੇਗੀ..

ਆਓ ਰਾਜਿਆਂ ਦੇ ਸ਼ਹਿਰ ਕਪੂਰਥਲਾ ਦੇ ਮੁਹੱਲਾ ਸ਼ੇਰਗੜ ਚੱਲਦੇ ਹਾਂ, ਜਿੱਥੇ ਯਸ਼ਪਾਲ ਤੇ ਗੁਲਸ਼ਨ ਕੁਮਾਰੀ ਆਪਣੇ ਦੋ ਬੱਚਿਆਂ 14 ਸਾਲਾ ਤਰਨਜੀਤ ਕੌਰ ਤੇ 10 ਸਾਲਾ ਪ੍ਰਿੰਸ ਨਾਲ ਰਹਿੰਦੇ ਨੇ.. ਬੱਚੀ ਤਰਨਜੀਤ ਕੌਰ ਤੁਰ ਨਹੀਂ ਸਕਦੀ, ਉਸ ਦੇ ਲੱਕ ਤੋਂ ਹੇਠਲਾ ਹਿੱਸਾ ਮਰ ਚੁੱਕਿਆ ਹੈ। ਘੁੰਮਣ ਕੁਰਸੀ 'ਤੇ ਰਹਿੰਦੀ ਹੈ, ਮਾਂ ਦੀ ਕੁੱਛੜ ਉਸ ਦੇ ਪਰਾਂ ਨੂੰ ਠੁੰਮਣਾ ਦਿੰਦੀ ਹੈ।

ਇਹ ਮਾਂ-ਧੀ ਮੈਨੂੰ 21 ਦਸੰਬਰ ਨੂੰ ਵੱਡੇ ਬਾਦਲ ਸਾਹਿਬ ਦੇ ਕਪੂਰਥਲਾ ਵਿੱਚ ਹੋਏ ਸੰਗਤ ਦਰਸ਼ਨ ਵਾਲੀ ਥਾਂ ਮਿਲੀਆਂ ਸਨ, ਵੱਡੇ ਬਾਪੂ ਕੋਲ ਫਰਿਆਦ ਲੈ ਕੇ ਗਈਆਂ ਸਨ, ਪਰ ਧਾਕੜਾਂ ਨੇ ਸਾਫ ਕਿਹਾ ਕਿ ਜੇ ਮੁਹੱਲੇ ਦੇ ਕਿਸੇ ਅਕਾਲੀ ਜਥੇਦਾਰ ਦੇ ਨਾਲ ਆਈਆਂ ਹੋ ਤਾਂ ਅੰਦਰ ਆ ਸਕਦੀਆਂ ਹੋ, ਨਹੀਂ ਤਾਂ ਮਿਲਣ ਨਹੀਂ ਦਿੱਤਾ ਜਾ ਸਕਦਾ। ਮਾਂ-ਧੀ ਨੇ ਬੜੇ ਯਤਨ ਕੀਤੇ ਵਾਸਤੇ ਪਾਏ, ਪਰ ਰਾਖੀ ਲਈ ਖੜੇ ਸਿਪਾਹੀਆਂ, ਸਿਪੈਹਟਣਾਂ ਨੇ ਬਾਦਲ ਸਾਹਿਬ ਨੂੰ ਮਿਲਣਾ ਤਾਂ ਦੂਰ ਉਹਨਾਂ ਦੇ ਪ੍ਰਛਾਵੇਂ ਤੱਕ ਵੀ ਨਾ ਪਹੁੰਚਣ ਦਿੱਤਾ।

ਉਸ ਜਗਾ ਮੈਂ ਪਕੌੜਿਆਂ ਨਾਲ ਕੁੱਖਾਂ ਕੱਢਣ ਤੋਂ ਬਾਅਦ ਵੀ ਪਲੇਟਾਂ ਵਿੱਚ ਪਕੌੜੇ ਭਰ ਭਰ ਕੇ ਲਿਜਾ ਰਹੀ ਸੰਗਤ ਦਰਸ਼ਨ ਲਈ ਆਈ 'ਕਾਲੀ ਸੰਗਤ ਦੀਆਂ ਤਸਵੀਰਾਂ ਕੈਦ ਕਰ ਰਹੀ ਸੀ ਕਿ ਭੀੜ ਵਿਚੋਂ ਘੁੰਮਣ ਕੁਰਸੀ 'ਤੇ ਆ ਰਹੀਆਂ ਮਾਂ-ਧੀ ਮੇਰੀ ਨਜ਼ਰੇ ਪੈ ਗਈਆਂ, ਹੱਥ ਵਿਚਲੀ ਫਾਈਲ ਤੇ ਚਿਹਰਿਆਂ ਉਤਲੀ ਨਿਰਾਸ਼ਾ ਨੇ ਮੈਨੂੰ ਬਦੋਬਦੀ ਓਧਰ ਨੂੰ ਤੋਰ ਲਿਆ, ਦੋਵਾਂ ਨੂੰ ਰੋਕਿਆ, ਤਾਂ ਨੰਨੀ ਤਰਨਜੀਤ ਦੀ ਵੱਡੀ ਸਾਰੀ ਮੁਸਕਰਾਹਟ ਮੇਰੇ ਦਿਲ ਵਿੱਚ ਲਹਿ ਗਈ। ਗੱਲਾਂ ਕਰਦਿਆਂ ਪਤਾ ਲੱਗਿਆ ਕਿ ਮਾਂ-ਧੀ ਅਪਾਹਜਾਂ ਨੂੰ ਮਿਲਦੀ ਪੈਨਸ਼ਨ ਬਾਰੇ ਅਰਜ਼ੀ ਦੇਣ ਲਈ ਵੱਡੇ ਬਾਪੂ ਨੂੰ ਮਿਲਣ ਆਈਆਂ ਸਨ। ਅਰਜ਼ੀ ਦੇਖੀ ਤਾਂ ਹੈਰਾਨੀ ਵਿੱਚ ਮੇਰੇ ਜ਼ਿਹਨ ਦਾ ਸਾਰਾ ਬੰਦ ਤੰਤਰ ਵੀ ਖੁੱਲ ਗਿਆ.. ਤੁਹਾਡਾ ਵੀ ਖੁੱਲ ਜਾਣੈ..

ਅਰਜ਼ੀ ਵਿੱਚ ਇਕ ਸਵਾਲ ਹੈ ਕਿ ਪੰਜਾਬ ਸਰਕਾਰ ਪੇਂਡੂ ਵਿਦਿਆਰਥੀਆਂ ਨੂੰ ਅਪਾਹਜ ਹੋਣ 'ਤੇ ਵਜ਼ੀਫਾ ਦਿੰਦੀ ਹੈ, ਪਰ ਸ਼ਹਿਰੀ ਅਪਾਹਜ ਬੱਚਿਆਂ ਨੂੰ ਵਜ਼ੀਫਾ ਨਹੀਂ ਦਿੰਦੀ.. ਕਿਉਂ?

ਪਿੰਡਾਂ ਵਾਲੇ ਅਪਾਹਜ ਤਾਂ ਅਪਾਹਜ ਨੇ, ਪਰ ਸ਼ਹਿਰੀ ਹਲਕਿਆਂ ਵਿੱਚ ਜੰਮਣ ਵਾਲੇ ਅਪਾਹਜ ਪੰਜਾਬ ਸਰਕਾਰ ਦੀ ਨਜ਼ਰ ਵਿੱਚ ਅਪਾਹਜ ਨਹੀਂ?

ਆਰ ਟੀ ਆਈ ਪਾਈ ਹੈ, ਉਸ ਵਿੱਚ ਗੋਲ ਮੋਲ ਜੁਆਬ ਆਇਆ ਹੈ ਕਿ ਅਪਾਹਜਤਾ ਦੇ ਵਜ਼ੀਫੇ ਦੇ ਹੱਕਦਾਰ ਸਿਰਫ ਪੇਂਡੂ ਵਿਦਿਆਰਥੀ ਹਨ, ਉਹ ਵੀ ਉਹੀ ਜਿਹਨਾਂ ਦੇ ਮਾਪਿਆਂ ਦੀ ਮਹੀਨੇ ਦੀ ਆਮਦਨ 5 ਹਜ਼ਾਰ ਤੋਂ ਘੱਟ ਹੈ। ਹੋਰ ਵਜਾ ਕੋਈ ਨਹੀਂ ਦੱਸੀ ਗਈ..।

ਅਜੀਬ ਮਾਮਲਾ ਹੈ,

ਡਿਪਟੀ ਕਮਿਸ਼ਨਰ ਕਪੂਰਥਲਾ, ਬਲਾਕ ਪ੍ਰਾਇਮਰੀ ਅਫਸਰ ਕਪੂਰਥਲਾ ਤੇ ਸਮਾਜਿਕ ਸੁਰੱਖਿਆ ਅਫਸਰ ਕਪੂਰਥਲਾ ਸਭ ਨੇ ਲਿਖਤੀ ਜੁਆਬ ਦਿੱਤੇ ਨੇ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਹਨ ਕਿ ਅਪਾਹਜ ਹੋਣ ਦੀ ਸੂਰਤ ਵਿੱਚ ਸਿਰਫ ਪੇਂਡੂ ਬੱਚਿਆਂ ਨੂੰ ਹੀ ਵਜ਼ੀਫਾ ਮਿਲਦੇ।

ਸਰਕਾਰ ਦਾ ਵਾਰ ਵਾਰ ਦਰ ਖੜਕਾਉਣ ਵਾਲੇ ਇਸ ਪਰਿਵਾਰ ਨੂੰ ਮਿਲੋ ਤਾਂ ਪਤਾ ਲੱਗਦਾ ਹੈ ਜ਼ਿੰਦਗੀ ਸਲਾਮ ਕਿਵੇਂ ਕਰਵਾਉਂਦੀ ਹੈ..

ਸ਼ੇਰਗੜ ਮੁਹੱਲੇ ਦੀ ਭੀੜੀ ਜਿਹੀ ਗਲੀ ਦੀ ਪਹਿਲੀ ਨੁੱਕਰੇ ਢਾਈ ਕੁ ਮਰਲੇ ਦੀ ਹਨੇਰੀ ਜਿਹੀ ਦੋ-ਮੰਜ਼ਲਾ ਘਰ ਅਖਵਾਉਂਦੀ ਡਿਗੂੰ ਡਿਗੂੰ ਕਰਦੀ ਇਮਾਰਤ ਹੈ, ਉਪਰਲੀ ਮੰਜ਼ਲ 'ਤੇ ਪੌੜੀਆਂ ਚੜਦਿਆਂ ਇਕ ਨਿੱਕਾ ਜਿਹਾ ਕਮਰਾ, ਜਿਸ ਨੂੰ ਰਸੋਈ, ਬੈਡ ਰੂਮ, ਲਿਵਿੰਗ ਰੂਮ, ਡਰਾਇੰਗ ਰੂਮ, ਸਟੋਰ ਜੋ ਮਰਜ਼ੀ ਕਹਿ ਲਓ, ਉਥੇ ਇਕ ਕਮਰੇ ਵਿੱਚ ਚਾਰ ਜੀਆਂ ਦਾ ਇਹ ਪਰਿਵਾਰ ਰਹਿੰਦਾ ਹੈ। ਕਮਰੇ ਵਿੱਚ ਪੈਰ ਰੱਖਦਿਆਂ ਅਜੀਬ ਜਿਹੀ ਸੜਾਂਦ ਸਿਰ ਚਕਰਾਅ ਦਿੰਦੀ ਹੈ, ਮੇਰਾ ਉਸ ਕਮਰੇ ਵਿੱਚ ਇਕ ਪਲ ਰੁਕਣਾ ਦਮ ਘੁੱਟਣਾ ਕਰ ਦਿੰਦਾ ਹੈ, (ਅਖੌਤੀ ਮੱਧ ਵਰਗੀ ਮੁਸ਼ਕ ਛੁਪਾਉਂਦੀਆਂ



ਸਾਲਾਨਾ ਵਿਗਿਆਨ ਪ੍ਰਦਰਸ਼ਨੀ

ਜ਼ਿਲ੍ਹਾ ਕਪੂਰਥਲਾ

ਪ੍ਰਮਾਣ-ਪੱਤਰ

ਸੈਸ਼ਨ :..2015-16........ ਪੱਧਰ :..Elementary

ਤਸਦੀਕ ਕੀਤਾ ਜਾਂਦਾ ਹੈ ਕਿ ..Taranjit Kaur................ਅਧਿਆਪਕ/ਵਿਦਿਆਰਥੀ/ਵਿਦਿਆਰਥਣ

ਅਹੁਦਾ/ਜਮਾਤ........VI..............ਸਕੂਲ...Govt Middle School, TopKhana..............ਨੇ

ਮਿਤੀ.05.11.15.....ਤੋਂ..............ਤੱਕ ਤਹਿਸੀਲ / ਜ਼ਿਲ੍ਹਾ-ਪੱਧਰ ਦੀ..Bhto Lee Lesson Sr. Sec.....

ਸਕੂਲ..Kapurthala.ਵਿਖੇ ਲਗਾਈ ਵਿਗਿਆਨ ਪ੍ਰਦਰਸ਼ਨੀ ਵਿੱਚ ਭਾਗ ਲਿਆ ਅਤੇ ਉਸਨੇ ਪ੍ਰਤੀਯੋਗਤਾ/ਵਿਸ਼ਾ-ਵਸਤੂ

..........................................ਵਿੱਚ....First..........ਸਥਾਨ ਪ੍ਰਾਪਤ ਕੀਤਾ।

ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ
ਕਪੂਰਥਲਾ
ਮਿਤੀ : 5/11/2015

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਕਪੂਰਥਲਾ


ਮਿਲਦਾ ਹੈ, ਸ਼ਹਿਰੀਆਂ ਨੂੰ ਨਹੀਂ।


ਇਸ ਮਾਮਲੇ ਵਿੱਚ ਅਫਸਰਸ਼ਾਹੀ ਦੋਸ਼ ਮੁਕਤ ਹੈ, ਸਵਾਲਾਂ ਦੇ ਘੇਰੇ ਵਿੱਚ ਸਰਕਾਰ ਹੈ। ਤੇ ਸਰਕਾਰ ਜੀ ਕਹਿੰਦੀ ਹੈ, ਸਵਾਲ ਕਰੋ ਹੀ ਕੋਈ ਨਾ..।

ਨਹੀਂ ਕਰਦੇ, ਪਰ ਗੱਲ ਤਾਂ ਕਰ ਹੀ ਸਕਦੇ ਹਾਂ--

ਅਜਿਹੇ ਅਣਗਿਣਤ ਬੱਚੇ ਪੂਰੇ ਪੰਜਾਬ ਦੇ ਸ਼ਹਿਰੀ ਹਲਕਿਆਂ ਵਿੱਚ ਹੋਣਗੇ, ਜਿਹਨਾਂ ਦੇ ਸੁਪਨੇ ਮਰ ਰਹੇ ਨੇ, ਜਾਂ ਮਰ ਚੁੱਕੇ ਹੋਣਗੇ, ਜੇ ਸਰਕਾਰ ਵਿੱਤੀ ਮਦਦ ਕਰੇ ਤਾਂ ਮਾਪਿਆਂ ਨੂੰ ਕੁਝ ਹੌਸਲਾ ਮਿਲ ਜਾਂਦਾ ਹੈ.. ਭਾਰ ਕੁਝ ਘਟ ਜਾਂਦਾ ਹੈ.. ਅਜਿਹੀ ਹਾਲਤ ਵਾਲੇ ਬੱਚੇ ਨੂੰ ਸੰਭਾਲਣ ਲਈ ਪਰਿਵਾਰ ਕਿਹੋ ਜਿਹੇ ਹਾਲਤਾਂ ਵਿਚੋਂ ਗੁਜ਼ਰਦਾ ਹੈ, ਜਿਸ ਤਨ ਲਾਗੇ ਸੋ ਤਨ ਜਾਣੇ..

ਤੇ ਹਰੇਕ ਅਪਾਹਜ ਬੱਚੇ ਨੂੰ ਤਰਨਜੀਤ ਕੌਰ ਦੀ ਮਾਂ ਗੁਲਸ਼ਨ ਕੁਮਾਰੀ ਤੇ ਪਿਤਾ ਯਸ਼ਪਾਲ ਵਰਗੇ ਹੌਸਲੇ ਵਾਲੇ ਮਾਪੇ ਨਹੀਂ ਅਤਰ ਫਲੇਲੀ ਖੁਸ਼ਬੂਆਂ ਦੀ ਆਦਤ ਜੁ ਹੈ ਮੈਨੂੰ).. ਮੈਂ ਕਮਰੇ ਵਿਚੋਂ ਬਾਹਰ ਨਿਕਲ ਆਈ, ਕਮਰੇ ਦੇ ਕੋਲ ਹੀ ਦੋ ਕੁ ਮੰਜੇ ਡਹਿਣ ਜੋਗਾ ਵਿਹੜੇ ਜਿਹਾ ਵੀ ਹੈ, ਮੈਂ ਓਥੇ ਬਾਹਰ ਬੈਠਣ ਲਈ ਕਿਹਾ ਤਾਂ ਗੁਲਸ਼ਨ ਕੁਮਾਰੀ 14 ਸਾਲਾ ਤਰਨਜੀਤ ਨੂੰ ਕੁੱਛੜ ਚੁੱਕ ਕੇ ਲੈ ਆਈ ਤੇ ਘੁੰਮਣ ਕੁਰਸੀ 'ਤੇ ਬਿਠਾ ਦਿੱਤਾ।





ਤਰਨਜੀਤ ਦਾ ਲੱਕ ਤੋਂ ਹੇਠਲਾ ਹਿੱਸਾ ਬੇਜਾਨ ਹੈ, ਨਾ ਦਰਦ ਮਹਿਸੂਸ ਹੁੰਦਾ ਹੈ, ਨਾ ਕੋਈ ਹਿੱਲ-ਜੁੱਲ, ਨਾ ਲੈਟਰੀਨ-ਬਾਥਰੂਮ ਦਾ ਪਤਾ ਲੱਗਦਾ, ਹਰ ਵਕਤ ਡਾਇਪਰ ਲਾ ਕੇ ਰੱਖਣਾ ਪੈਂਦਾ ਹੈ। ਮਾਂ ਦਿਹਾੜੀ ਵਿੱਚ ਪੰਜ ਛੇ ਵਾਰ ਡਾਇਪਰ ਬਦਲਦੀ ਹੈ, ਹੋਰ ਕੋਈ ਇਹ ਕੰਮ ਨਹੀਂ ਕਰ ਸਕਦਾ ਤੇ ਨਾ ਹੀ ਕਰਦਾ ਹੈ। ਇਸੇ ਵਜਾ ਕਰਕੇ ਮਾਂ ਕਿਤੇ ਜਾ ਨਹੀਂ ਸਕਦੀ, ਹਰ ਵਕਤ ਧੀ ਲਈ ਹਾਜ਼ਰ ਰਹਿੰਦੀ ਹੈ।

ਖੁਦਾ ਇਸ ਮਾਂ ਨੂੰ ਖਵਾਜ਼ੇ ਜਿੰਨੀ ਉਮਰ ਬਖਸ਼ੇ, ਮੇਰੇ ਨਾਸਤਿਕ ਦਿਲ 'ਚੋਂ ਦੁਆ ਨਿਕਲ ਰਹੀ ਸੀ। ਮਾਂ ਨੂੰ ਬੱਚਿਆਂ ਦੀ ਗੰਦਗੀ ਤੋਂ ਕਰਹਿਤ ਨਹੀਂ ਆਉਂਦੀ, ਬੱਚੇ ਚਾਹੇ ਕਿੰਨੇ ਵੱਡੇ ਕਿਉਂ ਨਾ ਹੋ ਜਾਣ। ਸਾਨੂੰ ਬੱਚਿਆਂ ਨੂੰ ਮਾਂ ਦੇ ਮੁੜਕੇ ਵਿਚੋਂ ਵੀ ਮੁਸ਼ਕ ਆਉਣ ਲੱਗ ਜਾਂਦੀ ਹੈ ਕਈ ਵਾਰ..

ਗੁਲਸ਼ਨ ਕੁਮਾਰੀ ਨੇ ਦੱਸਿਆ ਕਿ ਤਰਨਜੀਤ ਦੇ ਜਮਾਂਦਰੂ ਰੀੜ ਦੀ ਹੱਡੀ 'ਤੇ ਰਸੌਲੀ ਸੀ, ਜਿਸ ਦਾ ਛੇ ਮਹੀਨੇ ਦੀ ਉਮਰ ਵਿੱਚ ਅਪ੍ਰੇਸ਼ਨ ਹੋਇਆ ਤਾਂ ਉਸ ਦਾ ਲੱਕ ਤੋਂ ਹੇਠਲਾ ਹਿੱਸਾ ਬੇਜਾਨ ਹੋ ਗਿਆ, ਜਿਸ ਦਾ ਕੋਈ ਇਲਾਜ ਨਹੀਂ, ਪਰ ਫੇਰ ਵੀ ਮਾਪੇ ਕੋਈ ਥਾਂ ਨਹੀਂ ਛੱਡਦੇ, ਜਿੱਥੇ ਵੀ ਕੋਈ ਦੱਸਦਾ ਹੈ, ਓਥੇ ਬੱਚੀ ਨੂੰ ਚੁੱਕ ਤੁਰਦੇ ਨੇ, ਜੈਪੁਰ ਤੱਕ ਲੈ ਕੇ ਗਏ, ਸੰਗਰੂਰ ਕਿਸੇ ਮਾਲਸ਼ੀਏ ਦੀ ਦੱਸ ਪਾਈ ਤਾਂ ਪੂਰਾ ਇਕ ਵਰਾ ਓਥੇ ਰਹਿ ਕੇ ਇਲਾਜ ਵਾਲਾ ਓਹੜ ਪੋਹੜ ਕਰਵਾਉਂਦੇ ਰਹੇ, ਪਰ ਕੋਈ ਫਰਕ ਨਾ ਪਿਆ ਤਾਂ ਵਾਪਸ ਮੁੜ ਆਏ। ਅੱਜ ਕੱਲ ਮੁੰਬਈ ਤੋਂ ਲੁਧਿਆਣੇ ਕੈਂਪ ਲਾਉਣ ਆਉਂਦੇ ਹੋਮਿਓਪੈਥਿਕ ਡਾਕਟਰ ਕੋਲੋਂ 6 ਮਹੀਨਿਆਂ ਬਾਅਦ ਦਵਾਈ ਲੈਣ ਜਾਂਦੇ ਨੇ, ਪਰ ਫਰਕ ਇਸ ਨਾਲ ਵੀ ਕੋਈ ਨਹੀਂ.. ਸਿਰਫ ਮਨ ਦੀ ਤਸੱਲੀ ਹੈ ਤੇ ਕਿਸੇ ਚਮਤਕਾਰ ਦੀ ਆਸ ਵੀ..।

ਗੁਲਸ਼ਨ ਕੁਮਾਰੀ ਖੁਦ ਸਿਲਾਈ ਦਾ ਕੰਮ ਕਰਦੀ ਹੈ, ਪਰ ਕਿਰਤ ਦਾ ਮੁੱਲ ਦੇਣ ਦੀ ਥਾਂ ਲਿਹਾਜ਼ ਵਾਲੇ ਉਸ ਦੀ ਕਿਰਤ ਨਚੋੜ ਲਿਜਾਂਦੇ ਨੇ, ਬਿਊਟੀ ਪਾਰਲਰ ਦਾ ਕੰਮ ਵੀ ਸਿੱਖੀ ਹੋਈ ਹੈ, ਘਰ ਦੀ ਹਾਲਤ ਮੈਂ ਦੱਸ ਚੁੱਕੀ ਹਾਂ, ਅਜਿਹੀ ਥਾਂ ਬੀਬੀਆਂ ਕਿੱਥੋਂ ਆਉਂਦੀਆਂ ਨੇ, ਉਸ ਨੂੰ ਘਰ ਸੱਦ ਲੈਂਦੀਆਂ ਨੇ, ਤੇ ਗੁਲਸ਼ਨ ਕੁਮਾਰੀ ਤਰਨਜੀਤ ਨੂੰ ਸਕੂਲ ਛੱਡ ਕੇ ਸੱਦਾ ਦੇਣ ਵਾਲੀਆਂ ਬੀਬੀਆਂ ਦੇ ਘਰੀਂ ਫੇਸ਼ੀਅਲ, ਥਰੈਡਿੰਗ ਆਦਿ ਕਰ ਆਉਂਦੀ ਹੈ। ਦੋਵਾਂ ਕੰਮਾਂ ਵਿਚੋਂ ਉਸ ਨੂੰ ਮਹੀਨੇ ਦੀ 3 ਕੁ ਹਜ਼ਾਰ ਦੇ ਕਰੀਬ ਆਮਦਨ ਹੁੰਦੀ ਹੈ। ਕਦੀ ਕਦੀ ਏਨੀ ਵੀ ਨਹੀਂ ਹੁੰਦੀ। ਤਰਨਜੀਤ ਦਾ ਪਿਤਾ ਯਸ਼ਪਾਲ ਇਨਵਰਟਰ ਤੇ ਬੈਟਰੀਆਂ ਦਾ ਕੰਮ ਕਰਦਾ ਸੀ, ਪਰ ਕੁਝ ਸਾਲ ਪਹਿਲਾਂ ਦੁਕਾਨ ਦੇ ਮਾਲਕ ਨੇ ਦੁਕਾਨ ਵਿਹਲੀ ਕਰਵਾ ਲਈ ਤਾਂ ਕੰਮ ਵੀ ਛੁੱਟ ਗਿਆ। ਘਰ ਵਿੱਚ ਤਾਂ ਆਪਣੇ ਬਹਿਣ ਪੈਣ ਜੋਗੀ ਮਸਾਂ ਥਾਂ ਹੈ, ਬੈਟਰੀਆਂ, ਇਨਵਰਟਰ ਕਿੱਥੇ ਰੱਖਦਾ। ਚਾਰ ਸਾਲ ਲਗਾਤਾਰ ਵਿਹਲਾ ਹੀ ਰਿਹਾ, ਕਿਤੇ ਕੰਮ ਨਾ ਮਿਲਿਆ, ਹੁਣ 6-7 ਮਹੀਨੇ ਪਹਿਲਾਂ ਆਰ ਓ ਲਾਉਣ ਦਾ ਕੰਮ ਤੁਰਿਆ ਹੈ, ਘਰ ਘਰ ਜਾ ਕੇ ਆਰ ਓ ਫਿੱਟ ਕਰਦਾ ਹੈ, ਆਮਦਨੀ ਪੱਕੀ ਨਹੀਂ, ਪਰ ਮਹੀਨੇ ਦਾ ਅੰਦਾਜ਼ਨ 3-4 ਕੁ ਹਜ਼ਾਰ ਕਮਾ ਲੈਂਦਾ ਹੈ, ਕਦੇ ਕਦੇ ਇਸ ਤੋਂ ਅੱਧੀ ਕਮਾਈ ਹੁੰਦੀ ਹੈ।

ਮੈਂ ਓਥੇ ਬੈਠੀ ਉਂਗਲਾਂ ਦੇ ਪੋਟਿਆਂ 'ਤੇ ਕਮਾਈ ਤੇ ਖਰਚੇ ਵਾਲੇ ਜਮਾ ਜਰਬਾਂ ਕਰ ਰਹੀ ਸੀ ਕਿ ਤਰਨਜੀਤ ਦੇ ਹਰ ਰੋਜ਼ 5-6 ਡਾਇਪਰ ਲੱਗਦੇ ਨੇ, ਮਹੀਨੇ ਦਾ 2 ਕੁ ਹਜ਼ਾਰ ਤਾਂ ਇਹੀ ਸਿੱਧਾ ਖਰਚਾ ਹੈ, ਚਾਰ ਜੀਆਂ ਦੀ ਚਾਹ-ਰੋਟੀ, ਬਿਜਲੀ, ਪਾਣੀ ਦੇ ਬਿੱਲ, ਤਰਨਜੀਤ ਦੀ ਦਵਾਈ ਦਾ ਖਰਚਾ, ਬੱਚੇ ਬੇਸ਼ੱਕ ਸਰਕਾਰੀ ਸਕੂਲ ਵਿੱਚ ਪੜਦੇ ਨੇ ਪਰ ਖਰਚਾ ਤਾਂ ਫੇਰ ਵੀ ਹੁੰਦਾ ਹੈ, ਇਸ ਹਿਸਾਬ ਨਾਲ ਤਾਂ ਪੂਰੀ ਵੀ ਨਹੀਂ ਪੈਂਦੀ ਹੋਣੀ। ਪਰ ਗੁਲਸ਼ਨ ਹੱਸਦੀ ਹੋਈ ਦੱਸਦੀ ਹੈ ਕਿ ਦੋਵਾਂ ਦੀ ਆਮਦਨ ਨਾਲ ਘਰ ਦੇ ਖਰਚੇ ਬੱਸ ਰਿੜੀ ਜਾਂਦੇ ਨੇ। ਉਸ ਦੇ ਬੋਲਾਂ ਵਿੱਚ ਅੰਤਾਂ ਦਾ ਸਬਰ ਸੰਤੋਖ ਹੈ।

ਕਹਿੰਦੇ ਨੇ ਮੂਲ ਨਾਲੋਂ ਵਿਆਜ ਪਿਆਰਾ, ਪਰ ਕਹੌਤ ਝੂਠੀ ਵੀ ਹੋ ਸਕਦੀ ਹੈ, ਇਸ ਗਰਜ਼ਾਂ ਮਾਰੇ ਸੰਸਾਰ ਵਿੱਚ ਤਾਂ ਹੋ ਹੀ ਸਕਦੀ ਹੈ.. ਘਰ ਵਿੱਚ ਹੇਠਲੀ ਮੰਜ਼ਲ ਵਿੱਚ ਤਰਨਜੀਤ ਦੀ ਦਾਦੀ ਗਿਆਨ ਦੇਵੀ ਆਪਣੇ ਛੋਟੇ ਨੂੰਹ ਪੁੱਤ ਨਾਲ ਰਹਿੰਦੀ ਹੈ, ਵਿਧਵਾ ਗਿਆਨ ਦੇਵੀ ਨੂੰ ਘਰ ਬੈਠੀ ਨੂੰ ਸਰਕਾਰ ਪਤੀ ਦੀ ਨੌਕਰੀ ਵਾਲੀ 20 ਕੁ ਹਜ਼ਾਰ ਦੇ ਕਰੀਬ ਪੈਨਸ਼ਨ ਦਿੰਦੀ ਹੈ, ਸਰਕਾਰੀ ਨੌਕਰੀ ਦੀ ਮਿਲਦੀ ਪੈਨਸ਼ਨ ਦੇ ਸਿਰ 'ਤੇ ਉਸ ਦੇ ਛੋਟੇ ਨੂੰਹ ਪੁੱਤ ਵਿਹਲ ਮਾਣਦੇ ਨੇ, ਪੁੱਤ ਨਸ਼ਾ ਪੱਤਾ ਵੀ ਕਰਦਾ ਹੈ, ਮੈਨੂੰ ਓਥੇ ਵੇਖ ਦਾਦੀ ਗਿਆਨ ਦੇਵੀ ਦਾ ਮੂੰਹ ਕੌੜ ਤੂੰਬੇ ਦਾ ਸਵਾਦ ਚੱਖੇ ਵਾਂਗ ਹੋ ਗਿਆ, ਉਸ ਨੂੰ ਹਰ ਉਹ ਸ਼ਖਸ ਜ਼ਹਿਰੀ ਲੱਗਦਾ ਹੈ ਜੋ ਤਰਨਜੀਤ ਕੌਰ ਦਾ ਹਮਦਰਦ ਹੈ।

ਦਾਦੀ ਮਾਂ ਦਰਜਨਾਂ ਵਾਰ ਪੁਲਿਸ ਕੋਲ ਲਿਖਤੀ ਅਰਜ਼ੀਆਂ ਦੇ ਕੇ ਆਈ ਹੈ ਕਿ ਉਸ ਦੇ ਵੱਡੇ ਨੂੰਹ ਪੁੱਤ ਤੇ ਪੋਤੀ ਪੋਤੇ ਨੂੰ ਘਰੋਂ ਕੱਢਿਆ ਜਾਵੇ, ਕਿਉਂਕਿ ਕੁੜੀ ਵਿੱਚੇ ਪਿਸ਼ਾਬ ਕਰਦੀ ਹੈ, ਤੇ ਉਸ ਨੂੰ ਮੁਸ਼ਕ ਚੜਦੀ ਹੈ। ਕਦੇ ਵਿਮੈਨ ਸੈਲ, ਕਦੇ ਸਦਰ ਥਾਣੇ ਤੇ ਕਦੇ ਐਸ ਐਸ ਪੀ ਦੇ ਸ਼ਿਕਾਇਤ ਕਰਦੀ ਹੈ, ਪੁਲਿਸ ਕਈ ਵਾਰ ਆਉਂਦੀ, ਪਰ ਸਮਝਾ ਕੇ ਮੁੜ ਜਾਂਦੀ ਹੈ ਕਿ ਕਿਸੇ ਨੂੰ ਇਉਂ ਘਰੋਂ ਨਹੀਂ ਕੱਢਿਆ ਜਾ ਸਕਦਾ, ਫੇਰ ਦਾਦੀ ਮਾਂ ਆਪਣੀ ਅਪਾਹਜ ਪੋਤੀ ਜੰਮਣ ਵਾਲੀ ਨੂੰਹ ਦੀ ਕੁੱਟਮਾਰ ਕਰਦੀ ਹੈ, ਗਾਲੀ ਗਲੋਚ ਕਰਦੀ, ਉਸ ਦੇ ਚਰਿੱਤਰ 'ਤੇ ਸ਼ਬਦੀ ਵਾਰ ਕਰ ਜਾਂਦੀ ਹੈ।

ਐਨੀ ਜ਼ਲਾਲਤ ਐਨਾ ਦਰਦ ਐਨੇ ਕਸ਼ਟ ਝੱਲ ਰਹੇ ਤਰਨਜੀਤ ਦੇ ਮਾਪਿਆਂ ਨੂੰ ਇਕ ਵਾਰ ਜਲੰਧਰ ਦੇ ਇਕ ਆਸ਼ਰਮ ਦੇ ਪ੍ਰਬੰਧਕਾਂ ਨੇ ਸੁਲਾਹ ਮਾਰੀ ਸੀ ਕਿ ਅਪਾਹਜ ਕੁੜੀ ਨੂੰ ਕਦ ਤੱਕ ਢੋਂਹਦੇ ਫਿਰੋਗੇ, ਆਸ਼ਰਮ ਵਿੱਚ ਛੱਡ ਜਾਓ, ਤਾਂ ਮਾਂ ਦੀਆਂ ਆਂਦਰਾਂ ਤੜਪ ਉਠੀਆਂ ਸਨ ਤੇ ਜੁਆਬ ਦਿੱਤਾ ਸੀ ਕਿ ਮੇਰਾ ਤਾਂ ਹਰ ਸਾਹ ਮੇਰੀ ਬੱਚੀ ਦੇ ਲੇਖੇ ਹੈ..

ਤਰਨਜੀਤ ਸਰਕਾਰੀ ਹਾਈ ਸਕੂਲ ਤੋਪਖਾਨਾ ਦੀ 7ਵੀਂ ਜਮਾਤ ਦੀ ਵਿਦਿਆਰਥਣ ਹੈ, ਮਾਂ ਹੀ ਉਸ ਨੂੰ ਸਕੂਲ ਛੱਡ ਕੇ ਆਉਂਦੀ ਹੈ ਤੇ ਲੈ ਕੇ ਆਉਂਦੀ ਹੈ। ਉਹ ਹਰ ਜਮਾਤ ਵਿਚੋਂ 85 ਫੀਸਦੀ ਤੋਂ ਵੱਧ ਅੰਕ ਹਾਸਲ ਕਰਦੀ ਹੈ। ਵਿਗਿਆਨ ਉਸ ਦਾ ਪਸੰਦੀਦਾ ਵਿਸ਼ਾ ਹੈ, ਸਾਇੰਸ ਦੀ ਪ੍ਰਦਰਸ਼ਨੀ ਵਿੱਚ ਅਕਸਰ ਹਿੱਸਾ ਲੈਂਦੀ ਹੈ, ਬਹੁਤ ਵਾਰ ਸਨਮਾਨ ਵਿੱਚ ਸ਼ੀਲਡਾਂ ਲੈ ਕੇ ਆਈ ਹੈ। ਲੀਡਰ ਲੋਕ ਜਿਹਨਾਂ ਵਿੱਚ ਰਾਣਾ ਗੁਰਜੀਤ ਸਿੰਘ ਐਮ ਐਲ ਏ ਵੀ ਸ਼ਾਮਲ ਹਨ, ਮਾਣ ਨਾਲ ਬੱਚੀ ਦੇ ਬਰਾਬਰ ਬਹਿ ਕੇ ਫੋਟੋਆਂ ਲੁਹਾਉਂਦੇ ਨੇ, ਪਰ ਕਦੇ ਕਿਸੇ ਨੇ ਗੁਰਬਤ ਦੀਆਂ ਮੁਸ਼ਕੀਆਂ ਹਲਾਤਾਂ ਵਿੱਚ ਖਿੜ ਰਹੀ ਇਸ ਕਲੀ ਨੂੰ ਓਟ ਆਸਰਾ ਦੇਣ ਦੀ ਲੋੜ ਹੀ ਨਹੀਂ ਸਮਝੀ। ਤਰਨਜੀਤ ਬਹੁਤ ਪੜਨਾ ਚਾਹੁੰਦੀ ਹੈ, ਅਧਿਆਪਕ ਬਣਨਾ ਚਾਹੁੰਦੀ ਹੈ, ਘੁੰਮਣ ਫਿਰਨ ਦੀ ਸ਼ੌਕੀਨ, ਬੜੇ ਚਾਅ ਨਾਲ ਦੱਸਦੀ ਹੈ - ਮੈਂ ਗੋਇੰਦਵਾਲ ਸਾਹਿਬ ਵੀ ਗਈ, ਸ੍ਰੀ ਹਰਿਮੰਦਰ ਸਾਹਿਬ ਵੀ ਗਈ, ਬੇਰ ਸਾਹਿਬ ਵੀ ਜਾ ਕੇ ਆਈ, ਵੈਸ਼ਨੋ ਦੇਵੀ, ਚਿੰਤਪੁਰਨੀ ਦੇ ਵੀ ਜਾ ਕੇ ਆਈ ਹਾਂ।

ਗਾਉਂਦੀ ਬੜਾ ਸੋਹਣਾ ਹੈ- ਹਮ ਹੋਂਗੇ ਕਾਮਯਾਬ ਏਕ ਦਿਨ, ਗੀਤ ਗੁਣਗੁਣਾਉਂਦੀ ਹੈ।

ਉਹ ਬੱਸ ਮੁਸਕਰਾਉਣਾ ਜਾਣਦੀ ਹੈ, ਤੇ ਉਹਨੂੰ ਮਿਲਣ ਵਾਲਾ ਉਹਦੀ ਮੁਸਕਰਾਹਟ ਵਿੱਚ ਆਪਣੀ ਜ਼ਿੰਦਗੀ ਦੀ ਨਿਰਾਸ਼ਾ ਗਵਾ ਕੇ ਹੀ ਪਰਤੇਗਾ..

ਸ਼ੁਕਰੀਆ ਤਰਨਜੀਤ.. ਹੁਣ ਮੈਂ ਵੀ ਕਦੀ ਨਿਰਾਸ਼ ਨਹੀਂ ਹੁੰਦੀ..


# ਸ਼ਹਿਰੀ ਮੱਧ ਵਰਗ ਕਿਉਂ ਨੇ ਦਿਲ ਦੇ ਵੱਧ ਰੋਗੀ ?



ਡਾ. ਅਜੀਤਪਾਲ ਸਿੰਘ ਬਠਿੰਡਾ
98156-29301

ਸਾਡੇ ਦੇਸ਼ 'ਚ ਸ਼ਹਿਰੀ ਮੱਧ ਵਰਗ ਦੀਆਂ ਔਰਤਾਂ ਨੂੰ ਸ਼ਹਿਰੀ ਗਰੀਬ ਤੇ ਪੇਂਡੂ ਖੇਤਰ ਦੀਆਂ ਔਰਤਾਂ ਦੇ ਮੁਕਾਬਲੇ ਦਿਲ ਦੇ ਦੌਰੇ ਹੋਣ ਦੀ ਵੱਧ ਸੰਭਾਵਨਾ ਹੁੰਦੀ ਹੈ। ਇਕ ਸਟੱਡੀ 'ਚ ਇਹ ਸਿੱਟਾ ਸਾਹਮਣੇ ਆਇਆ ਹੈ ਕਿ ਸ਼ਹਿਰੀਕਰਨ ਹਾਰਟ-ਅਟੈਕ ਦੀ ਮੁੱਖ ਵਜ੍ਹਾ ਹੋ ਸਕਦਾਹੈ। ਦਿਲ ਦੀ ਬਿਮਾਰੀ ਦੇ ਕਾਰਨਾਂ ਦਾ ਪਤਾ ਲਾਉਣ ਲਈ ਕੀਤੇ ਗਏ ਅਧਿਐਨ ਵਿਚ ਦੇਸ਼ ਦੇ ਪੇਂਡੂ ਸ਼ਹਿਰੀ ਗਰੀਬ ਤੇ ਸ਼ਹਿਰੀ ਮੱਧ ਵਰਗ ਦੀਆਂ ਔਰਤਾਂ 'ਤੇ ਧਿਆਨ ਕੇਂਦਰਿਤ ਕੀਤਾ ਗਿਆ। 35 ਤੋਂ 70 ਸਾਲ ਦੀਆਂ ਕਰੀਬ 6853 ਔਰਤਾਂ 'ਤੇ ਸਰਵੇ ਕੀਤਾ ਗਿਆ। ਇਨ੍ਹਾਂ ਵਿਚ 2616 ਪੇਂਡੂ ਸ਼ਹਿਰੀ ਗਰੀਬ 2008 ਤੇ ਸ਼ਹਿਰੀ ਮੱਧ ਵਰਗੀ 2229 ਔਰਤਾਂ ਦੀ ਸਮਾਜਿਕ-ਆਰਥਿਕ ਸਥਿਤੀ, ਜੀਵਨ ਸ਼ੈਲੀ, ਮਾਨਸਿਕ ਹਾਲਤ ਤੇ ਜੈਵ ਰਸਾਇਣਕ ਖਤਰੇ ਦੇ ਕਾਰਕਾਂ 'ਤੇ ਅਧਾਰ 'ਤੇ ਅਧਿਐਨ ਕੀਤਾ ਗਿਆ। ਇਨ੍ਹਾਂ ਸਾਰਿਆਂ ਦਾ ਬਾਡੀ ਮਾਸ ਇੰਡੈਕਸ, ਲੱਕ, ਵੇਸਟਹਿਪ ਅਨੁਪਾਤ, ਸਿਸਟੌਲਿਕ ਬਲੱਡ ਪ੍ਰੈਸ਼ਰ, ਖਾਲੀ ਪੇਟ ਸ਼ੂਗਰ ਲੈਵਲ ਤੇ ਕਲੈਸਟ੍ਰੋਲ ਮਾਪੇ ਗਏ। ਜੋ ਅੰਕੜੇ ਨਿਕਲੇ ਉਹ ਹੈਰਾਨਕੁੰਨ ਰਹੇ। ਇਸ ਮੁਤਾਬਕ ਸ਼ਹਿਰੀ ਗਰੀਬ ਤੇ ਸ਼ਹਿਰੀ ਮੱਧ ਵਰਗੀ ਔਰਤਾਂ ਵਿਚ ਮਾਪ ਪੇਂਡ ਔਰਤਾਂ ਦੇ ਮੁਕਾਬਲਤਨ ਸਭ ਪੈਮਾਨੇ 'ਤੇ ਵੱਧ ਪਾਇਆ ਗਿਆ। ਉਮਰ ਆਧਾਰਤ ਸ਼ੂਗਰ ਦੀ ਬਿਮਾਰੀ ਦੀ ਸ਼ਿਕਾਇਤ ਤੇ ਹਾਰਟ ਦੀ ਬੀਮਾਰੀ ਦਾ ਘਾਤਕ ਕਾਰਕ ਗਰੀਬ ਤੇ ਸ਼ਹਿਰੀ ਮੱਧ ਵਰਗ ਦੀਆਂ ਔਰਤਾਂ ਵਿਚ ਔਰਤਾਂ ਦੇ ਮੁਕਾਬਲੇ ਵੱਧ ਪਾਇਆ ਗਿਆ। ਪੇਂਡੂ ਔਰਤਾਂ ਗਰੀਬ ਸ਼ਹਿਰੀ ਤੇ ਸ਼ਹਿਰ ਮੱਧਵਰਗੀ ਔਰਤਾਂ ਦੇ ਅੰਕੜਿਆਂ 'ਤੇ ਨਜ਼ਰੇ ਮਾਰੀਏ ਤਾਂ ਸ਼ੂਗਰ ਦੀ ਬਿਮਾਰੀ 2.2, 9.3 ਤੇ 17. 7 ਫੀਸਦੀ 'ਚ ਪਾਈ ਗਈ। ਇਸ ਤਰ੍ਹਾਂ ਬਾਡੀ ਮਾਸ ਇੰਡੈਕਸ (ਮੋਟਾਪੇ ਦਾ ਮਾਪਦੰਡ) 'ਚ ਤਿੰਨਾਂ ਵਰਗਾਂ ਦਾ ਅੰਕੜਾ 22.5, 45.6 ਤੇ 57.4 ਫੀਸਦੀ ਰਿਹਾ। 80 ਸੈਂਟੀਮੀਟਰ ਤੋਂ ਵੱਧ ਲੱਕ ਦੇ ਮਾਪ 'ਚ ਅੰਕੜਾ 28.3, 63.4, 61.9 ਫੀਸਦੀ ਰਿਹਾ। ਵੇਸਟ ਹਿਪ ਅਨੁਪਾਤ (ਮੋਟਾਪੇ ਦਾ ਇਕ ਹੋਰ ਪੈਮਾਨਾ) ਦੇ ਕੇਸ 'ਚ ਅੰਕੜਾ 60.4, 90.7, 88.5 ਫੀਸਦੀ ਰਿਹਾ। ਇਸ ਤਰ੍ਹਾਂ ਹਾਈ ਬਲੱਡ ਪ੍ਰੈਸ਼ਰ 'ਚ ਅੰਕੜਾ 13.5, 27.7, 37.4 ਫੀਸਦੀ ਰਿਹਾ। ਇਸ ਤਰ੍ਹਾਂ ਹਰ ਮਾਮਲੇ ਵਿਚ ਪੇਂਡੂ ਔਰਤਾਂ ਦੇ ਮੁਕਾਬਲੇ ਸ਼ਹਿਰੀ ਗਰੀਬ ਤੇ ਸ਼ਹਿਰੀ ਮੱਧ ਵਰਗੀ ਔਰਤਾਂ 'ਚ ਦਿਲ ਦੀ ਬਿਮਾਰੀ ਦਾ ਖਤਰਾ ਵੱਧ ਪਾਇਆ ਗਿਆ। ਫੋਰਟਿਸ ਸੀ-ਡਾਕ ਸੈਂਟਰ ਆਫ਼ ਐਕਸੀਲੈਂਸ, ਫਾਰ ਡਾਇਬਟੀਜ਼ ਮੈਟਾ ਬੌਲਿਕ ਡਿਸੀਜ਼ ਐਂਡ ਐਂਡੋਕਰੋਲੋਜੀ ਦੇ ਚੇਅਰਮੈਨ ਡਾਕਟਰ ਅਨੂਪ ਮਿਸ਼ਰਾ ਅਨੁਸਾਰ ਪੇਂਡੂ ਔਰਤਾਂ ਦੇ ਮੁਕਾਬਲੇ ਸ਼ਹਿਰੀ ਗਰੀਬ ਤੇ ਸ਼ਹਿਰੀ ਮੱਧਵਰਗੀ 'ਚ ਹਾਰਟ ਦੀ ਬਬੀਮਾਰੀ ਦੀ ਸੰਭਾਵਨਾ ਬਦਲਦੀ ਜੀਵਨ ਸ਼ੈਲੀ ਦਾ ਸੰਕੇਤ ਹੈ। ਤਣਾਅ, ਸ਼ੂਗਰ ਦੀ ਬੀਮਾਰੀ, ਭੱਜ ਦੌੜ, ਅਧਿਯਮਤ ਰੋਜ਼ਮਰਾਂ ਦੇ ਰੁਝੇਵੇਂ, ਖਾਣ ਪੀਣ 'ਚ ਲਾਹਪ੍ਰਵਾਹੀ, ਇਨ੍ਹਾਂ ਸਾਰਿਆਂ ਦੀ ਮੁੱਖ ਵਜ੍ਹਾ ਹੋ ਸਕਦੀ ਹੈ। ਸ਼ਹਿਰ ਦੀਆਂ ਪੇਂਡੂ ਤੇ ਮੱਧਵਰਗੀ ਔਰਤਾਂ 'ਚ ਇਹ ਖਤਰਾ ਜ਼ਿਆਦਾ ਹੈ। ਜੋ ਸਾਫ਼ ਸੰਕੇਤ ਹਨ ਕਿ ਸ਼ਹਿਰੀਕਰਨ ਦਿਲ ਦੀਆਂ ਬੀਮਾਰੀ ਦੀ ਇਕ ਮੁੱਖ ਵਜ੍ਹਾ ਕਿਹਾ ਜਾ ਸਕਦਾ ਹੈ। ਭਾਰਤ ਨੂੰ ਪੂਰੀ ਦੁਨੀਆ ਵਿਚ ਸ਼ੂਗਰੀ ਦੀ ਬਿਮਾਰੀ (ਡਾਇਬਟੀਜ਼) ਦੀ ਰਾਜਧਾਨੀ ਦਾ ਤਮਗਾ ਉਂਜ ਹੀ ਨਹੀਂ ਮਿਲ ਗਿਆ ਹੈ। ਵਿਸ਼ਵ ਸਿਹਤ ਸੰਗਠਨ ਦੇ ਅੰਕੜੇ ਮੁਤਾਬਿਕ ਪੂਰੀ ਦੁਨੀਆ 'ਚ ਸ਼ੂਗਰ ਦੀ ਬਿਮਾਰੀ ਸਾਲ 2030 ਤੱਕ ਸਤਵਾਂ ਸਭ ਤੋਂ ਵੱਡਾ ਜਾਨਲੇਵਾ ਰੋਗ ਬਣ ਜਾਵੇਗਾ ਜੋ ਗੁਰਦਾ ਫੇਲ੍ਹ ਅਤੇ ਅੰਨ੍ਹੇਪਣ ਦਾ ਸਭ ਤੋਂ ਵੱਡਾ ਕਾਰਨ ਬਣ ਜਾਵੇਗਾ। ਵਿਸ਼ਵ ਸਿਹਤ ਸੰਗਠਨ ਦੇ ਅੰਕੜਿਆਂ ਅਨੁਸਾਰ ਸਾਲ 2000 ਤੱਕ ਭਾਰਤ 'ਚ 3 ਕਰੋੜ 20 ਲੱਖ ਸ਼ੂਗਰ ਦੀ ਬੀਮਾਰੀ ਦੇ ਰੋਗੀ ਸਨ ਜੋ ਕਿ 2013 ਤੱਕ ਦੁਗਣੇ ਹੋ ਗਏ। ਇਹ ਅੰਕੜਾ ਦੇਸ਼ ਦੀ ਕੁਲ ਆਬਾਦੀ ਦਾ ਕਰੀਬ 3 ਫੀਸਦੀ ਹੈ। ਸ਼ੂਗਰ ਦੀ ਬੀਮਾਰੀ ਨੂੰ ਬਾਕੀ ਬੀਮਾਰੀਆਂ ਦੀ ਗੰਗੋਤਰੀ ਕਹਿ ਸਕਦੇ ਹਨ। ਇਸ ਤੋਂ ਪੀੜਤ ਹੋਣ ਪਿਛੋਂ ਹਰ ਗੰਭੀਰ ਬੀਮਾਰੀ ਦੀ ਮਾਰ ਹੇਠਆ ਜਾਣਾ ਮਹਿਜ਼ ਵਕਤ ਦੀ ਗੱਲ ਹੁੰਦੀ ਹੈ। 2028 ਤੱਕ ਸ਼ੂਗਰ ਦੀ ਬੀਮਾਰੀ ਦੇ ਰੋਗੀਆਂ ਦਾ ਅੰਕੜਾਂ 10 ਕਰੋੜ ਤੱਕ ਜਾਣ ਦਾ ਡਰ ਹੈ। ਦੁੱਖ ਇਹ ਹੈ ਕਿ ਨੌਜਵਾਨ 'ਚ ਸ਼ੂਗਰ ਦੀ ਬੀਮਾਰੀ ਦੇ ਅੰਕੜੇ ਤੇਜ਼ੀ ਨਾਲ ਵੱਧ ਰਹੇ ਹਨ। ਇਥੋਂ ਤੱਕ ਕਿ ਬੱਚਿਆਂ ਵਿਚ ਵੀ ਵੱਖ-ਵੱਖ ਤਰ੍ਹਾਂ ਦੇ ਸ਼ੂਗਰ ਦੀ ਬੀਮਾਰੀ ਦੇ ਕੇਸ ਸਾਹਮਣੇ ਆ ਰਹੇ ਹਨ। ਅਜਿਹੇ 'ਚ ਬੱਚਿਆਂ ਦੇ ਮਾਪੇ, ਸਕੂਲੀ ਅਧਿਆਪਕਾਂ ਤੇ ਸਾਕ-ਸਬੰਧੀਆਂ, ਵਾਰਸਾਂ ਦੀ ਜ਼ਿੰਮੇਵਾਰੀ ਬੇਹੱਦ ਵੱਧ ਗਈ ਹੈ-ਮਾਂ ਬਾਪ ਨੂੰ ਸ਼ੂਗਰ ਦੀ ਬੀਮਾਰੀ ਦੇ ਲੱਛਣਾਂ 'ਤੇ ਨਜ਼ਰ ਰੱਖਣੀ ਚਾਹੀਦੀ ਹੈ। ਇਸ ਬੀਮਾਰੀ ਤੋਂ ਪੀੜਤ ਬੱਚਾ ਵੱਧ ਪੇਸ਼ਾਬ, ਵੱਧ ਪਿਆਸ, ਭੁੱਖ, ਵਜ਼ਨ ਦੀ ਕਮੀ, ਥਕਾਵਟ, ਕਮਜ਼ੋਰੀ, ਪੇਟ ਦਰਦ ਆਦਿ ਸਮੱਸਿਆਵਾਂ ਨਾਲ ਗ੍ਰਸਿਤ ਰਹਿੰਦਾ ਹੈ। ਜੇ ਅਜਿਹੇ ਲੱਛਣ ਜ਼ਿਆਦਾ ਦਿਸਣ ਤਾਂ ਮਾਪਿਆਂ ਤੇ ਸਨੇਹੀਆਂ ਨੂੰ ਮਾਹਿਰ ਦੀ ਸਲਾਹ ਨਾਲ ਸ਼ੂਗਰ ਦੀ ਜਾਂਚ ਕਰਵਾ ਲੈਣੀ ਚਾਹੀਦੀ ਹੈ। ਡਾ. ਮਿਸ਼ਰਾ ਕਹਿੰਦੇ ਹਨ ਕਿ ਸ਼ੂਗਰ ਦੀ ਬਿਮਾਰੀ ਨੂੰ ਜੜ੍ਹੋਂ ਨਹੀਂ ਪੁੱਟਿਆ ਜਾ ਸਕਦਾ ਇਸ ਨੂੰ ਬੱਸ ਕੰਟਰੋਲ ਹੀ ਕੀਤਾ ਜਾ ਸਕਦਾ ਹੈ। ਸ਼ੂਗਰ ਦੀ ਬੀਮਾਰੀ ਦੇ ਹੋਰ ਲੱਛਣਾਂ 'ਚ ਵਾਰ-ਵਾਰ ਫੋੜੇ-ਫਿਸ਼ੀਆਂ ਹੋਣਾ ਤੇ ਜ਼ਖ਼ਮਾਂ ਦਾ ਅਸਾਨੀ ਨਾਲ ਨਾ ਭਰਨਾ, ਹੱਥਾਂ ਪੈਰਾਂ ਦੀ ਸੱਜ ਹੋਣੀ ਜਾਂ ਉਨ੍ਹਾਂ ਵਿਚ ਝੁਨਝਨਾਹਟ ਹੋਣੀ, ਲਕਵਾ ਹੋਣਾ ਜਾਂ ਦਿਲ ਦਾ ਦੌਰਾ ਪੈ ਜਾਣਾ, ਔਰਤਾਂ 'ਚ ਵੱਧ ਵਜ਼ਨ ਦੇ ਬੱਚੇ ਨੂੰ ਜਨਮ ਦੇਣਾ ਸ਼ਾਮਲ ਹਨ। ਇਨ੍ਹਾਂ 'ਚੋਂ ਇਕ ਤੋਂ ਵੱਧ ਲੱਛਣ ਹੋਣ 'ਤੇ ਸ਼ੂਗਰ ਦੀ ਬੀਮਾਰੀ ਦੀ ਜਾਂਚ ਕਰਵਾ ਲੈਣੀ ਚਾਹੀਦੀ ਹੈ। ਮਹਾਂਨਗਰਾਂ 'ਚ ਜੀਵਨ ਸ਼ੈਲੀ ਹੀ ਨਹੀਂ ਹੁਣ ਵਾਤਾਵਰਣ ਜਨਤ ਰੋਗਾਂ ਦੇ ਪੀੜਤ ਵੀ ਤੇਜ਼ੀ ਨਾਲ ਵੱਧ ਰਹੇ ਹਨ। ਦਿੱਲੀ ਤੇ ਪੰਜਾਬ ਦੇ ਹਸਪਤਾਲਾਂ 'ਚ ਸਾਹ ਦੀ ਬਿਮਾਰੀ (ਦਮਾ ਆਦਿ) ਦੇ ਰੋਗੀਆਂ ਦੀ ਗਿਣਤੀ ਅਚਾਨਕ ਹੀ ਵੱਧ ਗਈ ਹੈ। ਜੀਵਨਸ਼ੈਲੀ ਤੇ ਵਾਤਾਵਰਣ ਜਨਤ ਰੋਗਾਂ 'ਤੇ ਨਿਗਰਾਨੀ ਰੱਖਣੀ ਜ਼ਰੂਰੀ ਹੈ ਕਿਉਂਕਿ ਇਸ ਨਾਲ ਬਚਾਅ ਦਾ ਖਾਕਾ ਤਿਆਰ ਹੁੰਦਾ ਹੈ। ਸ਼ੂਗਰ ਦੀ ਬੀਮਾਰੀ ਕਿੰਨੀ ਘਾਤਕ ਹੈ ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਪੂਰੀ ਦੁਨੀਆ 'ਚ ਹੁਣ ਤੱਕ ਹੋਈਆਂ ਜੰਗਾਂ ਵਿਚ ਕੁਲ ਮਿਲਾ ਕੇ ਜਿੰਨੇ ਲਔਕ ਮਾਰੇ ਗਏ ਹਨ। ਉਸ ਤੋਂ ਵੱਧ ਲੋਕ ਪਿਛਲੇ ਇਕ ਦਹਾਕੇ ਵਿਚ ਸਿਰਫ਼ ਸ਼ੂਗਰ ਦੀ ਬੀਮਾਰੀ ਨਾਲ ਮਰੇ ਹਨ। ਸ਼ੂਗਰ ਦੀ ਬੀਮਾਰੀ ਦਿਲ ਤੇ ਦਿਮਾਗ ਦੀ ਬਲੱਡ ਸਪਲਾਈ 'ਚ ਅੜਿੱਕਾ, ਅੱਖਾਂ 'ਚ ਖ਼ੂਨ ਵਗਣਾ, ਅੰਨਾਪਣ ਤੇ ਗੁਰਦੇ 'ਚ ਨੁਕਸ ਪੈਦਾ ਕਰਦੀ ਹੈ। ਇਹ ਰੋਗ ਤੰਤ੍ਰਿਕਾ (ਨਰਵਸ) ਸਿਸਟਮ 'ਚ ਵਿਕਾਸ ਕਰਕੇ ਉਨ੍ਹਾਂ ਨੂੰ ਨਿਰਜੀਵ ਕਰ ਦਿੰਦਾ ਹੈ। ਸ਼ੂਗਰ ਦੀ ਬੀਮਾਰੀ ਦੇ ਰੋਗੀ ਦੀਆਂ ਧਮਣੀਆਂ ਸਖ਼ਤ ਹੋਣ ਲੱਗਦੀਆਂ ਹਨ। ਬਲੱਡ ਸਪਲਾਈ 'ਚ ਅੜਿੱਕਾ ਪੈਦਾ ਹੋਣ ਲੱਗਦਾ ਹੈ। ਨਰਵਸ ਦੀ ਸੰਵੇਦਨਸ਼ੀਲਤਾ ਘਟ ਜਾਂਦੀ ਹੈ। ਚਮੜੀ 'ਚ ਛੂਹਣ ਦੀ ਗੁਣ ਖਤਮ ਹੋਣ ਲੱਗਦਾ ਹੈ, ਜ਼ਖਮ ਹੌਲੀ-ਹੌਲੀ ਭਰਦੇ ਹਨ ਤੇ ਕਿਸੇ ਵੀ ਕਿਸਮ ਦੀ ਇੰਫੈਕਸ਼ਨ ਦੇ ਫੈਲਣ ਦੀ ਸੰਭਾਵਨਾ ਵੱਧ ਤੇਜ਼ ਹੋ ਜਾਂਦੀ ਹੈ ਜੇ ਸ਼ੂਗਰ ਦੇ ਨਾਲ ਬਲੱਡ ਪ੍ਰੈਸ਼ਰ ਦੀ ਬੀਮਾਰੀ ਵੀ ਹੋਵੇ ਤਾਂ ਉਨ੍ਹਾਂ 'ਚ ਦਿਲੀ ਦੇ ਦੌਰ ਕਾਰਨ ਮੌਤ ਹੋਣ ਦਾ ਡਰ ਤਿੰਨ ਗੁਣਾਂ ਵੱਧ ਜਾਂਦਾ ਹੈ। ਦੁਨੀਆ 'ਚ ਸ਼ੂਗਰ ਦੇ ਰੋਗੀਆਂ ਦੀ ਏਨੀ ਤੇਜ਼ੀ ਨਾਲ ਵਧਦੀ ਗਿਣਤੀ ਲਈ ਆਧੁਨਿਕ ਜੀਵਨਸ਼ੈਲੀ ਤੇ ਖਾਣ ਪੀਣ ਨੂੰ ਜ਼ਿੰਮੇਵਾਰ ਮੰਨਿਆ ਜਾਂਦਾ ਹੈ। ਕਈ ਕੇਸਾਂ 'ਚ ਇਹ ਰੋਗ ਜਮਾਂਦਰੂ (ਪਿਤਾ-ਪੁਰਖੀ) ਵੀ ਹੁੰਦਾ ਹੈ। ਬੇਹੱਦ ਤਣਾਅ ਭਰੇ ਮਾਹੌਲ ਵਿਚ ਦੇਰ-ਦੇਰ ਰਾਤ ਤੱਕ ਕੰਮ ਕਰਨਾ, ਸੁਬਾਹ ਦੇਰ ਤੱਕ ਸੌਣਾ, ਉਠਦੇ ਹੀ ਫਿਰ ਦਫ਼ਤਰ ਦੀ ਤਿਆਰੀ, ਕਸਰਤ ਲਈ ਸਮਾਂ ਨਾ ਕੱਢਣਾ, ਖਾਣੇ ਦਾ ਸਹੀ ਧਿਆਨ ਨਾ ਰੱਖਣਾ, ਕਿਸੇ ਵੀ ਸਮੇਂ ਕੁਝ ਵੀ ਖਾ ਲੈਣਾ, ਖਾਣੇ 'ਚ ਚਰਬੀ ਦੀ ਮਾਤਰਾ ਵਧ ਹੋਣੀ। ਇਸ ਕਾਰਨ ਵਜ਼ਨ ਵਧਣਾ ਇਹ ਸਭ ਕੁਲ ਮਿਲਾ ਕੇ ਸ਼ੂਗਰ ਦੀ ਬੀਮਾਰੀ ਨੂੰ ਸੱਦਾ ਨਿਰਾਸ਼ ਹੋਣ ਦੀ ਲੋੜ ਨਹੀਂ ਹੈ ਕਿਉਂਕਿ ਇਸ ਬੀਮਾਰੀ 'ਤੇ ਪੂਰੀ ਤਰ੍ਹਾਂ ਨਾਲ ਕਾਬੂ ਪਾਇਆ ਜਾ ਸਕਦਾ ਹੈ। ਦ੍ਰਿੜ ਮਨੋਬਲ, ਅਹਾਰ ਵਿਚ ਸੰਜਮ, ਪ੍ਰਹੇਜ਼, ਕਸਤਰ ਤੇ ਦਵਾਈਆਂ ਨਾਲ ਇਸ ਰੋਗ ਨੂੰ ਕਾਬੂ ਰੱਖਿਆ ਜਾ ਸਕਦਾ ਹੈ। ਵੱਧ ਸ਼ੁਕਰ ਪੈਦਾ ਕਰਨ ਵਾਲੀਆਂ ਖ਼ੁਰਾਕੀ ਵਸਤਾਂ ਜਿਵੇਂ ਮਿਠਾਈ, ਚੀਨੀ, ਗੁੜ, ਸ਼ਕਰਕੰਦੀ, ਅੰਗੂ, ਕੇਲਾ, ਪਪੀਤਾ, ਅੰਬ, ਕਾਜੂ ਆਦਿ ਨਹੀਂ ਵਰਤਣਾ ਚਾਹੀਦਾ। ਤਲੇ ਹੋਏ ਭੋਜਨ ਤੋਂ ਪ੍ਰਹੇਜ ਵੀ ਜ਼ਰੂਰੀ ਹੈ। ਹਰੀਆਂ ਸਬਜ਼ੀਆਂ, ਹਰੇ ਫਲ, ਜਾਮਨ, ਕੇਲਾ ਆਦਿ ਦੀ ਵਰਤੋਂ ਵੱਧ ਕਰਨੀ ਚਾਹੀਦੀ ਹੈ। ਇਨ੍ਹਾਂ ਉਪਾਵਾਂ ਨਾਲ ਤੁਸੀਂ ਲੰਮੇ ਸਮੇਂ ਤੱਕ ਸਿਹਤਮੰਦ ਜੀਵਨ ਜਿਉਂ ਸਕਦੇ ਹਨ।














## ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ

# ‘ਪਬਲਿਕ ਹੈਲਥ ਕੇਅਰ ਸਿਸਟਮ’ ’ਤੇ ਭਰਵੀਂ ਵਿਚਾਰ-ਚਰਚਾ

**ਮਾ. ਭਜਨ ਕੈਲਗਰੀ**

ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀ ਜਨਵਰੀ 2017 ਦੀ ਪਹਿਲੀ ਮੀਟਿੰਗ ਕੋਸੋ ਹਾਲ ਕੈਲਗਰੀ ਵਿਖੇ ਹੋਈ। ‘ਪਬਲਿਕ ਕੇਅਰ ਸਭ ਲਈ’ ਵਿਸ਼ੇ ਨਾਲ ਸਬੰਧਤ ਇਕੱਠ ਨੂੰ ਸੰਬੋਧਨ ਹੁੰਦਿਆਂ ਰਿਸ਼ੀ ਨਾਗਰ ਰੈਡ ਐਫ. ਐਮ. ਨੇ ਸੰਸਾਰ ਸਿਹਤ ਸੰਸਥਾ (W.H.O.) ਦੇ ਹਵਾਲੇ ਨਾਲ ਅਮੀਰ ਅਤੇ ਵੱਧ ਅਬਾਦੀ ਵਾਲੇ ਦੇਸਾਂ ਵਿਚ ਸਿਹਤ ਸੰਭਾਲ ਉਤੇ ਕੀਤੇ ਜਾਣ ਵਾਲੇ ਖਰਚ ਦੇ ਤੁਲਨਾਤਮਿਕ ਵੇਰਵੇ ਦਿੰਦਿਆਂ ਦੱਸਿਆ ਕਿ ਕੈਨੇਡਾ ਵਿਚ ਉਚਿਤ ਨਿਗਰਾਨ ਸੰਸਥਾ ਦੀ ਅਣਹੋਂਦ ਅਤੇ ਅ.ਫਸਰਸ਼ਾਹੀ ਦੇ ਬੇਲਗਾਮ ਹੋਣ ਕਾਰਨ ਸਿਹਤ ਖਰਚਿਆਂ ਵਿਚ ਵਾਧੇ ਹੋ ਰਹੇ ਹਨ ਅਤੇ ਇਸੇ ਕਾਰਨ ਕੈਨੇਡਾ ਦਾ ਸਿਹਤ ਸੰਭਾਲ ਮਿਆਰ ਡਿੱਗ ਰਿਹਾ ਹੈ। ਉਨ੍ਹਾਂ ਫੈਡਰਲ ਸਰਕਾਰ ਵਲੋਂ ਸੂਬਿਆਂ ਨੂੰ ਦਿੱਤੀ ਜਾਣ ਵਾਲੀ ਗ੍ਰਾਂਟ ਵਿਚ ਹਰ ਸਾਲ ਹੋਣ ਵਾਲੇ ਵਾਧੇ ਵਿਚ ਕਟੌਤੀ ਕੀਤੇ ਜਾਣ ਦੀ ਗੱਲ ਕਰਦਿਆਂ ਦੱਸਿਆ ਕਿ ਪਿਛਲੀ ਹਾਰਪਰ ਸਰਕਾਰ ਨੇ ਇਹ ਕਟੌਤੀ ਕਰਨ ਦਾ ਐਲਾਨ ਕੀਤਾ ਸੀ ਅਤੇ ਲਿਬਰਲ ਸਰਕਾਰ ਬਣਨ ਵਾਲੀ ਪਾਰਟੀ ਨੇ ਇਸ ਨੂੰ ਬਹਾਲ ਕਰਨ ਦਾ ਵਾਅਦਾ ਕੀਤਾ ਸੀ ਪਰ ਹੁਣ ਲਿਬਰਲ ਸਰਕਾਰ ਵੀ ਹਾਰਪਰ ਸਰਕਾਰ ਦੇ ਹੀ ਫੈਸਲੇ ਨੂੰ ਬਹਾਲ ਕਰਨ ਲਈ ਲੱਗੀ ਹੋਈ ਹੈ।

ਸਿੱਖ ਵਿਰਸਾ ਮੈਗਜ਼ੀਨ ਦੇ ਮੁੱਖ ਸੰਪਾਦਕ ਹਰਚਰਨ ਪਰਹਾਰ ਵਲੋਂ ਫਾਰਮਾ ਕੰਪਨੀਆਂ ਵਲੋਂ ਸਰਕਾਰਾਂ ਨਾਲ ਰਲਕੇ ਹੈਲਥ ਕੇਅਰ ਸਿਸਟਮ ਦੀ ਕੀਤੀ ਜਾ ਰਹੀ ਦੁਰਵਰਤੋਂ ਤੇ ਜਥੇਬੰਦਕ ਕੁਰੱਪਸ਼ਨ ਬਾਰੇ ਜਾਣਕਾਰੀ ਦਿੱਤੀ। ਵਧੇਰੇ ਜਾਣਕਾਰੀ ਲਈ ਪੜ੍ਹੋ ਸਿੱਖ ਵਿਰਸਾ 2017 ਅੰਕ ’ਚ ਛਪਿਆ ਲੇਖ। ਉਨ੍ਹਾਂ ਵਲੋਂ ਜੋਤਸ਼ੀਆਂ, ਤਾਂਤਰਿਕਾਂ, ਪਾਖੰਡੀ ਸਾਧਾਂ, ਪੀਰਾਂ ਆਦਿ ਵਲੋਂ ਲੋਕਾਂ ਦੀ ਕੀਤੀ ਜਾ ਰਹੀ ਲੁੱਟ ਸਬੰਧੀ ਸਰਕਾਰ ਨੂੰ ਕਾਨੂੰਨ ਬਣਾਉਣ ਲਈ ਲਿਖੇ ਪੱਤਰ ਬਾਰੇ ਜਾਣਕਾਰੀ ਦਿੱਤੀ। ਸੀਨੀਅਰ ਕੇਅਰ ਹੋਮਜ਼ ਵਿਚ ਇੰਡੋ-ਕੈਨੇਡੀਅਨ ਬਜ਼ੁਰਗਾਂ ਦੇ ਹਾਲਾਤਾਂ ਬਾਰੇ ਨਿੱਜੀ ਅਨੁਭਵ ਸਾਂਝੇ ਕਰਦੇ ਹੋਏ ਨਵਕਿਰਨ ਕੌਰ ਢੁੱਡੀਕੇ ਵਲੋਂ ਆਪਣੀ ਕਮਿਊਨਿਟੀ ਦਾ ਸੀਨੀਅਰ ਹੋਮ ਬਣਾਉਣ ਦੀ ਲੋੜ ’ਤੇ ਜ਼ੋਰ ਦਿੱਤਾ। ਹਰੀ ਪਾਲ ਨੇ ਪਿਛਲੇ ਸਾਲਾਂ ’ਚ ਇੰਡੋ-ਕੈਨੇਡੀਅਨ ਸੀਨੀਅਰ ਹੋਮ ਬਣਾਉਣ ਦੇ ਯਤਨਾਂ ਅਤੇ ਆਈਆਂ ਸਮੱਸਿਆਵਾਂ ਸਬੰਧੀ ਜਾਣਕਾਰੀ ਦਿੱਤੀ। ਪ੍ਰਧਾਨ ਸੋਹਨ ਮਾਨ ਨੇ ਕਿਹਾ ਕਿ ਸਭ ਲਈ ਫਰੀ ਹੈਲਥ ਕੇਅਰ ਸਿਸਟਮ ਚਾਹੀਦਾ ਹੈ। ਇਸ ਨੂੰ ਪ੍ਰਾਈਵੇਟ ਹੋਣ ਤੋਂ ਰੋਕਣ ਲਈ ਉਪਰਾਲੇ ਕਰਨੇ ਚਾਹੀਦੇ ਹਨ। ਡਾ. ਤਰਲੋਚਨ ਕਾਠਪਾਲ ਅਤੇ ਅਸਜਦ ਬੁਖਾਰੀ ਨੇ ਕੁਝ ਸੁਝਾਅ ਅਤੇ ਆਪਣੇ ਵਿਚਾਰ ਸਾਂਝੇ ਕੀਤੇ। ਸੁਖਵੀਰ ਗਰੇਵਾਲ ਨੇ ਪੰਜਾਬੀ ਕਲਾਸਾਂ ਦੇ ਚੱਲ ਰਹੇ ਸ.ਫਲ ਪ੍ਰੋਜੈਕਟ ਬਾਰੇ ਭਰਵੀਂ ਜਾਣਕਾਰੀ ਦਿੱਤੀ ਜੋ ਪ੍ਰੌ.ਕਲ. ਐਸੋ. (C.P.C.A.) ਅਤੇ ਹਾਕਸ ਫੀਲਡ ਅਕੈਡਮੀ ਵਲੋਂ ਸਾਂਝੇ ਰੂਪ ’ਚ ਚਲ ਰਿਹਾ ਹੈ। ਤਰਲੋਕ ਚੁੱਘ ਅਤੇ ਤਰਲੋਚਨ ਸੈਂਬੀ ਨੇ ਵੀ ਸਾਂਝ ਪਾਈ। ਸਟੇਜ ਸੰਚਾਲਨ ਚਲਾ ਰਹੇ ਮਾ. ਭਜਨ ਨੇ 2016 ਦੀਆਂ ਸਰਗਰਮੀਆਂ





ਦੀ ਸੰਖੇਪ ਰਿਪੋਰਟ ਪੇਸ਼ ਕਰਦਿਆਂ 2017 ਦੇ ਪ੍ਰੋਗਰਾਮਾਂ ਦੀ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਫਰਵਰੀ ਮਹੀਨੇ ਦੀ ਮੀਟਿੰਗ ਐਤਵਾਰ ਕੋਸੋ ਹਾਲ 2 ਵਜੇ ਹੋਵੇਗੀ। ਐਸੋਸੀਏਸ਼ਨ ਸਬੰਧੀ ਹੋਰ ਜਾਣਕਾਰੀ ਲਈ ਤੁਸੀਂ ਫੋਨ ਕਰ ਸਕਦੇ ਹੋ। ਮਾ. ਭਜਨ ਸਿੰਘ ਜਨਰਲ ਸਕੱਤਰ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਨੂੰ 403-455-4220 ’ਤੇ ਲੈ ਸਕਦੇ ਹੋ।


BAINS VISION CENTRE

New Patients & Walk-Ins Welcome

McKnight Village 5218 Falsbridge Dr. NE Calgary AB T3J 3G1

Dr. Jaswinder S. Bains

DR. J.S. BAINS & ASSOCIATES-(OPTOMETRY)

Appointments also available on Saturdays & Evenings

ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇਨਮੈਂਟਸ ਵੀ ਮਿਲ ਸਕਦੀਆਂ ਹਨ।

Services Available in Punjabi, Hindi, Urdu & English

- Complete Eye Exam — ਨਜ਼ਰ ਦੀ ਪੂਰੀ ਜਾਂਚ
- Ocular Health Assessment — ਅੱਖਾਂ ਦੀ ਅੰਦਰਲੀ ਜਾਂਚ
- Contact Lenses — ਕਾਂਨਟੈਕਟ ਲੈਨਜ਼ ਲਗਾਉਣੇ

403-274-4514

ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।

deerfootvision@yahoo.ca

Reliance /Legal Group LLP

FORMERLY KNOWN AS SINGH & PARTNERS LAW OFFICE

Commonwealth Centre
Unit 1101, 3961-52nd Ave.N.E.
Calgary, AB T3J 0J7

Barristers, Solicitors and Notary Public

Tel. : 403-285-7070

Our law group practices in

IMMIGRATION
Applications for Family Class and APPEALS,
Skilled Workers, Investors,
Refugee Claims

REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW

SMALL BUSINESS
Buying and Selling
Franchises, Shareholder
Agreements and Incorporations
FORMATION OF
PUBLIC COMPANIES

PERSONAL INJURY (Car Accident Claims)

NO LEGAL FEES UNTIL RECOVERY

Our clients include small businesses, public companies, builders, land developers, charitable organizations and individuals.
We donate part of our fees to Alberta Children Hospital.

* Experienced lawyers, caring, confidential
* Reasonable fees
* Free Initial Consultation
* Weekend & Evening Appointments (available upon request)

FOR ALL YOUR REAL ESTATE NEEDS

Contact Long time trusted name in the community

Gurbachan Singh Brar

REALTOR

* RESIDENTIAL * BUSINESS * LAND
* COMMERCIAL * INDUSTRIAL * INVESTMENT

403-470-2628

gsbrar@gsbrar.com

www.gsbrar.com



ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।

* Free no obligation evaluation
* Full time commitment
* Assistance to arrange best mortgage rates

urban

1A-4101 19 ST N.E, CALGARY, AB T2E 6X8
Ph: 403-590-2233 Fax: 403-776-1942

1996 ਤੋਂ ਨਿਰਵਿਘਨ ਮਾਂ ਬੋਲੀ ਪੰਜਾਬੀ, ਗੁਰਬਾਣੀ ਦੀ ਵਿਚਾਰਧਾਰਾ ਅਤੇ ਮਾਨਵੀ ਕਦਰਾਂ-ਕੀਮਤਾਂ ਦੀ ਤਰਜ਼ਮਾਨੀ ਕਰਦਾ ਮਾਸਿਕ ਮੈਗਜ਼ੀਨ...

ਸਿੱਖ ਵਿਰਸਾ

ਸਾਡਾ ਵਿਰਸਾ

Ph: 403-250-8898 Fax: 403-250-8825

24 ਘੰਟੇ ਆਨ ਲਾਇਨ

ਰੇਡੀਓ ਸਾਂਝ

www.radiosanjh.com

Website : www.sikhvirsa.com, Email : virsa@sikhvirsa.com

# ਇੱਟਾਂ ਨੂੰ ਕੀ ਕਰੀਏ ਜਦ ਉੱਤੇ ਤੁਰਨ ਵਾਲੇ ਗੱਭਰੂ ਹੀ ਨਾ ਰਹੇ...

## ਮਾਝੇ ਦੀ ਬਿੜਕ ਲੈਂਦਿਆਂ - ਖੇਮਕਰਨ ਅਤੇ ਪੱਟੀ ਤੋਂ ਅਮਨਦੀਪ ਹਾਂਸ ਦੀ ਵਿਸ਼ੇਸ਼ ਰਿਪੋਰਟ

*(ਇਹਨਾਂ ਸੁੰਨੀਆਂ ਇੱਟਾਂ ਵਾਲੇ ਪਿੰਡਾਂ ਵਿੱਚ ਵੜਨ ਤੋਂ ਪਹਿਲਾਂ ਦੱਸ ਦੇਈਏ ਕਿ ਹਲਕਾ ਖੇਮਕਰਨ ਵਿੱਚ ਮੁੱਖ ਮੁਕਾਬਲਾ- ਕਾਂਗਰਸ ਦੇ ਸੁਖਪਾਲ ਸਿੰਘ ਭੁੱਲਰ, ਆਪ ਦੇ ਬਿਕਰਮਜੀਤ ਸਿੰਘ ਅਤੇ ਗੱਠਜੋੜ ਦੇ ਵਿਰਸਾ ਸਿੰਘ ਵਲਟੋਹਾ ਦਰਮਿਆਨ ਹੈ। ਹਲਕਾ ਪੱਟੀ ਵਿੱਚ ਮੁਕਾਬਲਾ ਕਾਂਗਰਸ ਦੇ ਹਰਮਿੰਦਰ ਸਿੰਘ ਗਿੱਲ, ਆਪ ਦੇ ਰਣਜੀਤ ਸਿੰਘ ਚੀਮਾ ਤੇ ਗੱਠਜੋੜ ਦੇ ਆਦੇਸ਼ ਪ੍ਰਤਾਪ ਸਿੰਘ ਕੈਰੋਂ ਦਰਮਿਆਨ ਹੈ। ਇਹਨਾਂ ਹਲਕਿਆਂ ਵਿੱਚ ਪਿਛਲੀ ਵਿਧਾਨ ਸਭਾ ਚੋਣ ਵੇਲੇ ਤੇ ਲੋਕ ਸਭਾ ਚੋਣ ਵੇਲੇ ਜੀਹਨੇ ਵੀ ਬਾਦਲਕਿਆਂ ਦੀ ਵਿਰੋਧਤਾ ਕੀਤੀ ਸਭ 'ਤੇ ਕੋਈ ਨਾ ਕੋਈ ਪਰਚਾ ਦਰਜ ਹੈ।)*



ਵਿਧਾਨ ਸਭਾ ਹਲਕਾ ਖੇਮਕਰਨ ਦੇ ਕੁਝ ਪਿੰਡਾਂ ਦਾ ਦੌਰਾ ਕਰਦਿਆਂ ਸਾਫ ਮਹਿਸੂਸ ਹੋਇਆ ਕਿ ਇਥੇ ਬੱਗੀਆਂ ਦਾਹੜੀਆਂ ਵਾਲੇ ਬਾਬੇ ਤੇ ਝੁਰੜੀਆਂ ਵਾਲੀਆਂ ਮਾਵਾਂ ਬੇਹੱਦ ਗ਼ਮਗੀਨ ਵਕਤ ਹੰਢਾਅ ਰਹੇ ਨੇ। ਉਦਾਸੇ ਚਿਹਰੇ, ਬੋੜੇ ਘਰਾਂ ਦੀ ਉਦਾਸੀ ਹੋਰ ਵਧਾ ਰਹੇ ਨੇ। ਸਰਹੱਦ ਦੇ ਨੇੜੇ ਦੇ ਪਿੰਡਾਂ ਵਿੱਚ ਜਿਸ ਮਰਜ਼ੀ ਗਲੀ ਵਿੱਚ ਵੜ ਜਾਓ, ਮੌਜੂਦਾ ਹਾਕਮੀ ਧਿਰ ਦਾ ਸਮਰਥਨ ਕਰਨ ਵਾਲਾ ਕੋਈ ਵਿਰਲਾ ਹੀ ਲੱਭੂ, ਝੰਡੀਆਂ ਬੇਸ਼ੱਕ ਬਹੁਤੇ ਬੰਨਿਆਂ 'ਤੇ ਤੱਕੜੀ ਵਾਲੀਆਂ ਹੀ ਲਾਈਆਂ ਨੇ, ਪਰ ਉਹਨਾਂ ਦਾ ਅੰਦਰ ਤੁਹਾਡੇ ਹਮਦਰਦੀ ਦੇ ਇਕ ਬੋਲ 'ਤੇ ਭਰੇ ਫੋੜੇ ਵਾਂਗ ਫਿਸ ਪੈਂਦਾ ਹੈ।

ਅਸੀਂ ਖੇਮਕਰਨ ਹਲਕੇ ਦੇ ਸਰਹੱਦ ਨਾਲੋਂ 20-22 ਕੁ ਕਿਲੋਮੀਟਰ ਉਰਾਂ ਨੂੰ ਪੈਂਦੇ ਪਿੰਡ ਪਰਾਗਪੁਰਾ, ਮਾਣਕਪੁਰਾ ਤੇ ਮਰਗਿੰਦਪੁਰਾ ਵਿੱਚ ਗਏ। ਹਰ ਗਲੀ ਨੂੰ ਗਾਹੁਣ ਦੀ ਕੋਸ਼ਿਸ਼ ਕੀਤੀ- ਮਤੇ ਝੂਠੇ ਪੈਣ ਨੂੰ ਕੋਈ ਵਿਕਾਸ ਕਾਰਜ ਥਿਆਹ ਜਾਏ, ਪਰ ਅਸੀਂ ਅਸਫਲ ਹੋਏ। ਕੋਈ ਵਿਰਲਾ ਟਾਂਵਾਂ ਘਰ ਹੀ ਹੈ ਜੋ ਪੀਣ ਵਾਲੇ ਪਾਣੀ ਤੋਂ ਲੈ ਕੇ ਆਵਾਜਾਈ ਲਈ ਕਾਰ ਤੱਕ ਦੀ ਸਹੂਲਤ ਵਾਲਾ ਹੈ, ਬਹੁਤੇ ਘਰਾਂ ਦੀਆਂ ਕੰਧਾਂ ਗਾਰੇ ਨਾਲ ਇੱਟਾਂ ਦੀ ਚਿਣਾਈ ਹੈ, ਉਹ ਵੀ ਪਤਾ ਨਹੀਂ ਕਿੰਨੇ ਵਰੇ ਪਹਿਲਾਂ ਦੀ ਹੋਈ ਹੈ, ਮਿੱਟੀ ਵਾਲੇ ਕੱਚੇ ਘਰਾਂ ਦੀ ਵੀ ਗਿਣਤੀ ਕਾਫੀ ਹੈ।

ਇਹਨਾਂ ਪਿੰਡਾਂ 'ਚ ਨਾਲੀਆਂ ਪਤਾ ਨਹੀਂ ਕਿੰਨੇ ਵਰੇ ਪਹਿਲਾਂ ਦੀਆਂ ਬਣੀਆਂ ਨੇ, ਗਲੀਆਂ ਦੀਆਂ ਇੱਟਾਂ ਤਾਂ ਵਿਰਲੀਆਂ ਹੀ ਲੱਭਦੀਆਂ ਨੇ, ਕੋਈ ਹੈਲਥ ਸੈਂਟਰ ਨਹੀਂ। ਨੇੜੇ ਲੱਗਦੇ ਸ਼ਹਿਰ ਤੱਕ ਪੁੱਜਣ ਲਈ ਆਵਾਜਾਈ ਦਾ ਕੋਈ ਸਾਧਨ ਨਹੀਂ, ਭਾਵ ਕੋਈ ਬੱਸ ਟੈਂਪੂ ਨਹੀਂ। ਪਿੰਡਾਂ ਨੂੰ ਆਪਸ 'ਚ ਜੋੜਦੀਆਂ ਲਿੰਕ ਸੜਕਾਂ ਮਸਾਂ ਗੱਡਾ ਲੰਘਣ ਜੋਗੀਆਂ ਨੇ, ਬੱਸਾਂ ਚੱਲਣ ਵੀ ਕਿਵੇਂ? ਜੇ ਕਿਸੇ ਪਿੰਡ ਦੀ ਕੋਈ ਗਲੀ ਪੱਕੀ ਤਾਜ਼ਾ ਬਣੀ ਵੀ ਹੈ ਤਾਂ ਉਹ ਹਲਕਾ ਇੰਚਾਰਜਾਂ ਦੇ ਸਮਰਥਕਾਂ ਦੇ ਘਰਾਂ ਦੇ ਕੋਲ ਹੀ ਬਣੀ ਹੋਈ ਹੈ। ਪੀਣ ਵਾਲੇ ਪਾਣੀ ਦਾ ਕੋਈ ਪ੍ਰਬੰਧ ਨਹੀਂ, ਦਲਿਤ ਤੇ ਛੋਟੀ ਕਿਸਾਨੀ ਤਾਂ ਸੱਚਮੁੱਚ ਧਰਤੀ 'ਤੇ ਨਰਕ ਭੋਗ ਰਹੀ ਜਾਪਦੀ ਹੈ। ਘਰਾਂ ਵਿੱਚ ਟਾਇਲਟ ਨਹੀਂ, ਕਈ ਜਵਾਨ ਧੀਆਂ ਦੇ ਮਾਪਿਆਂ ਨੇ ਕਰਜ਼ਾ ਚੁੱਕ ਕੇ ਘਰਾਂ ਵਿੱਚ ਕੱਚੀਆਂ ਖੂਹੀਆਂ ਵਾਲੀਆਂ ਟਾਇਲਟਸ ਬਣਾਈਆਂ ਨੇ, ਜੰਗਲ ਪਾਣੀ ਨੂੰ ਧੀਆਂ ਭੈਣਾਂ ਖੇਤਾਂ ਵੱਲ ਜਾਂਦੀਆਂ ਨੇ ਤਾਂ ਮਾਪੇ ਫਿਕਰਮੰਦ ਹੁੰਦੇ ਨੇ ਕਿ ਜਿਸ ਤਰਾਂ ਨਸ਼ੇੜੀਆਂ ਦੀ ਡਾਰ ਪਿੰਡਾਂ ਵਿੱਚ ਘੁੰਮਦੀ ਹੈ, ਜਿਸ ਤਰਾਂ ਦੀ ਗੁੰਡਾਗਰਦੀ ਹੁੰਦੀ ਹੈ, ਨੇ ਜਾਣੀਏ ਸਾਡੀਆਂ ਬੱਚੀਆਂ ਨਾਲ ਕੁਝ ਹੋ ਵਾਪਰ ਗਿਆ ਤਾਂ "ਵਲਟੋਹੇ" ਦੇ ਫੋਨ ਬਿਨਾ ਥਾਣੇ 'ਚ ਸਾਡੀ ਸ਼ਿਕਾਇਤ ਵੀ ਨਹੀਂ ਸੁਣਨੀ?

ਕਈ ਕਈ ਘਰਾਂ ਨੇ ਸਾਂਝੀਆਂ ਮੱਛੀ ਮੋਟਰਾਂ ਵੀ ਕਰਜ਼ਾ ਚੁੱਕ ਕੇ ਲਾ ਲਈਆਂ, ਪਰ ਪਾਣੀ ਉਹਨਾਂ ਦਾ ਵੀ ਪੀਣ ਦੇ ਲਾਇਕ ਨਹੀਂ। ਇਲਾਕੇ ਵਿੱਚ ਕੈਂਸਰ ਨਾਲ ਕਈ ਮੌਤਾਂ ਹੋਈਆਂ ਨੇ, ਹੈਪੇਟਾਈਟਸ ਬੀ ਤੇ ਸੀ ਦੇ ਮਰੀਜ਼ਾਂ ਦੀ ਗਿਣਤੀ ਦਾ ਤਾਂ ਹਿਸਾਬ ਹੀ ਕੋਈ ਨਹੀਂ, ਇਹ ਸਭ ਦੂਏ ਤੀਏ ਪਿੰਡ ਵਿੱਚ ਬੈਠੇ ਆਰ ਐਮ ਪੀਜ਼ ਦੇ ਸਹਾਰੇ ਦਿਨ ਕਟੀ ਕਰ ਰਹੇ ਨੇ, ਇਲਾਜ ਹੈ ਹੀ ਐਨਾ ਮਹਿੰਗਾ ਕਿ ਪ੍ਰਾਈਵੇਟ ਹਸਪਤਾਲ ਵਿੱਚ ਜਾਣ ਜੋਗੇ ਇਹ ਲੋਕ ਨਹੀਂ ਹਨ।

ਇਹਨਾਂ ਸਰਹੱਦੀ ਪਿੰਡਾਂ 'ਚ ਸੀਵਰੇਜ ਦੀ ਨਿਕਾਸੀ ਦਾ ਕੋਈ ਪ੍ਰਬੰਧ ਨਹੀਂ, ਪਿੰਡਾਂ ਵਿੱਚ ਛੱਪੜ ਤਾਂ ਬਥੇਰੇ ਨੇ, ਜਿਹਨਾਂ 'ਤੇ ਜਾਂ ਤਾਂ ਘੜੰਮ ਚੌਧਰੀਆਂ ਨੇ ਕਬਜ਼ੇ ਕਰ ਲਏ, ਜਾਂ ਫੇਰ ਉਹਨਾਂ ਦੀ ਸਫਾਈ ਨਹੀਂ ਹੋਈ, ਜਿਸ ਕਰਕੇ ਪਾਣੀ ਗਲੀਆਂ ਵਿੱਚ ਹੀ ਘੁੰਮਦਾ ਦਿਸਦਾ ਹੈ।

ਪਿੰਡਾਂ ਵਿੱਚ ਪ੍ਰਾਇਮਰੀ ਸਕੂਲ ਨੇ, ਚੰਗੇ ਅਧਿਆਪਕ ਨਹੀਂ, ਜੇ ਕੋਈ ਅਧਿਆਪਕ ਚੰਗਾ ਆ ਜਾਂਦਾ ਹੈ ਤਾਂ ਉਸ ਦਾ ਝੱਟ ਤਬਾਦਲਾ ਹੋ ਜਾਂਦਾ ਹੈ। ਕੋਈ ਜਨਤਕ ਟਰਾਂਸਪੋਰਟ ਦਾ ਸਾਧਨ ਨਾ ਹੋਣ ਕਰਕੇ ਮਾਪੇ ਬੱਚੀਆਂ ਨੂੰ ਪੰਜਵੀਂ ਤੋਂ ਬਾਅਦ ਘਰੀਂ ਬਿਠਾ ਲੈਂਦੇ ਨੇ, ਕਈ ਸਰਦੇ ਪੁੱਜਦੇ ਆਪਣੇ ਸਾਧਨਾਂ 'ਤੇ ਜਾਂ ਵੱਡੇ ਵੀਰਾਂ ਨਾਲ ਬੱਚੀਆਂ ਨੂੰ ਅਗਲੀ ਪੜਾਈ ਲਈ ਸ਼ਹਿਰਾਂ ਵਿੱਚ ਭੇਜ ਰਹੇ ਨੇ, ਪਰ ਬਹੁਤੀਆਂ ਕੁੜੀਆਂ ਅਨਪੜ ਹੀ ਨੇ।

ਪਿੰਡ ਮਾਣਕਪੁਰਾ ਦੇ ਬਜ਼ੁਰਗ ਜਥੇਦਾਰ ਸ. ਸੁਰਿੰਦਰ ਸਿੰਘ ਨੇ ਕਿਹਾ ਕਿ ਪੁੱਤਰਾ ਸਾਡੇ

(ਬਾਕੀ ਸਫ਼ਾ 27 'ਤੇ)

We pay for your Junk Car
ਅਸੀਂ ਤੁਹਾਨੂੰ ਤੁਹਾਡੀਆਂ ਨਾਕਾਰਾ ਕਾਰਾਂ ਦੀ ਕੀਮਤ ਵੀ ਦਿੰਦੇ ਹਾਂ
GOD LIGHT TOWING
Free Scrap Car Removal
Boast Service
Gas Delivery
Impound Access
Call Karan 24/7
403-542-9896

ਸੁਪਰ ਵੀਜ਼ਾ SUPER VISA ਸੁਪਰ ਵੀਜ਼ਾ
ASK ME 5 THINGS WHY I AM DIFFERENT THAN OTHERS
Do You Know? ABOUT RESP
1 You Can Get Upto $9200 Grant from Government for your Kids Education
2 The Cost of University For Year 2015 was $68000 which will be $121600 in 2032
3 You can get upto 15% Extra Bonus with us on your Total Contributions
ਤੁਹਾਡੇ ਬੱਚਿਆਂ ਦਾ ਭਵਿੱਖ ਤੁਹਾਡੇ ਹੱਥ!
Do You Know? ABOUT LIFE & DISABILITY INSURANCE?
1 Get $100000 Life Insurance+$1000 Disability Insurance for Just $36.11 per month.
2 100% Money Back Guarnteed if you buy permanant Life Insurance.
3 We will Replace your income ( Your Cheque) in case of Disability (Accident Etc.) & If You Can't go to work.
SAVE 20 TO 30% IN MORTGAGE INSURANCE
Critical Illness & Disability Insurance
Long Term Care Insurance
Different Business Insurances
Estate Planning etc.
ਬਿਲਕੁਲ ਮੁਫਤ ਸਲਾਹ ਲਈ ਤੁਹਾਡਾ ਆਪਣਾ
SUKHDEEP (SUNNY) KHOSA
FINANCIAL SECURITY ADVISOR
Ph.: 403-619-8545

"ਜੇਕਰ ਘਰ ਵੇਚਣਾ ਹੈ ਜਾਂ ਨਵੇਂ ਘਰ ਦੀ ਕਰ ਰਹੇ ਹੋ ਭਾਲ ਤਾਂ ਭਰੋਸੇਯੋਗ ਸੇਵਾਵਾਂ ਲਈ ਬਲਜਿੰਦਰ ਸੰਘਾ ਨੂੰ ਕਰੋ ਕਾਲ"
urban Real Estate Services Ltd.
BALJINDER SANGHA (B.Com)
MLS Real Estate Associate
CERTIFIED CONDOMINIUM SPECIALIST
Cell :403-680-3212 Fax :587-472-7530
"All our buyers Get 2 year Purchase Guarantee"
"Buy or Sell Home with 1 year Home Warranty"
(call for more detail)
Urban Real Estate Services Ltd.
Email : baljindersangha@urban-realty.ca www.urban-realty.ca
Call for all your house BUYING and SELLING needs
Office : 4101-19 St NE, Calgary,T2E6X8, AB,Canada,

DPC
Dhillon Professional Corporation
Gurjinder Kaur Dhillon, CGA
Suite #2014851 Westwinds Dr. NE
Calgary, Alberta T3J4L4
www.gdpc.ca
Ph: 403-460-6855
Cell: 403-618-6458
e-mail: gdhillonCGA@gdpc.ca

Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

# ਕਾਲਾ ਧਨ, ਜੁਮਲਾ ਸਿਆਸਤ ਅਤੇ ਨੋਟਬੰਦੀ

ਬੂਟਾ ਸਿੰਘ, ਨਵਾਂ ਸ਼ਹਿਰ
94634-74342

ਹਿੰਦੁਸਤਾਨ ਦੇ ਅਖਾਉਤੀ ਲੋਕਤੰਤਰ ਵਿਚ ਸੱਤਾਧਾਰੀ ਕਿਸ ਕਦਰ ਮਨਮਾਨੀਆਂ ਕਰਨ ਅਤੇ ਅਵਾਮ ਨਾਲ ਧੋਖੇਬਾਜ਼ੀ ਕਰਨ ਲਈ ਆਜ਼ਾਦ ਹਨ, ਕਾਲੇ ਧਨ ਦੇ ਮੁੱਦੇ ਉੱਪਰ ਭਾਜਪਾ ਦੀ ਸਿਆਸਤ ਇਸ ਦੀ ਤਾਜ਼ਾ ਮਿਸਾਲ ਹੈ। 2014 ਦੀਆਂ ਲੋਕ ਸਭਾ ਚੋਣਾਂ ਜਿੱਤਣ ਲਈ ਮੋਦੀ ਟੀਮ ਵਲੋਂ ਹੋਰ ਵਾਅਦਿਆਂ ਦੇ ਨਾਲ-ਨਾਲ ਕਾਲਾ ਧਨ ਵਾਪਸ ਲਿਆਉਣ ਅਤੇ ਇਸ ਜ਼ਰੀਏ ਹਰ ਨਾਗਰਿਕ ਦੇ ਬੈਂਕ ਖਾਤੇ ਵਿਚ ਪੰਦਰਾਂ-ਪੰਦਰਾਂ ਲੱਖ ਜਮ੍ਹਾਂ ਕਰਵਾਉਣ ਦੇ ਵਾਅਦੇ ਜ਼ੋਰ-ਸ਼ੋਰ ਨਾਲ ਕੀਤੇ ਗਏ। ਸੱਤਾਧਾਰੀ ਬਣਕੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਵਲੋਂ ਇਸ ਵਾਅਦੇ ਨੂੰ ਅਮਲ ਵਿਚ ਨਾ ਲਿਆਉਣ ਦੀ ਸਫ਼ਾਈ ਇਹ ਪੇਸ਼ ਕੀਤੀ ਗਈ ਕਿ ਇਹ ਤਾਂ ਮਹਿਜ਼ ਚੋਣ ਜੁਮਲਾ ਸੀ। ਵੋਟ ਸਿਆਸਤ ਦੀ ਲੋਕ ਦੁਸ਼ਮਣ ਖ਼ਸਲਤ ਕਿੰਨੀ ਪ੍ਰਤੱਖ ਹੈ; ਵੋਟਰ ਇਹ ਵੀ ਨਹੀਂ ਜਾਣ ਸਕਦੇ ਕਿ ਇਨ੍ਹਾਂ ਪਾਰਟੀਆਂ ਦੇ ਮੈਨੀਫੈਸਟੋ ਵਿਚ ਕਿਹੜਾ ਚੋਣ ਜੁਮਲਾ ਹੈ ਅਤੇ ਕਿਹੜਾ ਵਾਅਦਾ।

ਜਦੋਂ ਪੰਜਾਬ ਸਮੇਤ ਚਾਰ ਸੂਬਿਆਂ ਵਿਚ ਵਿਧਾਨ-ਸਭਾ ਚੋਣਾਂ ਹੋਣ ਜਾ ਰਹੀਆਂ ਹਨ ਤਾਂ ਕਾਲੇ ਧਨ ਨੂੰ ਲੈਕੇ ਮੋਦੀ ਹਕੂਮਤ ਦਾ ਅਸਲ ਚਿਹਰਾ ਹੋਰ ਵੀ ਸਪਸ਼ਟ ਗਿਆ ਹੈ। ਬਦੇਸ਼ਾਂ 'ਚੋਂ 'ਕਾਲਾ ਧਨ' ਵਾਪਸ ਲਿਆਉਣ ਦੇ ਦਾਅਵੇ ਕਰਨ ਵਾਲੇ ਜੁਮਲੇਬਾਜ਼ਾਂ ਨੇ 8 ਨਵੰਬਰ ਨੂੰ ਮੁਲਕ ਵਿਚ ਪ੍ਰਚਲਤ ਦੋ ਵੱਡੇ ਨੋਟ ਬੰਦ ਕਰ ਦਿੱਤੇ ਅਤੇ ਇਸ ਦੇ ਬਹਾਨੇ ਚਲਾਕੀ ਨਾਲ ਲੋਕਾਂ ਤੋਂ ਸਾਰੀ ਨਗਦੀ ਹਥਿਆਕੇ ਬੈਂਕਾਂ ਦੇ ਕਬਜ਼ੇ ਵਿਚ ਕਰ ਲਈ। ਇਸ ਜ਼ਰੀਏ ਅਵਾਮ ਦਾ ਆਪਣੇ ਹੀ ਧਨ ਨੂੰ ਬੈਂਕ ਖਾਤਿਆਂ ਵਿੱਚੋਂ ਕਢਵਾ ਕੇ ਆਪਣੀ ਜ਼ਰੂਰਤ ਅਨੁਸਾਰ ਇਸਤੇਮਾਲ ਕਰਨ ਦਾ ਹੱਕ ਵੀ ਖੋਹ ਲਿਆ ਗਿਆ। ਪਹਿਲਾਂ ਬੰਦ ਕੀਤੇ ਨੋਟ 30 ਦਸੰਬਰ ਤਕ ਜਮ੍ਹਾਂ ਕਰਵਾਉਣ ਦੀ ਮਿਆਦ ਨਿਸ਼ਚਿਤ ਕੀਤੀ ਗਈ ਅਤੇ ਇਸ ਪਿੱਛੋਂ ਜਮ੍ਹਾਂ ਕਰਵਾਈਆਂ ਜਾਣ ਵਾਲੀਆਂ ਰਕਮਾਂ ਬਾਰੇ ਸਪਸ਼ਟੀਕਰਨ ਦੇਣ ਦਾ ਫ਼ੁਰਮਾਨ ਜਾਰੀ ਕੀਤਾ ਗਿਆ ਸੀ। ਹੁਣ ਤਕ ਬਦਲ-ਬਦਲਕੇ ਇਸ ਬਾਬਤ 61 ਫ਼ੁਰਮਾਨ ਜਾਰੀ ਕੀਤੇ ਜਾ ਚੁੱਕੇ ਹਨ। ਜਦਕਿ ਕਾਲਾ ਧਨ ਐਲਾਨਣ ਦੀ 'ਪ੍ਰਧਾਨ ਮੰਤਰੀ ਗ਼ਰੀਬ ਕਲਿਆਣ ਯੋਜਨਾ' ਤਹਿਤ ਐਸੀ ਕੋਈ ਪਾਬੰਦੀ ਨਹੀਂ ਹੈ। ਸਰਕਾਰ ਨੂੰ ਕਾਲੇ ਧਨ ਦਾ ਹਿੱਸਾ ਦੇਕੇ ਜਿੰਨਾ ਮਰਜ਼ੀ ਨਜਾਇਜ਼ ਧਨ ਚਿੱਟਾ ਕਰਵਾਇਆ ਜਾ ਸਕਦਾ ਹੈ। ਇਹ ਮਹਾਂ ਫਰਾਡ ਉਸ ਸੰਵਿਧਾਨਕ ਵਾਅਦੇ ਦੀ ਵੀ ਖ਼ੁੱਲ੍ਹੇਆਮ ਉਲੰਘਣਾ ਹੈ ਜਿਸ ਸੰਵਿਧਾਨ ਦੇ ਬੇਹਯਾਈ ਨਾਲ ਦਾਅਵੇ ਕੀਤੇ ਜਾਂਦੇ ਹਨ। ਨਵੇਂ ਨੋਟ ਪੂਰੀ ਮਾਤਰਾ ਵਿਚ ਸਰਕੂਲੇਸ਼ਨ ਵਿਚ ਆਉਣ ਤੱਕ ਅਵਾਮ ਨੂੰ ਉਨ੍ਹਾਂ ਦਾ ਹੀ ਪੈਸਾ ਕਿੰਨੀ ਮਾਤਰਾ ਵਿਚ ਅਤੇ ਕਿਸ ਦਿਨ ਵਾਪਸ ਮੋੜਨਾ ਹੈ ਇਹ ਹੁਣ ਹੁਕਮਰਾਨਾਂ ਦੀ ਮਰਜ਼ੀ ਹੈ। ਨੋਟਬੰਦੀ ਦੇ ਖ਼ੌਫ਼ ਨਾਲ ਦਹਿਸ਼ਤਜ਼ਦਾ ਅਵਾਮ ਪੁਰਾਣੇ ਨੋਟ ਬਦਲਾਉਣ/ਜਮ੍ਹਾਂ ਕਰਾਉਣ ਲਈ ਬੈਂਕਾਂ ਸਾਹਮਣੇ ਲੰਮੀਆਂ ਕਤਾਰਾਂ ਲਗਾਈ ਬੁਰੀ ਤਰ੍ਹਾਂ ਖੱਜਲ ਖੁਆਰ ਹੋ ਰਹੇ ਹਨ ਅਤੇ ਆਪਣੀਆਂ ਰੋਜ਼ਮਰਾ ਜ਼ਰੂਰਤਾਂ ਦੀ ਪੂਰਤੀ ਲਈ ਆਪਣੇ ਹੀ ਖਾਤਿਆਂ ਵਿੱਚੋਂ ਸਰਕਾਰ ਵਲੋਂ ਤੈਅਸ਼ੁਦਾ ਮਾਮੂਲੀ ਰਕਮ ਕਢਵਾਉਣ ਲਈ ਸਾਰਾ ਸਾਰਾ ਦਿਨ ਲੇਲੜੀਆਂ ਕੱਢ ਰਹੇ ਹਨ। ਨਵੇਂ ਨੋਟਾਂ ਦਾ ਅਕਾਰ ਘਟਾਏ ਜਾਣ ਕਾਰਨ 2 ਲੱਖ ਏ.ਟੀ.ਐੱਮ. ਬੇਕਾਰ ਹੋ ਗਏ ਅਤੇ ਉਨ੍ਹਾਂ ਨੂੰ ਦੁਬਾਰਾ ਸੈੱਟ ਕਰਨਾ ਪਿਆ ਹੈ। ਇਕ ਅੰਦਾਜ਼ੇ ਅਨੁਸਾਰ ਰੋਜ਼ਾਨਾ 80 ਹਜ਼ਾਰ ਕਰੋੜ ਰੁਪਏ ਦਾ ਆਰਥਕ ਨੁਕਸਾਨ ਹੋ ਰਿਹਾ ਹੈ ਅਤੇ ਮੋਦੀ ਵਲੋਂ 50 ਦਿਨ ਸੰਤਾਪ ਬਰਦਾਸ਼ਤ ਕਰਨ ਦੀ ਨਸੀਹਤ ਅਨੁਸਾਰ ਮੁਲਕ ਦੀ ਆਰਥਿਕਤਾ ਦਾ 40 ਲੱਖ ਕਰੋੜ ਦਾ ਨੁਕਸਾਨ ਹੋ ਜਾਵੇਗਾ। ਨਵੇਂ ਨੋਟ ਜਾਰੀ ਕਰਨ ਉੱਪਰ ਅੰਦਾਜ਼ਨ 18000 ਕਰੋੜ ਰੁਪਏ ਤੋਂ ਵੱਧ ਖ਼ਰਚਾ ਵੱਖਰਾ ਆਵੇਗਾ।




ਇਕ ਪਾਸੇ, ਆਮ ਲੋਕਾਂ ਨੂੰ ਪੂਰੇ ਮੁਲਕ ਅੰਦਰ ਕੁਝ ਕੁ ਹਜ਼ਾਰ ਨਗਦੀ ਲੈਣ ਲਈ ਰੋਜ਼ਾਨਾ ਕਈ ਕਈ ਘੰਟੇ ਕਤਾਰਾਂ ਵਿਚ ਲੱਗਣਾ ਪੈਂਦਾ ਹੈ ਅਤੇ ਬਹੁਤੀ ਵਾਰ ਉਨ੍ਹਾਂ ਨੂੰ ਖਾਲੀ ਹੱਥ ਵਾਪਸ ਪਰਤਣਾ ਪੈਂਦਾ ਹੈ। ਦੂਜੇ ਪਾਸੇ, ਭਾਜਪਾ ਦੇ ਆਪਣੇ ਆਗੂਆਂ, ਭ੍ਰਿਸ਼ਟ ਬੈਂਕ ਮੈਨੇਜਰਾਂ ਅਤੇ ਧਨਾਢਾਂ ਕੋਲ ਨਵੇਂ ਨੋਟ ਥੋਕ ਤਾਦਾਦ ਵਿਚ ਹਨ ਅਤੇ ਇਸ ਘੁਟਾਲੇ ਦੀਆਂ ਕਿਸੇ ਨਾ ਕਿਸੇ ਕਾਰਨ ਨਵੀਂਆਂ ਤੋਂ ਨਵੀਂਆਂ ਮਿਸਾਲਾਂ ਸਾਹਮਣੇ ਆ ਰਹੀਆਂ ਹਨ। ਅਹਿਮਦਾਬਾਦ ਅਧਾਰਤ ਪ੍ਰਾਪਰਟੀ ਡੀਲਰ ਮਹੇਸ਼ ਸ਼ਾਹ ਜਿਸਨੇ ਸਤੰਬਰ ਮਹੀਨੇ 13860 ਕਰੋੜ ਰੁਪਏ ਦਾ ਕਾਲਾ ਧਨ ਇਨਕਮ ਡੈਕਲਾਰੇਸ਼ਨ ਸਕੀਮ ਤਹਿਤ ਐਲਾਨ ਕੀਤਾ ਸੀ, ਸ਼ਰੇਆਮ ਕਹਿ ਰਿਹਾ ਹੈ ਕਿ ਇਹ ਧਨ ਸਿਆਸਤਦਾਨਾਂ ਅਤੇ ਕਾਰੋਬਾਰੀਆਂ ਦਾ ਹੈ। ਇਹ ਵੀ ਚਰਚਾ ਹੈ ਕਿ ਇਹ ਦਰਅਸਲ ਅਮਿਤ ਸ਼ਾਹ ਵਰਗੇ ਭਗਵੇਂ ਸਿਆਸਤਦਾਨਾਂ ਦੀ ਕਾਲੇ ਧਨ ਦੀ ਸਲਤਨਤ ਦਾ ਨਿੱਕਾ ਜਿਹਾ ਹਿੱਸਾ ਸੀ ਜਿਸਨੂੰ ਨੋਟਬੰਦੀ ਤੋਂ ਪਹਿਲਾਂ ਹੀ ਮੈਨੇਜ ਕਰ ਲਿਆ ਗਿਆ। ਇਸ ਦੌਰਾਨ ਨਿਤਿਨ ਗਡਕਰੀ, ਜਨਾਰਧਨ ਰੈੱਡੀ ਆਦਿ ਹਾਕਮ ਜਮਾਤੀ ਸਿਆਸਤਦਾਨਾਂ ਵਲੋਂ ਕਈ ਸੈਂਕੜੇ ਕਰੋੜ ਰੁਪਏ ਖ਼ਰਚਕੇ ਆਪਣੇ ਬੱਚਿਆਂ ਦੇ ਸ਼ਾਹੀ ਵਿਆਹ ਕੀਤੇ ਗਏ, ਐਨਾ ਬੇਹਿਸਾਬਾ ਧਨ ਕਿੱਥੋਂ ਆਇਆ ? ਇਸੇ ਤਰ੍ਹਾਂ ਪਹਿਲਾਂ ਖ਼ਬਰ ਆਈ ਕਿ ਮਹਾਰਾਸ਼ਟਰ ਤੋਂ ਭਾਜਪਾ ਵਿਧਾਇਕ ਸੁਧੀਰ ਗਾਡਗਿਲ ਦੀ ਬਲੈਰੋ ਗੱਡੀ ਵਿੱਚੋਂ ਵੀਹ ਹਜ਼ਾਰ ਕਰੋੜ ਰੁਪਏ ਦੇ 2000 ਦੇ ਨਵੇਂ ਨੋਟ ਫੜੇ ਗਏ। ਬਾਦ ਵਿਚ ਇਹ ਖ਼ਬਰ ਇਹ ਕਹਿਕੇ ਦਬਾ ਦਿੱਤੀ ਗਈ ਕਿ ਇਹ ਤਾਂ ਮਹਿਜ਼ ਸੋਸ਼ਲ ਮੀਡੀਆ ਵਿਚ ਫੈਲਾਈ ਝੂਠੀ ਖ਼ਬਰ ਸੀ। ਦਸੰਬਰ ਦੇ ਪਹਿਲੇ ਹਫ਼ਤੇ ਪੱਛਮੀ ਬੰਗਾਲ ਵਿਚ ਭਾਜਪਾ ਦੇ ਆਗੂ ਮਨੀਸ਼ ਸ਼ਰਮਾ ਤੇ ਉਸਦੀ ਜੁੰਡਲੀ ਕੋਲੋਂ 34 ਲੱਖ ਰੁਪਏ ਅਤੇ 7 ਗ਼ੈਰਕਾਨੂੰਨੀ ਹਥਿਆਰ ਬਰਾਮਦ ਹੋਏ ਜਿਸਨੇ ਲੰਘੀਆਂ ਚੋਣਾਂ ਵਿਚ ਭਾਜਪਾ ਦੀ ਟਿਕਟ 'ਤੇ ਚੋਣ ਲੜੀ ਸੀ। ਉਸ ਕੋਲੋਂ 31 ਲੱਖ ਰੁਪਏ ਦੇ 2000 ਰੁਪਏ ਦੇ ਨਵੇਂ ਜਾਰੀ ਕੀਤੇ ਨੋਟ ਫੜੇ ਗਏ। ਮੁੰਬਈ ਵਿਚ ਸ਼ਿਵ ਸੈਨਾ ਦੇ ਆਗੂ ਧਨੰਜੇ ਗਾਵੜੇ ਕੋਲੋਂ 47 ਲੱਖ ਦੀ ਨਵੀਂ ਕਰੰਸੀ ਬਰਾਮਦ ਹੋਈ ਹੈ। ਲਗਭਗ ਹਰ ਮਾਮਲੇ ਦੀਆਂ ਤਾਰਾਂ ਭਗਵੇਂ ਬਰਗੇਡ ਨਾਲ ਜੁੜੀਆਂ ਹੋਈਆਂ ਹਨ। ਇਹ ਨੋਟਬੰਦੀ ਦੇ ਮਹਾਂ ਘੁਟਾਲੇ ਦੀਆਂ ਕੁਝ ਕੁ ਮਿਸਾਲਾਂ ਹਨ ਜੋ ਕਿਸੇ ਕਾਰਨ ਸਾਹਮਣੇ ਆ ਗਈਆਂ। ਇਨ੍ਹਾਂ ਮਿਸਾਲਾਂ ਤੋਂ ਨੋਟਬੰਦੀ ਦੀ ਅਸਲੀਅਤ ਨੂੰ ਸਮਝਿਆ ਜਾ ਸਕਦਾ ਹੈ ਕਿ ਨਵੇਂ ਨੋਟ ਕਿਵੇਂ ਜਾਰੀ ਹੁੰਦੇ ਸਾਰ ਜ਼ਖ਼ੀਰੇਬਾਜ਼, ਭ੍ਰਿਸ਼ਟਾਚਾਰੀ ਅਤੇ ਹਰ ਤਰ੍ਹਾਂ ਦੀਆਂ ਕਾਲੇ ਧੰਦੇ ਵਾਲੀਆਂ ਤਾਕਤਾਂ ਦੇ ਹੱਥਾਂ ਵਿਚ ਤੁਰੰਤ ਪਹੁੰਚਾਏ ਗਏ।

ਇਹ ਵੀ ਦਾਅਵਾ ਕੀਤਾ ਗਿਆ ਕਿ ਕਾਲੇ ਧਨ ਅਤੇ ਭ੍ਰਿਸ਼ਟਾਚਾਰ ਵਗੈਰਾ ਉੱਪਰ ਲਗਾਮ ਕੱਸਣ ਲਈ ਇਸ ਫ਼ੈਸਲੇ ਨੂੰ ਪੂਰੀ ਤਰ੍ਹਾਂ ਗੁਪਤ ਰੱਖਕੇ ਲਾਗੂ ਕਰਨਾ ਜ਼ਰੂਰੀ ਸੀ। ਜਦਕਿ ਤੱਥ ਦਿਖਾਉਂਦੇ ਹਨ ਕਿ ਇਹ ਸਿਰਫ਼ ਆਮ ਲੋਕਾਂ ਤੋਂ ਗੁਪਤ ਸੀ, ਕਾਲੇ ਧੰਦੇਬਾਜ਼ਾਂ ਨੂੰ ਇਸਦੀ ਅਗੇਤੀ ਪੂਰੀ ਜਾਣਕਾਰੀ ਸੀ। ਭਾਜਪਾ ਦੇ ਇਕ ਆਗੂ ਨੇ ਤਾਂ ਨੋਟਬੰਦੀ ਤੋਂ ਬਹੁਤ ਦਿਨ ਪਹਿਲਾਂ ਹੀ 2000 ਦੇ ਨਵੇਂ ਨੋਟ ਦੀਆਂ ਗੱਡੀਆਂ ਦੀਆਂ ਤਸਵੀਰਾਂ ਵੀ ਨਸ਼ਰ ਕਰ ਦਿੱਤੀਆਂ ਸਨ। ਵਿੱਤ ਮੰਤਰੀ ਅਰੁਣ ਜੇਤਲੀ ਦਾ ਕਹਿਣਾ ਹੈ ਕਿ ਨੋਟਬੰਦੀ ਦਾ ਫ਼ੈਸਲਾ ਲੈਣ ਤੋਂ ਪਹਿਲਾਂ ਦੋ ਮਹੀਨੇ ਇਸ ਬਾਰੇ 'ਹੋਮਵਰਕ' ਕੀਤਾ ਗਿਆ। ਇਸਦਾ ਭਾਵ ਇਹ ਵੀ ਹੈ ਕਿ ਨਵੇਂ ਨੋਟ ਛਾਪਕੇ ਨੋਟਬੰਦੀ ਤੋਂ ਪਹਿਲਾਂ ਹੀ ਸੰਘ ਬਰਗੇਡ ਅਤੇ ਆਪਣੇ ਚਹੇਤਿਆਂ ਤਕ ਪਹੁੰਚਾ ਦਿੱਤੇ ਗਏ ਸਨ। 8 ਨਵੰਬਰ ਤੋਂ ਪਹਿਲਾਂ ਪਹਿਲਾਂ ਸੰਘ ਬਰਗੇਡ ਅਤੇ ਇਨ੍ਹਾਂ ਦੇ ਜੁੰਡੀ ਯਾਰਾਂ ਨੇ ਪੁਰਾਣੇ ਨੋਟ ਸਿਲਸਿਲੇਵਾਰ ਤਰੀਕੇ ਨਾਲ ਬੈਂਕਾਂ ਵਿਚ ਜਮ੍ਹਾਂ ਕਰਵਾਏ ਅਤੇ ਵੱਡੇ ਪੈਮਾਨੇ 'ਤੇ ਅਚੱਲ ਜਾਇਦਾਦਾਂ ਖ਼ਰੀਦਕੇ ਆਪਣਾ ਕਾਲਾ ਧਨ ਚਿੱਟਾ ਕਰ ਲਿਆ। ਨੋਟਬੰਦੀ ਵਾਲੀ ਰਾਤ ਨੂੰ ਵੀ ਨੋਟ ਬਦਲਣ ਦੀ ਹੇਰਾਫੇਰੀ ਵੱਡੇ ਪੱਧਰ 'ਤੇ ਹੋਈ। ਬਾਦ ਵਿਚ ਵੀ ਤਰ੍ਹਾਂ ਤਰ੍ਹਾਂ ਦੇ ਢੰਗਾਂ ਨਾਲ ਪੁਰਾਣੇ ਨੋਟ ਬੇਸ਼ੁਮਾਰ ਪੱਧਰ 'ਤੇ ਬੈਂਕਾਂ ਅਤੇ ਹੋਰ ਥਾਵਾਂ ਉੱਪਰ ਜਮ੍ਹਾ ਕਰਵਾਏ ਜਾਂਦੇ ਰਹੇ। ਗ਼ਰੀਬ ਲੋਕਾਂ ਦੇ ਜਨਧਨ ਦੇ ਖ਼ਾਤਿਆਂ ਨੂੰ ਵੀ ਟੈਕਸ ਚੋਰਾਂ ਵਲੋਂ ਪੁਰਾਣੇ ਨੋਟ ਬਦਲਾਉਣ ਲਈ ਵਰਤਿਆ ਗਿਆ।

ਕਾਲੇ ਧਨ ਦੇ ਬਹਾਨੇ ਨੋਟਬੰਦੀ ਨਵੀਂ ਗੱਲ ਨਹੀਂ। 1978 'ਚ ਮੋਰਾਰਜੀ ਦੇਸਾਈ ਸਰਕਾਰ ਵਲੋਂ ਵੀ ਨੋਟਬੰਦੀ ਕੀਤੀ ਗਈ ਸੀ। ਪਰ ਉਸ ਵਕਤ ਬੰਦ ਕੀਤੇ ਗਏ ਵੱਡੇ ਨੋਟ (1000, 5000 ਅਤੇ 10000 ਦੇ ਨੋਟ) ਕੁਲ ਸਿੱਕੇ ਦਾ ਮਹਿਜ਼ 0.6ਫ਼ੀਸਦੀ ਸਨ। ਉਚੇਰੇ ਮੁੱਲ ਵਾਲੇ ਹੋਣ ਕਾਰਨ ਓਦੋਂ ਇਹ ਨੋਟ ਆਮ ਲੋਕਾਂ ਦੀ ਰੋਜ਼ਮਰਾ ਜ਼ਿੰਦਗੀ ਦੀਆਂ ਜ਼ਰੂਰਤਾਂ ਲਈ ਵਰਤੋਂ ਵਿਚ ਨਹੀਂ ਸਨ। ਇਸ ਕਾਰਨ ਐਨਾ ਸੰਕਟ ਪੈਦਾ ਨਹੀਂ ਸੀ ਹੋਇਆ। ਹੁਣ ਨੋਟਬੰਦੀ ਕੀਤੇ ਗਏ ਦੋ ਵੱਡੇ ਨੋਟ ਸਰਕੂਲੇਸ਼ਨ ਵਿਚ ਕੁਲ ਕਰੰਸੀ ਦਾ 86.4 ਫ਼ੀ ਸਦੀ ਹਨ ਅਤੇ ਰੁਪਏ ਦੀ ਕਦਰ ਬਹੁਤ ਜ਼ਿਆਦਾ ਘੱਟ ਜਾਣ ਕਾਰਨ ਰੋਜ਼ਮਰਾ ਜ਼ਿੰਦਗੀ ਅੰਦਰ ਆਮ ਵਰਤੋਂ ਵਿਚ ਆ ਰਹੇ ਸਨ। ਪ੍ਰਚਲਤ ਕਰੰਸੀ ਦੀ ਬਣਤਰ ਤੋਂ ਇਹ ਸਹਿਜੇ ਹੀ ਸਪਸ਼ਟ ਹੋ ਜਾਂਦਾ ਹੈ। ਨੋਟਬੰਦੀ ਦੇ ਵਕਤ ਮੁਲਕ ਦੀ ਆਰਥਿਕਤਾ ਵਿਚ ਕੁਲ 15.4 ਲੱਖ ਕਰੋੜ ਨੋਟ ਸਰਕੂਲੇਸ਼ਨ ਵਿਚ ਸਨ। ਜਿਨਾਂ ਵਿਚ ਬੰਦ ਕੀਤੇ ਗਏ ਨੋਟ ਕੁਲ ਸਰਕੂਲੇਸ਼ਨ ਦਾ 86ਫ਼ੀਸਦੀ ਸਨ – 7.9 ਲੱਖ ਕਰੋੜ ਦੇ 500 ਦੇ ਨੋਟ ਅਤੇ 6.3 ਲੱਖ ਕਰੋੜ ਦੇ ਲਗਭਗ 1000 ਦੇ ਨੋਟ। ਇੰਞ 100 ਰੁਪਏ ਦੇ ਅਤੇ ਇਸ ਤੋਂ ਛੋਟੇ ਨੋਟਾਂ ਦਾ ਹਿੱਸਾ ਸਿਰਫ਼ 2.2 ਲੱਖ ਕਰੋੜ ਤਕ ਹੀ ਸੀਮਤ ਸੀ। ਪਿਛਲੇ ਸਾਲਾਂ ਵਿਚ ਮਹਿਂਗਾਈ ਵਿਚ ਤੇਜ਼ ਰਫ਼ਤਾਰ ਵਾਧੇ ਨਾਲ ਵੱਡੇ ਨੋਟਾਂ ਉੱਪਰ ਨਿਰਭਰਤਾ ਵਿਚ ਬੇਤਹਾਸ਼ਾ ਵਾਧਾ ਹੋਇਆ ਹੈ। ਰੋਜ਼ਮਰਾ ਵਰਤੋਂ ਦੀਆਂ ਉਹੀ ਚੀਜ਼ਾਂ ਉਸੇ ਮਿਕਦਾਰ ਵਿਚ ਵੱਡੇ ਨੋਟਾਂ ਵਿਚ ਖ਼ਰੀਦਣੀਆਂ ਪੈਂਦੀਆਂ ਹਨ। 10 ਦਸੰਬਰ ਤਕ ਬੈਂਕਾਂ ਵਿਚ ਅੰਦਾਜ਼ਨ 12.44 ਲੱਖ ਕਰੋੜ ਦੇ ਬੰਦ ਨੋਟ ਜਮਾ ਕਰਵਾਏ ਜਾ ਚੁੱਕੇ ਸਨ। ਇਸਦੇ ਮੁਕਾਬਲੇ ਸਿਰਫ਼ 4.61 ਲੱਖ ਕਰੋੜ ਦੀ ਕਰੰਸੀ ਹੀ ਖ਼ਾਤਾਧਾਰਕਾਂ ਵਿਚ ਵੰਡਣ ਲਈ ਭੇਜੀ ਗਈ ਸੀ। ਇਸੇ ਕਾਰਨ ਹਾਲੀਆ ਨੋਟਬੰਦੀ ਨਾਲ ਆਮ ਜ਼ਿੰਦਗੀ ਬੁਰੀ ਤਰਾਂ ਪ੍ਰਭਾਵਿਤ ਹੋਈ ਅਤੇ ਇਸਨੇ ਮੁਲਕ ਦੀ ਆਰਥਕ ਜ਼ਿੰਦਗੀ ਦੀਆਂ ਚੂਲਾਂ ਹਿਲਾ ਦਿੱਤੀਆਂ। 30 ਦਸੰਬਰ ਤਕ ਲਗਭਗ ਸਾਰੇ ਨੋਟ ਜਮਾਂ ਹੋ ਜਾਣਗੇ। ਆਮਦਨ ਕਰ ਵਿਭਾਗ ਵਲੋਂ ਹੁਣ ਤਕ ਮਾਰੇ 761 ਛਾਪਿਆਂ ਵਿਚ ਮਹਿਜ਼ 3590 ਕਰੋੜ ਦੀ ਅਣਐਲਾਨੀ ਰਕਮ ਖੋਜੀ ਗਈ ਹੈ। ਇਸਦਾ ਭਾਵ ਇਹ ਹੈ ਕਿ ਮੋਦੀ ਹਕੂਮਤ ਨੇ ਇਸ ਮੁਹਿੰਮ ਰਾਹੀਂ ਨਜਾਇਜ਼ ਧਨ ਨੂੰ ਕਾਨੂੰਨੀ ਬਣਾਉਣ 'ਚ ਉਨ੍ਹਾਂ ਦੀ ਮਦਦ ਕੀਤੀ ਹੈ!

ਬਹੁਤ ਹੀ ਚਲਾਕੀ ਨਾਲ ਹਾਕਮ ਜਮਾਤੀ ਪਾਰਟੀਆਂ ਵਲੋਂ ਆਮ ਲੋਕਾਂ ਅੰਦਰ

> *ਜਨਾਰਦਨ ਰੈੱਡੀ ਦੀ ਬੇਟੀ ਦੇ ਜਿਸ ਪੰਜ ਸੌ ਕਰੋੜੀ ਵਿਆਹ ਦੀ ਵਾਹਵਾ ਚਰਚਾ ਹੁੰਦੀ ਰਹੀ, ਉਸਦੇ ਬਾਰੇ ਹੋਰ ਖ਼ੁਲਾਸਾ ਹੋਇਆ ਹੈ ਕਿ ਵਿਆਹ ਤੋਂ ਪਹਿਲਾਂ ਸੌ ਕਰੋੜ ਰੁਪਏ ਦਾ ਕਾਲਾ ਧਨ ਚਿੱਟਾ ਕੀਤਾ ਗਿਆ ਸੀ। ਇਸ ਕੰਮ ਲਈ ਇਕ ਜ਼ਮੀਨ ਗ੍ਰਹਿਣ ਅਧਿਕਾਰੀ ਭੀਮ ਨਾਇਕ ਨੇ ਵੀਹ ਫ਼ੀਸਦੀ ਕਮਿਸ਼ਨ ਲਿਆ ਸੀ। ਏਸ ਕੰਮ 'ਚ ਭਾਜਪਾ ਦੇ ਸਾਂਸਦ ਦਾ ਵੀ ਪੂਰਾ-ਪੂਰਾ ਸਹਿਯੋਗ ਰਿਹਾ। ਇਹ ਖ਼ੁਲਾਸਾ ਕਮਿਸ਼ਨ ਲੈ ਕੇ ਕਾਲੇ ਤੋਂ ਚਿੱਟਾ ਧਨ ਕਾਰਨ ਵਾਲੇ ਅਧਿਕਾਰੀ ਦੇ ਡਰਾਈਵਰ ਨੇ ਖ਼ੁਦਕੁਸ਼ੀ ਕਰਨ ਤੋਂ ਪਹਿਲਾਂ ਖ਼ੁਦਕੁਸ਼ੀ ਨੋਟ ਵਿਚ ਕੀਤਾ ਹੈ। ਡਰਾਈਵਰ ਨੇ ਆਪਣੇ ਖ਼ੁਦਕੁਸ਼ੀ ਨੋਟ ਵਿਚ ਲਿਖਿਆ ਹੈ ਕਿ ਮੈਂ ਭਾਰੀ ਦਬਾਅ ਹੇਠ ਸੀ ਤੇ ਮੈਨੂੰ ਧਮਕੀਆਂ ਮਿਲ ਰਹੀਆਂ ਸਨ।*



ਇਹ ਪ੍ਰਭਾਵ ਬਣਾ ਦਿੱਤਾ ਗਿਆ ਹੈ ਕਿ ਸਰਕਾਰ ਤੋਂ ਟੈਕਸ ਚੋਰੀ ਦੇ ਮਨੋਰਥ ਨਾਲ ਛੁਪਾਈ ਕਰੰਸੀ ਅਤੇ ਕਰੰਸੀ ਦਾ ਸਟਾਕ ਹੀ ਕਾਲਾ ਧਨ ਹੈ। ਹੁਕਮਰਾਨਾਂ ਵਲੋਂ ਘੜੀ ਇਸ ਚਲਾਕੀ ਭਰੀ ਪ੍ਰੀਭਾਸ਼ਾ ਤੋਂ ਪ੍ਰਭਾਵਿਤ ਆਮ ਬੰਦਾ ਨੋਟਬੰਦੀ ਰਾਹੀਂ ਬੈਂਕਾਂ ਵਿਚ ਜਮਾਂ ਹੋ ਰਹੇ ਨੋਟਾਂ ਨੂੰ ਹੀ ਕਾਲਾ ਧਨ ਸਮਝ ਰਿਹਾ ਹੈ। ਕਾਲੇ ਧਨ ਦੀ ਇਹ ਪ੍ਰੀਭਾਸ਼ਾ ਇਸ ਪ੍ਰਬੰਧ ਦੀ ਲੋਕ ਦੁਸ਼ਮਣ, ਲੋਟੂ ਖ਼ਸਲਤ ਨੂੰ ਲੁਕੋਣ ਲਈ ਪ੍ਰਚਾਰੀ ਗਈ ਹੈ। ਇਹ ਹਕੀਕਤ ਛੁਪਾ ਲਈ ਜਾਂਦੀ ਹੈ ਕਿ ਲੋਟੂ ਜਮਾਤਾਂ ਵਲੋਂ ਤਰਾਂ-ਤਰਾਂ ਦੇ ਢੰਗਾਂ ਨਾਲ ਕਿਰਤ ਦੀ ਲੁੱਟਖਸੁੱਟ ਦੁਆਰਾ ਬਟੋਰੇ ਜਾ ਰਹੇ ਮੁਨਾਫ਼ੇ ਅਤੇ ਇਸ ਅਮਲ ਵਿਚ ਲਾਏ ਜਾ ਰਹੇ ਦੌਲਤ ਦੇ ਅੰਬਾਰ ਅਸਲ ਕਾਲਾ ਧਨ ਹਨ ਜਿਸਨੂੰ ਓਦੋਂ ਤਕ ਖ਼ਤਮ ਨਹੀਂ ਕੀਤਾ ਜਾ ਸਕਦਾ ਜਦੋਂ ਤਕ ਲੁੱਟ ਨੂੰ ਹੋਂਦ ਵਿਚ ਲਿਆਉਣ ਅਤੇ ਇਸਨੂੰ ਬਰਕਰਾਰ ਰੱਖਣ ਵਾਲਾ ਪ੍ਰਬੰਧ ਮੌਜੂਦ ਹੈ। ਅਸਲੀਅਤ ਇਹ ਹੈ ਕਿ ਬਹੁਤ ਵੱਡਾ ਹਿੱਸਾ ਕਾਲਾ ਧਨ ਬਦੇਸ਼ਾਂ ਵਿਚ ਹੈ। ਮੁਲਕ ਦੇ ਅੰਦਰ 'ਕਾਲਾ ਧਨ' ਸੋਨਾ, ਬੇਨਾਮੀ ਜਾਇਦਾਦਾਂ, ਜ਼ਮੀਨਾਂ, ਰੀਅਲ ਇਸਟੇਟ, ਸ਼ੇਅਰ ਮਾਰਕਿਟ ਅੰਦਰ ਪੂੰਜੀਨਿਵੇਸ਼ ਵਗੈਰਾ ਦੇ ਰੂਪ ਵਿਚ ਹੈ। ਪਿਛਲੀਆਂ ਸਰਕਾਰਾਂ ਅਤੇ ਮੋਦੀ ਸਰਕਾਰ ਦੇ ਆਪਣੇ ਪਹਿਲੇ ਬਿਆਨਾਂ ਅਨੁਸਾਰ ਜ਼ਿਆਦਾਤਰ ਕਾਲਾ ਧਨ ਬਦੇਸ਼ੀ ਬੈਂਕਾਂ ਵਿਚ ਹੈ ਅਤੇ ਮੁਲਕ ਦੇ ਅੰਦਰ ਕਰੰਸੀ ਦੀ ਸ਼ਕਲ ਵਿਚ 'ਕਾਲਾ ਧਨ' ਮਹਿਜ਼ 6 ਫ਼ੀਸਦੀ ਹੀ ਹੈ। ਇਸ ਤੋਂ ਸਹਿਜੇ ਹੀ ਸਮਝਿਆ ਜਾ ਸਕਦਾ ਹੈ ਕਿ ਮੋਦੀ ਸਰਕਾਰ ਦਾ ਨਿਸ਼ਾਨਾ ਆਮ ਲੋਕਾਂ ਦਾ ਪੈਸਾ ਧੋਖੇ ਨਾਲ ਬੈਂਕਾਂ ਵਿਚ ਜਮ੍ਹਾਂ ਕਰਵਾਕੇ ਸਿੱਕੇ ਦੀ ਥੁੜ੍ਹ ਦੇ ਸੰਕਟ ਨੂੰ ਘਟਾਉਣਾ ਸੀ ਜੋ ਵੱਡੇ ਕਾਰਪੋਰੇਟ ਘਰਾਣਿਆਂ ਵੱਲ ਬਕਾਇਆ ਕਰਜਿਆਂ ਕਾਰਨ ਬਣਿਆ ਹੋਇਆ ਸੀ।

ਮੋਦੀ ਸਰਕਾਰ ਬਦੇਸ਼ਾਂ ਵਿਚ ਲੁਕੋਏ ਅਤੇ ਪੂੰਜੀ-ਨਿਵੇਸ਼ ਕੀਤੇ ਬੇਸ਼ੁਮਾਰ ਕਾਲੇ ਧਨ ਦੀ ਗੱਲ ਕਿਉਂ ਕਰੇਗੀ, ਉਹ ਤਾਂ ਖ਼ੁਦ ਕਾਲੇ ਧੰਦੇ ਦੀ ਸਭ ਤੋਂ ਵੱਡੀ ਪਾਲਣਹਾਰ ਹੈ। ਮੋਦੀ ਸਰਕਾਰ ਵਲੋਂ ਬਦੇਸ਼ੀ ਕਰੰਸੀ ਵਿਚ ਧਨ ਬਾਹਰ ਕੱਢਣ ਦੀ ਹੱਦ 75000 ਡਾਲਰ ਤੋਂ ਵਧਾਕੇ 2.5 ਲੱਖ ਡਾਲਰ ਕਰ ਦਿੱਤੀ ਗਈ। ਸਟੇਟ ਬੈਂਕ ਆਫ ਇੰਡੀਆ ਵਲੋਂ ਹਾਲ ਹੀ ਵਿਚ ਚੋਟੀ ਦੇ 63 ਕਰਜਾ ਡਿਫਾਲਟਰਾਂ ਦੇ 7016 ਕਰੋੜ ਰੁਪਏ ਦੇ ਬਕਾਏ ਨਾਨ-ਪ੍ਰਫਾਰਮਿੰਗ ਅਸਾਸੇ (ਭਾਵ ਐਸੇ ਕਰਜੇ ਜਿਨ੍ਹਾਂ ਦੇ ਵਾਪਸ ਆਉਣ ਦੀ ਉਮੀਦ ਨਹੀਂ) ਕਹਿਕੇ ਮਾਫ਼ ਕੀਤੇ ਗਏ। ਜਿਨਾਂ ਵਿਚ ਇਕ ਮਹਾਂ ਘੋਟਾਲੇਬਾਜ਼ ਵਿਜੇ ਮਾਲਿਆ (ਜਿਸ ਨੂੰ ਕਾਂਗਰਸ, ਭਾਜਪਾ ਅਤੇ ਜਨਤਾ ਦਲ (ਸੈਕੂਲਰ) ਨੇ ਦੋ ਵਾਰ ਰਾਜ ਸਭਾ ਮੈਂਬਰ ਬਣਾਇਆ) ਵੱਲ 1201 ਕਰੋੜ ਰੁਪਏ ਦੇ ਕਰਜੇ ਵੀ ਸ਼ਾਮਲ ਹਨ। ਜੂਨ 2016 ਤਕ ਸਟੇਟ ਬੈਂਕ ਆਫ ਇੰਡੀਆ ਐਸੇ 48000 ਕਰੋੜ ਰੁਪਏ ਦੇ ਬਕਾਇਆਂ ਉੱਪਰ ਲੀਕ ਮਾਰ ਚੁੱਕਾ ਸੀ। ਸਰਕਾਰੀ ਬੈਂਕਾਂ ਦੇ 11 ਲੱਖ ਕਰੋੜ ਰੁਪਏ ਕਾਰਪੋਰੇਟ ਸਰਮਾਏਦਾਰਾਂ ਵੱਲ ਬਕਾਇਆ ਹਨ ਜਦੋਂਕਿ ਮੋਦੀ ਸਰਕਾਰ ਵਲੋਂ 1.16 ਲੱਖ ਕਰੋੜ ਰੁਪਏ ਦੇ ਕਾਰਪੋਰੇਟ ਕਰਜ਼ੇ ਮਾਫ਼ ਕੀਤੇ ਜਾ ਚੁੱਕੇ ਹਨ। ਕਾਰਪੋਰੇਟ ਅਰਬਪਤੀਆਂ ਵੱਲ ਸਿੱਧੇ ਟੈਕਸ ਦੇ 5 ਲੱਖ ਕਰੋੜ ਤੋਂ ਉੱਪਰ ਬਕਾਏ ਖੜ੍ਹੇ ਹਨ। ਜਦੋਂਕਿ ਪਿਛਲੇ ਦਹਾਕੇ ਦੌਰਾਨ ਕਾਰਪੋਰੇਟ ਕਾਰੋਬਾਰੀਆਂ ਨੂੰ 40 ਲੱਖ ਕਰੋੜ ਤੋਂ ਉੱਪਰ ਟੈਕਸ ਛੋਟ ਦਿੱਤੀ ਗਈ ਹੈ। ਮੋਦੀ ਸਰਕਾਰ ਦੌਰਾਨ ਇਹ ਟੈਕਸ ਛੋਟ 6 ਲੱਖ ਕਰੋੜ ਤੋਂ ਉੱਪਰ ਬਣਦੀ ਹੈ। ਜਦੋਂ ਅਵਾਮ ਦੀਆਂ ਜੇਬਾਂ ਖਾਲੀ ਹਨ, ਇਸ ਦੌਰਾਨ ਬੈਂਕਾਂ ਵਿਆਜ ਦਰਾਂ ਘਟਾਈਆਂ ਜਾ ਰਹੀਆਂ ਹਨ। ਜਿਸਦਾ ਸਿੱਧਾ ਫ਼ਾਇਦਾ ਵੱਡੇ ਕਾਰਪੋਰੇਟ ਕਰਜ਼ਦਾਰਾਂ ਨੂੰ ਹੋਵੇਗਾ ਜਿਨਾਂ ਨੇ ਬੈਂਕਾਂ ਤੋਂ ਵੱਡੇ-ਵੱਡੇ ਕਰਜ਼ੇ ਲਏ ਹੋਏ ਹਨ। ਇਸ ਵਕਤ ਮੁਲਕ ਦੇ 10 ਸਭ ਤੋਂ ਵੱਡੇ ਕਰਜ਼ਦਾਰ ਸਮੂਹਾਂ ਵੱਲ ਬੈਂਕਾਂ ਦੇ 7.3 ਲੱਖ ਕਰੋੜ ਦੇ ਕਰਜ਼ੇ ਹਨ। ਵਿਆਜ ਵਿਚ ਮਹਿਜ਼ ਇਕ ਫ਼ੀਸਦੀ ਕਟੌਤੀ ਕਰ ਦਿੱਤੇ ਜਾਣ ਨਾਲ ਹੀ ਇਨਾਂ ਨੂੰ ਇਸ ਸਾਲ ਵਿਚ 7300 ਕਰੋੜ ਰੁਪਏ ਦਾ ਫ਼ਾਇਦਾ ਹੋਵੇਗਾ। ਦਰਅਸਲ, ਨੋਟਬੰਦੀ ਦੀ ਕਵਾਇਦ ਜ਼ਰੀਏ ਜੇ ਕਿਸੇ ਨੂੰ ਸਜ਼ਾ ਮਿਲੀ ਹੈ ਤਾਂ ਉਹ ਆਮ ਜਨਤਾ ਹੈ ਜੋ ਬੈਂਕਾਂ ਅੱਗੇ ਕਤਾਰਾਂ ਵਿਚ ਲੱਗੀ ਹੁਕਮਰਾਨਾਂ ਦੀਆਂ ਧਾਂਦਲੀਆਂ, ਭ੍ਰਿਸ਼ਟਾਚਾਰ ਅਤੇ ਕਾਲੇ ਧਨ ਦੀ ਸਜ਼ਾ ਭੁਗਤ ਰਹੀ ਹੈ।

ਇਸ ਦੌਰਾਨ ਮੀਡੀਆ ਦੀ ਭੂਮਿਕਾ ਵੀ ਘੱਟ ਘਿਣਾਉਣੀ ਨਹੀਂ। ਵੱਡਾ ਹਿੱਸਾ ਮੀਡੀਆ ਨੇ ਇਸ ਨਾਟਕ ਨੂੰ ਕਾਲੇ ਧਨ ਵਿਰੁੱਧ 'ਸਰਜੀਕਲ ਸਟਰਾਈਕ' ਕਰਾਰ ਦੇਕੇ ਇਸ ਦਾ ਧੂੰਆਂਧਾਰ ਪ੍ਰਚਾਰ ਕੀਤਾ। ਖ਼ਾਸ ਕਰਕੇ ਜ਼ੀ.ਨਿਊਜ਼ ਅਤੇ ਆਜ ਤਕ ਵਲੋਂ ਪੂਰੀ ਬੇਸ਼ਰਮੀ ਨਾਲ ਨੋਟਬੰਦੀ ਨੂੰ ਬਹੁਤ ਵੱਡੀ ਪ੍ਰਾਪਤੀ ਦੇ ਤੌਰ 'ਤੇ ਪੇਸ਼ ਕਰਦਿਆਂ ਝੂਠ ਫੈਲਾਉਣ ਵਿਚ ਕੋਈ ਕਸਰ ਨਹੀਂ ਛੱਡੀ ਗਈ। ਇੱਥੋਂ ਤਕ ਪ੍ਰਚਾਰ ਕੀਤਾ ਗਿਆ ਕਿ ਦੋ ਹਜ਼ਾਰ ਦੇ ਨੋਟ ਵਿਚ ਵਿਸ਼ੇਸ਼ ਨੈਨੋ ਜੀ.ਪੀ.ਐੱਸ. ਚਿੱਪ ਲਗਾਈ ਗਈ ਹੈ ਜਿਸ ਨਾਲ 120 ਮੀਟਰ ਦੀ ਡੂੰਘਾਈ ਤਕ ਛੁਪਾਏ ਨੋਟ ਨੂੰ ਜੀ.ਪੀ.ਐੱਸ. ਦੀ ਮਦਦ ਨਾਲ ਲੱਭਿਆ ਜਾ ਸਕੇਗਾ। ਜਦੋਂਕਿ ਇਸ ਦਾਅਵੇ ਵਿਚ ਰੱਤੀ ਭਰ ਵੀ ਸਚਾਈ ਨਹੀਂ ਸੀ।

ਨੋਟਬੰਦੀ ਦੀ ਕਵਾਇਦ ਨੂੰ ਜਾਇਜ਼ ਠਹਿਰਾਉਣ ਲਈ ਦਲੀਲ ਦਿੱਤੀ ਗਈ ਕਿ ਇਹ ਵੱਡੇ ਨੋਟ ਟੈਕਸ ਚੋਰੀ, ਜੁਰਮ, ਦਹਿਸ਼ਤਵਾਦ ਅਤੇ ਭ੍ਰਿਸ਼ਟਾਚਾਰ ਲਈ ਇਸਤੇਮਾਲ ਕੀਤੇ ਜਾ ਰਹੇ ਸਨ ਇਸ ਲਈ ਇਨਾਂ ਨੂੰ ਬੰਦ ਕਰਨਾ ਜ਼ਰੂਰੀ ਸੀ। ਕਦੇ ਨਕਲੀ ਕਰੰਸੀ ਉੱਪਰ ਕਾਬੂ ਪਾਉਣ ਦੀ ਦਲੀਲ ਦਿੱਤੀ ਗਈ। ਜਦੋਂਕਿ ਕਲਕੱਤਾ ਸਥਿਤ ਇੰਡੀਅਨ ਸਟੈਟਿਸਟੀਕਲ ਇੰਸਟੀਚਿਊਟ ਦੀ ਰਿਪੋਰਟ ਅਨੁਸਾਰ ਮੁਲਕ ਵਿਚ ਕੁਲ ਜਿੰਨੀ ਕਰੰਸੀ ਸਰਕੂਲੇਸ਼ਨ ਵਿਚ ਹੈ ਉਸਦਾ ਮਹਿਜ਼ 0.002 ਫ਼ੀਸਦੀ ਯਾਨੀ 400 ਕਰੋੜ ਰੁਪਏ ਹੀ ਨਕਲੀ ਨੋਟਾਂ ਵਿਚ ਹੈ ਅਤੇ ਇਹ ਨੋਟ ਮੁੱਖ ਤੌਰ 'ਤੇ 100 ਰੁਪਏ ਅਤੇ ਇਸਤੋਂ ਛੋਟੇ ਹਨ। ਡਾਲਰ ਕੌਮਾਂਤਰੀ ਪੱਧਰ 'ਤੇ ਉਨ੍ਹਾਂ ਸਾਰੇ ਘਿਣਾਉਣੇ ਜੁਰਮਾਂ ਵਿਚ ਥੋਕ ਪੱਧਰ 'ਤੇ ਇਸਤੇਮਾਲ ਹੁੰਦਾ ਹੈ ਜਿਨ੍ਹਾਂ ਨੂੰ ਮੋਦੀ ਸਰਕਾਰ ਨੇ ਨੋਟਬੰਦੀ ਦੇ ਕਾਰਨ ਗਿਣਾਇਆ ਹੈ, ਉਸਦੀ ਤਾਂ ਇਨ੍ਹਾਂ ਵਿੱਚੋਂ ਕਿਸੇ ਕਾਰਨ ਕਦੇ ਨੋਟਬੰਦੀ ਨਹੀਂ ਕੀਤੀ ਗਈ। ਰੁਪਏ ਦੀ ਭੂਮਿਕਾ ਤਾਂ ਡਾਲਰ ਦੇ ਮੁਕਾਬਲੇ ਕੁਝ ਵੀ ਨਹੀਂ। ਉਪਰੋਕਤ ਦਲੀਲ ਦੇਣ ਵਾਲੀ ਸਰਕਾਰ ਵਲੋਂ ਵੱਡੇ ਨੋਟਾਂ ਦੀ ਥਾਂ 2000 ਦਾ ਹੋਰ ਵੀ ਵੱਡਾ ਨੋਟ ਜਾਰੀ ਕਰਨਾ ਸਾਬਤ ਕਰਦਾ ਹੈ ਕਿ ਨੋਟਬੰਦੀ ਦਾ ਬਹਾਨਾ ਹੋਰ ਅਤੇ ਨਿਸ਼ਾਨਾ ਹੋਰ ਹੈ। ਮੋਦੀ ਸਰਕਾਰ ਵਲੋਂ ਬਣਾਏ ਨੀਤੀ ਆਯੋਗ ਦੇ ਸੀ.ਈ.ਓ. ਅਮਿਤਾਭ ਕਾਂਤ ਨੇ ਆਪਣੀ ਟਵੀਟ ਵਿਚ ਸਾਫ਼ ਮੰਨਿਆ ਹੈ ਕਿ ਨੋਟਬੰਦੀ ਕਾਲਾ ਧਨ ਖ਼ਤਮ ਕਰਨ ਲਈ ਨਹੀਂ ਬਲਕਿ ਮੁਲਕ ਨੂੰ "ਪੂਰੀ ਤਰਾਂ ਡਿਜੀਟਾਈਜ਼ਡ ਅਦਾਇਗੀ ਆਰਥਿਕਤਾ" ਬਣਾਉਣ ਲਈ ਹੈ। ਨੋਟਬੰਦੀ ਤੋਂ ਅਗਲੀ ਸਵੇਰ ਹੀ ਇਕ ਡਿਜੀਟਲ ਪੇਮੈਂਟ ਕੰਪਨੀ ਵਲੋਂ ਨੋਟਬੰਦੀ ਦੀ ਤਾਰੀਫ਼ ਕਰਦੇ ਹੋਏ ਅਖ਼ਬਾਰਾਂ ਵਿਚ ਪੂਰੇ ਸਫ਼ੇ ਦਾ ਇਸ਼ਤਿਹਾਰ ਪ੍ਰਕਾਸ਼ਿਤ ਕਰਵਾਇਆ ਗਿਆ। ਜਿਸਤੋਂ ਇਸ ਮੁਹਿੰਮ ਨਾਲ ਜੁੜੇ ਕਾਰਪੋਰੇਟ ਹਿੱਤ ਸਾਫ਼ ਨਜ਼ਰ ਆਉਂਦੇ ਹਨ। ਜਿਥੇ 90 ਕਰੋੜ ਤੋਂ ਉੱਪਰ ਲੋਕਾਂ ਨੂੰ ਢਿੱਡ ਭਰਨ ਲਈ ਲੋੜੀਂਦਾ ਖਾਣਾ ਵੀ ਨਹੀਂ ਮਿਲਦਾ

(ਬਾਕੀ ਸਫ਼ਾ 25 'ਤੇ)



## ਵੱਡੇ ਬੁਰਜ਼ੂਆ ਅਰਥਸ਼ਾਸਤਰੀ ਕੀ ਕਹਿੰਦੇ ਹਨ ?

☛ ਸਾਬਕਾ ਅਮਰੀਕਨ ਖ਼ਜ਼ਾਨਾ ਸਕੱਤਰ ਲੈਰੀ ਸਮਰਜ਼, ਵਿਸ਼ਵ ਬੈਂਕ ਦੇ ਸਾਬਕਾ ਮੁੱਖ ਅਰਥਸ਼ਾਸਤਰੀ ਕੌਸ਼ਿਕ ਬਸੂ ਅਤੇ ਮੁੱਖ ਆਲਮੀ ਯੁੱਧਨੀਤੀ ਘਾੜੇ ਅਤੇ ਮੌਰਗਨ ਸਟੈਨਲੇ ਵਿਖੇ ਉੱਭਰ ਰਹੀਆਂ ਮੰਡੀਆਂ ਦੇ ਕਰਤਾ-ਧਰਤਾ ਰੁਚਿਰ ਸ਼ਰਮਾ ਨੇ ਸ਼ਰੇਆਮ ਨੋਟਬੰਦੀ ਦੀ ਨੀਤੀ ਦਾ ਵਿਰੋਧ ਕੀਤਾ ਹੈ।

☛ ਨੋਬਲ ਇਨਾਮ ਜੇਤੂ ਅਰਥਸ਼ਾਸਤਰੀ ਅਮ੍ਰਿਤਯਾ ਸੇਨ ਨੇ ਨਗ਼ਦੀ ਉੱਪਰ ਪਾਬੰਦੀ ਨੂੰ "ਨਿਰੰਕੁਸ਼ ਕਾਰਵਾਈ" ਕਰਾਰ ਦਿੰਦਿਆਂ ਕਿਹਾ ਕਿ "ਸਿਰਫ਼ ਇਕ ਤਾਨਾਸ਼ਾਹ ਹਕੂਮਤ ਹੀ ਐਨਾ ਸ਼ਾਂਤ ਚਿੱਤ ਹੋ ਕੇ ਆਪਣੇ ਲੋਕਾਂ ਨੂੰ ਐਸੀ ਮੰਦੀ ਹਾਲਤ ਵਿਚ ਧੱਕ ਸਕਦੀ ਹੈ"।

☛ ਹਾਵਰਡ ਯੂਨੀਵਰਸਿਟੀ ਵਿਖੇ ਪਬਲਿਕ ਨੀਤੀ ਅਤੇ ਅਰਥਸ਼ਾਸਤਰ ਦੇ ਪ੍ਰੋਫੈਸਰ ਕੈਨੇਥ ਰੋਗੌਫ਼, ਜਿਸਨੇ ਪਿੱਛੇ ਜਹੇ ਨਗਦੀ ਦਾ ਸਰਾਪ ਨਾਂ ਦੀ ਕਿਤਾਬ ਲਿਖੀ ਹੈ, ਨੇ ਵੀ ਮੋਦੀ ਵਲੋਂ ਨੋਟਾਂ ਉੱਪਰ ਪਾਬੰਦੀ ਥੋਪਣ ਲਈ ਅਖ਼ਤਿਆਰ ਕੀਤੇ ਤਰੀਕੇ ਅਤੇ ਇਸਨੂੰ ਲਾਗੂ ਕਰਨ ਵਿਚ ਘਿਣਾਉਣੀ ਨਾਕਾਮੀ ਦੀ ਬੇਲਿਹਾਜ਼ ਨੁਕਤਾਚੀਨੀ ਕੀਤੀ ਹੈ। ਇਸੇ ਤਰ੍ਹਾਂ ਦੀ ਨੁਕਤਾਚੀਨੀ ਖੁੱਲ੍ਹੀ ਮੰਡੀ ਦੇ ਚੈਂਪੀਅਨਾਂ ਰਸਾਲਿਆਂ ਫੋਰਬਸ ਅਤੇ ਵਾਲ ਸਟਰੀਟ ਜਰਨਲ ਨੇ ਕੀਤੀ ਹੈ।










## ਜਲੂਰ ਕਾਂਡ ਦੇ ਦੋਸ਼ੀਆਂ ਨੂੰ ਬਚਾਉਣ ਲਈ ਪੁਲਸ ਮੁੜ ਸਰਗਰਮ

# ਜਿੱਤ ਤੱਕ ਪੁੱਜਣ ਲਈ ਏਕਤਾ, ਚੌਕਸ ਨਿਗਾਹੀ ਅਤੇ ਦ੍ਰਿੜ ਸੰਘਰਸ਼ ਦੀ ਲੋੜ : ਨਰਿੰਦਰ ਜੀਤ






ਜਲੂਰ ਕਾਂਡ ਚ ਬਜ਼ੁਰਗ ਮਾਤਾ ਗੁਰਦੇਵ ਕੌਰ ਨੂੰ ਵਹਿਸ਼ੀ ਢੰਗ ਨਾਲ ਸ਼ਹੀਦ ਕਰਨ, ਦਲਿਤ ਲੜਕੀਆਂ ਅਤੇ ਔਰਤਾਂ ਦੀਆਂ ਇਜ਼ਤਾਂ ਨੂੰ ਹੱਥ ਪਾਉਣ, ਦਲਿਤਾਂ ਦੇ ਘਰ ਅਤੇ ਸਾਮਾਨ ਭੰਨਣ, ਉਹਨਾਂ ਦੀ ਕੁੱਟ ਮਾਰ ਕਰਨ ਅਤੇ ਜਾਤੀ ਹਿੰਸਾ ਦਾ ਤਾਂਡਵ ਰਚਾਉਣ ਵਾਲੇ ਮੁਖ ਦੋਸ਼ੀਆਂ ਨੂੰ ਸਜ਼ਾ ਤੋਂ ਬਚਾਉਣ ਲਈ ਪੁਲਸ ਨੇਂ ਆਵਦੀਆਂ ਸਰਗਰਮੀਆਂ ਹੋਰ ਤੇਜ ਕਰ ਦਿੱਤੀਆਂ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਨੇਂ ਅਦਾਲਤ ਵਿਚ ਅਰਜ਼ੀ ਦਾਇਰ ਕਰ ਕੇ ਇਸ ਕੇਸ ਦੀ ਮੁੜ ਪੜਤਾਲ ਕਰਨ ਦੀ ਇਜ਼ਾਜ਼ਤ ਮੰਗੀ ਹੈ । ਅਜਿਹਾ ਪੁਲਸ ਨੇਂ ਮੁਖ ਦੋਸ਼ੀ ਮੰਗੂ, ਗੁਰਲਾਲ ਵਗੈਰਾ ਦੀ ਅਰਜ਼ੀ ਤੇ ਕੀਤਾ ਹੈ, ਜਿਸ ਚ ਉਹਨਾਂ ਨੇ ਆਪਣੇ ਆਪ ਨੂੰ ਬੇਗੁਨਾਹ ਦੱਸਿਆ ਹੈ ਅਤੇ ਦਾਅਵਾ ਕੀਤਾ ਹੈ ਕਿ ਉਹ ਤਾਂ ਹਮਲੇ ਦੀ ਮਾਰ ਹੇਠ ਆਏ ਦਲਿਤਾਂ ਨੂੰ ਬਚਾਉਣ ਲਈ ਗਏ ਸਨ। ਅਸਲ ਚ ਪੁਲਸ ਇਹ ਸਾਰਾ ਕੁਝ ਅਕਾਲੀ ਮੰਤਰੀ ਪਰਮਿੰਦਰ ਢੀਂਡਸਾ, ਅਖੌਤੀ ਕਿਸਾਨ ਆਗੂ ਅਜਮੇਰ ਸਿੰਘ ਲੱਖੋਵਾਲ ਅਤੇ ਪਿਸ਼ੌਰਾ ਸਿੰਘ ਸਿੱਧੂਪੁਰ ਅਤੇ ਕਾਂਗਰਸੀ ਆਗੂ ਰਾਜਿੰਦਰ ਕੌਰ ਭਠੱਲ, ਦੇ ਹੁਕਮਾਂ ਅਧੀਨ ਕਰ ਰਹੀ ਹੈ । ਪਹਿਲਾਂ ਪੁਲਸ ਨੇਂ ਦੋਸ਼ੀਆਂ ਦਾ ਚਲਾਣ ਮਿਥੀ ਮਿਆਦ ਵਿਚ ਨਾਂ ਪੇਸ਼ ਕਰਕੇ ਉਹਨਾਂ ਨੂੰ ਜ਼ਮਾਨਤ ਕਰਵਾਉਣ ਦਾ ਮੌਕਾ ਦੇਣ ਦੀ ਵਿਉਂਤ ਘੜੀ ਸੀ। ਪਰ ਸੰਘਰਸ਼ ਸ਼ੀਲ ਲੋਕਾਂ ਦੇ ਦਬਾਅ ਥੱਲੇ ਉਹਨਾਂ ਨੂੰ ਇਹ ਸਕੀਮ ਰੱਦ ਕਰਨੀ ਪਈ? ਇਸ ਲਈ ਹੁਣ ਕੇਸ ਦੀ ਮੁੜ ਪੜਤਾਲ ਦਾ ਹਰਬਾ ਵਰਤਿਆ ਜਾ ਰਿਹਾ ਹੈ । ਪੁਲਸ ਅਦਾਲਤ ਦੀ ਥਾਂ ਖੁਦ ਹੀ ਜੱਜ ਬਣ ਕੇ ਮੁਜਰਮਾਂ ਨੂੰ ਬਰੀ ਕਰਨ ਦੀ ਚਾਲ ਚੱਲ ਰਹੀ ਹੈ।

**ਪੁਲਸ ਆਪਣਾ ਕਾਲਾ ਇਤਿਹਾਸ ਦੁਹਰਾ ਰਹੀ ਹੈ :** ਬਾਦਲਾਂ ਦੇ ਰਾਜ ’ਚ ਪੁਲਸ ਅਜਿਹਾ ਵਹਿਸ਼ੀ ਵਿਹਾਰ ਅਕਸਰ ਕਰਦੀ ਰਹੀ ਹੈ। ਫਰੀਦਕੋਟ ਵਿਚ ਨਿਸ਼ਾਨ ਸਿੰਘ ਦੇ ਗੁੰਡਾ ਗਰੋਹ ਵੱਲੋਂ ਇੱਕ ਨਾਬਾਲਗ ਲੜਕੀ ਨੂੰ ਸ਼ਰੇ-ਆਮ, ਲੋਕਾਂ ਨੂੰ ਲਲਕਾਰਦੇ ਹੋਏ ਉਸਦੇ ਮਾਪਿਆਂ ਦੇ ਸੱਟਾਂ ਮਾਰ ਕੇ ਘਰੋਂ ਅਗਵਾ ਕਰਨ ਦੇ ਮਾਮਲੇ ’ਚ, ਓਦੋਂ ਦੇ ਪੁਲਸ ਅਧਿਕਾਰੀਆਂ ਨੇਂ ਨਿਸ਼ਾਨ ਜੁੰਡਲੀ ਨੂੰ ਬਚਾਉਣ ਲਈ ਇਸ ਨੂੰ ਪਿਆਰ ਵਿਆਹ ਦਾ ਮਾਮਲਾ ਦੱਸ ਕੇ ਗੁੰਡਿਆਂ ਨੂੰ ਬਰੀ ਕਰਨ ਦੀ ਕੋਸ਼ਿਸ਼ ਕੀਤੀ ਸੀ ਕਿਉਂਕਿ ਉਹ ਸੁਖਬੀਰ ਬਾਦਲ, ਮਜੀਠੀਏ ਅਤੇ ਗੁਰਦੇਵ ਬਾਦਲ ਦੀ ਛਤਰਛਾਇਆ ’ਚ ਪਲ ਰਹੇ ਸਨ।

ਮੁਕਤਸਰ ਜ਼ਿਲੇ ਦੇ ਗੰਧੜ ਪਿੰਡ ’ਚ, ਇੱਕ ਨਾਬਾਲਗ ਦਲਿਤ ਲੜਕੀ ਨਾਲ ਤਿੰਨ ਗੁੰਡਿਆਂ ਵੱਲੋਂ ਸਮੂਹਿਕ ਬਲਾਤਕਾਰ ਕਰਨ ਦੇ ਮਾਮਲੇ ’ਚ ਇੱਕ ਅਕਾਲੀ ਵਿਧਾਇਕ ਅਤੇ ਮੁੱਖ ਮੰਤਰੀ ਬਾਦਲ ਦੇ ਕਹਿਣ ਤੇ ਪੁਲਸ ਦੇ ਇੱਕ ਉੱਚ ਅਧਿਕਾਰੀ ਨੇਂ ਇਹਨਾਂ ਬਲਾਤਕਾਰੀਆਂ ਨੂੰ ਨਿਰਦੋਸ਼ ਦੱਸਿਆ ਸੀ।

ਬਠਿੰਡਾ ਜ਼ਿਲੇ ਦੇ ਪਿੰਡ ਹਮੀਰਗੜ੍ਹ ’ਚ ਪਾਖਾਨਿਆਂ ਅਤੇ ਰੂੜੀਆਂ ਲਈ ਜਗਾਹ ਦੀ ਮੰਗ ਕਰ ਰਹੇ ਦਲਿਤਾਂ ਤੇ ਸਮੂਹਿਕ ਰੂਪ ’ਚ ਹਮਲਾ ਕਰਨ ਵਾਲੇ ਅਕਾਲੀ ਮੰਤਰੀ ਸਿਕੰਦਰ ਮਲੂਕੇ ਦੇ ਪਾਲਤੂ ਗੁੰਡਿਆਂ ਨੂੰ ਬਚਾਉਣ ਲਈ ਅਤੇ ਗੈਰ ਕਾਨੂੰਨੀ ਢੰਗ ਨਾਲ ਦੱਬੀ ਪੰਚਾਇਤੀ ਜ਼ਮੀਨ ਤੇ ਆਪਣਾ ਕਬਜ਼ਾ ਬਰਕਰਾਰ ਰੱਖਣ ਲਈ ਅਕਾਲੀ ਹਾਕਮਾਂ ਦੇ ਹੁਕਮਾਂ ਤੇ ਪੁਲਸ ਨੇਂ ਦਲਿਤਾਂ ਤੇ ਵਹਿਸ਼ੀ ਜਬਰ ਢਾਉਣ ਤੋਂ ਬਾਅਦ ਉਲਟਾ ਉਹਨਾਂ ਤੇ ਹੀ ਇਰਾਦਾ ਕਤਲ ਵਰਗੇ ਸੰਗੀਨ ਦੋਸ਼ ਲਾਕੇ ਕੇਸ ਮੜ ਦਿੱਤੇ ਸਨ। ਕਿਰਨਜੀਤ ਦੇ ਕਾਤਲਾਂ ਨੂੰ ਵੀ ਸੰਗਰੂਰ ਪੁਲਸ ਨੇਂ ਬਚਾਉਣ ਲਈ ਪੂਰਾ ਟਿੱਲ ਲਾਇਆ ਸੀ। ਲੁਧਿਆਣੇ ’ਚ ਸ਼ਹਿਨਾਜ਼ ਨਾਂ ਦੀ ਲੜਕੀ ਨੂੰ ਅਗਵਾ ਕਰਕੇ ਉਸ ਨਾਲ ਬਲਾਤਕਾਰ ਕਰਨ ਅਤੇ ਫਿਰ ਉਸ ਨੂੰ ਉਸਦੇ ਘਰ ਵਿਚ ਜਬਰੀ ਦਾਖਿਲ ਹੋ ਕੇ ਜਿੰਦਾ ਸਾੜ ਦੇਣ ਦੇ ਦੋਸ਼ੀਆਂ ਨੂੰ ਵੀ ਪੁਲਸ ਨੇ ਪੂਰੀ ਸੁਰਖਿਆ ਪ੍ਰਦਾਨ ਕੀਤੀ ਸੀ? ਵਿੰਞੂ ਬਲਾਹੜ ਖੰਨਾ ਚਮਿਆਰਾ, ਭਗਤਾ ਭਾਈਕਾ ਅਤੇ ਅਜਿਹੇ ਹੋਰ ਕਿੰਨੇ ਹੀ ਜ਼ਮੀਨੀ ਸੰਘਰਸ਼ਾਂ ਦੇ ਮਾਮਲੇ ਗਿਣਾਏ ਜਾ ਸਕਦੇ ਹਨ, ਜਿਨ੍ਹਾਂ ’ਚ ਪੁਲਸ ਨੇ ਦਲਿਤ ਅਤੇ ਕਿਸਾਨ ਵਿਰੋਧੀ ਰੋਲ ਅਦਾ ਕੀਤਾ ਹੈ। ਇਹਨਾਂ ਸਾਰੇ ਮਾਮਲਿਆਂ ’ਚ ਮੁਜਰਮ ਸਿਆਸੀ ਪਹੁੰਚ ਵਾਲੇ ਸਨ, ਹੁਕਮਰਾਨ ਪਾਰਟੀ ਦਾ ਉਹਨਾਂ ਦੇ ਸਿਰ ਤੇ ਪੂਰਾ ਹੱਥ ਸੀ। ਪਰ ਲੋਕਾਂ ਦੀ ਏਕਤਾ ਮੂਹਰੇ ਪੁਲਸ ਨੂੰ ਆਖਿਰ ਗੋਡਿਆਂ ਪਰਨੇ ਹੋਣਾ ਪਿਆ ਹੈ, ਅਤੇ ਪੁਲਸ ਵੱਲੋਂ “ਨਿਰਦੋਸ਼” ਦੱਸੇ ਗੁੰਡੇ ਹੁਣ ਜੇਹਲਾਂ ’ਚ ਸਜ਼ਾਵਾਂ ਭੁਗਤ ਰਹੇ ਹਨ।

**ਜਿੱਤ ਤੱਕ ਪੁੱਜਣ ਲਈ ਏਕਤਾ, ਚੌਕਸ ਨਿਗਾਹੀ ਅਤੇ ਦ੍ਰਿੜ ਸੰਘਰਸ਼ ਦੀ ਲੋੜ**

ਜਲੂਰ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਸੰਘਰਸ਼ ਸ਼ੀਲ ਲੋਕਾਂ ਦੀ ਏਕਤਾ ਅਤੇ ਲਗਾਤਾਰ ਚੌਕਸੀ ਅਤਿਅੰਤ ਜ਼ਰੂਰੀ ਹੈ। ਜ਼ਮੀਨ ਪ੍ਰਾਪਤੀ ਦੀ ਮੰਗ ਤੇ ਲਾਮਬੰਦ ਹੋਏ ਦਲਿਤ ਅਤੇ ਬੇਜ਼ਮੀਨੇ ਲੋਕ ਹਾਕਮਾਂ ਲਈ ਖਤਰੇ ਦੀ ਘੰਟੀ ਹਨ। ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਅੱਜ ਸ਼ਾਮਲਾਟ ਅਤੇ ਪੰਚਾਇਤੀ ਜ਼ਮੀਨਾਂ ’ਚੋਂ ਆਪਣਾ ਬਣਦਾ ਕਾਨੂੰਨੀ ਹਿੱਸਾ ਮੰਗ ਰਹੇ ਇਹ ਖੇਤ ਮਜ਼ਦੂਰ ਅਤੇ ਉਹਨਾਂ ਦੀ ਹਮਾਇਤ ’ਤੇ ਆਏ ਬੇਜ਼ਮੀਨੇ, ਥੁੜ-ਜ਼ਮੀਨੇ ਅਤੇ ਕਰਜ਼ਿਆਂ ਮਾਰੇ ਗਰੀਬ ਕਿਸਾਨ ਜੇ ਸੰਘਰਸ਼ ਦੇ ਜ਼ੋਰ ਆਪਣੀ ਮੰਗ ਮਨਵਾ ਲੈਂਦੇ ਹਨ ਅਤੇ ਉਹਨਾਂ ਦੇ ਇਸ ਸੰਘਰਸ਼ ਨੂੰ ਜਾਤ ਪਾਤੀ ਤੁਅੱਸਬ ਭੜਕਾ ਕੇ ਹਿੰਸਾ ਨਾਲ ਕੁਚਲਣ ਦੀ ਕੋਸ਼ਿਸ਼ ਕਰ ਰਹੇ, ਜਾਤ ਅਹੰਕਾਰ ਗ੍ਰਸਤ ਗੁੰਡਾ ਗਰੋਹਾਂ ਨੂੰ ਹਕੂਮਤੀ ਸ਼ਹਿ ਦੇ ਬਾਵਜੂਦ ਮਾਤ ਪਾ ਦਿੰਦੇ ਹਨ ਤਾਂ ਕੱਲ੍ਹ ਨੂੰ ਲਾਜ਼ਮੀ ਹੀ ਇਹ ਸੰਘਰਸ਼ਸ਼ੀਲ ਲੋਕ ਇਨਕਲਾਬੀ ਜ਼ਮੀਨੀ ਸੁਧਾਰਾਂ, ਰੁਜ਼ਗਾਰ, ਘਰ, ਵਿਦਿਆ, ਸਿਹਤ ਸਹੂਲਤਾਂ ਆਦਿ ਦੀ ਮੰਗ ਕਰਨਗੇ ? ਹੁਣ ਤੱਕ ਬੁਰੀ ਤਰਾਂ ਦਬਾਅ ਕੇ ਰੱਖੇ “ਕੰਮੀ ਕਮੀਨ” ਸੱਤਾ ਤੇ ਕਾਬਜ਼ ਹੋਣ ਵੱਲ ਵਧਣਾ ਸ਼ੁਰੂ ਕਰ ਦੇਣਗੇ। ਇਸ ਘੋਲ ’ਚ ਮੰਗੂ ਅਤੇ ਗੁਰਲਾਲ ਵਰਗੇ ਮਹਿਜ਼ ਵਿਅਕਤੀ ਨਹੀਂ ਸਗੋਂ ਹਾਕਮਾਂ ਦੀ ਲੋਕ ਵਿਰੋਧੀ ਅਤੇ ਜਾਬਰ ਰਾਜ ਮਸ਼ੀਨਰੀ ਦੇ ਅਹਿਮ ਅੰਗ ਹਨ। ਜੋ ਜਾਬਰ ਕੰਮ ਪੁਲਸ, ਕਾਨੂੰਨੀ ਉਲਝਣਾਂ ’ਚ ਫਸਣ ਅਤੇ ਲੋਕਾਂ ਚ ਬਦਨਾਮ ਹੋਣ ਦੇ ਡਰੋਂ ਖੁਦ ਨਹੀਂ ਕਰ ਸਕਦੀ, ਉਹ ਇਹਨਾਂ ਤੋਂ ਕਰਵਾਉਂਦੀ ਹੈ। ਅਜਿਹੇ ਗੁੰਡੇ ਹੀ ਅੱਗੇ ਵੱਧ ਕੇ ਰਬਵੀਰ ਸੈਨਾ, ਸਲਵਾ ਜੁਦਮ, ਦੰਤੇਸ਼ਵਰੀ ਸੈਨਾ ਆਦਿ ਦਾ ਰੂਪ ਧਾਰਦੇ ਹਨ, ਜਿਨ੍ਹਾਂ ਦਾ ਕੰਮ ਸੰਘਰਸ਼ਸ਼ੀਲ ਦਲਿਤਾਂ ਅਤੇ ਗਰੀਬ ਲੋਕਾਂ ਤੇ ਖੂਨੀ ਹਮਲੇ ਕਰਨਾ, ਉਹਨਾਂ ਦੇ ਘਰ ਘਾਟ ਸਾੜਨਾ, ਔਰਤਾਂ ਦੀਆਂ ਇੱਜ਼ਤਾਂ ਲੁੱਟਣਾ ਅਤੇ ਸਮੂਹਿਕ ਕਤਲ ਕਾਂਡ ਰਚਾਉਣਾ ਹੈ। ਇਸ ਲਈ ਉਹਨਾਂ ਦਾ ਬਚਾਅ ਕਰਨਾ ਹਾਕਮਾਂ ਦੀ ਜਮਾਤੀ ਲੋੜ ਹੈ ਅਤੇ ਇਹਨਾਂ ਤੇ ਪੂਰੇ ਜ਼ੋਰ ਨਾਲ ਸੱਟ ਮਾਰਨੀ ਦਲਿਤਾਂ ਅਤੇ ਉਹਨਾਂ ਦੇ ਸੰਗੀਆਂ ਲਈ ਬੇਹੱਦ ਜ਼ਰੂਰੀ ਹੈ।

ਇਸ ਦੇ ਨਾਲ ਹੀ ਜ਼ਮੀਨ ਪ੍ਰਾਪਤੀ ਲਈ ਸੰਘਰਸ਼ ਕਰ ਰਹੇ ਦਲਿਤਾਂ ਦੀ ਕਿਸਾਨਾਂ ਨਾਲ ਏਕਤਾ ਨੂੰ ਤੋੜਨ ਲਈ ਹਾਕਮਾਂ ਨੇਂ ਸਿਰ ਤੋੜ ਕੋਸ਼ਿਸ਼ਾਂ ਕੀਤੀਆਂ ਹਨ। ਪਹਿਲਾਂ ਉਹਨਾਂ ਨੇ ਮੰਗੂ ਅਤੇ ਗੁਰਲਾਲ ਵਰਗਿਆਂ ਰਾਹੀਂ ਇਸ ਮਾਮਲੇ ਨੂੰ ਦਲਿਤਾਂ ਦੇ ਦੋ ਧੜਿਆਂ ਵਿਚਕਾਰ ਆਪਸੀ ਟਕਰਾਅ ਵਜੋਂ ਪੇਸ਼ ਕੀਤਾ। ਫਿਰ ਇਸ ਨੂੰ ਲੱਖੋਵਾਲ ਅਤੇ ਸਿੱਧੂਪੁਰ ਰਾਹੀ ‘ਜੱਟ ਬਨਾਮ ਦਲਿਤ’ ਮਸਲੇ ਦੀ ਰੰਗਤ ਦਿੱਤੀ, ਪਰ ਸੂਝਵਾਨ ਲੋਕਾਂ ਨੇਂ ਧੜੱਲੇ ਨਾਲ ਇਹਨਾਂ ਸਾਰੀਆਂ ਕੁਚਾਲਾਂ ਦੀ ਫੂਕ ਕੱਢ ਦਿੱਤੀ।

ਇਹਨਾਂ ਸਾਰੇ ਪੱਖਾਂ ਤੋਂ ਸਾਵਧਾਨ ਰਹਿੰਦਿਆਂ ਸੰਘਰਸ਼ਸ਼ੀਲ ਖੇਤ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਇਸ ਸੰਘਰਸ਼ ਨੂੰ ਜਿੱਤ ਤੱਕ ਅੱਗੇ ਲੈ ਕੇ ਜਾਣ ਦੀ ਲੋੜ ਹੈ।

GILL
Truck & Trailer Repair and Mobile Service
"Hiring Full and Part Time mechanics"
Open 7 days a week and, make it nice
Cell: 416.312.4707
Tel: 905.458.3455
Fax: 905.458.3456
04 Blair Dr.
Brampton, ON
L6P 2X5
gilltruckandtrailer@yahoo.com
Inderjit Gill
Heavy Duty Truck & Trailer Mechanic

HomeLife Liberty Realty Inc.
Brokerage, Independently Owned & Operated
Nachhater Singh Badesha
SALES REPRESENTATIVE
Cell: 647-267-3397
Off: 905-293-9595
Fax: 905-293-9590
nbadesha@yahoo.ca
7895 Tranmere Dr., Unit 22
Mississauga ON L5S 1V9
"The Professional with Integrity"

Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis
Dri: 416-254-7573, Off.: 905-793-5777
Email : pdosanjh2005@yahoo.com
Paul Dosanjh
Sales Representative

### 26 ਜਨਵਰੀ ਤੇ 15 ਅਗਸਤ ਦੀਆਂ ਪਰੇਡਾਂ ਵਿੱਚ ਨਾ ਸਿਰਫ ਕਰੋੜਾਂ ਰੁਪਏ ਦੇ ਫਜ਼ੂਲ ਖਰਚੇ ਹੁੰਦੇ ਹਨ

# ਵਿਸਾਹਘਾਤ-ਅਮਲੀ ਮੁਜ਼ਾਹਰੇ ਦੀ ਲੋੜ



26 ਜਨਵਰੀ ਤੇ 15 ਅਗਸਤ ਦੀਆਂ ਪਰੇਡਾਂ ਵਿੱਚ ਨਾ ਸਿਰਫ ਕਰੋੜਾਂ ਰੁਪਏ ਦੇ ਫਜ਼ੂਲ ਖਰਚੇ ਹੁੰਦੇ ਹਨ ਸਗੋਂ ਭਾਰਤ ਦੀ ਅਖੌਤੀ ਮਹਾਨਤਾ ਤੇ ਝੂਠੀ ਸ਼ਾਨ ਦਾ ਸ਼ਰਮਨਾਕ ਤੇ ਬੇਹੱਦ ਭੱਦਾ ਦਿਖਾਵਾ ਹੁੰਦਾ ਹੈ। ਜਦੋਂ ਝੂਲਦੇ ਤਿਰੰਗੇ ਹੇਠੋਂ ਅਰਬਾਂ ਰੁਪਏ ਦੇ ਹਥਿਆਰਾਂ ਨਾਲ਼ ਲੈਸ ਪਰੇਡ ਲੰਘ ਰਹੀ ਹੁੰਦੀ ਹੈ ਤਾਂ ਉਦੋਂ ਕੁੱਝ ਦੂਰੀ 'ਤੇ ਹੀ ਕੋਈ ਬੱਚਾ ਭੁੱਖ ਕਾਰਨ ਦਮ ਤੋੜ ਰਿਹਾ ਹੁੰਦਾ ਹੈ, ਕੰਮ 'ਤੇ ਜਾ ਰਿਹਾ ਕੋਈ ਬਾਲ ਮਜ਼ਦੂਰ ਜੇਬ 'ਤੇ ਤਿਰੰਗਾ ਲੱਗੀਆਂ ਵਰਦੀਆਂ ਵਾਲ਼ੇ ਸਕੂਲੀ ਬੱਚਿਆਂ ਨੂੰ ਲਲਚਾਈਆਂ ਅੱਖਾਂ ਨਾਲ਼ ਦੇਖ ਰਿਹਾ ਹੁੰਦਾ ਹੈ, ਕੋਈ ਮਜਦੂਰ ਢੁਕਵੇਂ ਸੁਰੱਖਿਆ ਪ੍ਰਬੰਧ ਨਾ ਹੋਣ ਕਾਰਨ ਹਾਦਸੇ ਦਾ ਸ਼ਿਕਾਰ ਹੋ ਜਾਂਦਾ ਹੈ ਤੇ ਸ਼ਾਹੀ ਪਰੇਡ ਦੇ ਬੈਂਡ-ਵਾਜੇ ਦੇ ਰੌਲ਼ੇ ਵਿੱਚ ਉਹਦੀ ਚੀਕ ਕਿਸੇ ਦੇ ਕੰਨੀ ਨਹੀਂ ਪੈਂਦੀ, ਕੋਈ ਦਿਹਾੜੀ ਮਜਦੂਰ ਤਿੰਨ ਦਿਨਾਂ ਤੋਂ ਮੁੱਕੇ ਰਾਸ਼ਣ ਦੀ ਫਿਕਰ 'ਚ ਅੱਧੇ ਦਿਨ ਦੀ ਦਿਹਾੜੀ ਲਈ ਹੀ ਅਰਦਾਸਾਂ ਰਿਹਾ ਹੁੰਦਾ ਹੈ, ਕੋਈ ਬੇਰੁਜਗਾਰ ਹੱਥ ਵਿੱਚ ਡਿਗਰੀਆਂ ਦੇ ਥੱਬੇ ਵੱਲ ਵੇਖਦਿਆਂ ਨਾਉਮੀਦੀ ਭਰੇ ਮਨ ਨਾਲ਼ ਕਿਸੇ ਨਵੀਂ ਨੌਕਰੀ ਦੇ ਫਾਰਮ ਭਰ ਰਿਹਾ ਹੁੰਦਾ ਹੈ, ਕਰਜੇ ਦਾ ਮਾਰਿਆ ਕੋਈ ਗਰੀਬ ਕਿਸਾਨ ਜਾਂ ਖੇਤ ਮਜਦੂਰ ਕਰਜਿਆ ਦੇ ਝੰਜਟ ਤੋਂ ਸਦੀਵੀ ਮੁਕਤੀ ਲਈ ਦਰਖਤ ਨਾਲ਼ ਫਾਹਾ ਬੰਨ੍ਹ ਰਿਹਾ ਹੁੰਦਾ ਹੈ, ਕੋਈ ਵੇਸਵਾ ਆਪਣੀ ਦੇਹ ਵੇਚਣ ਲਈ ਗਾਹਕ ਲੱਭਣ ਨਿੱਕਲ਼ ਚੁੱਕੀ ਹੁੰਦੀ ਹੈ, ਕੋਈ ਔਰਤ ਬਲਾਤਕਾਰ ਦਾ ਸ਼ਿਕਾਰ ਹੋ ਰਹੀ ਹੁੰਦੀ ਹੈ, ਕਿਧਰੇ ਨੌਜਵਾਨ ਜੋੜੇ ਨੂੰ ਅਣਖ ਖਾਤਰ ਕਤਲ ਕਰਨ ਤੋਂ ਪਹਿਲਾਂ ਅਧਿਕਾਰੀਆਂ ਦੀ ਜੇਬ ਗਰਮ ਕੀਤੀ ਜਾ ਰਹੀ ਹੁੰਦੀ ਹੈ, ਟੀਵੀ ਪ੍ਰੋਗਰਾਮ ਫਿਰ ਕਿਸੇ ਮਨੁੱਖ ਨੂੰ ਬੇਰਹਿਮ ਨੂੰ ਸਵਾਰਥੀ ਪਸ਼ੂ ਹੋਣ ਦਾ ਯਕੀਨ ਦਿਵਾ ਰਿਹਾ ਹੁੰਦਾ ਹੈ; ਉਸੇ ਵੇਲ਼ੇ ਪ੍ਰਧਾਨ ਮੰਤਰੀ, ਰਾਸ਼ਟਰਪਤੀ ਸਮੇਤ ਅਨੇਕਾਂ ਲੀਡਰ ਮੰਚ ਤੋਂ ਵਿਕਾਸ ਦੇ ਲੱਛੇਦਾਰ ਭਾਸ਼ਣ ਉਧੇੜ ਰਹੇ ਹੁੰਦੇ ਹਨ ਅਤੇ ਸੂਰਾਂ ਵਾਂਗ ਪਲੇ ਭਾਰਤੀ ਅਮੀਰਾਂ ਦਾ ਇੱਕ ਵੱਡਾ ਹਿੱਸਾ ਟੀਵੀ ਸਾਹਮਣੇ ਬੈਠਾ ਕੁਰਕਰਿਆਂ ਦੇ ਪੈਕਟਾਂ ਨਾਲ਼ ਘੁਲਦਾ ਹੋਇਆ ਸਾਰੇ ਜਹਾਂ ਸੇ ਅੱਛਾ ਦੀ ਧੁਨ 'ਤੇ ਝੂਮਦਾ ਹੋਇਆ ਦੇਸ਼ਭਗਤੀ ਦਾ ਗੁਣਗਾਣ ਕਰ ਰਿਹਾ ਹੁੰਦਾ ਹੈ।

ਪਰ ਜ਼ਿੰਦਗੀ ਇਵੇਂ ਇਕਹਿਰੀ ਚਾਲੇ ਹੀ ਨਹੀਂ ਚੱਲਦੀ। ਉਸੇ ਦਿਨ ਸੂਰਜ ਦੀ ਪਹਿਲੀ ਕਿਰਨ ਕਿਸੇ ਟਾਹਣੀ 'ਤੇ ਨਵੀਂ ਚਹਿਕ ਰਹੀ ਕਰੂੰਬਲ਼ ਦੇ ਬੁੱਲਾਂ ਨੂੰ ਚੁੰਮ ਰਹੀ ਹੁੰਦੀ ਹੈ, ਕੋਈ ਬੀਜ਼ ਧਰਤੀ ਦੀ ਹਿੱਕ ਪਾੜ ਕੇ ਸਿਰ ਬਾਹਰ ਕੱਢਣ ਲਈ ਜਿਦ ਰਿਹਾ ਹੁੰਦਾ ਹੈ, ਕੋਈ ਜਣਾ ਗਾਂਧੀ-ਨਹਿਰੂ ਦੀ ਅਜ਼ਾਦੀ ਬਾਰੇ ਭਗਤ ਸਿੰਘ ਦੇ ਵਿਚਾਰ ਦੂਜਿਆਂ ਨੂੰ ਦੱਸ ਰਿਹਾ ਹੁੰਦਾ ਹੈ, ਰਾਸ਼ਣ ਦੀ ਫਿਕਰ ਭੁੱਲ ਦਿਹਾੜੀ-ਮਜ਼ਦੂਰ ਕੋਲ਼ੋਂ ਲੰਘ ਰਹੇ ਜੁਆਕ ਦੇ ਬੁੱਲਾਂ 'ਤੇ ਮੁਸਕਾਨ ਲਿਆਉਣ ਦਾ ਢੰਗ ਸੋਚ ਰਿਹਾ ਹੁੰਦਾ ਹੈ, ਕਿਧਰੇ ਪਾਸ਼ ਦੀ ਕਵਿਤਾ 'ਸੰਵਿਧਾਨ' ਪੜ੍ਹੀ ਜਾ ਰਹੀ ਹੁੰਦੀ ਹੈ, ਫੈਕਟਰੀ 'ਚ ਹਾਦਸੇ ਦੇ ਸ਼ਿਕਾਰ ਦੇ ਮਜ਼ਦੂਰ ਦੇ ਹੱਕ ਵਿੱਚ ਬੰਦ ਕੀਤੀਆਂ ਮਸ਼ੀਨਾਂ ਆਖਰੀ ਸਾਹ ਲੈ ਰਹੀਆਂ ਹੁੰਦੀਆਂ ਹਨ, ਕੁੱਝ ਧੜਕਦੇ ਮਨੁੱਖੀ ਦਿਲ ਪੁਰਾਣੇ ਕੰਮਾਂ ਦੇ ਲੇਖਾ-ਜੋਖਾ ਕਰਦੇ ਨਵਿਆਂ ਦੀ ਯੋਜਨਾ ਬਣਾ ਰਹੇ ਹੁੰਦੇ ਹਨ, ਘੂਰਦੇ ਲੈਨਿਨ ਦਾ ਗੰਜ ਦੇਖ ਕੇ ਕਿਸੇ ਬੱਚੇ ਵਿੱਚ ਉਹਦੇ ਬਾਰੇ ਜਾਨਣ ਦੀ ਉਤਸੁਕਤਾ ਉੱਸਲ਼ਵੱਟੇ ਲੈ ਰਹੀ ਹੁੰਦੀ ਹੈ, ਛੱਤ ਵੱਲ ਝਾਕਦੀਆਂ ਦੋ ਅੱਖਾਂ ਵਿੱਚੋਂ ਬੇਰੁਜ਼ਗਾਰੀ ਸਵਾਲ ਬਣ ਦਿਮਾਗ 'ਚ ਚੁਭ ਰਹੀ ਹੁੰਦੀ ਹੈ, ਮਜ਼ਦੂਰਾਂ ਦੀ ਕਿਸੇ ਲਾਇਬ੍ਰੇਰੀ 'ਚ ਨਵੀਆਂ ਘਟਨਾਵਾਂ 'ਤੇ ਚਰਚਾ ਹੋ ਰਹੀ ਹੁੰਦੀ ਹੈ, ਕੋਈ ਕੁੜੀ ਘੂਰਦੀਆਂ ਅੱਖਾਂ ਨੂੰ ਸੁਣਾਉਣ ਲਈ ਸ਼ਬਦਾਂ ਦੀ ਚੋਣ ਕਰ ਰਹੀ ਹੁੰਦੀ ਹੈ, ਤੰਗੀਆਂ-ਤੁਰਸ਼ੀਆਂ ਦਾ ਝੰਬਿਆ ਗਰੀਬ ਕਿਸਾਨ ਜਾਂ ਖੇਤ ਮਜ਼ਦੂਰ ਦਰਖ਼ਤ 'ਤੇ ਰੱਸਾ ਬੰਨ ਜੁਆਕਾਂ ਦੇ ਝੂਟਣ ਲਈ ਪੀਂਘ ਪਾ ਰਿਹਾ ਹੁੰਦਾ ਹੈ, ਕੋਈ ਸਧਾਰਨ ਜਿਹਾ ਬੰਦਾ ਫੇਰ ਲੀਡਰਾਂ ਦੇ ਲੱਛੇਦਾਰ ਭਾਸ਼ਣਾਂ ਦਾ ਸੱਚ ਸਮਝਦਿਆਂ ਗੁੱਸੇ ਨਾਲ਼ ਥੁੱਕ ਰਿਹਾ ਹੁੰਦਾ ਹੈ, ਉਸੇ ਵੇਲ਼ੇ ਕਤਲ ਹੋ ਰਹੇ ਜੋੜੇ ਤੋਂ ਬੇਖਬਰ ਕੋਈ ਨਵੀਂ ਪਿਆਰ-ਕਹਾਣੀ ਜਨਮ ਲੈ ਰਹੀ ਹੁੰਦੀ ਹੈ, ਗੋਰਕੀ 100 ਸਾਲਾਂ ਬਾਅਦ ਵੀ ਕਿਸੇ ਨੂੰ ਮਨੁੱਖਤਾ ਦੀ ਮਹਾਨਤਾ 'ਚ ਯਕੀਨ ਦਿਵਾ ਰਿਹਾ ਹੁੰਦਾ ਹੈ, ਨਵੇਂ ਰਾਹਾਂ ਦਾ ਕੋਈ ਪਾਂਧੀ ਚਿੱਟੇ ਦਾਹੜਿਆਂ ਨੂੰ ਆਪਣਾ ਫੈਸਲਾ ਸੁਣਾ ਰਿਹਾ ਹੁੰਦਾ ਹੈ. ..


ਜ਼ਿੰਦਗੀ ਇੰਝ ਦੇ ਹੀ ਅਨੇਕਾਂ ਵੱਖੋ-ਵੱਖਰੇ ਰੰਗਾਂ 'ਚ ਵਹਿੰਦੀ ਜਾਂਦੀ ਹੈ, ਬਸ ਮਸਲਾ ਤੁਹਾਡੀ ਦੇਖਣ ਵਾਲ਼ੀ ਅੱਖ ਤੇ ਇਹਨਾਂ ਘਟਨਾਵਾਂ ਵਿੱਚ ਕਿਤੇ ਆਪਣੀ ਥਾਂ ਚੁਣਨ ਦਾ ਹੈ।

## ਗੁਰਜੰਟ ਪਟਿਆਲਾ ਦੀ ਕਾਵਿ ਪੁਸਤਕ ਅਣਮੁੱਲੇ ਮੋਤੀ ਕੀਤੀ ਲੋਕ ਅਰਪਣ

### ਸਾਫ ਸੁਥਰਾ ਤੇ ਉਸਾਰੂ ਸਾਹਿਤ ਸਮੇਂ ਦੀ ਲੋੜ : ਮਹੰਤ ਹਰਪਾਲ ਦਾਸ



ਪਟਿਆਲਾ : ਸਮਾਜ ਸੇਵੀ ਜਥੇਬੰਦੀ ਯੂਨੀਵਰਸਲ ਵੈਲਫੇਅਰ ਕਲੱਬ ਪੰਜਾਬ ਅਤੇ ਹਿਊਮਨ ਵੈਲਫੇਅਰ ਫਾਊਂਡੇਸ਼ਨ ਮਿਸ਼ਨ ਲਾਲੀ ਤੇ ਹਰਿਆਲੀ ਵਲੋਂ ਨਿਵੇਕਲਾ ਉਪਰਾਲਾ ਕਰਦੇ ਹੋਏ ਪਟਿਆਲਾ ਜਿਲ੍ਹੇ ਦੇ ਨੌਜਵਾਨ ਲੇਖਕ ਗੁਰਜੰਟ ਪਟਿਆਲਾ ਦੇ ਪਲੇਠੇ ਕਾਵਿ ਸੰਗ੍ਰਹਿ ਨੂੰ ਲੋਕ ਅਰਪਣ ਕਰਨ ਦਾ ਸਮਾਗਮ ਭਾਸ਼ਾ ਵਿਭਾਗ ਦੇ ਆਡੋਟੋਰੀਅਮ ਵਿਖੇ ਕੀਤਾ ਗਿਆ।ਕਿਤਾਬ ਅਣਮੁੱਲੇ ਮੋਤੀ ਕਾਵਿ ਸੰਗ੍ਰਹਿ ਨੂੰ ਮੁੱਖ ਮਹਿਮਾਨ ਮਹੰਤ ਹਰਪਾਲ ਦਾਸ ਜੀ ਡੇਰਾ ਇਮਾਮਗੜ੍ਹ ਮਲੇਰਕੋਟਲਾ, ਡਾਕਟਰ ਹਰਨੇਕ ਸਿੰਘ ਕਲੇਰ, ਗੁਰਚਰਨ ਸਿੰਘ ਜ਼ੌਲੀ ਸੁਪਰਡੈਂਟ ਸਿੱਖਿਆ ਵਿਭਾਗ, ਗਾਇਕਾ ਗੁਰਜੀਤ ਮੱਲ੍ਹੀ, ਕਰਨ ਭੀਖੀ ਮਾਨਸਾ ਪ੍ਰਕਾਸ਼ਕ ਸਾਹਿਬਦੀਪ ਪ੍ਰਕਾਸ਼ਨ, ਗਾਇਕ ਗੁਰਮੀਤ ਗਿੱਲ, ਮੈਡਮ ਸਤਿੰਦਰ ਕੌਰ, ਨਰਿੰਦਰ ਸਿੰਘ ਕਾਠਗੜ੍ਹ ਤੇ ਹਰਦੀਪ ਸਿੰਘ ਸਨੌਰ ਨੇ ਸਾਂਝੇ ਤੌਰ ਤੇ ਰਿਲੀਜ਼ ਕੀਤਾ। ਡਾ. ਕਲੇਰ ਨੇ ਆਪਣੇ ਕੁੰਜੀਵਤ ਭਾਸ਼ਣ ਵਿਚ ਕਿਤਾਬ ਵਿਚ ਸ਼ਾਮਲ ਰਚਨਾਵਾਂ ਬਾਰੇ ਬੋਲਦਿਆਂ ਕਿਹਾ ਕਿ ਗੁਰਜੰਟ ਦੀ ਕਲਮ ਵਿਚ ਸੱਚਾਈ, ਦਰਦ, ਸੁਹਿਰਦਤਾ ਝਲਕਦੀ ਹੈ ਅਤੇ ਭਵਿੱਖ ਪ੍ਰਤੀ ਚਿੰਤਾ ਵੀ ਪ੍ਰਗਟਾਉਂਦੀ ਹੈ। ਉਨ੍ਹਾਂ ਕਿਹਾ ਕਿ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਗੁਰਜੰਟ ਆਉਣ ਵਾਲੇ ਸਮੇਂ ਵਿਚ ਸਾਹਿਤ ਦੀ ਸੱਥ ਵਿਚ ਆਪਣੀ ਥਾਂ ਬਣਾ ਲਵੇਗਾ। ਮਹੰਤ ਹਰਪਾਲ ਦਾਸ ਨੇ ਬੋਲਦਿਆਂ ਕਿਹਾ ਕਿ ਗੀਤਕਾਰਾਂ ਨੂੰ ਚੰਗੀ ਸੇਧ ਦੇਣ ਵਾਲੇ ਗੀਤ ਲਿਖਣੇ ਚਾਹੀਦੇ ਹਨ ਤਾਂ ਕਿ ਸਾਡੀ ਆਉਣ ਵਾਲੀ ਪੀੜ੍ਹੀ ਸਭਿਅਕ ਕਦਰਾਂ ਕੀਮਤਾਂ ਨੂੰ ਸਮਝ ਕੇ ਜੀਵਨ ਬਤੀਤ ਕਰਨ ਅਤੇ ਆਪਣੇ ਮਾਤਾ ਪਿਤਾ ਦਾ ਨਾਮ ਰੌਸ਼ਨ ਕਰਨ। ਇਸ ਮੌਕੇ ਉਨ੍ਹਾਂ ਗੁਰਜੰਟ ਦੇ ਪਿਤਾ ਫਕੀਰ ਸਿੰਘ ਤੇ ਮਾਤਾ ਗੁਰਮੇਲ ਕੌਰ ਨੂੰ ਮੁਬਾਰਕਾਂ ਦਿੰਦਿਆਂ ਅਜਿਹੇ ਚੰਗੀ ਸੋਚ ਰੱਖਣ ਵਾਲੇ ਪੁੱਤ ਤੇ ਮਾਣ ਕਰਨ ਤੇ ਅਰਦਾਸ ਕੀਤੀ ਕਿ ਸਾਰੇ ਨੌਜਵਾਨ ਨਸ਼ਿਆਂ ਤੋਂ ਰਹਿਤ ਤੇ ਭਰਾਤਰੀ ਸੋਚ ਰੱਖ ਕੇ ਲੋੜਵੰਦਾਂ ਮਦਦ ਕਰਨ। ਉਨ੍ਹਾਂ ਸੋਸ਼ਲ ਸਾਈਟਾਂ ਦੀ ਉਸਾਰੂ ਵਰਤੋਂ ਕਰਨ ਬਾਰੇ ਵੀ ਅਪੀਲ ਕੀਤੀ। ਇਸ ਮੌਕੇ ਹੁਸਨਪ੍ਰੀਤ ਸਿੰਘ, ਸਿਦਕਪ੍ਰੀਤ ਕੌਰ, ਕਿਰਪਾਲ ਪੰਜੌਲਾ, ਅਵਤਾਰ ਬਲਬੇੜਾ, ਹਰਮੀਤ ਮੀਤ, ਗੁਰਬਚਨ ਪਟਿਆਲਾ, ਨਾਵਲਕਾਰ ਕੇ. ਦੀਪ ਦਾਤੇਵਾਸ, ਨਵੀ ਨਾਭਾ, ਅਜੇ ਜ਼ੋਸ਼ੀ ਸਿੱਧੂਵਾਲ, ਜਗਪਾਲ ਰੱਲੀ, ਗੁਰਪ੍ਰੀਤ ਸੋਹੀ, ਹਰਜਿੰਦਰ ਛੀਂਟਾਂਵਾਲਾ, ਅਨਮੋਲ ਜੱਸ, ਨਵਦੀਪ ਮੁੰਡੀ, ਪ੍ਰੀਤ ਸੰਦੋੜ, ਪਰਮਪਾਲ ਬਾਦਲ, ਅਮਰਜੀਤ ਦੁਖੀ ਤੇ ਮਲਕੀਤ ਬੋਲੜ ਕਲਾਂ ਆਦਿ ਵੀ ਹਾਜ਼ਰ ਸਨ।

# ਬਲੋਚਿਸਤਾਨ ਨਾਲ਼ ਹਮਦਰਦੀ ਪਿੱਛੇ ਲੁਕੇ ਅੰਨ੍ਹੀ ਕੌਮਪ੍ਰਸਤੀ ਦੇ ਮਨਸੂਬੇ



ਰੌਸ਼ਨ

ਜਦੋਂ ਤੋਂ ਕਸ਼ਮੀਰ ’ਚ ਹਿੰਸਾ ਦੀਆਂ ਤਾਜ਼ਾ ਘਟਨਾਵਾਂ ਸ਼ੁਰੂ ਹੋਈਆਂ ਹਨ। ਉਦੋਂ ਤੋਂ ਪਾਕਿਸਾਤਨ ਕਸ਼ਮੀਰ ਮਸਲੇ ਉੱਪਰ ਲਗਾਤਾਰ ਬੋਲਦਾ ਰਿਹਾ ਹੈ। ਇਸਦੇ ਨਾਲ਼ ਹੀ ਭਾਰਤ ਸਰਕਾਰ ਵੀ ‘ਪਾਕਿਸਤਾਨ-ਪਾਕਿਸਤਾਨ’ ਦੀ ਤੋਤਾ ਰਟਣ ਰਾਹੀਂ ਕਸ਼ਮੀਰ ਵਿੱਚ ਆਪਣੇ ਵੱਲੋਂ ਕੀਤੇ ਜ਼ੁਲਮਾਂ ’ਤੇ ਪਰਦਾ ਪਾਉਣ ਦੀ ਪੂਰੀ ਕੋਸ਼ਿਸ਼ ਕਰਦੀ ਰਹੀ ਹੈ। ਅੰਨ੍ਹੇ ਕੌਮਵਾਦ ਦੀ ਇਸ ਸਿਆਸਤ ਵਿੱਚ ਉਸ ਵੇਲੇ ਨਵਾਂ ਮੋੜ ਆਇਆ ਜਦੋਂ ਮੋਦੀ ਨੇ ਪਾਕਿਸਤਾਨ ’ਤੇ ਜੁਆਬੀ ਹਮਲਾ ਕਰਦੇ ਹੋਏ ਬਲੋਚਿਸਤਾਨ ਦਾ ਮਸਲਾ ਛੇੜਿਆ। 15 ਅਗਸਤ ਨੂੰ ਲਾਲ ਕਿਲ੍ਹੇ ਦੀ ਫਸੀਲ ਤੋਂ ਮੋਦੀ ਨੇ ਵੀ ਬਲੋਚਿਸਤਾਨ ’ਤੇ ਬਿਆਨ ਦਿੱਤਾ ਹੈ। ਇਸ ਬਿਆਨ ਵਿੱਚ ਬਲੋਚਿਸਤਾਨ, ਮਕਬੂਜਾ ਕਸ਼ਮੀਰ ਤੇ ਗਿਲਗਿਟ ਵਿੱਚ ਲੋਕਾਂ ਦੇ ਚੱਲ ਰਹੇ ਵਿਰੋਧ ਤੇ ਉਹਨਾਂ ਉੱਪਰ ਪਾਕਿਸਤਾਨੀ ਹਕੂਮਤ ਦੇ ਹੋ ਰਹੇ ਜ਼ਬਰ ਦੀ ਗੱਲ ਕੀਤੀ ਤੇ ਇਸਨੂੰ ਕੌਮਾਂਤਰੀ ਮੁੱਦਾ ਬਣਾਉਣ ਦੀ ਗੱਲ ਕਹੀ ਗਈ। ਇਸ ਤੋਂ ਬਾਅਦ ‘ਦੇਸ਼ਭਗਤ’ ਮੀਡੀਆ ਨੂੰ ਵੀ ਜਿਵੇਂ ਗਿੱਦੜਸਿੰਗੀ ਮਿਲ ਗਈ ਤੇ ਖਬਰੀ ਚੈਨਲਾਂ ਨੇ ਇਤਿਹਾਸਕਾਰੀ ਤੇ ਖੋਜਬੀਣ ਕਰਕੇ ਪਾਕਿਸਤਾਨ ਵੱਲੋਂ ਬਲੋਚਿਸਤਾਨ ਵਿੱਚ ਕੀਤੇ ਜਾ ਰਹੇ ਜ਼ੁਲਮਾਂ ਦੇ ਵੇਰਵਿਆਂ ਦੇ ਢੇਰ ਲਾ ਦਿੱਤੇ। ‘ਦੇਸ਼ਭਗਤ’ ਲੇਖਕਾਂ ਨੇ ਅਖਬਾਰਾਂ ਦੇ ਪੰਨੇ ਪਾਕਿਸਤਾਨ ਵੱਲੋਂ ਬਲੋਚਿਸਤਾਨ ਉੱਪਰ ਧੋਖੇ ਨਾਲ਼ ਕਬਜ਼ਾ ਕਰਨ ਤੇ ਬਲੋਚਿਸਤਾਨ ਉੱਪਰ ਹੋ ਰਹੇ ਜ਼ਬਰ ਨਾਲ਼ ਭਰ ਦਿੱਤੇ। ਅਨੇਕਾਂ ਮਾਮਲਿਆਂ ’ਚ ਤੱਥਾਂ ਪੱਖੋਂ ਸਹੀ ਹੋਣ ਦੇ ਬਾਵਜੂਦ ਇਹ ਰਿਪੋਰਟਾਂ ਸੱਚਾਈ ਸਾਹਮਣੇ ਲਿਆਉਣ ਲਈ ਨਹੀਂ ਸਗੋਂ ਸੱਚਾਈ ’ਤੇ ਪਰਦਾ ਪਾਉਣ ਦਾ ਕੰਮ ਕਰਦੀਆਂ ਰਹੀਆਂ ਹਨ। ਬਲੋਚਿਸਤਾਨ ਦਾ ਰਾਗ ਛੇੜਨ ਪਿੱਛੇ ਅਸਲ ਮਨਸ਼ਾ ਕੀ ਹੈ ਅਸੀਂ ਇੱਥੇ ਉਸਦੀ ਚਰਚਾ ਕਰਾਂਗੇ।

ਪਹਿਲਾਂ ਸੰਖੇਪ ਚਰਚਾ ਬਲੋਚਿਸਤਾਨ ਦੇ ਇਤਿਹਾਸ ’ਤੇ ਵੀ ਜ਼ਰੂਰੀ ਹੈ। ਬਲੋਚਿਸਤਾਨ, ਪਾਕਿਸਤਾਨ ਦੇ ਕੁੱਲ ਇਲਾਕੇ ਦਾ 43 ਫ਼ੀਸਦੀ ਹਿੱਸਾ ਹੈ ਅਤੇ 1,47,000 ਵਰਗ ਮੀਲ ਇਲਾਕੇ ਵਿੱਚ ਫੈਲਿਆ ਹੋਇਆ ਹੈ। ਅਬਾਦੀ ਦੇ ਹਿਸਾਬ ਨਾਲ਼ ਪਾਕਿਸਤਾਨ ਦੀ ਕੁੱਲ ਅਬਾਦੀ ਵਿੱਚੋਂ ਸਿਰਫ਼ 5 ਫ਼ੀਸਦੀ ਲੋਕ ਹੀ ਇੱਥੋਂ ਦੇ ਵਸਨੀਕ ਹਨ। 1947 ’ਚ ਬਰਤਾਨਵੀ ਗੁਲਾਮੀ ਤੋਂ ਮੁਕਤੀ ਵੇਲੇ ਬਲੋਚਿਸਤਾਨ ਵੱਖਰੀ ਰਿਆਸਤ ਸੀ। ਅਜ਼ਾਦੀ ਤੋਂ ਮਹਿਜ਼ ਦਸ ਦਿਨ ਪਹਿਲਾਂ 4 ਅਗਸਤ, 1947 ਨੂੰ ਮੁਹੰਮਦ ਅਲੀ ਜਿਨਾਹ ਨੇ ਇਹ ਹਾਮੀ ਭਰੀ ਸੀ ਕਿ ਕਾਲਾਤ (ਹੁਣ ਬਲੋਚਿਸਤਾਨ) 5 ਅਗਸਤ, 1947 ਨੂੰ ਅਜ਼ਾਦ ਹੋ ਜਾਏਗਾ ਤੇ ਉਸ ਦਾ ਸੰਨ 1838 ਵਾਲਾ ਰੁਤਬਾ ਬਹਾਲ ਕਰ ਦਿੱਤਾ ਜਾਵੇਗਾ ਤੇ ਗੁਆਂਢੀਆਂ ਨਾਲ਼ ਦੋਸਤਾਨਾ ਸਬੰਧ ਬਣਾਏ ਜਾਣਗੇ। ਪਰ ਮਗਰੋਂ 27 ਮਾਰਚ 1948 ਨੂੰ ਬਲੋਚਿਸਤਾਨ ਉੱਪਰ ਹੱਲ਼ਾ ਬੋਲ ਕੇ ਪੂਰੇ ਖਿੱਤੇ ਨੂੰ ਪਾਕਿਸਤਾਨ ਨੇ ਆਪਣੇ ਕਬਜ਼ੇ ਹੇਠ ਲੈ ਲਿਆ। ਬਲੋਚਿਸਤਾਨ ਦੀ ਅਵਾਮ ਉਦੋਂ ਤੋਂ ਲਗਾਤਾਰ 1948, 1958-59, 1962-63 ਤੇ 1973-74 ਤੋਂ ਆਪਣੇ ਹੱਕਾਂ ਦੀ ਰਾਖੀ ਤੇ ਖ਼ੁਦਮੁਖ਼ਤਿਆਰੀ ਲਈ ਪਾਕਿਸਤਾਨ ਨਾਲ ਜੰਗਾਂ ਲੜਦੀ ਆ ਰਹੀ ਹੈ। ਸਭ ਤੋਂ ਵੱਧ ਖ਼ੂਨੀ ਸੰਘਰਸ਼, ਜਿਹੜਾ ਅੱਜ ਵੀ ਜਾਰੀ ਹੈ, 2003 ਵਿੱਚ ਸ਼ੁਰੂ ਹੋਇਆ ਸੀ। ਪਾਕਿਸਤਾਨੀ ਫ਼ੌਜ ਵੱਲੋਂ ਉੱਥੇ ਕਤਲੇਆਮ, ਜ਼ਬਰ, ਗ੍ਰਿਫਤਾਰੀਆਂ ਤੇ ਲਾਪਤਾ ਕੀਤੇ ਜਾਣ ਦੀਆਂ ਕਾਫੀ ਲੰਮੀਆਂ ਗਾਥਾਵਾਂ ਹਨ।

ਬਲੋਚਿਸਤਾਨ ਦੇ ਇਤਿਹਾਸ ਮੁਤਾਬਕ ਤਾਂ ਮੋਦੀ ਦੀ ਟਿੱਪਣੀ ਜਾਂ ਮੀਡੀਆ ਦੀ ਬਿਆਨਬਾਜ਼ੀ ਸਹੀ ਹੈ ਪਰ ਇਸਦਾ ਮਨੋਰਥ ਵੱਖਰਾ ਹੈ। ਇਸਦਾ ਮਕਸਦ ਪਾਕਸਿਤਾਨ ਵੱਲੋਂ ਕੀਤੇ ਜ਼ੁਲਮਾਂ ਦੀ ਚਰਚਾ ਛੇੜ ਕੇ ਆਪਣੇ ਵੱਲੋਂ ਕਸ਼ਮੀਰ ’ਚ ਕੀਤੇ ਜਾ ਰਹੇ ਜ਼ੁਲਮਾਂ ਨੂੰ ਢਕਣ ਦੀ ਕੋਸ਼ਿਸ਼ ਕਰਨਾ ਹੈ। ਅਸਲ ਵਿੱਚ ਭਾਰਤ ਤੇ ਪਾਕਿਸਤਾਨ ਵਿੱਚ ਕੋਈ ਬਹੁਤਾ ਫਰਕ ਨਹੀਂ ਹੈ। ਬਲੋਚਿਸਤਾਨ ਤੇ ਕਸ਼ਮੀਰ ਦੀ ਕਹਾਣੀ ਕਾਫੀ ਮਿਲਦੀ-ਜੁਲਦੀ ਹੈ। ਪਾਕਸਿਤਾਨ ਜੋ ਕੁੱਝ ਬਲੋਚਿਸਤਾਨ ਵਿੱਚ ਕਰ ਰਿਹਾ ਹੈ ਉਹੀ ਭਾਰਤ ਕਸ਼ਮੀਰ ਵਿੱਚ ਕਰ ਰਿਹਾ ਹੈ। ਭਾਰਤ ਬਲੋਚਿਸਤਾਨ ਉੱਪਰ ਹੋ ਰਹੇ ਜ਼ੁਲਮਾਂ ਖਿਲਾਫ ਬੋਲਦਾ ਹੈ ਪਰ ਆਪਣੇ ਵੱਲੋਂ ਕੀਤੇ ਜਾ ਰਹੇ ਕਸ਼ਮੀਰ ’ਚ ਜ਼ਬਰ ਨੂੰ ਜਾਇਜ ਦੱਸਦਾ ਹੈ। ਇਸੇ ਤਰਜ ’ਤੇ ਪਾਕਿਸਤਾਨ ਕਸ਼ਮੀਰ ਵਿੱਚ ਭਾਰਤੀ ਹਕੂਮਤ ਵੱਲੋਂ ਕੀਤੇ ਜਾ ਰਹੇ ਘਾਣ ਖਿਲਾਫ ਬੋਲਦਾ ਹੈ ਪਰ ਖ਼ੁਦ ਆਪਣੇ ਵੱਲੋਂ ਬਲੋਚਿਸਤਾਨ ’ਚ ਕੀਤੇ ਜਾ ਰਹੇ ਕਾਰਿਆਂ ਨੂੰ ਜਾਇਜ ਮੰਨਦਾ ਹੈ। ਭਾਰਤੀ ਮੀਡੀਆ ਲਈ ਬਲੋਚਿਸਤਾਨ ’ਚ ਅਜ਼ਾਦੀ ਦੇ ਨਾਹਰੇ ਸਹੀ ਹਨ ਪਰ ਕਸ਼ਮੀਰ (ਭਾਰਤ) ’ਚ ਲੱਗੇ ਨਾਹਰੇ ‘ਦੇਸ਼ਧ੍ਰੋਹ’ ਹਨ ਤੇ ਬਿਲਕੁਲ ਇਹੋ ਗੱਲ ਪਾਕਿਸਾਤਨ ਲਈ ਵੀ ਸੱਚ ਹੈ। ਇਸ ਤਰ੍ਹਾਂ ਮੋਦੀ ਸਰਕਾਰ ਤੇ ‘ਦੇਸ਼ਭਗਤ’ ਮੀਡੀਆ ਵੱਲੋਂ ਬਲੋਚਿਸਤਾਨ ਬਾਰੇ ਬੋਲਣ ਦਾ ਮਤਲਬ ਹੈ ਕਸ਼ਮੀਰ ’ਚ ਆਪਣੇ ਵੱਲੋਂ ਕੀਤੇ ਜਾ ਰਹੇ ਗੁਨਾਹਾਂ ’ਤੇ ਪਰਦਾ ਪਾਉਣਾ, ਬਿਲਕੁਲ ਉਸੇ ਤਰ੍ਹਾਂ ਜਿਵੇਂ ਪਾਕਿਸਤਾਨ ਕਸ਼ਮੀਰ ਉੱਪਰ ਹੋ ਰਹੇ ਜ਼ਬਰ ਖਿਲਾਫ ਰੌਲਾ ਪਾ ਕੇ ਆਪਣੇ ਵੱਲੋਂ ਬਲੋਚਿਸਤਾਨ, ਮਕਬੂਜਾ ਕਸ਼ਮੀਰ ਤੇ ਗਿਲਗਿਟ ’ਚ ਕੀਤੇ ਕੁਕਰਮਾਂ ਨੂੰ ਢਕਣਾ ਚਾਹੁੰਦਾ ਹੈ। ਦੋਵੇਂ ਦੇਸ਼ਾਂ ਦੇ ਹਾਕਮ ਇੱਕ-ਦੂਜੇ ਵੱਲੋਂ ਕੀਤੇ ਜਾ ਰਹੇ ਜ਼ਬਰ ਨੂੰ ਭੰਡਦੇ ਹੋਏ ਆਪਣੇ ਵੱਲੋਂ ਕੀਤੇ ਜਾ ਰਹੇ ਜ਼ਬਰ ਦੀ ਜਵਾਬਦੇਹੀ ਤੋਂ ਬਚਣਾ ਚਾਹੁੰਦੇ ਹਨ।

ਭਾਰਤ ਤੇ ਪਾਕਿਸਤਾਨ ਵਿੱਚ ਇੱਕ ਸਾਂਝ ਇਹ ਹੈ ਕਿ ਦੋਵੇਂ ਦੇਸ਼ ਆਪਣੇ-ਆਪ ਵਿੱਚ ਕੋਈ ਕੌਮ ਨਹੀਂ ਹਨ ਸਗੋਂ ਵੱਖ-ਵੱਖ ਕੌਮੀਅਤਾਂ ਦੇ ਸਮੂਹ ਹਨ। ਦੋਵਾਂ ਦੇਸ਼ਾਂ ਵਿਚਲੇ ਲੋਕਾਂ ਨੂੰ ਆਪਸ ਵਿੱਚ ਬੰਨ੍ਹ ਕੇ ਰੱਖਣ ਵਾਲੀ ਕੋਈ ਸਾਂਝੀ ਇਤਿਹਾਸਕ, ਸੱਭਿਆਚਾਰਕ ਤੇ ਸਮਾਜਿਕ ਤੰਦ ਨਹੀਂ ਹੈ ਜਿਵੇਂ ਕਿ ਕਿਸੇ ਕੌਮੀਅਤ/ਕੌਮ ਦੇ ਮਸਲੇ ਵਿੱਚ ਹੁੰਦਾ ਹੈ। ਇੱਕੋ-ਇੱਕ ਬਾਕੀ ਬਚਦੀ ਸਾਂਝੀ ਤੰਦ ਦੇਸ਼ ਪੱਧਰੀ ਇੱਕ ਸਿਆਸੀ ਢਾਂਚਾ ਹੈ। ਇਹ ਸਿਆਸੀ ਢਾਂਚਾ ਮੁੱਠੀਭਰ ਲੁਟੇਰਿਆਂ ਹੱਥ ਬਹੁਗਿਣਤੀ ਅਬਾਦੀ ਦੀ ਲੁੱਟ, ਜ਼ਬਰ ਦਾ ਹੀ ਸਾਧਨ ਹੈ, ਫਿਰ ਵੀ ਇਹ ਸਿਆਸੀ ਢਾਂਚਾ ਆਪਣੇ ਦੇਸ਼ ਦੇ ਲੋਕਾਂ ਵਿੱਚ ਇੱਕ ਅੰਨ੍ਹਾ ਕੌਮਵਾਦ ਪੈਦਾ ਕਰਕੇ ਇੱਕ ਸਹਿਮਤੀ ਹਾਸਲ ਕਰਨ ਦੀ ਕੋਸ਼ਿਸ਼ ’ਚ ਰਹਿੰਦਾ ਹੈ। ਪਰ ਇਹ ਕੌਮਵਾਦ ਏਕਤਾ ਵਿੱਚੋਂ ਪੈਦਾ ਨਹੀਂ ਹੁੰਦਾ ਸਗੋਂ ਦੂਜੇ ਦੇਸ਼ ਪ੍ਰਤੀ ਨਫਰਤ ਵਿੱਚੋਂ ਪੈਦਾ ਹੁੰਦਾ ਹੈ। ਹਿੰਦੁਸਤਾਨ ਜ਼ਿੰਦਾਬਾਦ ਦਾ ਨਾਹਰਾ ਕਿਸੇ ਏਕਤਾ, ਸਾਂਝ ਵਿੱਚੋਂ ਓਨਾ ਜਜਬਾ ਹਾਸਲ ਨਹੀਂ ਕਰਦਾ ਜਿੰਨਾ ਪਾਕਿਸਤਾਨ ਮੁਰਦਾਬਾਦ ਦੇ ਨਾਹਰੇ ਵਿੱਚੋਂ ਹਾਸਲ ਕਰਦਾ ਹੈ। ਇਹੋ ਗੱਲ ਪਾਕਿਸਤਾਨ ਬਾਰੇ ਵੀ ਸੱਚ ਹੈ। ਇਸ ਤਰ੍ਹਾਂ ਦੋਵਾਂ ਦੇਸ਼ਾਂ ਦੇ ਹਾਕਮ ਇੱਕ-ਦੂਜੇ ਨਾਲ਼ ਨਫਰਤ ਜਗਾ ਕੇ ਇੱਕ ਮਰੀਅਲ ਕਿਸਮ ਦਾ ਅੰਨ੍ਹਾ ਕੌਮਵਾਦ







ਪੰਜਾਬੀ ਸਿੱਖਣ ਦੀਆਂ ਮੁਫਤ ਕਲਾਸਾਂ

ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ, ਕੈਲਗਰੀ ਅਤੇ ਕੈਲਗਰੀ ਹਾਕਸ ਫੀਲਡ ਹਾਕੀ ਅਕੈਡਮੀ ਦੇ ਸਾਂਝੇ ਉੱਦਮ ਤੇ ਤਹਿਤ ਪੰਜਾਬੀ ਬੋਲੀ ਸਿਖਾਉਣ ਦੀਆਂ ਮੁਫਤ ਕਲਾਸਾਂ ਹਰ ਐਤਵਾਰ ਜੈਨੇਸਿਸ ਸੈਂਟਰ ਵਿਚ 1000 ਵਾਇਸਜ਼ ਵਿੱਚ ਲਗਾਈਆਂ ਜਾਂਦੀਆਂ ਹਨ।

ਕਲਾਸਾਂ ਦਾ ਸਮਾਂ ਸਵੇਰੇ 10:30 ਤੋਂ ਬਾਅਦ ਦੁਪਿਹਰ 12 ਵਜੇ ਤੱਕ

ਹੋਰ ਜਾਣਕਾਰੀ ਲਈ ਸੰਪਰਕ ਕਰੋ:

ਮਾਸਟਰ ਭਜਨ ਸਿੰਘ: 403-455-4220 ਸੁਖਵੀਰ ਗਰੇਵਾਲ: 403-402-0770

Balkar Bajwa

Certified Translator

(English into Punjabi and Punjabi into English)
33 Eaglesprings Cresent
Brampton ON L6P 2V8, 647-402-2170
20 Kohinoor Park, Gunna House, Ferozepur Road
Barewal Awana, Ludhiana, Punjab, India, Pin 141012
Mobile - 011-91-95305-17132

ਉਸਾਰਨ ਵਿੱਚ ਕਾਮਯਾਬ ਰਹੇ ਹਨ। ਇਸੇ ਕੌਮਵਾਦ ਦੇ ਪਰਦੇ ਹੇਠ ਭਾਰਤ ਕਸ਼ਮੀਰ ਤੇ ਪੂਰਬੀ ਭਾਰਤ ਦੀਆਂ ਕੌਮੀਅਤਾਂ ਨੂੰ ਦਬਾਈ ਰੱਖਣ ਵਿੱਚ ਆਪਣੇ ਲੋਕਾਂ ਦੀ ਸਹਿਮਤੀ ਹਾਸਲ ਕਰਦਾ ਹੈ। ਇਸ ਤਰ੍ਹਾਂ ਭਾਰਤ ਵਿਰੋਧੀ ਨਫਰਤ ਨਾਲ਼ ਪਾਕਿਸਤਾਨ ਦੇ ਹਾਕਮ ਬਲੋਚਿਸਤਾਨ, ਮਕਬੂਜਾ ਕਸ਼ਮੀਰ ਤੇ ਗਿਲਗਿਟ ਵਿੱਚ ਕੀਤੇ ਜਾ ਰਹੇ ਜ਼ਬਰ ਲਈ ਬਾਕੀ ਦੇਸ਼ ਵਿੱਚੋਂ ਸਹਿਮਤੀ ਹਾਸਲ ਕਰਦਾ ਹੈ। ਇਸੇ ਕਾਰਨ ਭਾਰਤ ਕਸ਼ਮੀਰ ਵਿੱਚ ਜੋ ਕੁੱਝ ਵੀ ਹੁੰਦਾ ਹੈ ਉਸਨੂੰ ਪਾਕਿਸਤਾਨੀ ਦਖਲਅੰਦਾਜ਼ੀ ਦੇ ਸਿਰ ਮੜ੍ਹ ਦਿੰਦਾ ਹੈ ਤੇ ਪਾਕਿਸਤਾਨ ਬਲੋਚਿਸਤਾਨ ਦੀਆਂ ਘਟਨਾਵਾਂ ਨੂੰ ਭਾਰਤੀ ਹਮਾਇਤ ਸਿਰ ਮੜ੍ਹ ਦਿੰਦਾ ਹੈ। ਜੇ ਪਾਕਿਸਤਾਨ ਮੁਰਦਾਬਾਦ ਦਾ ਨਾਹਰਾ ਨਾ ਹੋਵੇ ਤਾਂ ਹਿੰਦੁਸਤਾਨ ਦੀ ਲੋਕਾਂ ਦੇ ਮਨਾਂ ਵਿਚਲੀ ਖੋਖਲੀ ਏਕਤਾ, ਕੌਮਵਾਦ ਤਿੜਕ ਜਾਵੇਗਾ, ਬਿਲਕੁਲ ਉਸੇ ਤਰ੍ਹਾਂ ਜਿਵੇਂ ਭਾਰਤ ਮੁਰਦਾਬਾਦ ਦੇ ਨਾਹਰੇ ਤੋਂ ਬਿਨਾਂ ਪਾਕਿਸਤਾਨ ਦਾ ਕੌਮਵਾਦ ਵੀ ਖਿੱਲਰ ਜਾਵੇਗਾ। ਇਸ ਤਰ੍ਹਾਂ ਭਾਰਤ ਤੇ ਪਾਕਿਸਤਾਨ ਵਿਚਲਾ ਤਣਾਅ ਦੋਵਾਂ ਦੇਸ਼ਾਂ ਦੇ ਹਾਕਮਾਂ ਲਈ ਫਾਇਦੇਮੰਦ ਸਾਬਿਤ ਹੋ ਰਿਹਾ ਹੈ।

ਦੂਸਰਾ ਨੁਕਤਾ ਜਿਸ ਉੱਪਰ ਗੱਲ ਕੀਤੇ ਜਾਣ ਦੀ ਲੋੜ ਹੈ ਉਹ ਹੈ ਜਿਸ ਤਰ੍ਹਾਂ ਇਹ ਦੋਵੇਂ ਦੇਸ਼ ਇੱਕ-ਦੂਜੇ ਦੇ ਅੰਦਰੂਨੀ ਸੰਕਟ ਨੂੰ ਸਾਜਿਸ਼ਾਂ, ਵੱਖਵਾਦੀਆਂ ਦੀ ਮਦਦ ਰਾਹੀਂ ਵਧਾਵਾ ਦਿੰਦੇ ਹਨ। ਪਾਕਿਸਤਾਨ ਕਸ਼ਮੀਰ ਮਸਲੇ ਅੰਦਰ ਕਿਵੇਂ ਕੁੱਝ ਵੱਖਵਾਦੀ ਗਰੁੱਪਾਂ ਨੂੰ ਆਰਥਿਰਕ, ਹਥਿਆਰਾਂ ਤੇ ਸਿਖਲਾਈ ਦੇ ਰੂਪ ਵਿੱਚ ਮਦਦ ਕਰਦਾ ਰਿਹਾ ਹੈ ਉਸਦੀ ਅਕਸਰ ਹੀ ਚਰਚਾ ਚਲਦੀ ਰਹਿੰਦੀ ਹੈ। 1980-1991 ਦੇ ਦਹਿਸ਼ਤਗਰਦੀ ਦੇ ਸਿਖਰ ਵਾਲੇ ਦੌਰ ਵਿੱਚ ਪਾਕਿਸਤਾਨ ਨੇ ਕਸ਼ਮੀਰ ਵਿਚਲੇ ਵੱਖਵਾਦੀਆਂ ਨੂੰ ਹਥਿਆਰਾਂ ਦੀ ਸਿਖਲਾਈ ਦੇਣ ਲਈ ਸਰਹੱਦ ਦੇ ਨਾਲ਼ ਕੈਂਪ ਲਾਏ ਹੋਏ ਸਨ। ਪਰ ਬਿਲਕੁਲ ਇਸੇ ਤਰਜ਼ 'ਤੇ ਜੋ ਕੰਮ ਭਾਰਤ ਕਰ ਰਿਹਾ ਹੈ ਉਸਦੀ ਚਰਚਾ ਨਾਮਾਤਰ ਹੀ ਹੁੰਦੀ ਹੈ।

ਭਾਰਤ ਪਾਕਿਸਤਾਨ ਵਿਚਲੇ ਅੱਤਵਾਦੀਆਂ ਤੇ ਵਿਦਰੋਹੀ ਕੌਮੀਅਤਾਂ ਦੀ ਮਦਦ ਰਾਹੀਂ ਪਾਕਿਸਾਤਨ ਦੇ ਅੰਦਰੂਨੀ ਸੰਕਟ ਨੂੰ ਹੋਰ ਤਿੱਖਾ ਕਰਕੇ ਉਸਨੂੰ ਕਮਜ਼ੋਰ ਕਰਨ ਦੀ ਨੀਤੀ ਉੱਪਰ ਚੱਲ ਰਿਹਾ ਹੈ। ਇਸ ਨੀਤੀ ਉੱਪਰ 30 ਮਈ 2014 ਨੂੰ ਪ੍ਰਧਾਨ ਮੰਤਰੀ ਮੋਦੀ ਦਾ ਕੌਮੀ ਸੁਰੱਖਿਆ ਸਲਾਹਕਾਰ ਬਣਿਆ ਅਜੀਤ ਦੋਵਾਲ ਖਾਸ ਤੌਰ 'ਤੇ ਚੱਲ ਰਿਹਾ ਹੈ। ਇਸ ਨੀਤੀ 'ਤੇ ਉਹ 2004 ਤੋਂ ਚੱਲ ਰਿਹਾ ਹੈ ਜਦੋਂ ਉਹ ਆਈਬੀ ਵਿੱਚ ਸੀ। ਇਸ ਸਬੰਧੀ ਅੰਗਰੇਜ਼ੀ ਰਸਾਲੇ 'ਫਰੰਟਲਾਈਨ' (13 ਨਵੰਬਰ, 2015) ਵਿੱਚ ਏ.ਜੀ. ਨੂਰਾਨੀ ਦੇ ਛਪੇ ਇੱਕ ਲੇਖ (ਦ ਦੋਵਾਲ ਡੌਕਟਰਿਨ) ਵਿੱਚੋਂ ਕੁੱਝ ਹਿੱਸੇ ਹੂ-ਬ-ਹੂ ਅਨੁਵਾਦ ਕਰ ਰਹੇ ਹਾਂ।

ਫਰਵਰੀ 2014 'ਚ ਦੋਵਾਲ ਨੇ ਕਿਹਾ: ਪਾਕਿਸਤਾਨ ਉਹ ਗੁਆਂਢੀ ਹੈ ਜੋ ਲਗਾਤਾਰ ਸਾਨੂੰ ਜ਼ਖਮ ਦਿੰਦਾ ਰਿਹਾ ਹੈ। ਜੇ ਸਾਡੀ ਘਰੇਲੂ ਹਾਲਤ ਬਹੁਤ ਕਮਜ਼ੋਰ ਹੋ ਗਈ ਤਾਂ ਅਸੀਂ ਇਸਦਾ ਕਿਵੇਂ ਹੱਲ ਕਰਾਂਗੇ? ਸਾਨੂੰ ਇੱਕ ਹੱਲ ਲੱਭਣਾ ਪਵੇਗਾ ਜੋ ਲੰਮੇ ਸਮੇਂ ਲਈ, ਟਿਕਾਊ ਤੇ ਸੰਭਵ ਹੋਵੇ। ਪਹਿਲਾ ਕਦਮ ਹੈ ਸੱਚਾਈ ਨੂੰ ਕਬੂਲਣਾ। ਦੂਜਾ ਹੈ ਸਮੱਸਿਆ ਨੂੰ ਪ੍ਰੀਭਾਸ਼ਤ ਕਰਨਾ। ਫੇਰ ਅਸੀਂ ਜੁਆਬੀ ਕਾਰਵਾਈ ਕਰੀਏ। ਇਹਦੇ ਲਈ ਸਾਨੂੰ ਸਮਝਣਾ ਪਵੇਗਾ ਕਿ ਦਹਿਸ਼ਤਗਰਦੀ ਕੀ ਹੈ। ਆਮ ਤੌਰ ਤੇ ਜਦੋਂ ਅਸੀਂ ਦਹਿਸ਼ਤਗਰਦੀ ਬਾਰੇ ਗੱਲ ਕਰਦੇ ਹਾਂ ਤਾਂ ਇਹ ਕਿਹਾ ਜਾਂਦਾ ਹੈ ਇਹ ਮੂਰਖਾਨਾ, ਅਣਮਨੁੱਖੀ ਹੈ ਆਦਿ। ਹਾਂ ਇਹ ਹੈ, ਪਰ ਇਹ ਦਾਅ-ਪੇਚ ਦੇ ਮਸਲੇ ਹਨ। ਅਸਲ ਵਿੱਚ ਦਹਿਸ਼ਤਗਰਦੀ ਵਿਚਾਰਧਾਰਕ ਜਾਂ ਸਿਆਸੀ ਉੱਚਤਾ ਹਾਸਲ ਕਰਨ ਦਾ ਇੱਕ ਦਾਅਪੇਚ ਹੈ।

ਤਾਂ ਪਾਕਿਸਾਤਨ ਨਾਲ਼ ਸਿੱਝਣ ਦਾ ਕੀ ਰਾਹ ਹੈ? ਅਸੀਂ ਆਪਣੇ ਦੁਸ਼ਮਣ ਨਾਲ਼ ਤਿੰਨ ਤਰੀਕਿਆਂ ਨਾਲ਼ ਸਿੱਝਾਂਗੇ। ਪਹਿਲਾ ਹੈ ਰੱਖਿਆਤਮਕ। ਮਤਲਬ ਕਿਸੇ ਨੂੰ ਅੰਦਰ ਆਉਣ ਤੋਂ ਰੋਕਣਾ। ਦੂਜਾ ਹੈ ਰੱਖਿਆਤਮਕ-ਹਮਲਾ। ਆਪਣੇ ਆਪ ਨੂੰ ਬਚਾਉਣ ਲਈ ਅਸੀਂ ਉਸ ਥਾਂ ਜਾਂਦੇ ਹਾਂ ਜਿੱਥੇ ਹਮਲਾ ਹੋ ਰਿਹਾ ਹੈ। ਅਸੀਂ ਹੁਣ ਰੱਖਿਆਤਮ ਪੁਜੀਸ਼ਨ 'ਚ ਹਾਂ। ਆਖਰੀ ਹੈ ਹਮਲਾਵਰ ਪੁਜੀਸ਼ਨ। ਜਦੋਂ ਅਸੀਂ ਰੱਖਿਆਤਮਕ-ਹਮਲੇ ਦੀ ਪੁਜੀਸ਼ਨ ਵਿੱਚ ਆ ਗਏ ਤਾਂ ਅਸੀਂ ਪਾਕਿਸਤਾਨ ਦੀਆਂ ਕਮਜ਼ੋਰੀਆਂ ਉੱਪਰ ਕੰਮ ਕਰਾਂਗੇ। ਇਹ ਆਰਥਿਕ ਹੋ ਸਕਦੀਆਂ ਹਨ, ਅੰਦਰੂਨੀ ਹੋ ਸਕਦੀਆਂ ਹਨ, ਸਿਆਸੀ ਹੋ ਸਕਦੀਆਂ ਹਨ। ਇਹ ਕੌਮਾਂਤਰੀ ਤੌਰ 'ਤੇ ਉਸਨੂੰ ਨਿਖੇੜਨਾ ਹੋ ਸਕਦਾ ਹੈ, ਉਹਨਾਂ ਦੀਆਂ ਨੀਤੀਆਂ ਨੂੰ ਅਫਗਾਨਿਸਤਾਨ 'ਚ ਮਾਤ ਦੇਣਾ ਹੋ ਸਕਦਾ ਹੈ, ਉਹਨਾਂ ਲਈ ਅੰਦਰੂਨੀ ਸੁਰੱਖਿਆ ਸੰਤੁਲਨ ਬਣਾਈ ਰੱਖਣਾ ਮੁਸ਼ਕਿਲ ਬਣਾਉਣਾ, ਇਹ ਕੁੱਝ ਵੀ ਹੋ ਸਕਦਾ ਹੈ।

ਮੈਂ ਜ਼ਿਆਦਾ ਵਿਸਥਾਰ 'ਚ ਨਹੀਂ ਦੱਸਣ ਲੱਗਿਆ ਪਰ ਸਾਨੂੰ ਰੱਖਿਆਤਮਕ ਪੁਜੀਸ਼ਨ ਤੋਂ ਅੱਗੇ ਵਧਣਾ ਪਵੇਗਾ।ੜਪਾਕਿਸਤਾਨ ਦੀਆਂ ਕਮਜ਼ੋਰੀਆਂ ਸਾਡੇ ਨਾਲੋਂ ਕਈ ਗੁਣਾ ਵੱਡੀਆਂ ਹਨ। ਇੱਕ ਵਾਰ ਉਹਨਾਂ ਨੇ ਜਾਣ ਲਿਆ ਕਿ ਭਾਰਤ ਰੱਖਿਆਤਮਕ ਪੁਜੀਸ਼ਨ ਤੋਂ ਰੱਖਿਆਤਮਕ-ਹਮਲੇ 'ਤੇ ਆ ਗਿਆ ਹੈ ਤਾਂ ਉਹ ਸਮਝ ਲੈਣਗੇ ਅਸੀਂ ਉਹਨਾਂ ਦੇ ਵੱਸ ਦੀ ਗੱਲ ਨਹੀਂ। ਫੇਰ ਉਹ ਪੰਕਤੀ ਆਉਂਦੀ ਹੈ ਜੋ ਕਾਫੀ ਚਰਚਾ 'ਚ ਰਹੀ ਹੈ, ਤੁਸੀਂ ਇੱਕ ਮੁੰਬਈ ('ਤੇ ਹਮਲਾ) ਕਰ ਸਕਦੇ ਹੋ ਪਰ ਤੁਸੀਂ ਬਲੋਚਿਸਤਾਨ ਹਾਰ ਸਕਦੇ ਹੋ। ਇਹ ਅੱਖਾਂ ਖੋਲਣ ਵਾਲਾ ਖੁਲਾਸਾ ਹੈ। ਇਹ ਦੋਵਾਲ ਦੇ ਸਿਧਾਂਤ ਦਾ ਪੂਰੀ ਸਪੱਸ਼ਟਤਾ ਨਾਲ ਕੇਂਦਰੀ ਤੱਤ ਹੈ।

ਉਸਨੇ ਵਾਧਾ ਕੀਤਾ, ਸਾਨੂੰ ਪਾਕਿਸਤਾਨ ਦੀ ਲੋੜ ਨਹੀਂ। ਜੇ ਪਾਕਿਸਤਾਨ ਦਹਿਸ਼ਤਗਰਦੀ ਨੂੰ ਆਪਣੀ ਸੱਤ੍ਹਾ ਦੀ ਨੀਤੀ ਦੇ ਇੱਕ ਸੰਦ ਵਜੋਂ ਨਹੀਂ ਤਿਆਗਦਾ ਤਾਂ ਉਸਨੂੰ ਤਾਲਿਬਾਨ ਨਾਲ਼ ਲੜਨ ਦਿਓ। ਦੂਜਾ ਮਸਲਾ ਦਹਿਸ਼ਤਗਰਦਾਂ ਪ੍ਰਤੀ ਰਵੱਈਏ ਦਾ ਹੈ। ਤੀਜਾ ਮਸਲਾ ਉਹਨਾਂ ਨੂੰ ਹਥਿਆਰ, ਪੈਸਾ, ਮਨੁੱਖੀ ਤਾਕਤ ਦੇਣ ਤੋਂ ਰੋਕਣ ਦਾ ਹੈ। ਹੁਣ ਫੰਡ, ਵਧਕੇ ਵਿਰੋਧੀ ਫੰਡ ਦੇਣ ਨਾਲ਼ ਹੀ ਰੋਕੇ ਜਾ ਸਕਦੇ ਹਨ। ਜੇ ਉਹਨਾਂ ਦਾ 500 ਕਰੋੜ ਦਾ ਬਜ਼ਟ ਹੈ ਤਾਂ ਅਸੀਂ 1800 ਕਰ ਸਕਦੇ ਹਾਂ। ਉਹ ਭਾੜੇ ਦੇ ਸਿਪਾਹੀ ਹਨ। ਕੀ ਤੁਸੀਂ ਸੋਚਦੇ ਹੋ ਕਿ ਉਹ ਮਹਾਨ ਜਰਨੈਲ ਹਨ। ਨਹੀਂ, ਇਸ ਲਈ ਸਾਨੂੰ ਗੁਪਤ ਕਦਮ ਚੁੱਕਣੇ ਚਾਹੀਦੇ ਹਨ। ਅਸੀਂ ਇੱਕ ਵੱਡਾ ਦੇਸ਼ ਹਾਂ ਇਸ ਲਈ ਅਸੀਂ ਉਹਨਾਂ ਨੂੰ ਪੈਸੇ ਦੀ ਤਾਕਤ ਨਾਲ਼ ਜਿੱਤਾਂਗੇ। ਇਸ ਲਈ ਸਾਨੂੰ ਮੁਸਲਿਮ ਜਥੇਬੰਦੀਆਂ 'ਚ ਕੰਮ ਕਰਨਾ ਚਾਹੀਦਾ ਹੈ, ਉਹਨਾਂ ਦੀ ਵੀ ਇਹੋ ਇੱਛਾ ਹੈ। ਅੰਤ 'ਚ, ਆਉ ਇੱਕ ਅਹਿਮ ਕਦਮ ਚੁੱਕੀਏ। ਉੱਚ ਤਕਨੀਕ ਵੱਲ ਵਧੀਏ ਤੇ ਜੁਆਬ ਵਿੱਚ ਜਸੂਸੀ ਰਾਹੀਂ ਕੀਤੀਆਂ ਜਾਣ ਵਾਲ਼ੀਆਂ ਕਾਰਵਾਈਆਂ ਦੀ ਤਿਆਰੀ ਕਰੀਏ।

ਢੁਕਵੇਂ ਮੋੜਵੇਂ ਹਮਲੇ ਰਾਹੀਂ ਹੀ ਭਾਰਤ ਮੁੰਬਈ ਜੇਹੇ ਕਿਸੇ ਹੋਰ ਹਮਲੇ ਦਾ ਜਵਾਬ ਨਹੀਂ ਦੇ ਸਕਦਾ ਹੈ। ਪਰ ਦੋਵਾਲ ਦੇ ਪਾਕਿਸਤਾਨ ਕੋਲੋਂ ਬਲੋਚਿਸਤਾਨ ਹਾਰ ਜਾਣ ਦੀ ਗੱਲ ਕਰਨ ਦਾ ਜੰਗ ਤੋਂ ਬਿਨਾਂ ਹੋਰ ਕੀ ਮਤਲਬ ਹੈ? ਦੋ ਤਾਜ਼ਾ ਘਟਨਾਵਾਂ ਦੀ ਚਰਚਾ ਇੱਥੇ ਕਰਨੀ ਬਣਦੀ ਹੈ। 'ਦ ਇੰਡੀਅਨ ਐਕਪ੍ਰੈੱਸ' (23 ਸਤੰਬਰ, 2015) ਨੇ ਦੱਸਿਆ ਕਿ ਭਾਰਤੀ ਫ਼ੌਜ ਨੇ 'ਤਕਨੀਕੀ ਸੇਵਾ ਡਵੀਜ਼ਨ' (ਟੀਐਸਡੀ- ਭਾਰਤੀ ਫ਼ੌਜ ਦਾ ਖ਼ੁਫ਼ੀਆ ਵਿੰਗ) ਸਬੰਧੀ ਕੁੱਝ ਦਸਤਾਵੇਜ਼ ਫੌਜ ਮੁਖੀ ਵੀ ਕੇ ਸਿੰਘ ਦਾ ਕਾਰਜ਼ਕਾਲ ਮੁੱਕਣ ਤੋਂ ਪਹਿਲਾਂ ਤਬਾਹ ਕਰ ਦਿੱਤੇ ਸਨ। ਸੁਸ਼ਾਂਤ ਸਿੰਘ ਲਿਖਦਾ ਹੈ, ਰਿਪੋਰਟਾਂ ਮੁਤਾਬਕ ਜਾਂਚ (ਜੋ ਉਸਦੀ ਰਿਟਾਇਰਮੈਂਟ ਤੋਂ ਬਾਅਦ ਸ਼ੁਰੂ ਹੋਈ ਸੀ) ਤੋਂ ਪਤਾ ਲੱਗਿਆ ਹੈ ਕਿ ਟੀਐੱਸਡੀ ਨੇ ਦਾਅਵਾ ਕੀਤਾ ਹੈ ਕਿ ਉਸਨੇ ਪਰਾਏ ਦੇਸ਼ ਵਿੱਚ ਘੱਟੋ-ਘੱਟ ਅੱਠ ਖੁਫੀਆ ਅਪਰੇਸ਼ਨ ਚਲਾਏ ਹਨ। ਟੀਐੱਸਡੀ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਅਕਤੂਬਰ ਤੇ ਨਵੰਬਰ 2011 'ਚ ਇਸਨੇ ਗੁਆਂਢੀ ਮੁਲਕ ਦੇ ਸੂਬੇ ਵਿੱਚ ਵੱਖਵਾਦੀ ਮੁਖੀ ਨੂੰ ਭਰਤੀ ਕਰਨ ਲਈ ਸੀਕ੍ਰੇਟ ਸਰਵਿਸ ਫੰਡਾਂ ਵਿੱਚੋਂ ਪੈਸੇ ਦਿੱਤੇ ਹਨ। ਇਸ ਅੰਦਾਜ਼ੇ ਦਾ ਮਜ਼ਬੂਤ ਅਧਾਰ ਹੈ ਕਿ ਵਿਦੇਸ਼ੀ ਮੁਲਕ ਪਾਕਿਸਤਾਨ ਅਤੇ ਸੂਬਾ ਬਲੋਚਿਸਤਾਨ ਸੀ।

ਇਹ ਗੱਲ ਅਕਤੂਬਰ, 2015 'ਚ ਜ਼ਾਹਰ ਹੋਈ ਜਦ ਬੀਐਲਓ (ਬਲੋਚਿਸਤਾਨ ਲਿਬਰੇਸ਼ਨ ਆਰਗੇਨਾਇਜ਼ੇਸ਼ਨ) ਦੇ ਨੁਮਾਇੰਦੇ ਨੇ ਦਿੱਲੀ ਪ੍ਰੈੱਸ ਕਾਨਫ੍ਰੰਸ 'ਚ ਸ਼ਿਰਕਤ ਕੀਤੀ ਅਤੇ ਜਲਾਵਤਨ ਕੀਤੇ ਆਗੂ ਦਾ ਬਿਆਨ ਪੜ੍ਹ ਕੇ ਸੁਣਾਇਆ। ਉਸਦੀ ਪ੍ਰੈੱਸ ਕਾਨਫਰੰਸ ਦੀ ਰਿਪੋਰਟ ਦਿਲਚਸਪ ਹੈ ਜੋ ('ਦ ਹਿੰਦੂ' ਅਖਬਾਰ ਦੇ) ਦੋ ਪੱਤਰਕਾਰਾਂ, ਕਲੋਲ ਭੱਟਾਚਾਰਜੀ ਤੇ ਸੁਹਸੈਨੀ ਹੈਦਰ, ਰਾਹੀਂ ਮਿਲੀ ਹੈ। ਉਹ ਲਿਖਦੇ ਹਨ:

ਪਾਕਿਸਤਾਨ ਦੇ ਕਬਜੇ ਵਿਚਲੇ ਕਸ਼ਮੀਰ ਵਿੱਚ ਕਥਿਤ ਮਨੁੱਖੀ ਹੱਕਾਂ ਦੀ ਉਲੰਘਣਾ ਦੀ ਗੱਲ ਕਰਨ ਪਿੱਛੋਂ, ਭਾਰਤ ਬਲੋਚਿਸਤਾਨ ਦੇ ਮਾਮਲੇ 'ਚ ਸਖ਼ਤ ਪੁਜੀਸ਼ਨ ਲੈਣ ਦੀ ਤਿਆਰੀ ਕਰ ਰਿਹਾ ਹੈ, ਇਹ ਦੱਖਣੀ ਬਲਾਕ ਦੀ ਪਾਕਿਸਤਾਨ ਬਾਰੇ ਅਤੀਤ ਦੀ ਨੀਤੀ ਤੋਂ ਉੱਭਰਵੇਂ ਰੂਪ 'ਚ ਦੂਰ ਹਟਣਾ ਸੀ।

ਇਸ ਨਵੀਂ ਨੀਤੀ ਦੀ ਗੱਲ 4 ਅਕਤੂਬਰ, 2015 ਨੂੰ ਉਦੋਂ ਜਨਤਕ ਹੋਈ ਜਦੋਂ ਬੀਐੱਲਓ (ਬਲੋਚਿਸਤਾਨ ਲਿਬਰੇਸ਼ਨ ਆਰਗੇਨਾਇਜ਼ੇਸ਼ਨ) ਦੇ ਨੁਮਾਇੰਦੇ ਬਾਲਾਚ ਪਰਦਿਲਾਈ ਨੇ ਇੱਕ ਇਕੱਠ ਨੂੰ ਸੰਬੋਧਿਤ ਕੀਤਾ ਅਤੇ ਬੀਐੱਲਓ ਦੇ ਜਲਾਵਤਨ ਕੀਤੇ ਆਗੂ ਨਵਾਬਜਾਦਾ ਹਾਇਬਿਆਰ ਮਰੀ ਦਾ ਬਿਆਨ ਪੜ੍ਹਿਆ।

ਪਾਕਿਸਾਤਨ ਵਿਰੁੱਧ ਬਲੋਚਿਸਤਾਨ ਦੀ ਅਜ਼ਾਦੀ ਲਈ ਲੜਨ ਵਾਲੀ ਬੀਐੱਲਓ ਨੇ 'ਦ ਹਿੰਦੂ' ਨੂੰ ਦਿੱਲੀ ਵਿਚਲੇ ਆਪਣੇ ਨੁਮਾਇੰਦੇ ਬਾਰੇ ਦੱਸਿਆ। ਇਹ ਪਰਦਿਲਾਈ ਸੀ ਜੋ 2009 ਤੋਂ ਦਿੱਲੀ 'ਚ ਰਹਿ ਰਿਹਾ ਸੀ ਤੇ ਜਿਸ ਨਾਲ਼ ਨਵਾਬਜ਼ਾਦਾ ਮਰੀ ਵੱਲੋਂ ਇੱਕ ਪ੍ਰੈੱਸ ਕਾਨਫਰੰਸ ਕਰਕੇ ਉਸਦਾ ਬਿਆਨ ਜਾਰੀ ਕਰਨ ਲਈ ਸੰਪਰਕ ਕੀਤਾ ਸੀ।

ਭਾਵੇਂ ਨਵੀਂ ਨੀਤੀ ਬਾਰੇ ਕੁੱਝ ਵੀ ਨਹੀਂ ਦੱਸਿਆ ਗਿਆ, ਪਰ ਅਧਿਕਾਰੀਆਂ ਨੇ 'ਦ ਹਿੰਦੂ' ਨੂੰ ਦੱਸਿਆ ਕਿ ਜਦੋਂ ਭਾਰਤ ਜੰਮੂ ਕਸ਼ਮੀਰ ਦੇ ਮਸਲੇ ਨੂੰ ਲੈ ਕੇ ਪਾਕਿਸਤਾਨ ਵੱਲੋਂ ਦੋਸ਼ ਲਾਏ ਜਾਣ ਦਾ ਸਾਹਮਣਾ ਕਰੇਗਾ ਤਾਂ ਪਾਕਿਸਤਾਨ ਦੇ ਕਬਜੇ ਵਿਚਲਾ ਕਸ਼ਮੀਰ ਤੇ ਬਲੋਚਿਸਤਾਨ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਜਾਵੇਗੀ।

ਪਾਰਦਿਲਾਈ ਨੇ 'ਦ ਹਿੰਦੂ' ਨੂੰ ਦੱਸਿਆ ਕਿ ਉਹ ਦਿੱਲੀ ਵਿੱਚ ਸੁਰੱਖਿਅਤ ਮਹਿਸੂਸ ਕਰ ਰਿਹਾ ਹੈ ਅਤੇ ਉਸਨੂੰ ਆਰ.ਐੱਸ.ਐਨ ਸਿੰਘ ਦੀ ਅਗਵਾਈ ਵਾਲੇ ਭਾਜਪਾ ਦੇ ਇੱਕ ਹਿੱਸੇ ਅਤੇ ਭਗਤ ਸਿੰਘ ਕ੍ਰਾਂਤੀ ਸੈਨਾ ਦੇ ਤਜਿੰਦਰ ਸਿੰਘ ਦੀ ਮਦਦ ਮਿਲ ਰਹੀ ਹੈ। ('ਦ ਹਿੰਦੂ', 8 ਅਕਤੂਬਰ, 2015)

ਇੱਥੋਂ ਸਾਫ ਹੁੰਦਾ ਹੈ ਕਿ ਭਾਰਤ ਕਾਫੀ ਸਮੇਂ ਤੋਂ ਹੀ ਬਲੋਚਿਸਤਾਨ ਉੱਪਰ ਸਾਜਿਸ਼ੀ ਢੰਗ ਨਾਲ਼ ਕੰਮ ਕਰ ਰਿਹਾ ਹੈ ਜਿਸ ਵਿੱਚ ਪਾਕਿਸਤਾਨ ਉੱਪਰ ਹਮਲੇ ਦੀ ਨੀਤੀ ਵਜੋਂ ਬੀਐੱਲਓ ਦੇ ਬਾਗੀਆਂ ਦੀ ਮਦਦ ਕਰਨਾ ਹੈ। ਇਸੇ ਦਾ ਨਤੀਜ਼ਾ ਮੋਦੀ ਦਾ 15 ਅਗਸਤ ਨੂੰ ਦਿੱਤਾ ਭਾਸ਼ਣ ਹੈ। ਅਜੀਤ ਦੋਵਾਲ ਦੀ ਬਣਾਈ ਜਿਸ ਨੀਤੀ 'ਤੇ ਚੱਲ ਕੇ ਭਾਰਤ ਪਾਕਿਸਤਾਨ ਵਿਚਲੇ ਵੱਖਵਾਦੀ ਗਰੁੱਪਾਂ, ਦਹਿਸ਼ਤਗਰਦਾਂ ਨੂੰ ਵਰਤ ਕੇ ਪਾਕਿਸਤਾਨ ਨੂੰ ਕਮਜ਼ੋਰ ਕਰਨਾ ਚਾਹੁੰਦਾ ਹੈ ਉਹ ਨੀਤੀ ਅਮਰੀਕਾ ਤੋਂ ਉਧਾਰੀ ਲਈ ਗਈ ਹੈ। ਇਸੇ ਨੀਤੀ ਉੱਪਰ ਚੱਲਦਿਆਂ ਅਮਰੀਕਾ ਨੇ ਮੱਧ ਪੂਰਬ, ਲੀਬੀਆ, ਇਰਾਕ, ਮਿਸਰ ਆਦਿ 'ਚ ਰਾਜ ਪਲਟੇ ਕਰਵਾਏ ਹਨ, ਅਫਗਾਨਿਸਤਾਨ 'ਚ ਮੁਜ਼ਾਹਿਦੀਨਾਂ ਨੂੰ ਸੀਆਈਏ ਦੁਆਰਾ ਟ੍ਰੇਨਿੰਗ ਦੇ ਕੇ ਆਮ ਲੋਕਾਂ ਦਾ ਲਹੂ ਵਹਾਉਣ ਲਾਇਆ ਗਿਆ ਹੈ ਅਤੇ ਹੁਣ ਇਸ ਨੀਤੀ ਰਾਹੀਂ ਹੀ ਸੀਰੀਆ ਜੰਗ 'ਚ ਅਮਰੀਕਾ ਦੁਆਰਾ ਅਸਦ ਵਿਰੋਧੀ ਸੀਰੀਆਈ ਵਿਦਰੋਹੀਆਂ ਨੂੰ ਹਥਿਆਰ, ਪੈਸਾ, ਟ੍ਰੇਨਿੰਗ ਦੇ ਕੇ ਮਦਦ ਕੀਤੀ ਜਾ ਰਹੀ ਹੈ। ਇਸ ਨੀਤੀ 'ਤੇ ਚੱਲ ਕੇ ਭਾਰਤ ਵੀ ਪਾਕਿਸਤਾਨ ਵਿਰੁੱਧ ਇੱਕ ਜੰਗ ਥੋਪ ਰਿਹਾ ਹੈ ਜਿਸਦਾ ਨਤੀਜ਼ਾ ਅਨੇਕਾਂ ਬੇਦੋਸ਼ੇ ਆਮ ਲੋਕਾਂ ਦਾ ਲਹੂ ਵਹਿਣ 'ਚ ਨਿੱਕਲਣਾ ਹੈ। ਅਸਲ 'ਚ ਭਾਰਤ ਤੇ ਪਾਕਿਸਤਾਨ ਦੋਵੇਂ ਇਸ ਨੀਤੀ 'ਤੇ ਚੱਲ ਰਹੇ ਹਨ ਜਿਸ ਨਾਲ਼ ਕਸ਼ਮੀਰ, ਬਲੋਚਿਸਤਾਨ, ਗਿਲਗਿਟ ਜਿਹੇ ਅਸ਼ਾਂਤ ਇਲਾਕਿਆਂ ਤੋਂ ਬਿਨ੍ਹਾਂ ਬਾਕੀ ਹਿੱਸੇ ਦੇ ਲੋਕ ਵੀ ਪ੍ਰਭਾਵਿਤ ਹੋ ਰਹੇ ਹਨ।

ਭਾਰਤ ਵਿੱਚ ਕਸ਼ਮੀਰੀ ਲੋਕਾਂ ਦੀ ਆਪਾ ਨਿਰਣੇ ਦਾ ਵਾਅਦਾ ਪੂਰਾ ਕੀਤੇ ਜਾਣ ਦੀ ਮੰਗ ਤੇ ਬਲੋਚਿਸਤਾਨੀ ਲੋਕਾਂ ਦੀ ਅਜ਼ਾਦੀ ਦੀ ਮੰਗ ਹੱਕੀ ਮੰਗਾਂ ਹਨ ਜਿਹਨਾਂ ਦੀ ਹਮਾਇਤ ਕੀਤੀ ਜਾਣੀ ਚਾਹੀਦੀ ਹੈ। ਪਰ ਇਸ ਹਮਾਇਤ ਦਾ ਤਰੀਕਾ ਉਹ ਨਹੀਂ ਹੈ ਜਿਸ ਤਰ੍ਹਾਂ ਭਾਰਤ ਬਲੋਚਿਸਤਾਨ ਦੇ ਖਾੜਕੂਆਂ ਜਾਂ ਪਾਕਿਸਤਾਨ ਕਸ਼ਮੀਰ ਵਿਚਲੇ ਵੱਖਵਾਦੀਆਂ ਦੀ ਕਰ ਰਿਹਾ ਹੈ। ਇਹ ਮਦਦ ਇਹਨਾਂ ਇਲਾਕਿਆਂ ਦੇ ਮਸਲੇ ਨੂੰ ਹੱਲ ਕਰਨ ਦੀ ਥਾਂ ਹੋਰ ਉਲਝਾ ਰਹੀ ਹੈ ਜਿਸਦੇ ਨਤੀਜ਼ੇ ਵੱਜੋਂ ਹਜਾਰਾਂ ਆਮ ਲੋਕਾਂ ਦੀ ਜਾਨ ਜਾ ਰਹੀ ਹੈ ਤੇ ਕਰੋੜਾਂ ਦੀ ਜ਼ਿੰਦਗੀ ਬਰਬਾਦ ਹੋ ਰਹੀ ਹੈ। ਜੇ ਦੋਵਾਂ ਦੇਸ਼ਾਂ ਦਾ ਮਕਸਦ ਸੱਚਮੁੱਚ ਹੀ ਲੋਕਾਂ ਦੀ ਮਦਦ ਕਰਨਾ ਹੁੰਦਾ ਤਾਂ ਦੋਵੇਂ ਦੇਸ਼ ਆਪਣੇ ਕਬਜ਼ੇ ਹੇਠਲੇ ਇਲਾਕਿਆਂ ਦੇ ਲੋਕਾਂ ਦੀ ਮਦਦ ਕਰਨ ਅਤੇ ਉਹਨਾਂ ਦੇ ਹੱਕਾਂ ਦੀ ਬਹਾਲੀ ਤੇ ਸ਼ਾਂਤੀ ਲਈ ਯੋਗ ਕਦਮ ਚੁੱਕਦੇ।

ਪੂਰੇ ਮਸਲੇ ਤੋਂ ਇੱਕ ਗੱਲ ਤਾਂ ਸਪੱਸ਼ਟ ਹੈ ਕਿ ਭਾਰਤ ਤੇ ਪਾਕਿਸਤਾਨ ਦੋਵੇਂ ਦੇਸ਼ ਅੰਨ੍ਹੇ ਕੌਮਵਾਦ ਤੇ ਦੂਜੇ ਵਿਰੁੱਧ ਨਫਰਤ ਨੂੰ ਭੜਕਾ ਕੇ ਦੋ ਕੰਮਾਂ ਲਈ ਵਰਤ ਰਹੇ ਹਨ। ਪਹਿਲਾ, ਦੋਵਾਂ ਵੱਲੋਂ ਆਪਣੇ ਦੇਸ਼ ਅੰਦਰ ਅਜ਼ਾਦੀ ਲਈ ਲੜ ਰਹੀਆਂ ਕੌਮੀਅਤਾਂ ਉੱਪਰ ਕੀਤੇ ਜਾ ਰਹੇ ਜ਼ਬਰ ਉੱਪਰ ਪਰਦਾ ਪਾਉਣ ਲਈ। ਦੂਜਾ, ਇੱਕ-ਦੂਜੇ ਅੰਦਰ ਹਾਲਾਤ ਤਣਾਅਪੂਰਨ ਬਣਾਉਣ ਤੇ ਖ਼ੂਨੀ ਲੜਾਈਆਂ ਤੇ ਜੰਗ ਭੜਕਾਉਣ ਲਈ। ਇਸ ਸਭ ਦਾ ਭਾਰਤ ਤੇ ਪਾਕਿਸਤਾਨ ਦੋਵਾਂ ਦੇਸ਼ਾਂ ਦੇ ਆਮ ਕਿਰਤੀ ਲੋਕਾਂ ਨੂੰ ਹੀ ਨੁਕਸਾਨ ਹੋ ਰਿਹਾ ਹੈ ਤੇ ਦੋਵਾਂ ਦੇਸ਼ਾਂ ਦੀਆਂ ਹਾਕਮ ਜਮਾਤਾਂ ਨੂੰ ਫਾਇਦਾ ਹੋ ਰਿਹਾ ਹੈ। ਇਸ ਨਾਨ ਦੋਵੇਂ ਦੇਸ਼ਾਂ ਦੇ ਹਾਕਮ ਆਪਣੇ ਜ਼ੁਰਮਾਂ ਨੂੰ ਦੂਜੇ ਦੇਸ਼ ਸਿਰ ਮੜ੍ਹ ਕੇ ਨਾ ਸਿਰਫ ਆਪਣੇ ਆਪ ਨੂੰ ਬੇਕਸੂਰ ਸਾਬਿਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਸਗੋਂ ਦੋਵਾਂ ਦੇਸ਼ਾਂ ਦੇ ਕਿਰਤੀ ਲੋਕਾਂ ਦਰਮਿਆਨ ਨਫਰਤ ਦੀਆਂ ਕੰਧਾਂ ਵੀ ਉਸਾਰ ਰਹੇ ਹਨ। ਇਸ ਮਾਮਲੇ ਵਿੱਚ ਭਾਰਤ ਤੇ ਪਾਕਿਸਤਾਨ ਦੇ ਹਾਕਮ ਇੱਕ ਹਨ। ਇਸਦੇ ਟਾਕਰੇ ਲਈ ਭਾਰਤ ਤੇ ਪਾਕਿਸਤਾਨ ਦੇ ਲੋਕਾਂ ਦਰਮਿਆਨ ਅੰਨ੍ਹੇ, ਖੋਖਲੇ ਕੌਮਵਾਦ ਦਾ ਭਾਂਡਾ ਭੰਨਣਾ ਬੇਹੱਦ ਜਰੂਰੀ ਹੈ ਤੇ ਉਹਨਾਂ ਨੂੰ ਕੌਮੀ ਏਕਤਾ ਦੀ ਥਾਂ ਜਮਾਤੀ ਏਕਤਾ ਦੇ ਅਧਾਰ 'ਤੇ ਇੱਕਜੁੱਟ ਕੀਤੇ ਜਾਣ ਦੀ ਲੋੜ ਹੈ।

**ਲਲਕਾਰ 'ਚੋਂ ਧੰਨਵਾਦ ਸਹਿਤ**

## ..ਅਖੇ ਜੀ ਕੱਪੜੇ ਨੀ ਚੱਜ ਦੇ ਪਾਉਂਦੀਆਂ ਬਲਾਤਕਾਰ ਤਾਂ ਹੋਣੇ ਹੀ ਆ

ਅਜਿਹੇ ਵਾਕ ਪੰਡਤ, ਭਾਈ, ਕਾਜੀ ਅਕਸਰ ਆਪਣੇ ਪ੍ਰਚਾਰ ਵਿੱਚ ਕਰਦੇ ਨੇ, ਇਨ੍ਹਾਂ ਦੇ ਪ੍ਰਭਾਵ ਵਿੱਚ ਆ ਕੁੱਝ ਭਗਤ ਇਹੀ ਕੁੱਝ ਬੜੇ ਤੱਤੇ ਸ਼ਬਦਾਂ ਵਿੱਚ ਕਹਿ ਆਪਣੇ ਲਾਈਲੱਗ ਹੋਣ ਦਾ ਸਬੂਤ ਦਿੰਦੇ ਨੇ। ਪਹਿਰਾਵੇ ਦੇ ਇਹ ਪੈਮਾਨੇ ਔਰਤਾਂ 'ਤੇ ਵੱਧ ਸਖ਼ਤੀ ਤੇ ਤਬੀਰਤਾ ਨਾਲ ਲਾਗੂ ਕਰਨ ਦੀ ਕਾਹਲ ਇਹਨਾਂ ਦੀ ਔਰਤ ਵਿਰੋਧੀ ਮਾਨਸਿਕਤਾ ਦੇ ਖੁੱਲ੍ਹੇ-ਡੁਲ੍ਹੇ ਦਰਸ਼ਨ-ਦੀਦਾਰੇ ਕਰਵਾਉਦੀ ਹੈ।

- ਹਿੰਦੂ ਕੱਟੜਪੰਥੀ ਤੇ ਅੰਧਵਿਸ਼ਵਾਸੀ ਲਾਣਾ ਕੁੜੀਆਂ ਦੇ ਪੱਛਮੀ ਪਹਿਰਾਵੇ ਨੂੰ ਬਲਾਤਕਾਰ ਦਾ ਕਾਰਨ ਮੰਨਦੇ ਹੈ, ਅੱਜਕੱਲ ਦੀਆਂ ਕਈ ਸਾਧਵੀਆਂ ਤਾਂ ਆਪਣੇ ਕੋਲ ਤਰਸ਼ੂਲ ਰੱਖਣ ਦੀਆਂ ਸਲਾਹਾਂ ਦਿੰਦੀਆਂ ਜੀਨ ਟੀ ਸ਼ਰਟ ਦਾ ਸਖ਼ਤ ਵਿਰੋਧ ਕਰਦੀਆਂ ਨੇ। ਮੁਸਲਿਮ ਮੁੰਡਿਆਂ ਤੋਂ ਸੁਚੇਤ ਇਸ ਤਰ੍ਹਾਂ ਕਰਦੀਆਂ ਜਿਵੇਂ ਇਹ ਇਨਸਾਨ ਨਾ ਜਾਨਵਰ ਹੋਣ। ਹਿੰਦੂ ਸਾਧ ਲਾਣਾ ਕੁੜੀਆਂ ਦੇ ਘੁੰਮਣ-ਫਿਰਨ, ਪਹਿਨਣ ਦੀ ਸੈਂਸਰਸ਼ਿਪ ਨਿਰਧਾਰਤ ਕਰਦਾ ਹੈ ਤੇ ਇਸ ਤੋਂ ਬਾਹਰ ਹੋਣ ਵਾਲੀਆਂ ਔਰਤਾਂ ਨੂੰ ਬਲਾਤਕਾਰ ਲਈ ਉਕਸਾਉਣ ਦੀਆਂ ਜ਼ੁੰਮੇਵਾਰ ਮੰਨਦਾ ਹੈ।
- ਮੁਸਲਿਮ ਕੱਟੜਪੰਥੀ ਅੰਧਵਿਸ਼ਵਾਸੀ ਲਾਣਾ ਮੰਨਦਾ ਹੈ ਕਿ ਔਰਤਾਂ ਦੀ ਛਾਤੀ ਤੇ ਚਿਹਰਾ ਮਰਦ ਨੂੰ ਅਕਰਸ਼ਿਤ ਕਰਦਾ ਹੈ, ਇਸ ਲਈ ਬੁਰਕਾ ਪਾ ਪਰਦੇ ਵਿੱਚ ਰਹਿਣ ਦਾ ਫਤਵਾ ਦਿੰਦਾ ਹੈ। ਇਹਨਾਂ ਲਈ ਉਹ ਔਰਤਾਂ ਜੋ ਬੁਰਕਾ ਨਹੀਂ ਪਾਉਂਦੀਆਂ ਬਲਾਤਕਾਰ ਲਈ ਜ਼ੁੰਮੇਵਾਰ ਹਨ।
- ਸਿੱਖ ਕੱਟੜਪੰਥੀ ਤੇ ਅੰਧਵਿਸ਼ਵਾਸੀ ਲਾਣਾ ਇਹਨਾਂ ਤੋਂ ਪਿੱਛੇ ਨਹੀਂ ਕੇਸਕੀ ਵਾਲਿਆਂ ਔਰਤਾਂ ਤੋਂ ਬਿਨਾਂ ਬਾਕੀ ਜੋ ਮੇਕਅੱਪ ਜਾਂ ਥਰੈਡਿੰਗ ਵਗੈਰਾ ਕਰਵਾਉਦੀਆਂ ਹਨ ਉਨ੍ਹਾਂ ਨੂੰ ਸੈਂਸਰਸ਼ਿਪ ਤੋਂ ਬੇਮੁਖ ਸਮਝਦਾ ਤੇ ਇਹਨਾਂ ਔਰਤ ਨੂੰ ਬਲਾਤਕਾਰ ਲਈ ਉਕਸਾਉਣ ਦੀਆਂ ਦੋਸ਼ੀ ਮੰਨਦਾ ਹੈ।

ਇਹ ਸਾਰੇ ਤਰ੍ਹਾਂ ਦੇ ਕੱਟੜਪੰਥੀ ਆਪਣੇ-ਆਪਣੇ ਡਰੈਸ ਕੋਡ ਨੂੰ "ਬਲਾਤਕਾਰ ਰੋਧਕ" ਪੇਸ਼ ਕਰਦੇ ਹਨ। ਪਰ ਦੇਖੀਏ ਤਾਂ ਸੁਆਲ ਬਣਦਾ ਹੈ ਇਹਨਾਂ ਲਈ ਦੂਜੇ ਫਿਰਕੇ ਦਾ ਡਰੈਸ ਕੋਡ ਉਹ ਕੰਮ ਨਹੀਂ ਕਰਦਾ ਜਿਵੇਂ ਕਿ ਮੁਸਲਮਾਨ ਲਈ ਬੁਰਕਾ ਰਹਿਤ ਹਿੰਦੂ, ਸਿੱਖ ਕੁੜੀ ਤਾਂ ਫਿਰ ਗਲਤ ਹੀ ਹੋਈ!!!

**ਸੁਆਲ ਹੈ-**

ਆਪਣੇ-ਆਪਣੇ ਡਰੈਸ ਕੋਡ ਔਰਤਾਂ ਉੱਪਰ ਉਲੱਦ ਆਪਣੀ ਮਾਨਸਿਕ ਕਮਜ਼ੋਰੀ ਦਾ ਇਜ਼ਹਾਰ ਤਾਂ ਨਹੀਂ ਕਰ ਰਹੇ ਕਿਤੇ ਇਹ ਲੋਕ?

ਪਿਛਲੇ ਦਿਨੀਂ ਇੱਕ ਧਾਰਮਿਕ ਸਥਾਨ 'ਤੇ ਲੱਗੇ ਬੋਰਡ ਦੀ ਫੇਸਬੁੱਕ 'ਤੇ ਫੋਟੋ ਘੁੰਮ ਰਹੀ ਸੀ, ਜਿਸ ਦਾ ਮਤਲਬ ਇਹ ਸੀ ਕਿ ਔਰਤਾਂ ਦੇ ਵਿਸ਼ੇਸ਼ ਕੱਪੜੇ ਭੜਕਾ ਸਕਦੇ ਹਨ, ਔਰਤਾਂ ਭੜਕਾਊ (ਅਲੱਗ-ਅਲੱਗ ਪਰਿਭਾਸ਼ਾ ਇਹਨਾਂ ਦੀ) ਕੱਪੜੇ ਪਾ ਕੇ ਨਾ ਆਉਣ।

ਦਾਸ ਦੀ ਇੱਕ ਕਾਜੀ ਨਾਲ ਬੁਰਕੇ 'ਤੇ ਗੱਲਬਾਤ ਹੋਈ, ਵਧੀਆ ਚਰਚਾ ਹੋਈ। ਗੱਲਬਾਤ ਚੱਲਦੀ ਰਹੀ ਕਿ ਯੂਰਪੀ ਮੁਲਕਾਂ ਵਿੱਚ ਤਾਂ ਬੁਰਕਾ ਵਾਲਿਆਂ ਔਰਤਾਂ ਬਹੁਤ ਘੱਟ ਨੇ ਤੇ ਬਲਾਤਕਾਰ ਵੀ ਘੱਟ ਹੁੰਦੇ ਨੇ। ਕੀ ਕਾਰਨ ਹੈ? ਕਾਜੀ ਨੇ ਕਿਹਾ ਉਨ੍ਹਾਂ ਦੀ ਸੋਚ ਵਧੀਆ ਹੈ।

ਦਾਸ ਨੇ ਕਿਹਾ ਕਿ "ਆਪਾਂ ਸੋਚ ਵਧੀਆ ਬਣਾਈਏ ਜਾਂ ਔਰਤਾਂ 'ਤੇ ਕੱਪੜੇ ਵਧਾਈਏ।"

ਕਾਜੀ ਦਾ ਕੋਈ ਪ੍ਰਤੀਕਰਮ ਨਹੀਂ ਸੀ ਇਸ 'ਤੇ। ਸੋ ਆਪਣੀ ਸੌੜੀ ਸੋਚ ਦਾ ਪ੍ਰਗਟਾਵਾ ਹੀ ਕਰਦੇ ਹਨ ਇਹ ਇਸ ਤਰ੍ਹਾਂ ਕਿਸੇ ਦੇ ਨਿੱਜ ਵਿੱਚ ਦਖਲ ਦੇ, ਪਰ ਇਹ ਕੋਈ ਅਸਮਾਨੋ ਨਹੀਂ ਹੁੰਦਾ ਇਹ ਸਾਡੇ ਸਮਾਜ ਦੀ ਹੀ ਪੈਂਦਾਇਸ਼ ਹੈ। ਇਸਨੂੰ ਬਦਲਣ ਲਈ ਦੁਨੀਆਦਾਰੀ, ਹੋਰ ਗਿਆਨ, ਵਿਗਿਆਨ ਰੁਚੀਆਂ ਦਾ ਹੋਣਾ ਜ਼ਰੂਰੀ ਹੈ।

**- ਵਰਿੰਦਰ ਦੀਵਾਨਾ**

# ਵਿਧਾਨ-ਸਭਾ ਚੋਣਾਂ ਅਤੇ ਵੋਟ ਬਟੋਰੂ ਵਾਅਦੇ

(ਸ.ਫ਼ਾ 1 ਦੀ ਬਾਕੀ)

ਵਾਅਦੇ ਕਰਦੀਆਂ ਹਨ ਉਹ ਲੋਕਾਂ ਦੀ ਬਦਲਾਓ ਦੀ ਤਾਂਘ ਨੂੰ ਕੈਸ਼ ਕਰਕੇ ਸੱਤਾਧਾਰੀ ਹੋਣ ਅਤੇ ਸਿਰਫ਼ ਤੇ ਸਿਰਫ਼ ਉਨ੍ਹਾਂ ਨੂੰ ਗੁੰਮਰਾਹ ਕਰਨ ਲਈ ਕਰਦੀਆਂ ਹਨ। ਪੰਜਾਬ ਅੰਦਰ ਵੋਟ ਬਟੋਰੂ ਪਾਰਟੀਆਂ ਦੀ ਹਾਲੀਆ ਸਮੁੱਚੀ ਚੋਣ ਸਰਗਰਮੀ ਇਸੇ 'ਤੇ ਕੇਂਦਰਤ ਹੈ।

ਸੱਤਾਧਾਰੀ ਬਾਦਲ ਦਲ ਨੇ ਆਪਣੇ ਦਸ ਸਾਲਾਂ ਦੇ ਰਾਜ ਵਿਚ ਪੰਜਾਬ ਦੇ ਲੋਕਾਂ ਨੂੰ ਧਾੜਵੀਆਂ ਤੋਂ ਵੀ ਵਧੇਰੇ ਬੇਰਹਿਮੀ ਨਾਲ ਲੁੱਟਿਆ ਵੀ ਹੈ ਅਤੇ ਆਪਣੇ ਹਿੱਤਾਂ ਤੇ ਹੱਕਾਂ ਲਈ ਸੰਘਰਸ਼ਸ਼ੀਲ ਹਿੱਸਿਆਂ ਨੂੰ ਬੇਰਹਿਮੀ ਨਾਲ ਕੁੱਟਿਆ ਵੀ ਹੈ। ਇਕ ਦਹਾਕੇ ਵਿਚ ਕੋਈ ਦਿਨ ਐਸਾ ਨਹੀਂ ਗੁਜ਼ਰਿਆ ਜਦੋਂ ਆਪਣੀਆਂ ਮੰਗਾਂ ਨੂੰ ਲੈਕੇ ਸੰਘਰਸ਼ਸ਼ੀਲ ਕਿਸਾਨ, ਮਜ਼ਦੂਰ, ਬੇਰੋਜ਼ਗਾਰ ਲਾਈਨਮੈਨ, ਨਰਸਾਂ, ਆਂਗਨਬਾੜੀ ਵਰਕਰ, ਆਸ਼ਾ ਵਰਕਰ, ਠੇਕੇ 'ਤੇ ਰੱਖੇ ਵੱਖ-ਵੱਖ ਮਹਿਕਮਿਆਂ ਦੇ ਕੱਚੇ ਮੁਲਾਜ਼ਮਾਂ ਆਦਿ ਨੂੰ ਬਾਦਲਕਿਆਂ ਨੇ ਪੁਲਿਸ ਕੋਲੋਂ ਛੱਲੀਆਂ ਵਾਂਗ ਨਾ ਕੁਟਵਾਇਆ ਹੋਵੇ। ਮੁੱਖ ਮੰਤਰੀ ਕੋਲੋਂ ਮੰਗ-ਪੱਤਰਾਂ ਉੱਪਰ ਗੱਲਬਾਤ ਲਈ ਸਮਾਂ ਲੈਣ ਖ਼ਾਤਰ ਵੀ ਰੇਲਵੇ ਪਟੜੀਆਂ ਅਤੇ ਸੜਕਾਂ ਉੱਪਰ ਕਈ-ਕਈ ਦਿਨ ਜਾਮ ਲਾਉਣੇ ਪੈਂਦੇ ਰਹੇ। ਕੱਚੇ ਮੁਲਾਜ਼ਮ ਅਕਸਰ ਹੀ ਮੁੱਖ ਮੰਤਰੀ ਨੂੰ ਮਿਲਣ ਲਈ ਟੈਂਕੀਆਂ ਉੱਪਰ ਚੜ੍ਹੇ ਨਜ਼ਰ ਆਉਂਦੇ ਹਨ। ਬੁਰੇ ਹਾਲ ਸੜਕਾਂ ਦੀ ਮਾਮੂਲੀ ਮੁਰੰਮਤ ਲਈ ਵੀ ਲੋਕਾਂ ਨੂੰ ਤਿੱਖੇ ਸੰਘਰਸ਼ ਕਰਨੇ ਪਏ। ਪਿਓ-ਪੁੱਤ ਪੂਰੀ ਬੇਸ਼ਰਮੀ ਨਾਲ ਹੱਥ ਖੜ੍ਹੇ ਕਰ ਦਿੰਦੇ ਸਨ ਕਿ ਸਰਕਾਰੀ ਖ਼ਜ਼ਾਨੇ ਵਿਚ ਹੈ ਹੀ ਕੱਖ ਨਹੀਂ, ਮੰਗਾਂ ਕਿੱਥੋਂ ਪੂਰੀਆਂ ਕਰ ਦੇਈਏ। ਹੁਣ ਜਦੋਂ ਚੋਣਾਂ ਨੇੜੇ ਆ ਗਈਆਂ ਹਨ ਤਾਂ ਉਸ ਧਨ ਦਾ ਇਕ ਹਿੱਸਾ ਲੋਕਾਂ ਨੂੰ ਗੁੰਮਰਾਹ ਕਰਨ ਲਈ ਧੜਾਧੜ ਖ਼ਰਚਿਆ ਜਾ ਰਿਹਾ ਹੈ ਜਿਸਦੇ ਅੰਬਾਰ ਪਿਛਲੇ ਇਕ ਦਹਾਕੇ ਅੰਦਰ ਬਾਦਲ-ਮਜੀਠੀਆ ਜੁੰਡਲੀ ਅਤੇ ਇਸਦੇ ਭਗਵੇਂ ਜੋਟੀਦਾਰਾਂ ਨੇ ਲਾਏ ਅਤੇ ਇਸ ਖ਼ਾਤਰ ਪੰਜਾਬ ਦੇ ਖ਼ਜ਼ਾਨੇ, ਵਸੀਲਿਆਂ ਅਤੇ ਕਿਰਤ ਦੀ ਬੇਰਹਿਮੀ ਨਾਲ ਲੁੱਟਮਾਰ ਕੀਤੀ ਗਈ। ਨੌਂ ਸਾਲਾਂ ਤੋਂ ਮੁਰੰਮਤ ਉਡੀਕਦੀਆਂ ਸੜਕਾਂ ਦੀ ਚੋਣਾਂ ਤੋਂ ਪਹਿਲਾਂ ਤੁਰੰਤ ਤੁੱਥਮੁੱਥ ਮੁਰੰਮਤ ਕਰ ਦਿੱਤੀ ਗਈ ਹੈ। ਅਖਾਉਤੀ ਵਿਕਾਸ ਦੇ ਨਾਂ ਹੇਠ ਪਿੰਡਾਂ ਤੇ ਸ਼ਹਿਰਾਂ ਵਿਚ ਫਟਾਫਟ ਗਰਾਂਟਾਂ ਵੰਡੀਆਂ ਜਾ ਰਹੀਆਂ ਹਨ। ਹਾਲ ਹੀ ਵਿਚ ਬਾਦਲ ਵਜ਼ਾਰਤ ਨੇ ਵਿਧਾਨ ਸਭਾ ਦਾ ਉਚੇਚਾ ਸੈਸ਼ਨ ਬੁਲਾਕੇ 'ਦੀ ਪੰਜਾਬ ਐਡਹਾਕ, ਕੰਟਰੈਕਚੂਅਲ, ਡੇਅਲੀ ਵੇਜਰ, ਟੈਂਪਰੇਰੀ, ਵਰਕ ਚਾਰਜ ਅਤੇ ਆਊਟ ਸੋਰਸਡ ਇੰਪਲਾਈਜ਼ ਵੈੱਲਫੇਅਰ ਬਿਲ' ਪਾਸ ਕਰਕੇ 30 ਹਜ਼ਾਰ ਮੁਲਾਜ਼ਮਾਂ ਨੂੰ ਪੱਕੇ ਕਰਨ ਦਾ ਅਤੇ ਮਿਡ ਡੇਅ ਵਰਕਰਾਂ ਦੇ ਮਾਣ ਭੱਤੇ ਵਿਚ 500 ਰੁਪਏ ਦਾ ਵਾਧਾ ਕਰਨ ਦਾ ਐਲਾਨ ਕਰਕੇ ਉਨ੍ਹਾਂ ਦੇ ਸਰਕਾਰ ਵਿਰੋਧੀ ਰੋਹ ਨੂੰ ਠੰਡਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਥੋੜ੍ਹੇ ਦਿਨ ਪਹਿਲਾਂ ਹੀ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ 3.35 ਲੱਖ ਪਰਿਵਾਰਾਂ ਨੂੰ ਮੁੱਖ ਮੰਤਰੀ ਦੀ ਤਸਵੀਰ ਵਾਲੇ ਗੈਸ ਚੁੱਲੇ ਦੇਣ ਦਾ ਐਲਾਨ ਵੀ ਕੀਤਾ ਗਿਆ ਹੈ। ਨੌਕਰੀ ਦੌਰਾਨ ਮੌਤ ਹੋਣ ਦੀ ਸੂਰਤ ਵਿਚ ਹੋਮ ਗਾਰਡ ਜਵਾਨਾਂ ਦੇ ਇਕ ਪਰਿਵਾਰ ਮੈਂਬਰ ਨੂੰ ਨੌਕਰੀ, ਪੁਲਿਸ ਮੁਲਾਜ਼ਮਾਂ ਅਤੇ ਅਫ਼ਸਰਾਂ ਨੂੰ ਫ਼ੌਜੀ ਕੰਟੀਨਾਂ ਦੀ ਤਰਜ਼ 'ਤੇ ਵਾਹਨ ਅਤੇ ਹੋਰ ਚੀਜ਼ਾਂ ਖ਼ਰੀਦਣ ਲਈ ਵੈਟ ਦੀ ਦਰ ਘਟਾਕੇ 5.05 ਫ਼ੀਸਦੀ ਕਰਨ ਦੀ ਸਹੂਲਤ, ਪੁਲਿਸ ਮਹਿਕਮੇ ਵਿਚ 1400 ਹੋਰ ਮੁਲਾਜ਼ਮਾਂ ਦੀ ਭਰਤੀ, ਮੋਰਿੰਡਾ ਨੂੰ ਸਬ-ਡਿਵੀਜਨ ਬਣਾਉਣ ਦਾ ਐਲਾਨ, ਕਈ ਮਹਿਕਮਿਆਂ ਵਿਚ ਕੁਝ ਨਵੀਆਂ ਆਸਾਮੀਆਂ ਪੈਦਾ ਕਰਨ ਆਦਿ ਦੇ ਫ਼ੈਸਲੇ ਲੋਕਾਂ ਨੂੰ ਗੁੰਮਰਾਹ ਕਰਨ ਲਈ ਹਨ। ਇਸਦੇ ਬਾਵਜੂਦ, 21-22 ਦਸੰਬਰ ਨੂੰ ਬਠਿੰਡਾ ਵਿਚ ਦੋ ਈ.ਜੀ.ਐੱਸ. ਅਧਿਆਪਕ ਆਤਮਦਾਹ ਕਰਦਿਆਂ ਬੁਰੀ ਤਰ੍ਹਾਂ ਸੜ ਗਏ। ਇਸੇ ਤਰ੍ਹਾਂ ਬਠਿੰਡਾ ਵਿਚ ਈ.ਜੀ.ਐਸ. ਅਧਿਆਪਕਾਂ ਵਲੋਂ ਪੱਕੀ ਭਰਤੀ ਲਈ ਕੀਤੇ ਜਾ ਰਹੇ ਪ੍ਰਦਰਸ਼ਨ ਦੌਰਾਨ ਚਾਰ ਅਧਿਆਪਕਾਂ ਨੇ ਖ਼ੁਦਕੁਸ਼ੀ ਦੀ ਕੋਸ਼ਿਸ਼ ਕੀਤੀ। ਦੋ ਅਧਿਆਪਕਾਂ ਨੇ ਜ਼ਹਿਰ ਨਿਗਲ ਲਿਆ ਤੇ ਦੋ ਨੇ ਪੁਲ ਤੋਂ ਛਾਲ ਮਾਰ ਦਿੱਤੀ। ਇਨ੍ਹਾਂ ਦੀ ਹਾਲਤ ਗੰਭੀਰ ਹੈ। ਰੋਜ਼ਾਨਾ ਦੋ-ਤਿੰਨ ਕਿਸਾਨਾਂ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਆਮ ਗੱਲ ਬਣ ਚੁੱਕੀਆਂ ਹਨ। ਸੰਗਰੂਰ ਜ਼ਿਲ੍ਹੇ ਵਿਚ ਕਿਸਾਨ ਧਰਨੇ ਦੌਰਾਨ ਇਕ ਕਿਸਾਨ ਨੇ ਜ਼ਹਿਰੀਲੀ ਕੀਟਨਾਸ਼ਕ ਪੀਕੇ ਖ਼ੁਦਕੁਸ਼ੀ ਕਰ ਲਈ। ਫ਼ਰੀਦਕੋਟ ਦੇ ਇਕ ਕਰਜ਼ਈ ਕਿਸਾਨ ਨੇ ਆਪਣੇ ਤਿੰਨ ਬੱਚਿਆਂ ਸਮੇਤ ਖ਼ੁਦਕੁਸ਼ੀ ਕਰ ਲਈ। ਇਨ੍ਹਾਂ ਦਰਦਨਾਕ ਘਟਨਾਵਾਂ ਤੋਂ ਸਪਸ਼ਟ ਹੈ ਕਿ ਸੰਘਰਸ਼ਾਂ ਵਿਚ ਸ਼ਾਮਲ ਲੋਕ ਵੀ ਕਿੰਨੀ ਘੋਰ ਨਾਉਮੀਦੀ ਵਿਚ ਘਿਰੇ ਹੋਏ ਹਨ ਅਤੇ ਸਰਕਾਰ ਉੱਪਰ ਆਪਣੀਆਂ ਮੰਗਾਂ ਮੰਨਣ ਮੰਨਵਾਉਣ ਲਈ ਦਬਾਓ ਖ਼ਾਤਰ ਉਨ੍ਹਾਂ ਨੂੰ ਕਿਸ ਤਰ੍ਹਾਂ ਦੇ ਇੰਤਹਾ ਕਦਮ ਚੁੱਕਣੇ ਪੈ ਰਹੇ ਹਨ।

ਅੰਮ੍ਰਿਤਸਰ ਵਿਚ 'ਬੱਸ ਰੈਪਿਡ ਟਰਾਂਜ਼ਿਟ ਸਿਸਟਮ' ਦਾ ਉਦਘਾਟਨ, ਬਠਿੰਡਾ ਅਤੇ ਆਦਮਪੁਰ ਵਿਖੇ ਘਰੇਲੂ ਹਵਾਈ ਅੱਡਿਆਂ ਦੇ ਉਦਘਾਟਨ, ਹਰੀਕੇ ਪੱਤਣ ਵਿਚ ਪਾਣੀ ਦੀ ਘਾਟ ਪੂਰੀ ਕਰਨ ਲਈ ਡੈਮਾਂ ਤੋਂ ਵਿਸ਼ੇਸ਼ ਪਾਣੀ ਛਡਵਾਕੇ 'ਜਲ ਬੱਸ' ਦਾ ਉਦਘਾਟਨ (ਜਿਸਨੇ ਕਿਸਾਨਾਂ ਦੀ ਪੰਜ ਸੌ ਏਕੜ ਫ਼ਸਲ ਬਰਬਾਦ ਕਰ ਦਿੱਤੀ) ਵਰਗੀਆਂ ਹਰਕਤਾਂ ਤੋਂ ਜ਼ਾਹਿਰ ਹੈ ਕਿ ਚੋਣ ਜ਼ਾਬਤਾ ਲਾਗੂ ਹੋਣ ਤੋਂ ਪਹਿਲਾਂ ਪਹਿਲਾਂ ਬਾਦਲਕੇ 'ਵਿਕਾਸ' ਦੇ ਕੰਮਾਂ ਦੀ ਲੰਮੀ ਸੂਚੀ ਬਣਾਉਣਾ ਚਾਹੁੰਦੇ ਹਨ ਜਿਸ ਨੂੰ ਚੋਣ ਮੁਹਿੰਮ ਦੌਰਾਨ ਆਪਣੀ ਲੋਕ ਦੁਸ਼ਮਣ ਤੇ ਪੰਜਾਬ ਦੁਸ਼ਮਣ ਖ਼ਸਲਤ ਨੂੰ ਢਕਣ ਲਈ ਇਸਤੇਮਾਲ ਕੀਤਾ ਜਾ ਸਕੇ। ਐੱਸ.ਵਾਈ.ਐੱਲ. ਉੱਪਰ ਜਜ਼ਬਾਤ ਭੜਕਾਊ ਬਿਆਨਬਾਜ਼ੀ ਦਰਿਆਈ ਪਾਣੀਆਂ ਦੇ ਸਵਾਲ ਉੱਪਰ ਪੰਜਾਬ ਦੇ ਹਿੱਤਾਂ ਨਾਲ ਆਪਣੀ ਗ਼ਦਾਰੀ ਭਰੀ ਭੂਮਿਕਾ ਉੱਪਰ ਪਰਦਾ ਪਾਉਣ ਦੀ ਚਲਾਕੀ ਹੈ। ਸੁਖਬੀਰ ਬਾਦਲ ਆਪਣੇ ਨਿਆਰੇ ਮਹਾਂ-ਗੱਪੀ ਅੰਦਾਜ਼ ਵਿਚ ਸਬਜ਼ਬਾਗ਼ ਦਿਖਾ ਰਿਹਾ ਹੈ ਕਿ ਤੀਜੀ ਵਾਰ ਉਨ੍ਹਾਂ ਦੀ ਸਰਕਾਰ ਬਣਾਏ ਜਾਣ 'ਤੇ ਤਮਾਮ ਗਲੀਆਂ ਅਤੇ ਡਰੇਨਾਂ ਨੂੰ ਪੱਕਾ ਕਰਨ, ਪੇਂਡੂ ਬੇਘਰਿਆਂ ਨੂੰ ਘਰ ਬਣਾਕੇ ਦੇਣ ਦੇ ਨਾਲ-ਨਾਲ ਪਿੰਡਾਂ ਵਿਚ ਸੋਲਰ ਲਾਈਟਾਂ ਲਾਉਣ ਦੇ ਵਾਅਦੇ ਪੂਰੇ ਕੀਤੇ ਜਾਣਗੇ ਅਤੇ ਸ੍ਰੀ ਹਰਿਮੰਦਰ ਸਾਹਿਬ ਨਾਲ ਜੁੜਦੀਆਂ ਸਾਰੀਆਂ ਹੀ ਸੜਕਾਂ ਨੂੰ ਰਵਾਇਤੀ ਦ੍ਰਿਸ਼ਾਂ ਨਾਲ ਸਜਾਕੇ ਵਿਰਾਸਤੀ ਦਿੱਖ ਦੇ ਦਿੱਤੀ ਜਾਵੇਗੀ। ਇਸ 'ਵਿਕਾਸ' ਦੀ ਇਸ਼ਤਿਹਾਰਬਾਜ਼ੀ ਉੱਪਰ ਕਰੋੜਾਂ ਰੁਪਏ ਖ਼ਰਚੇ ਜਾ ਰਹੇ ਹਨ।

ਲੋਕਾਂ ਨੂੰ ਭਰਮਾਉਣ ਲਈ ਵੱਡੇ-ਵੱਡੇ ਵਾਅਦਿਆਂ ਦਾ ਚੋਗਾ ਕਾਂਗਰਸ ਦੀ ਚੋਣ ਮੁਹਿੰਮ ਵਿੱਚੋਂ ਵੀ ਡੁੱਲ੍ਹ-ਡੁੱਲ੍ਹ ਪੈ ਰਿਹਾ ਹੈ। ਨੌਜਵਾਨਾਂ ਨੂੰ ਖਿੱਚਣ ਲਈ ਸਮਾਰਟ ਫ਼ੋਨਾਂ ਦੀ ਰਜਿਸਟ੍ਰੇਸ਼ਨ ਦੀ ਸਕੀਮ ਇਸਦੀ ਉੱਘੜਵੀਂ ਮਿਸਾਲ ਹੈ। ਵਿਆਪਕ ਬੇਰੋਜ਼ਗਾਰੀ ਨੇ ਪੰਜਾਬ ਦੀ ਜਵਾਨੀ ਨੂੰ ਮਾਯੂਸੀ ਦੀ ਡੂੰਘੀ ਖੱਡ ਵਿਚ ਸੁੱਟਿਆ ਹੋਇਆ ਹੈ ਜਿਨ੍ਹਾਂ ਦੇ ਹੱਥ ਵਿਚ ਕਾਂਗਰਸ ਦਾ ਕਪਤਾਨ ਸਮਾਰਟ ਫ਼ੋਨ ਦੇਕੇ ਉਨ੍ਹਾਂ ਦਾ ਕਿਹੋ ਜਿਹਾ ਭਵਿੱਖ ਬਣਾਉਣ ਜਾ ਰਿਹਾ ਹੈ ਇਸਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਇਹ ਸੂਬੇ ਦੇ ਅਤੇ ਇੱਥੋਂ ਦੇ ਲੋਕਾਂ ਦੇ ਹਰ ਬੁਨਿਆਦੀ ਮਸਲੇ ਪ੍ਰਤੀ ਕਾਂਗਰਸ ਦੀ ਲੋਕ ਦੁਸ਼ਮਣ ਅਤੇ ਪੰਜਾਬ ਦੁਸ਼ਮਣ ਨੀਤੀ ਉੱਪਰ ਪਰਦਾਪੋਸ਼ੀ ਦਾ ਘਿਨਾਉਣਾ ਯਤਨ ਹੈ।

ਆਮ ਆਦਮੀ ਪਾਰਟੀ ਇਸ ਲੋਕ ਦੁਸ਼ਮਣ ਪ੍ਰਬੰਧ ਦੇ ਹੁਕਮਰਾਨ ਬਦਲਣ ਦੇ ਚੋਣ ਅਮਲ ਨੂੰ ਇਨਕਲਾਬ ਦਾ ਨਾਂ ਦੇਕੇ ਕੁਝ ਹੱਦ ਤਕ ਬਦਲਾਓ ਚਾਹੁੰਦੇ ਆਮ ਲੋਕਾਂ ਨੂੰ ਆਕਰਸ਼ਤ ਕਰ ਰਹੀ ਹੈ। ਦਰ ਹਕੀਕਤ, ਕਿਸਾਨ ਅਤੇ ਨੌਜਵਾਨ ਮੈਨੀਫੈਸਟੋ ਤੋਂ ਬਾਦ ਇਸ ਪਾਰਟੀ ਵਲੋਂ ਪਿੱਛੇ ਜਹੇ ਜਾਰੀ ਕੀਤਾ 'ਦਲਿਤ ਮੈਨੀਫੈਸਟੋ' ਸਿਆਸੀ ਮੌਕਾਪ੍ਰਸਤੀ ਦਾ ਆਹਲਾ ਨਮੂਨਾ ਹੈ। ਇਹ ਉਹ ਪਾਰਟੀ ਹੈ ਜਿਸਨੇ ਤੀਜੇ ਹਿੱਸੇ ਦੀ ਪੰਚਾਇਤੀ ਜ਼ਮੀਨ ਦਾ ਸੰਵਿਧਾਨਕ ਹੱਕ ਹਾਸਲ ਕਰਨ ਲਈ ਪੰਜਾਬ ਵਿਚ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਲੜੇ ਜਾ ਰਹੇ ਦਲਿਤਾਂ ਦੇ ਜਾਨ ਹੂਲਵੇਂ ਸੰਘਰਸ਼ ਦੀ ਹਮਾਇਤ ਵਿਚ ਰਸਮੀ ਬਿਆਨ ਦੇਣ ਦੀ ਵੀ ਕੋਈ ਲੋੜ ਨਹੀਂ ਸਮਝੀ। ਇਸਦੇ ਮੁੱਖ ਆਗੂ ਹੁਣ ਸੂਬੇ ਦੇ 32 ਫ਼ੀਸਦੀ ਦਲਿਤਾਂ ਵੋਟਰਾਂ ਨੂੰ ਭਰਮਾਉਣ ਲਈ 19 ਨੁਕਾਤੀ ਦਲਿਤ ਮੈਨੀਫੈਸਟੋ ਜਾਰੀ ਕਰਕੇ ਦਲਿਤਾਂ ਦੇ ਮਸੀਹਾ ਹੋਣ ਦੇ ਦਮਗੱਜੇ ਮਾਰ ਰਹੇ ਹਨ। ਹੁਣ ਕੇਜਰੀਵਾਲ ਐਂਡ ਕੰਪਨੀ ਡਾ. ਅੰਬੇਡਕਰ ਅਤੇ ਬਾਬੂ ਕਾਂਸ਼ੀਰਾਮ ਨਾਲ ਡਾਹਢਾ ਹੇਜ ਜਤਾ ਰਹੀ ਹੈ। ਦਲਿਤ ਭਾਈਚਾਰੇ ਦੀਆਂ ਭਾਵਨਾਵਾਂ ਦਾ ਲਾਹਾ ਲੈਣ ਲਈ ਦਲਿਤ ਨੂੰ ਉੱਪ ਮੁੱਖ ਮੰਤਰੀ ਬਣਾਉਣ ਦਾ ਸ਼ੋਸ਼ਾ ਛੱਡਣਾ ਅਤੇ ਇਹ ਕਹਿਣਾ ਕਿ ਬਾਕੀ ਪਾਰਟੀਆਂ ਦਲਿਤਾਂ ਲਈ ਕੁਰਸੀ ਨਹੀਂ ਛੱਡਦੀਆਂ, ਸਿਰਫ਼ 'ਆਪ ਆਦਮੀ ਪਾਰਟੀ' ਹੀ ਦਲਿਤਾਂ ਨੂੰ ਸੱਤਾ ਵਿਚ ਭਾਈਵਾਲ ਬਣਾਉਣ ਦੀ ਇੱਛਾ ਰੱਖਦੀ ਹੈ, ਇਹ ਕੇਜਰੀਵਾਲ ਟੀਮ ਦਾ ਬੁਨਿਆਦੀ ਮੁੱਦਿਆਂ ਨੂੰ ਮਹਾਂ ਚਲਾਕੀ ਨਾਲ ਦਬਾਕੇ ਅਵਾਮ ਨੂੰ ਵਰਗਲਾਉਣ ਦਾ ਟਕਸਾਲੀ ਤਰੀਕਾ ਹੈ। ਇਹ ਪਾਰਟੀ ਸਰਮਾਏਦਾਰੀ ਢਾਂਚੇ ਦੀ ਵਜੂਦ-ਸਮੋਈ ਮਹਾਂ-ਭ੍ਰਿਸ਼ਟਾਚਾਰੀ ਫ਼ਿਤਰਤ ਉੱਪਰ ਪਰਦਾ ਪਾਉਣ ਲਈ ਦੋਮ ਦਰਜੇ ਦੇ ਭ੍ਰਿਸ਼ਟਾਚਾਰ ਵਿਰੁੱਧ ਸਿਆਸੀ ਚਾਂਦਮਾਰੀ ਕਰਦੀ ਆ ਰਹੀ ਹੈ; ਹੁਣ ਇਸਨੇ ਦਲਿਤਾਂ ਸਮੇਤ ਕੁਲ ਦੱਬੇਕੁਚਲੇ ਸਮੂਹਾਂ ਉੱਪਰ ਸਦੀਵੀ ਦਾਬੇ ਦਾ ਸੰਦ ਇਸ ਸਮਾਜੀ-ਰਾਜਕੀ ਢਾਂਚੇ ਦੀ ਸਲਾਮਤੀ ਲਈ ਦਲਿਤਾਂ ਨੂੰ ਇਸੇ ਅੰਦਰ ਭਾਈਵਾਲੀ ਦਾ ਚੋਗਾ ਪਾਇਆ ਹੈ। ਇਹ ਕਦੇ ਨਹੀਂ ਦੱਸਣਗੇ ਕਿ ਹੁਣ ਤਕ ਦਲਿਤ ਪਿਛੋਕੜ ਵਾਲੇ ਜੋ ਵਿਅਕਤੀ ਸੱਤਾ ਦੇ ਗਲਿਆਰਿਆਂ ਅੰਦਰ ਮੁੱਖ ਮੰਤਰੀ ਅਤੇ ਇੱਥੋਂ ਤਕ ਕਿ ਕੇਂਦਰੀ ਮੰਤਰੀ ਬਣਕੇ ਬਿਰਾਜਮਾਨ ਹੁੰਦੇ ਰਹੇ ਉਨ੍ਹਾਂ ਨੇ ਦਲਿਤ ਸਮਾਜ ਦਾ ਕਿੰਨਾ ਕੁ ਭਲਾ ਕੀਤਾ ਹੈ। ਦਲਿਤਾਂ ਨੂੰ ਮੁੱਢਲੇ ਸੰਵਿਧਾਨਕ ਅਧਿਕਾਰ ਦਿਵਾਉਣ ਲਈ ਉਨ੍ਹਾਂ ਨੇ ਕੀ ਕੀਤਾ ਹੈ, ਸਦੀਵੀ ਜਾਤਪਾਤੀ ਦਾਬੇ ਤੋਂ ਇਨਸਾਫ਼ ਦਿਵਾਉਣਾ ਤਾਂ ਬਹੁਤ ਦੂਰ ਦੀ ਗੱਲ ਹੈ।

ਆਮ ਆਦਮੀ ਪਾਰਟੀ ਰਵਾਇਤੀ ਹਾਕਮ ਜਮਾਤੀ ਪਾਰਟੀਆਂ ਤੋਂ ਨਿਆਰੀ, ਪਾਰਦਰਸ਼ੀ ਸਿਆਸੀ ਜਮਾਤ ਹੋਣ ਅਤੇ ਆਮ ਲੋਕਾਂ ਦੀ ਹਿਤੈਸ਼ੀ ਹੋਣ ਦੇ ਵੱਡੇ-ਵੱਡੇ ਦਾਅਵੇ ਕਰਦੀ ਹੈ। ਪਰ ਇਸ ਪਾਰਟੀ ਦੀ ਅਸਲ ਜਮਾਤੀ ਖ਼ਸਲਤ ਕੀ ਹੈ ਇਹ ਪਿਛਲੇ ਕੁਝ ਮਹੀਨਿਆਂ ਦੇ ਦੌਰਾਨ ਪੂਰੀ ਤਰ੍ਹਾਂ ਜੱਗ ਜ਼ਾਹਰ ਹੋ ਗਈ ਹੈ। ਇਸ ਵਕਤ ਇਹ ਪਾਰਟੀ ਹੋਰ ਹਾਕਮ ਜਮਾਤੀ ਪਾਰਟੀਆਂ ਦੇ ਮੌਕਾਤਾੜੂ ਦਲ-ਬਦਲੂਆਂ ਲਈ ਆਪਣਾ ਰਾਜਸੀ ਭਵਿੱਖ ਬਣਾਉਣ ਦਾ ਸਭ ਤੋਂ ਸੁਖਾਵਾਂ ਅੱਡਾ ਹੈ। ਜਿਹੜੇ ਬਹੁਤ ਸਾਰੇ ਕਾਰਕੁੰਨ ਇਸਨੂੰ ਬਾਕੀਆਂ ਤੋਂ ਨਿਆਰੀ ਪਾਰਟੀ ਮੰਨਕੇ ਪੂਰੀ ਤਨਦੇਹੀ ਨਾਲ ਇਸਦੀਆਂ ਸਰਗਰਮੀਆਂ ਵਿਚ ਲੱਗੇ ਹੋਏ ਸਨ ਉਹ ਹੁਣ ਠੱਗੇ ਗਏ ਮਹਿਸੂਸ ਕਰ ਰਹੇ ਹਨ ਅਤੇ ਡੂੰਘੀ ਨਿਰਾਸ਼ਤਾ ਵਿਚ ਹਨ। ਟਿਕਟਾਂ ਦੀ ਵੰਡ ਨੂੰ ਲੈਕੇ ਇਸ ਪਾਰਟੀ ਦੀ ਹਾਈ ਕਮਾਂਡ ਉੱਪਰ ਭ੍ਰਿਸ਼ਟਾਚਾਰ, ਤਾਨਾਸ਼ਾਹ ਰਵੱਈਏ ਅਤੇ ਮਨਮਾਨੀਆਂ ਦੇ ਥੋਕ ਇਲਜ਼ਾਮ ਲਗਾਤਾਰ ਲੱਗ ਰਹੇ ਹਨ ਅਤੇ ਇਸ ਦੀ ਲੀਡਰਸ਼ਿਪ ਲਗਾਤਾਰ ਸੰਗੀਨ ਵਿਵਾਦਾਂ ਵਿਚ ਘਿਰੀ ਹੋਈ ਹੈ।

ਇਨ੍ਹਾਂ ਤੋਂ ਬਿਨਾ ਅਕਾਲੀ ਦਲ (ਬਾਦਲ) ਨਾਲ ਸੱਤਾ ਵਿਚ ਭਾਈਵਾਲ ਭਾਜਪਾ, ਬਹੁਜਨ ਸਮਾਜ ਪਾਰਟੀ, ਕੇਜਰੀਵਾਲ ਟੀਮ ਤੋਂ ਵੱਖ ਹੋਏ ਧੜੇ ਵੀ ਆਪੋ ਆਪਣੀ ਚੋਣ ਮੁਹਿੰਮ ਚਲਾ ਰਹੇ ਹਨ। ਇਨ੍ਹਾਂ ਦੀ ਵੋਟ ਬਟੋਰੂ ਮੁਹਿੰਮ ਦੇ ਪੱਲੇ ਲੋਕਾਂ ਨੂੰ ਦੇਣ ਲਈ ਕੁਝ ਨਹੀਂ। ਇਨ੍ਹਾਂ ਵਿੱਚੋਂ ਕਿਸੇ ਸਿਆਸੀ ਪਾਰਟੀ ਕੋਲ ਵੀ ਆਮ ਲੋਕਾਂ ਦੀ ਜ਼ਿੰਦਗੀ ਦੀ ਕਾਇਆਪਲਟੀ ਦਾ ਪ੍ਰੋਗਰਾਮ ਨਾ ਹੋਣ ਕਾਰਨ ਅਤੇ ਇਹ ਸਾਰੇ ਉਨ੍ਹਾਂ ਹੀ ਲੋਟੂ ਜਮਾਤਾਂ ਦੀ ਸਿਆਸੀ ਨੁਮਾਇੰਦਗੀ ਕਰ ਰਹੀਆਂ ਹੋਣ ਕਾਰਨ ਕੁਝ ਵੀ ਹਾਂਪੱਖੀ ਪੇਸ਼ ਕਰਨ ਦੇ ਨਾਕਾਬਲ ਹਨ। ਸਿਆਸੀ ਮੁਹਿੰਮਾਂ ਨਾ ਹੋ ਕੇ ਇਨ੍ਹਾਂ ਸਾਰਿਆਂ ਦਾ ਚੋਣ ਪ੍ਰਚਾਰ ਨਹਾਇਤ ਘਿਨਾਉਣੀ, ਨਿੱਜੀ ਦੂਸ਼ਣਬਾਜ਼ੀ ਤੋਂ ਬਿਨਾ ਕੁਝ ਨਹੀਂ। ਇਸ ਵਕਤ ਪੰਜਾਬ ਅੰਦਰ ਬੁਰਜੂਆ ਪਾਰਲੀਮੈਂਟਰੀ ਸੜਿਆਂਦ ਆਪਣਾ ਰੰਗ ਬਾਖ਼ੂਬੀ ਦਿਖਾ ਰਹੀ ਹੈ। ਚਾਰ ਪਾਰਲੀਮੈਂਟਰੀ ਖੱਬੀਆਂ ਪਾਰਟੀਆਂ ਵੀ ਮਿਲਕੇ ਸਾਂਝੀ ਚੋਣ ਮੁਹਿੰਮ ਚਲਾ ਰਹੀਆਂ ਹਨ ਜੋ ਇਸ ਅਖਾਉਤੀ ਜਮਹੂਰੀਅਤ ਨੂੰ ਵਾਜਬੀਅਤ ਮੁਹੱਈਆ ਕਰਕੇ ਲੋਕਾਂ ਅੰਦਰ ਇਸ ਲੋਕ ਦੁਸ਼ਮਣ ਪ੍ਰਬੰਧ ਬਾਰੇ ਫੈਲੇ ਭਰਮ ਨੂੰ ਹੋਰ ਵਧਾ ਰਹੀਆਂ ਹਨ। ਲਿਹਾਜ਼ਾ ਆਮ ਲੋਕ ਇਨ੍ਹਾਂ ਵੱਲ ਕੋਈ ਤਵੱਜੋਂ ਨਹੀਂ ਦੇ ਰਹੇ ਅਤੇ ਮੁੱਖ ਹਾਕਮ ਜਮਾਤੀ ਸਿਆਸੀ ਧੜਿਆਂ ਦੇ ਅੰਦਰੋਂ ਹੀ ਕੋਈ 'ਬਦਲ' ਤਲਾਸ਼ ਰਹੇ ਹਨ।

ਪਿਛਲੇ ਸੱਤ ਦਹਾਕਿਆਂ ਤੋਂ ਤਮਾਮ ਵੋਟ ਬਟੋਰੂ ਪਾਰਟੀਆਂ ਲਾਰਿਆਂ, ਵਾਅਦਿਆਂ ਅਤੇ ਖ਼ੈਰਾਤ ਦੀ ਘਿਨਾਉਣੀ ਸਿਆਸਤ ਕਰਦੀਆਂ ਆ ਰਹੀਆਂ ਹਨ। ਇਨ੍ਹਾਂ ਪਾਰਟੀਆਂ ਦੇ ਜਮਾਤੀ ਹਿੱਤ ਘੋਰ ਨਾਬਰਾਬਰੀ ਅਤੇ ਅਨਿਆਂ ਅਧਾਰਤ ਪ੍ਰਬੰਧ ਨੂੰ ਬਰਕਰਾਰ ਰੱਖਣ ਵਿਚ ਹਨ। ਇਹ ਨਾਬਰਾਬਰੀ, ਸਾਧਨਾਂ ਦੀ ਕਾਣੀ ਵੰਡ, ਗ਼ਰੀਬੀ, ਬੇਰੋਜ਼ਗਾਰੀ ਵਰਗੇ ਬੁਨਿਆਦੀ ਸਵਾਲਾਂ ਨੂੰ ਹੱਲ ਕਰਕੇ ਮਿਹਨਤਕਸ਼ ਅਵਾਮ ਨੂੰ ਸਵੈਮਾਣ ਵਾਲੀ ਅਤੇ ਇਨਸਾਨ ਦੇ ਜਿਊਣ ਦੇ ਕਾਬਲ ਜ਼ਿੰਦਗੀ ਦੇਣ ਅਤੇ ਮਹਿਫੂਜ਼ ਭਵਿੱਖ ਦੇਣ ਦੀ ਬਜਾਏ ਭਿਖਾਰੀਆਂ ਵਾਲੀ, ਲਾਚਾਰ, ਬੇਵੱਸ ਦਿਨਕਟੀ ਵਿਚ ਫਸਾਈ ਰੱਖਣ ਦੀ ਘਿਨਾਉਣੀ ਸਿਆਸਤ ਹੈ।

ਲੋਕਪੱਖੀ ਬਦਲਾਓ ਵਿਚ ਯਕੀਨ ਬਣਾਉਣ ਲਈ ਅਵਾਮ ਨੂੰ ਖ਼ੈਰਾਤਾਂ ਦੀ ਇਸ ਘਿਨਾਉਣੀ ਸਿਆਸਤ ਦੀ ਜਕੜ ਵਿੱਚੋਂ ਕੱਢਕੇ ਜਮਾਤੀ ਸੰਘਰਸ਼ਾਂ ਰਾਹੀਂ ਇਨਕਲਾਬੀ ਬਦਲਾਓ ਦੀ ਸਿਆਸੀ ਸੂਝ ਨਾਲ ਲੈਸ ਕਰਨ ਦੀ ਬਹੁਤ ਵੱਡੀ ਜ਼ਰੂਰਤ ਹੈ। ਆਰਥਕ ਮੁੱਦਿਆਂ ਉੱਪਰ ਰੋਜ਼ਮਰਾ ਸੰਘਰਸ਼ ਦੇ ਨਾਲ-ਨਾਲ ਇਸ ਪਹਿਲੂ ਉੱਪਰ ਲੋੜੀਂਦੀ ਤਵੱਜੋਂ ਦੇਣਾ ਇਨਕਲਾਬੀ ਅਤੇ ਜਮਹੂਰੀ ਤਾਕਤਾਂ ਦਾ ਬਹੁਤ ਹੀ ਅਹਿਮ ਕਾਰਜ ਬਣਦਾ ਹੈ। ਆਮ ਲੋਕਾਂ ਨੂੰ ਇਸ ਰਾਜ ਢਾਂਚੇ ਦੀ ਲੋਕ-ਦੁਸ਼ਮਣ ਖ਼ਸਲਤ ਬਾਰੇ ਚੇਤਨ ਕਰਨ ਅਤੇ ਚੋਣ ਬਾਈਕਾਟ ਦੀ ਅਹਿਮੀਅਤ ਜਚਾਉਣ ਲਈ ਬਹੁਤ ਸ਼ਿੱਦਤ ਨਾਲ ਕੰਮ ਕਰਨ ਦੀ ਲੋੜ ਹੈ। ਇਹ ਨਾ ਸਿਰਫ਼ ਚੋਣਾਂ ਦੇ ਮੌਜੂਦਾ ਸਿਆਸੀ ਤੌਰ 'ਤੇ ਭਖੇ ਹੋਏ ਮਾਹੌਲ ਅੰਦਰ ਪੁਰਜ਼ੋਰ ਤਰੀਕੇ ਨਾਲ ਕੀਤਾ ਜਾਣਾ ਚਾਹੀਦਾ ਹੈ, ਸਗੋਂ ਹੋਰ ਵੀ ਵਧੇਰੇ ਅਹਿਮ ਤੌਰ 'ਤੇ ਚੋਣਾਂ ਤੋਂ ਬਾਦ ਆਪਣੀ ਰੋਜ਼ਮਰਾ ਸਰਗਰਮੀ ਅੰਦਰ ਇਸਨੂੰ ਜਾਰੀ ਰੱਖਦੇ ਹੋਏ ਠੋਸ ਇਨਕਲਾਬੀ ਬਦਲ ਉਭਾਰਨਾ ਚਾਹੀਦਾ ਹੈ।

## ਵੋਟ ਬਟੋਰੂ ਵਾਅਦਿਆਂ ਦੀ ਪਟਾਰੀ

ਦੈਨਿਕ ਭਾਸਕਰ ਨੇ ਅੰਦਾਜ਼ਾ ਲਗਾਇਆ ਹੈ,

ਕਾਂਗਰਸ ਪਾਰਟੀ ਦੇ ਵਾਅਦਿਆਂ ਅਨੁਸਾਰ,

– ਹਰੇਕ ਪਰਿਵਾਰ ਦੇ ਇਕ ਮੈਂਬਰ ਨੂੰ ਨੌਕਰੀ ਦਿੱਤੀ ਜਾਵੇਗੀ; ਭਾਵ 55 ਲੱਖ ਨੌਕਰੀਆਂ ਨਹੀਂ ਤਾਂ ਪੰਝੀ ਸੌ ਰੁਪਏ ਬੇਰੋਜ਼ਗਾਰੀ ਭੱਤਾ ਦਿੱਤਾ ਜਾਵੇਗਾ। 30 ਲੱਖ ਬੇਰੋਜ਼ਗਾਰਾਂ ਨੂੰ ਭੱਤਾ ਦੇਣ ਲਈ 9000 ਕਰੋੜ ਰੁਪਏ ਚਾਹੀਦੇ ਹਨ;

– ਬੁਢਾਪਾ ਪੈਨਸ਼ਨ 500 ਤੋਂ 2000 ਰੁਪਏ ਕਰਨ ਦੇ ਵਾਅਦੇ ਅਨੁਸਾਰ ਇਹ ਖ਼ਰਚ 900 ਕਰੋੜ ਰੁਪਏ ਦੀ ਬਜਾਏ 3600 ਕਰੋੜ ਰੁਪਏ ਹੋਵੇਗਾ;

– ਨੌਜਵਾਨਾਂ ਨੂੰ ਸਮਾਰਟ ਫ਼ੋਨ ਦੇਣ ਲਈ 3000 ਕਰੋੜ ਰੁਪਏ ਚਾਹੀਦੇ ਹਨ;

– ਕਿਸਾਨਾਂ ਦਾ ਹਜ਼ਾਰਾਂ ਕਰੋੜ ਰੁਪਏ ਦਾ ਕਰਜ਼ਾ ਮਾਫ਼ ਕਰਨ ਦੇ ਵਾਅਦੇ ਲਈ ਵੱਖਰੀ ਰਕਮ ਦਰਕਾਰ ਹੈ;

ਆਮ ਆਦਮੀ ਪਾਰਟੀ ਦੇ ਵਾਅਦਿਆਂ ਅਨੁਸਾਰ,

– ਆਪ ਦੇ ਆਗੂ 25 ਲੱਖ ਨੌਕਰੀਆਂ ਕਿਥੇ ਦੇਣਗੇ ਇਹ ਤਾਂ ਸਪਸ਼ਟ ਨਹੀਂ; ਪਰ 5 ਲੱਖ ਨੌਕਰੀਆਂ ਲਈ ਵੀ ਘੱਟੋਘੱਟ 10000 ਰੁਪਏ ਦੀ ਤਨਖ਼ਾਹ ਮੁਤਾਬਿਕ 600 ਅਰਬ ਸਾਲਾਨਾ ਚਾਹੀਦੇ ਹਨ;

– ਦਸੰਬਰ 2018 ਤਕ ਪੰਜਾਬ ਦੇ ਹਰ ਕਿਸਾਨ ਨੂੰ ਕਰਜਾ ਮੁਕਤ ਕਰਨ ਅਤੇ ਮਜ਼ਦੂਰਾਂ, ਦਲਿਤ ਅਤੇ ਪੱਛੜੀਆਂ ਜਾਤੀਆਂ ਦੇ ਬੈਂਕ ਕਰਜ਼ੇ ਮਾਫ਼ ਕਰਨ ਲਈ ਕਿੰਨੇ ਹਜ਼ਾਰ ਕਰੋੜ ਰੁਪਏ ਦਰਕਾਰ ਹਨ?

– ਖ਼ਰਾਬ ਫ਼ਸਲ ਲਈ 20 ਹਜ਼ਾਰ ਰੁਪਏ ਅਤੇ ਖੇਤ ਮਜ਼ਦੂਰਾਂ ਨੂੰ ਇਸ ਸੂਰਤ ਵਿਚ 10 ਹਜ਼ਾਰ ਰੁਪਏ ਮੁਆਵਜ਼ਾ ਦੇਣ ਦਾ ਵਾਅਦਾ ਕੀਤਾ ਗਿਆ ਹੈ, 7ਫ਼ੀਸਦੀ ਨੁਕਸਾਨ ਹੋਣ ਦੀ ਸੂਰਤ ਵਿਚ 1400 ਰੁਪਏ ਮੁਆਵਜ਼ਾ ਦੇਣ ਦਾ ਵਾਅਦਾ ਕੀਤਾ ਗਿਆ ਹੈ;

– ਸ਼ਗਨ ਸਕੀਮ 15000 ਤੋਂ 51000 ਕਰਨ 'ਤੇ 90 ਕਰੋੜ ਦੀ ਥਾਂ 510 ਕਰੋੜ ਰੁਪਏ ਦੀ ਲੋੜ ਪਵੇਗੀ; ਧੀ ਦੇ ਜਨਮ ਲੈਣ 'ਤੇ 21000 ਰੁਪਏ ਦੀ ਸ਼ਗਨ ਸਕੀਮ ਇਸ ਤੋਂ ਵੱਖਰੀ ਹੈ।

ਇਸ ਵਕਤ ਪੰਜਾਬ ਦਾ ਸਾਲਾਨਾ ਸਰਕਾਰੀ ਖ਼ਰਚ 58000 ਕਰੋੜ ਰੁਪਏ ਹੈ ਜਦਕਿ ਆਮਦਨ 52000 ਕਰੋੜ ਰੁਪਏ। 6800 ਰੁਪਏ ਦੀ ਘਾਟੇ ਵਾਲੀ ਆਰਥਿਕਤਾ ਵਿਚ ਇਹ ਵੱਡੇ-ਵੱਡੇ ਵੋਟ ਬਟੋਰੂ ਵਾਅਦੇ ਕਿਵੇਂ ਪੂਰੇ ਕੀਤੇ ਜਾਣਗੇ? ਇਸ ਲਈ ਵਿੱਤੀ ਵਸੀਲੇ ਕਿੱਥੋਂ ਲਿਆਂਦੇ ਜਾਣਗੇ, ਇਹ ਕੋਈ ਵੀ ਵੋਟ ਬਟੋਰੂ ਪਾਰਟੀ ਸਪਸ਼ਟ ਨਹੀਂ ਕਰਦੀ। ਬਾਦ ਵਿਚ ਜਿਸ ਦੀ ਵੀ ਸਰਕਾਰ ਬਣੇਗੀ ਉਹ ਅਮਿਤ ਸ਼ਾਹ ਵਾਂਗ ਕਹਿ ਦੇਣਗੇ, ਇਹ ਤਾਂ ਚੋਣ ਜੁਮਲਾ ਸਨ!

# ਲੇਖਕ ਅਤੇ ਲੇਖਣੀ

(ਸ.ਫ਼ਾ 2 ਦੀ ਬਾਕੀ)

ਆਪਦੀਆਂ ਜਾਨਾਂ ਤੋਂ ਹੱਥ ਧੋਣੇ ਪਏ।

ਕੁਝ ਦਹਾਕੇ ਪਹਿਲਾਂ ਇਕ ਕਵੀ ਦਾ ਗੀਤ ਬਹੁਤ ਲੋਕਾਂ ਨੇ ਗੁਣ ਗਣਾਇਆ ਜਾਂ ਗਾਇਕਾਂ ਨੇ ਗਾਇਆ "ਭੱਠੀ ਵਾਲੀਏ, ਚੰਬੇ ਦੀਏ ਡਾਲੀਏ ਨੀਂ ਪੀੜਾਂ ਦਾ ਪਰਾਗਾ ਭੁੰਨ ਦੇ"। ਜਿਹੜੇ ਲੋਕ ਇਹ ਗੀਤ ਗੁਣਗਣਾਉਂਦੇ ਹਨ ਜਾਂ ਜਿਸ ਨੇ ਇਹ ਗੀਤ ਲਿਖਿਆ ਹੈ, ਉਹ ਬੜੇ ਭੁਲੇਖੇ ਵਿਚ ਹਨ। ਇਕ ਭੱਠੀ ਵਾਲੀ ਚੰਬੇ ਦੀ ਡਾਲੀ ਕਿਵੇਂ ਹੋ ਸਕਦੀ ਹੈ, ਭੱਠੀ ਮੂਹਰੇ ਬੈਠ ਬੈਠ ਕੇ ਉਸ ਦਾ ਰੰਗ ਤਾਂ ਕਾਲ਼ੇ ਤਵੇ ਵਰਗਾ ਹੋ ਗਿਆ ਹੈ, ਉਸ ਨੂੰ ਤਾਂ ਬਾਲਣ ਦੇ ਗਿੱਲਾ ਹੋਣ ਦਾ ਫ਼ਿਕਰ ਹੈ, ਦਾਣੇ ਭੁਨਾਉਣ ਆਏ ਸ਼ਰਾਰਤੀ ਅਨਸਰਾਂ ਤੋਂ ਉਸ ਨੂੰ ਆਪਣੇ ਅੰਗ ਢਕਣ ਦਾ ਫ਼ਿਕਰ ਹੈ, ਉਹ ਤਾਂ ਫ਼ਿਕਰਾਂ ਦੀ ਮਾਰੀ ਹੈ, ਉਹ ਥੋਡਾ ਕਿਹੜਾ ਪੀੜਾਂ ਦਾ ਪਰਾਗਾ ਭੁੰਨ ਦੇਵੇ। ਇਹੋ ਜਿਹੀਆਂ ਆਸ਼ਕੀ ਪੀੜਾਂ ਮਿਡਲ ਕਲਾਸ ਦੇ ਕਾਕੇ ਕਾਕੀਆਂ ਦੀਆਂ ਤਾਂ ਹੋ ਸਕਦੀਆਂ ਹਨ, ਮਜ਼ਦੂਰਾਂ ਦੀਆਂ ਨਹੀਂ, ਕਿਉਂਕਿ ਮਜ਼ਦੂਰ ਦੀ ਸਭ ਤੋਂ ਵੱਡੀ ਮਸ਼ੂਕ ਤਾਂ ਰੋਟੀ ਹੈ।

ਕੁਝ ਲੋਕਾਂ ਦੀ ਇਹ ਸ਼ਿਕਾਇਤ ਹੈ ਕਿ ਪੜ੍ਹਨ ਲੋਕ ਸੁਆਹ, ਲੇਖਕ ਤਾਂ ਲੋਕਾਂ ਦੇ ਟੇਸਟ ਦੀ ਗੱਲ ਨਹੀਂ ਕਰ ਰਹੇ। ਇਸ ਟੈਸਟ ਬਾਰੇ ਲਿਖਣ ਤੋਂ ਪਹਿਲਾਂ ਇਕ ਗੱਲ ਕਰ ਲਵਾਂ ਕਿ ਕਿਹਾ ਜਾਂਦਾ ਹੈ ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ, ਇਹ ਧਾਰਨਾ ਗਲਤ ਹੈ। ਸ਼ੀਸ਼ੇ ਵਿਚ ਤਾਂ ਸਭ ਕੁਝ ਦਿਸਦਾ ਹੈ, ਚੰਗਾ ਵੀ ਮਾੜਾ ਵੀ, ਸੋਹਣਾ ਵੀ ਕੁਝਾ ਵੀ, ਇਸ ਕਰਕੇ ਸਾਹਿਤ ਸਮਾਜ ਦਾ ਸ਼ੀਸ਼ਾ ਨਹੀਂ ਹੋ ਸਕਦਾ, ਸਗੋਂ ਸਾਹਿਤ ਤਾਂ ਸਮਾਜ ਨੂੰ ਦਿਸ਼ਾ ਦੇਣ ਵਾਲਾ, ਸਟੇਰਿੰਗ ਵੀਲ੍ਹ ਹੁੰਦਾ ਹੈ। ਜਿਵੇਂ ਕਿ ਸਟੇਰਿੰਗ ਗੱਡੀ ਨੂੰ ਸਿੱਧਾ ਰੱਖਦਾ ਹੈ, ਖੱਬੇ ਸੱਜੇ ਮੋੜਦਾ ਹੈ, ਉਸੇ ਤਰ੍ਹਾਂ ਸਾਹਿਤ ਨੇ ਸਮਾਜ ਨੂੰ ਸੇਧ ਦੇਣੀ ਹੁੰਦੀ ਹੈ। ਸਾਹਿਤ ਨੇ ਸਮਾਜ ਨੂੰ ਟੋਇਆਂ ਟਿੱਬਿਆਂ ਤੋਂ ਬਚਾ ਕੇ ਸਾਹ ਰਾਹ 'ਤੇ ਲੈ ਕੇ ਆਉਣਾ ਹੁੰਦਾ ਹੈ। ਇਸੇ ਕਰਕੇ ਸਾਹਿਤ ਹਮੇਸ਼ਾ ਮੋੜ ਕੱਟਦਾ ਰਹੇਗਾ ਤੇ ਉਸ ਮੰਜ਼ਿਲ ਵੱਲ ਸੇਧਤ ਰਹੇਗਾ ਜਿਹੜੀ ਮੰਜ਼ਿਲ ਲੋਕਾਂ ਦੇ ਕਲਿਆਣ ਦਾ ਅਸਲ ਟਿਕਾਣਾ ਹੈ।

ਫਰਜ਼ ਕਰੋ ਲੋਕ ਤਾਂ ਚਮਕੀਲਾ ਜਾਂ ਰੰਗੀਲਾ ਸੁਣਨਾ ਚਾਹੁੰਦੇ ਹਨ ਤੇ ਤੁਸੀਂ ਉਹਨਾਂ ਮੂਹਰੇ ਗਾ ਰਹੇ ਹੋ "ਕੱਖਾਂ ਦੀਏ ਕੁੱਲੀਏ, ਮੀਨਾਰ ਬਣ ਜਾਈਂ"। ਜੇਕਰ ਤੁਸੀਂ ਉਲਟਾ ਰਾਹ ਵੀ ਫੜਿਆ ਹੈ ਤਾਂ ਕੋਈ ਪ੍ਰਵਾਹ ਨਾ ਕਰੋ, ਕਿਉਂਕਿ ਜਿਹੜੇ ਕੱਖਾਂ ਦੀਆਂ ਕੁੱਲੀਆਂ ਵਿਚ ਰਹਿੰਦੇ ਹਨ, ਉਹ ਜ਼ਰੂਰ ਤੁਹਾਡੇ ਨਾਲ ਆ ਮਿਲਣਗੇ। ਉਨ੍ਹਾਂ ਦਾ ਸਾਥ ਤੁਹਾਨੂੰ ਹੋਰ ਵੀ ਚੰਗੇਰਾ ਲਿਖਣ ਲਈ, ਗਾਉਣ ਲਈ ਉਤਸ਼ਾਹਿਤ ਕਰੇਗਾ। ਇਹ ਲਿਖਤਾਂ ਹੋਣਗੀਆਂ ਜਿਹੜੀਆਂ ਸਮੇਂ ਦੀਆਂ ਹਾਣੀ ਬਣਨਗੀਆਂ ਤੇ ਸਦੀਵੀ ਰਹਿਣਗੀਆਂ। ਬਾਕੀ ਇਕ ਦਿਨ ਚਮੀਕਲਾ, ਰੰਗੀਲਾ, ਭੜਕੀਲਾ ਦੇ ਸਰੋਤੇ ਵੀ, ਪਾਸ਼, ਉਦਾਸੀ ਜਾਂ ਲਾਲ ਸਿੰਘ ਦਿਲ ਦੇ ਗੀਤਾਂ ਦਾ ਨੋਟਿਸ ਲੈਣਗੇ। ਹੁਣ ਜਦੋਂ ਤੁਸੀਂ ਲਿਖਦੇ ਹੋ ਤਾਂ ਕਿਸੇ ਜਾਂ ਕਿਸੇ ਵਿਚਾਰਧਾਰਾ ਦੇ ਚੌਖਟੇ ਵਿਚ ਤੁਸੀਂ ਆਪਦੇ ਆਪ ਹੀ ਫਿੱਟ ਹੋ ਜਾਵੋਗੇ। ਕੁਝ ਲੇਖਕ ਆਪਦੇ ਆਪ ਨੂੰ ਯਥਾਰਥਵਾਦੀ ਕਹਾਉਂਦੇ ਹਨ, ਘਟਨਾਵਾਂ ਨੂੰ ਹੂਬਹੂ ਲਿਖਣਾ ਇਕ ਖਤਰਨਾਕ ਰੁਝਾਨ ਹੈ। ਇਹ ਘਟਨਾਵਾਂ ਕਿਉਂ ਵਾਪਰਦੀਆਂ ਹਨ ? ਇਹ ਸਮਝਣ ਦੀ ਲੋੜ ਹੈ। ਫਰਜ਼ ਕਰੋ ਇਕ ਐਕਸੀਡੈਂਟ ਹੋ ਗਿਆ, ਹੁਣ ਇਹ ਕਹਿ ਕੇ ਸਾਰ ਦੇਣਾ ਕਿ ਇਹ ਬੜੀ ਮਾੜੀ ਦੁਰਘਟਨਾ ਹੋਈ ਹੈ, ਇੰਨੇ ਨਾਲ ਹੀ ਨਹੀਂ ਸਰਦਾ, ਸਗੋਂ ਇਹ ਐਕਸੀਡੈਂਟ ਹੋਣ ਦੇ ਕੀ ਕਾਰਨ ਹਨ, ਉਨ੍ਹਾਂ ਨੂੰ ਖੋਜਣਾ ਅਤੇ ਕਾਰਨਾਂ ਦਾ ਹੱਲ ਲੱਭਣਾ, ਇਹ ਲੇਖਣ ਦਾ ਮੁੱਖ ਧੁਰਾ ਹੋਣਾ ਚਾਹੀਦਾ ਹੈ। ਅਸੀਂ ਗਰੀਬ ਹਾਂ ਇਹ ਕਹਿ ਕੇ ਸਾਰਨਾ ਬੜਾ ਸੌਖਾ ਹੈ, ਪਰ ਅਸੀਂ ਕਿਉਂ ਗਰੀਬ ਹਾਂ ? ਇਹ ਕਿਉਂ ਤੋਂ ਕੀ ਤੁਹਾਡੇ ਦਿਮਾਗ ਨੂੰ ਖੁਰਚਣ ਦਾ ਕੰਮ ਕਰਨਗੇ। ਦਿਮਾਗੀ ਚਰਬੀ ਸਥਾਪੀ ਦੇ ਚਾਟੜੇ ਲੇਖਕਾਂ ਦੇ ਦਿਮਾਗਾਂ 'ਚ ਘਰ ਕਰਦੀ ਹੈ, ਲੋਕਾਂ ਦੇ ਲੇਖਕਾਂ 'ਚ ਨਹੀਂ। ਚਰਬੀ ਹਮੇਸ਼ਾ ਕੀਲੇ ਤੇ ਬੰਨ੍ਹੇ ਪਾਲਤੂ ਜਾਨਵਰਾਂ ਵਿਚ ਹੁੰਦੀ ਹੈ, ਖੁੱਲ੍ਹੀ ਫਿਜਾ 'ਚ ਵਿਚਰਨ ਵਾਲੇ ਜੰਗਲੀ ਜਾਨਵਰਾਂ 'ਚ ਨਹੀਂ ਹੁੰਦੀ। ਫਰਜ਼ ਕਰੋ ਕਿ ਲੇਖਕ ਸੁੰਦਰਤਾ ਸਿਰਜ ਰਹੇ ਹਨ। ਇਥੇ ਵੀ ਸਮਾਜਵਾਦੀ ਲੇਖਕ ਜਾਂ ਯਥਾਰਥਵਾਦੀ ਵਾਦੀ ਲੇਖਕ ਦੀ ਸੋਚਣੀ ਅਤੇ ਲੇਖਣੀ ਵਿਚ ਫਰਕ ਹੋਵੇਗਾ। ਸੜਕ ਤੇ ਰੋੜੀ ਕੁੱਟ ਰਹੀ ਮੁਟਿਆਰ ਦੀ ਸੁੱਹਪਣਤਾ ਦਾ ਵਰਨਣ ਯਥਾਰਥਵਾਦੀ ਲੇਖਕ ਕਰੇਗਾ, ਉਸ ਦੇ ਅੰਗ ਪੈਰ ਮਿਣੇਗਾ ਪਰ ਸਮਾਜਵਾਦੀ ਲੇਖਕ ਨੂੰ ਉਸਦੇ ਮੱਥੇ 'ਤੇ ਆ ਰਿਹਾ ਮੁੜਕਾ, ਉਸਦੇ ਸਿਰ ਦੇ ਵਾਲਾਂ 'ਚ ਪਈ ਰੇਤ, ਉਸਦੀਆਂ ਅੱਖਾਂ 'ਚ ਗੁੱਸੇ ਦੇ ਅੰਗਾਰੇ, ਦਿਸਣਗੇ ਅਤੇ ਉਹ ਉਸ ਬਾਰੇ ਲਿਖੇਗਾ। ਇਕ ਸਮਾਜਵਾਦੀ ਲੇਖਕ ਸੋਚੇਗਾ ਕੀ ਸੜਕ ਤੇ ਜਾ ਰਹੀਆਂ ਕਾਰਾਂ ਵਾਲੇ ਸੋਚਦੇ ਹੋਣਗੇ ਕਿ ਇਨ੍ਹਾਂ ਸੜਕਾਂ ਨੂੰ ਬਣਾਉਣ ਵਿਚ ਕਿੰਨੇ ਅਰਮਾਨ, ਕਿੰਨੇ ਚਾਅ, ਬਜਰੀ ਦੇ ਨਾਲ ਕੁੱਟੇ ਗਏ ਅਤੇ ਰੋਲਰ ਅਤੇ ਠੇਕੇਦਾਰਾਂ ਦੀਆਂ ਗਾਲ੍ਹਾਂ ਥੱਲੇ ਦੱਬੇ ਗਏ।

ਇਕ ਵਾਰਫੇਰ ਦਿਲ ਵਿਚ ਖਿਆਲ ਆਉਂਦਾ ਹੈ ਕਿ ਲੋਕਾਂ ਨੂੰ ਪੜ੍ਹਨ ਦੀ ਆਦਤ ਕਿਉਂ ਨਹੀਂ ? ਪਰ ਫਿਰ ਭੀ ਜਵਾਬ ਇਹੀ ਹੈ ਕਿ ਜਿਹੜੇ ਲਿਖਦੇ ਹਨ, ਕਾਗਜ਼ ਕਾਲ਼ੇ ਕਰਦੇ ਹਨ, ਆਪਦਾ ਅਤੇ ਲੋਕਾਂ ਦਾ ਸਮਾਂ ਬਰਬਾਦ ਕਰਦੇ ਹਨ, ਕੀ ਉਹ ਆਪ ਵੀ ਪੜ੍ਹਦੇ ਹਨ। ਜਦੋਂ ਸਾਡੀ ਜਾਣਕਾਰੀ ਹੀ ਸੀਮਿਤ ਹੈ ਤਾਂ ਅਸੀਂ ਲਿਖਣਾ ਕੀ ਸੁਆਹ ਹੈ। ਪੜ੍ਹਨ ਤੋਂ ਬਿਨਾਂ ਸਾਡਾ ਹਾਲ ਖੂਹ ਦੇ ਡੱਡੂ ਵਾਲਾ ਹੀ ਰਹੇਗਾ ਤੇ ਖੂਹ ਦੀ ਮੌਣ ਹੀ ਸਾਡੀ ਹੱਦ ਰਹੇਗੀ। ਸਾਨੂੰ ਆਪਦੀ ਜਾਣਕਾਰੀ ਵਧਾਉਣ ਲਈ ਵੱਧ ਤੋਂ ਵੱਧ ਪਰਦੇਸੀ ਸਾਹਿਤ ਵੀ ਪੜ੍ਹਨਾ ਚਾਹੀਦਾ ਹੈ। ਇਕ ਤਰ੍ਹਾਂ ਸਾਡੀ ਪੀੜ੍ਹੀ ਬੜੀ ਖੁਸ਼ ਕਿਸਮਤ ਹੈ ਕਿ ਸਾਡੇ ਕੋਲ, ਫਰਾਂਸੀਸੀ ਸਾਹਿਤ, ਜਰਮਨੀ ਸਾਹਿਤ, ਰਸ਼ੀਅਨ ਸਾਹਿਤ, ਚੀਨੀ ਸਾਹਿਤ ਆਦਿ ਭੰਡਾਰ ਅਨੁਵਾਦ ਹੋਇਆ ਪਿਆ ਹੈ ਪਰ ਫੇਰ ਵੀ ਅਸੀਂ ਪੜ੍ਹਦੇ ਨਹੀਂ। ਬਹਾਨੇ ਬੜੇ ਹਨ ਟਾਇਮ ਨਹੀਂ ਮਿਲਦਾ, ਸ਼ਰਾਬ ਪੀਣ ਲਈ ਟਾਇਮ ਹੈ, ਫੋਨ ਤੇ ਗੱਪਾਂ ਮਾਰਨ ਲਈ ਟਾਹੀਮ ਹੈ, ਟੀ. ਵੀ. ਤੇ ਡਰਾਮੇ ਦੇਖਣ ਲਈ ਟਾਈਮ ਹੈ, ਤਾਸ਼ ਖੇਡਣ ਲਈ ਟਾਇਮ ਹੈ। ਉਨ੍ਹਾਂ ਲਈ ਟਾਈਮ ਮਿਲ ਜਾਂਦਾ ਹੈ, ਪਰ ਪੜ੍ਹਨ ਲਈ ਨਹੀਂ। ਬੰਗਲੀ, ਮਦਰਾਸੀ, ਰੂਸੀ ਚੀਨੀ ਪੜ੍ਹਦੇ ਹਨ ਅਤੇ ਉਚ ਪਾਏ ਦਾ ਸਾਹਿਤ ਲਿਖਦੇ ਹਨ, ਅਨੁਵਾਦ ਕਰਦੇ ਹਨ। ਜਿਹੜੇ ਪੜ੍ਹਨਾ ਨਹੀਂ ਚਾਹੁੰਦੇ, ਉਨ੍ਹਾਂ ਨੂੰ ਲਿਖਣ ਤੋਂ ਵੀ ਗੁਰੇਜ਼ ਕਰਨੀ ਚਾਹੀਦੀ ਹੈ। ਜੇਕਰ ਸੋਲਾਂ ਸੋਲਾਂ ਘੰਟੇ, ਬੇਕਰੀ ਵਿਚ ਕੰਮ ਕਰਨਾ ਗੋਰਕੀ ਪੜ੍ਹਨ ਲਈ ਟਾਈਮ ਕੱਢ ਸਕਦਾ ਹੈ, ਪਰੇਮ ਗੋਰਖੀ, ਲਾਲਸਿੰਘ ਦਿਲ, ਗੁਰਦਿਆਲਸਿੰਘ, ਕਰਮਜੀਤ ਕੁੱਸਾ, ਗੁਰਚਰਨ ਚਾਹਲ ਭੀਖੀ ਅੰਤ ਦੀ ਗਰੀਬੀ ਹੰਢਾਉਂਦਿਆਂ, ਪੜ੍ਹਨ ਲਈ ਟਾਈਮ ਕੱਢ ਸਕਦੇ ਹਨ ਤਾਂ ਤੁਹਾਨੂੰ ਕੀ ਬਿਮਾਰੀ ਹੈ। ਜ਼ਿੰਦਗੀ ਦੇ ਨਿਤਨੇਮ ਜਾਂ ਸਕੈਜੂਅਲ ਤੋਂ ਬਿਨਾਂ ਤਾਂ ਜਾਨਵਰ ਵੀ ਜ਼ਿੰਦਗੀ ਨਹੀਂ ਕੱਢਦੇ। ਤੁਹਾਨੂੰ ਆਪਦੀ ਰੋਜ਼ਾਨਾ ਜ਼ਿੰਦਗੀ ਵਿਚ ਪੜ੍ਹਨ ਲਈ ਟਾਈਮ ਕੱਢਣਾ ਪਵੇਗਾ। ਓਵਰ ਟਾਈਮ ਲਈ ਟਾਈਮ ਹੈ, ਸੋਲਾਂ ਸੋਲਾਂ ਘੰਟੇ ਟਰੱਕ ਜਾਂ ਟੈਕਸੀ ਚਲਾਉਣ ਲਈ ਟਾਈਮ ਹੈ, ਫੇਰ ਪੜ੍ਹਨ ਲਈ ਕਾਸਤੋਂ ਨਹੀਂ ? ਜਿਵੇਂ ਆਮ ਲੋਕਾਂ ਨੂੰ ਨਵੇਂ ਘਰ ਕਾਰਾਂ ਦਾ ਚਾਅ ਹੁੰਦਾ ਹੈ, ਤੁਹਾਨੂੰ ਵੀ ਆਪਦੀ ਘਰੇਲੂ ਲਾਇਬ੍ਰੇਰੀ ਇਕ ਦੂਜੇ ਨੂੰ ਦਿਖਾਉਣ ਦਾ ਚਾਅ ਹੋਣਾ ਚਾਹੀਦਾਹੈ। ਜਿਸ ਤਰ੍ਹਾਂ ਔਰਤਾਂ ਆਪਦੇ ਸੂਟ ਇਕ ਦੂਜੀ ਨੂੰ ਬੜੇ ਚਾਅ ਨਾਲ ਦਿਖਾਉਂਦੀਆਂ ਹਨ, ਇਸ ਤਰ੍ਹਾਂ ਤੁਹਾਨੂੰ ਵੀ ਨਵੀਆਂ ਖਰੀਦੀਆਂ ਕਿਤਾਬਾਂ ਇਕ ਦੂਜੇ ਨੂੰ ਦਿਖਾਉਣ ਦਾ ਚਾਅ ਹੋਣਾ ਚਾਹੀਦਾ ਹੈ। ਆਖਰ ਵਿਚ ਮੈਂ ਕਹਿਣਾ ਚਾਹਾਂਗਾ ਕਿ ਅਗਰ ਪੜ੍ਹਨਾ ਨਹੀਂ ਤਾਂ ਕਿਰਪਾ ਕਰਕੇ ਲਿਖਣ ਤੋਂ ਵੀ ਗੁਰੇਜ਼ ਕਰੋ ਕਿਉਂਕਿ ਇਕ ਦਰਖਤ ਨੂੰ ਕਾਗਜ਼ ਦਾ ਰੂਪ ਧਾਰਨ ਲਈ ਬਹੁਤ ਤਸੀਹੇ ਝੱਲਣੇ ਪੈਂਦੇ ਹਨ।

# ਉਮੀਦਵਾਰ ਕਦੇ ਵੀ ਲੋਕਾਂ ਨਾਲ ਸਿੱਧਾ ਸੰਪਰਕ ਨਹੀਂ ਸਾਧਦਾ



ਕੁੱਝ ਲੋਕਾਂ ਨੂੰ ਭਰਮ ਹੈ ਕਿ ਅਸੀਂ ਆਮ ਆਦਮੀ ਪਾਰਟੀ ਨੂੰ ਵੋਟਾਂ ਪਾਉਣ ਦਾ ਵਿਰੋਧ ਕਰਦੇ ਹਾਂ ਜਾਂ ਜ਼ੋਰ ਲਾ ਰਹੇ ਹਾਂ ਕਿ ਆਮ ਆਦਮੀ ਪਾਰਟੀ ਸੱਤਾ ਵਿੱਚ ਨਾ ਆ ਜਾਵੇ। ਪਹਿਲੀ ਨਜ਼ਰੇ ਵੇਖਿਆਂ ਅਜਿਹੀ ਝਲਕ ਹੀ ਨਜ਼ਰ ਆਵੇਗੀ। ਪਰ ਇਹ ਸੱਚ ਨਹੀਂ ਹੈ, ਇਹ ਬਿਲਕੁਲ ਇਸ ਤਰ੍ਹਾਂ ਦਾ ਭੁਲੇਖਾ ਹੈ ਜਿਸ ਤਰ੍ਹਾਂ ਚੌਕ ਵਿੱਚ ਖੜ੍ਹਾ ਪੁਲਿਸ ਵਾਲਾ ਬਗੈਰ ਹੈਲਮਟ ਤੋਂ ਸਾਰਿਆਂ ਦੇ ਚਲਾਨ ਕੱਟ ਰਿਹਾ ਹੋਵੇ ਤੇ ਪਟਕਾ ਬੰਨ੍ਹਣ ਵਾਲੇ ਸਿੱਖਾਂ ਨੂੰ ਲੱਗੇ ਕਿ ਇਹ ਸਿਰਫ ਸਾਨੂੰ ਹੀ ਨਿਸ਼ਾਨਾ ਬਣਾ ਰਿਹਾ ਹੈ।

ਅਸੀਂ ਵੋਟਾਂ ਵਿੱਚ ਖੜ੍ਹੀਆਂ ਪਾਰਟੀਆਂ ਦੇ ਵਿਰੋਧ ਤੋਂ ਪਹਿਲਾਂ ਵੋਟ ਸਿਸਟਮ ਦਾ ਵਿਰੋਧ ਕਰਦੇ ਹਾਂ, ਕਿ ਇਹ ਇੱਕ ਅਜਿਹਾ ਛੁਣਛੁਣਾ ਹੈ ਜੋ ਦੁੱਧ ਚੁੰਘਦੇ ਜੁਆਕ ਨੂੰ ਕੁੱਝ ਸਮੇਂ ਲਈ ਤਾਂ ਸਭ ਕੁੱਝ ਭੁਲਾ ਸਕਦਾ ਹੈ, ਪਰ ਭੁੱਖ ਲੱਗੀ ਤੋਂ ਇਹ ਛੁਣਛੁਣਾ, ਛੁਣਛੁਣਾ ਹੀ ਰਹਿ ਜਾਣਾ ਹੈ। ਇਸ ਵਿਰੋਧ ਤੋਂ ਬਾਅਦ ਉਹ ਸਾਰੀਆਂ ਪਾਰਟੀਆਂ ਸਾਡੇ ਨਿਸ਼ਾਨੇ ਤੇ ਆ ਜਾਂਦੀਆਂ ਹਨ ਜੋ ਇਸ ਗਲ-ਸੜ ਚੁੱਕੇ ਸਿਸਟਮ ਨੂੰ ਵਰਦੀ ਬਦਲ ਕੇ ਬਦਲ ਦੇਣ ਦੇ ਦਾਅਵੇ ਕਰਦੀਆਂ ਵੋਟਾਂ ਵਿੱਚ ਹਿੱਸਾ ਲੈਂਦੀਆਂ ਹਨ। ਤੇ ਬਹੁਤੇ ਲੋਕ ਨਵੀਂ ਵਰਦੀ ਵਾਲਿਆਂ ਦੇ ਝਾਂਸੇ ਵਿੱਚ ਆ ਕੇ ਵੋਟ ਪਾ ਕੇ ਵੋਟ ਪਾਉਣ ਵਾਲਾ ਇੱਕ ਦਿਨ ਹੀ ਖਰਾਬ ਨਹੀਂ ਕਰਦੇ, ਪੰਜ ਸਾਲ ਖਰਾਬ ਕਰਨ ਦੀ ਮੋਹਰ ਲਾ ਆਉਂਦੇ ਹਨ। ਮਤਲਬ ਕਿ ਮੁਲਕ ਦਾ ਪੰਜ ਸਾਲ ਲਈ ਠੇਕਾ ਦੇ ਦਿੱਤਾ ਜਾਣਾ ਹੁੰਦਾ ਹੈ। ਨਰਿੰਦਰ ਮੋਦੀ ਕੋਲ ਪੰਜ ਸਾਲ ਲਈ ਕੁਰਸੀ ਆ ਚੁੱਕੀ ਹੈ ਤੇ ਹੈ ਇਹਨਾਂ ਵੋਟਰਾਂ ਵਿੱਚੋਂ ਕਿਸੇ ਵਿੱਚ ਏਨੀ ਹਿੰਮਤ ਕਿ ਕਿਸੇ ਨੂੰ ਮੋਦੀ ਸਰਕਾਰ ਭੰਗ ਕਰਵਾਉਣ ਦਾ ਖਿਆਲ ਵੀ ਆਇਆ ਹੋਵੇ ? ਅਜੇ ਤਾਂ ਵੋਟਰ ਮੋਦੀ ਦੇ ਸਵੱਛ ਭਾਰਤ, ਬੇਟੀ ਬਚਾਓ-ਬੇਟੀ ਪੜ੍ਹਾਓ, ਸਵਦੇਸੀ ਅਪਣਾਓ, ਨੋਟਬੰਦੀ ਆਦਿ ਜਿਹੇ ਫੋਕੇ ਲੋਲੀਪੋਪ ਉਹਲੇ ਲੁਕਿਆ ਏਜੰਡਾ ਸਮਝਣ ਦੇ ਸਮਰੱਥ ਨਹੀਂ ਹੋ ਸਕੇ ਤੇ ਹੁਣ ਉਹੀ ਵੋਟਰ ਕੀ ਸਮਝ ਕੇ ਨਵੇਂ ਸਿਰਿਓਂ ਵੋਟ ਪਾਉਣ ਜਾ ਰਹੇ ਹਨ ਜਾਂ ਘਰ ਦੀਆਂ ਚਾਬੀਆਂ ਫੜਾ ਕੇ ਆਰਾਮ ਨਾਲ ਪੰਜ ਸਾਲ ਕੱਢਣਾ ਚਾਹੁੰਦੇ ਹਨ, ਜੋ ਕਿ ਏਸ ਸਿਸਟਮ ਵਿੱਚ ਕਿਸੇ ਵੀ ਤਰ੍ਹਾਂ ਸੰਭਵ ਨਹੀਂ।

ਅਸੀਂ ਤੁਹਾਨੂੰ (ਕਿਸੇ ਨੂੰ ਵੀ) ਵੋਟ ਪਾਉਣ ਤੋਂ ਨਹੀਂ ਰੋਕਦੇ, ਤੁਸੀਂ ਅਪਣੀ ਮਰਜ਼ੀ ਦੇ ਮਾਲਕ ਹੋ ਤੇ ਤੁਹਾਡਾ ਅਧਿਕਾਰ ਹੈ ਅਪਣੀ ਮਰਜ਼ੀ ਦੀ ਚੋਣ ਕਰਨ ਦਾ। ਪਰ ਇਸ ਦਾ ਇਹ ਮਤਲਬ ਨਹੀਂ ਕਿ ਅਸੀਂ ਕੁੱਝ ਵੀ ਨਾ ਬੋਲੀਏ, ਚੁੱਪ ਹੀ ਬੈਠੇ ਰਹੀਏ। ਸਾਨੂੰ ਵੀ ਓਨਾ ਹੀ ਅਧਿਕਾਰ ਹੈ, ਓਨੀ ਹੀ ਆਜ਼ਾਦੀ ਹੈ, ਵਿਚਾਰਾਂ ਦੇ ਪ੍ਰਗਟਾਵੇ ਦੀ ਤੇ ਜੇ ਵਿਚਾਰਾਂ ਦਾ ਪ੍ਰਗਟਾਵਾ ਕਰਨਾ ਗੈਰਕਾਨੂੰਨੀ ਵੀ ਘੋਸ਼ਿਤ ਕਰ ਦਿੱਤਾ ਜਾਵੇ, ਜਿਵੇਂ ਕਿ ਮੋਦੀ ਸਰਕਾਰ ਕਰਨ ਜਾ ਰਹੀ ਹੈ, ਤਦ ਵੀ ਅਸੀਂ ਕਾਨੂੰਨ ਤੋੜ ਕੇ ਵਿਚਾਰਾਂ ਦਾ ਪ੍ਰਗਟਾਵਾ ਕਰਾਂਗੇ, ਕਿਉਂਕਿ ਸਾਡੇ ਇਰਾਦੇ ਦ੍ਰਿੜ ਹਨ। ਅਸੀਂ ਆਮ ਆਦਮੀ ਪਾਰਟੀ ਦਾ ਅੰਨ੍ਹਾ ਵਿਰੋਧ ਨਹੀਂ ਕਰਦੇ, ਪਰ ਵਿਰੋਧ ਕਰਦੇ ਹਾਂ ਤੇ ਅਲੋਚਨਾਤਮਕ ਵਿਰੋਧ ਕਰਦੇ ਹਾਂ, ਇਹ ਗੱਲ ਵੀ ਸੱਚ ਹੈ ਕਿ ਕੁੱਝ ਲੋਕ ਫੇਸਬੁੱਕ ਤੇ ਸਿਰਫ ਤੇ ਸਿਰਫ ਆਮ ਆਦਮੀ ਪਾਰਟੀ ਨੂੰ ਹੀ ਨਿਸ਼ਾਨਾ ਬਣਾ ਰਹੇ ਹਨ ਤੇ ਉਹਨਾਂ ਦੇ ਇਸ ਅੰਨ੍ਹੇ ਵਿਰੋਧ ਤੋਂ ਝਲਕਾਰਾ ਪੈਂਦਾ ਹੈ ਕਿ ਜਿਵੇਂ ਉਹ ਅਕਾਲੀ-ਭਾਜਪਾ ਵਾਲਿਆਂ ਜਾਂ ਕਾਂਗਰਸ ਵਾਲਿਆਂ ਦੀ ਲੁਕਵੀਂ ਹਮਾਇਤ ਕਰ ਰਹੇ ਹੋਣ, ਪਰ ਅਸੀਂ ਉਹਨਾਂ ਵਿੱਚੋਂ ਨਹੀਂ ਹਾਂ, ਸਾਡਾ ਨਿਸ਼ਾਨਾ ਸਾਫ ਤੇ ਸਪੱਸ਼ਟ ਹੈ।

ਚੋਣਾਂ ਵਿੱਚ ਖੜ੍ਹਾ ਕਿਸੇ ਵੀ ਪਾਰਟੀ ਦਾ ਉਮੀਦਵਾਰ ਕਦੇ ਵੀ ਲੋਕਾਂ ਨਾਲ ਸਿੱਧਾ ਸੰਪਰਕ ਨਹੀਂ ਸਾਧਦਾ, ਉਹ ਅਪਣੇ ਸ਼ੁੱਭਚਿੰਤਕਾਂ ਰਾਹੀਂ, ਹੇਠਲੇ ਪੱਧਰ ਦੇ ਆਗੂਆਂ ਰਾਹੀਂ ਜਾਂ ਚਮਚਿਆਂ ਰਾਹੀਂ ਤੁਹਾਡੇ ਤੱਕ ਪਹੁੰਚ ਬਣਾਉਂਦਾ ਹੈ, ਜੋ ਤੁਹਾਡੇ ਅਪਣੇ ਜਾਂ ਅਪਣਿਆਂ ਵਿੱਚੋਂ ਹੀ ਹੁੰਦੇ ਹਨ, ਜਿਹਨਾਂ ਕੋਲ 20 ਤੋਂ 50 ਵੋਟਾਂ ਪ੍ਰਭਾਵਿਤ ਕਰਨ ਦੀ ਸਮਰੱਥਾ ਹੁੰਦੀ ਹੈ। ਵੋਟਾਂ ਵਿੱਚ ਪੈਸੇ ਅਜਿਹੇ ਆਗੂਆਂ ਨੂੰ ਦਿੱਤੇ ਜਾਂਦੇ ਹਨ, ਸ਼ਰਾਬ ਅਜਿਹੇ ਆਗੂਆਂ ਰਾਹੀਂ ਵੰਡੀ ਜਾਂਦੀ ਹੈ ਤੇ ਵੋਟਰ ਸੋਚਦੇ ਹਨ ਕਿ ਸਾਡੇ ਵਾਲੇ ਆਗੂ ਨਸ਼ੇ ਨਹੀਂ ਵੰਡਦੇ ਜਾਂ ਲਾਲਚ ਨਹੀਂ ਵੰਡਦੇ, ਕਿਉਂ ਕਿ ਅਸੀਂ ਉਹਨਾਂ ਦਾ ਨੈੱਟਵਰਕ (ਜਾਲ਼) ਨਹੀਂ ਵੇਖਦੇ। ਜਦੋਂ ਵੋਟਾਂ ਪੈ ਚੁੱਕੀਆਂ ਹੁੰਦੀਆਂ ਹਨ ਤਾਂ ਉਮੀਦਵਾਰਾਂ ਨੇ ਪਿੰਡਾਂ ਦੀ ਖਾਕ ਛਾਣਨੀ ਛੱਡ ਦਿੱਤੀ ਹੁੰਦੀ ਹੈ ਤਾਂ ਲੋਕਾਂ ਨੂੰ ਨਿੱਕੇ ਮੋਟੇ ਕੰਮਾਂ ਲਈ ਉਸੇ ਤਰ੍ਹਾਂ ਪ੍ਰੇਸ਼ਾਨ ਹੋਣਾ ਪੈਂਦਾ ਹੈ, ਜਿਵੇਂ ਪਹਿਲਾਂ ਹੁੰਦੇ ਸੀ। ਜਿਸ ਨੂੰ ਵੋਟਾਂ ਪਾਈਆਂ ਉਸ ਤੱਕ ਪਹੁੰਚ ਨਹੀਂ ਬਣਦੀ ਤੇ ਜਿਸ ਦੇ ਕਹੇ ਤੇ ਉਸ ਨੂੰ ਵੋਟਾਂ ਪਾਈਆਂ ਹੁੰਦੀਆਂ ਹਨ, ਉਸ ਮੁਹੱਲੇ ਦੇ ਆਗੂ ਨੂੰ ਕਾਲਰ ਤੋਂ ਫੜ ਕੇ ਮੂਹਰੇ ਲਾਉਣਾ ਚਾਹੀਦਾ ਹੈ ਕਿ ਤੇਰੇ ਭਰੋਸੇ ਇਹਨਾਂ ਨੂੰ ਵੋਟਾਂ ਪਾਈਆਂ ਨੇ ਤੇ ਸਾਡਾ ਆਹ ਕੰਮ ਨਹੀਂ ਹੁੰਦਾ ਪਿਆ, ਇਹ ਕੰਮ ਸਾਨੂੰ ਘਰੇ ਬੈਠਿਆਂ ਨੂੰ ਕਰਵਾ ਕੇ ਦੇਹ। ਕੀ ਕਦੇ ਕਿਸੇ ਨੇ ਏਦਾਂ ਦੀ ਕੋਸ਼ਿਸ਼ ਕੀਤੀ ਹੈ ? ਬਹੁਤ ਘੱਟ ਲੋਕਾਂ ਨੇ ਕੀਤੀ ਹੋਣੀ ਹੈ। ਜਿਹੜੇ ਵੋਟਾਂ ਮੰਗਣ ਆਉਂਦੇ ਨੇ, ਉਹਨਾਂ ਨੂੰ ਘੱਟੋ-ਘੱਟ ਇਹ ਹੀ ਕਹਿ ਦਿਆ ਕਰੋ ਕਿ ਤੁਸੀਂ ਵੋਟਾਂ ਤੇ ਜਿੱਥੇ ਲੱਖਾਂ ਰੁਪਏ ਖਰਚ ਰਹੇ ਹੋ, ਆਹ ਸਾਡੇ ਮੁਹੱਲੇ ਜਾਂ ਪਿੰਡ ਦੀ ਗਰੀਬ ਲੜਕੀ ਜਾਂ ਲੜਕਾ ਹੈ ਤੇ ਇਸ ਨੇ ਅਗਲੀ ਪੜ੍ਹਾਈ ਲਈ ਦਾਖਲਾ ਲੈਣਾ ਹੈ ਤੇ ਪੈਸੇ ਤੋਂ ਬਗੈਰ ਅਸੰਭਵ ਹੈ, ਇਸ ਨੂੰ ਏਨੇ ਪੈਸਿਆਂ ਦੀ ਮਦਦ ਕਰ ਦਿਓ ਤਾਂ ਜੁ ਇਹ ਅਗਲੀ ਪੜ੍ਹਾਈ ਕਰ ਸਕੇ। ਤੁਸੀਂ ਹੈਰਾਨ ਹੋਵੋਗੇ ਕਿ ਤੁਹਾਨੂੰ ਚੁੱਪ ਕਰਵਾਉਣ ਵਾਲੇ ਤੁਹਾਡੇ ਅਪਣੇ ਹੀ ਅੱਗੇ ਆ ਜਾਣਗੇ ਤੇ ਤੁਹਾਨੂੰ ਮੂਰਖ ਗਰਦਾਨ ਦੇਣਗੇ। ਹਰ ਪਿੰਡ ਵਿੱਚ ਬਜ਼ੁਰਗ ਅਣਦੇਖੀ ਦਾ ਸ਼ਿਕਾਰ ਹੁੰਦੇ ਹਨ, ਉਹਨਾਂ ਦੇ ਇਲਾਜ ਲਈ ਕਿਸੇ ਆਗੂ ਕੋਲੋਂ ਪੈਸਾ ਮੰਗ ਕੇ ਵੇਖ ਲਵੋ, ਲਾਰਾ ਹੀ ਮਿਲੇਗਾ।

ਜਿਸ ਨੂੰ ਤੁਸੀਂ ਵੋਟਾਂ ਪਾ ਕੇ ਸਰਕਾਰ ਬਣਾਉਣ ਜਾ ਰਹੇ ਹੋ, ਕੀ ਉਹ ਏਦਾਂ ਦੇ ਕੁੱਝ ਕੰਮ ਕਰ ਸਕਦੀ ਹੈ ਜੋ ਬਹੁਤ ਸੌਖੇ ਹਨ ਤੇ ਹਰ ਸਰਕਾਰ ਦੇ ਵੱਸ ਵਿੱਚ ਵੀ ਹਨ।

1- ਪ੍ਰਾਈਵੇਟ ਸਕੂਲ ਵਰਗੀ ਦਿੱਖ ਅਤੇ ਪ੍ਰਬੰਧ ਸਰਕਾਰੀ ਸਕੂਲਾਂ ਦਾ ਵੀ ਬਣਾਵੇ ਤੇ ਹਰ ਵਿਸ਼ੇ ਦੇ ਅਧਿਆਪਕਾਂ ਤੋਂ ਬਿਨਾਂ ਵਾਧੂ ਅਧਿਆਪਕ ਹਰ ਸਕੂਲ ਵਿੱਚ ਹੋਣ। (ਇਹ ਕੰਮ 6 ਤੋਂ 8 ਮਹੀਨਿਆਂ ਵਿੱਚ ਸੰਭਵ ਹੈ ਜੇ ਨੀਅਤ ਹੋਵੇ।)

2- ਪ੍ਰਾਈਵੇਟ ਹਸਪਤਾਲਾਂ ਵਰਗੀਆਂ ਸਹੂਲਤਾਂ, ਸਾਫ- ਸਫਾਈ, ਬਗੈਰ ਕਤਾਰ ਵਿੱਚ ਲੱਗੇ ਮਰੀਜ਼ਾਂ ਨੂੰ ਇਲਾਜ ਅਤੇ ਇੱਜ਼ਤ ਵੀ ਮਿਲੇ, ਇਹ ਸਭ ਸਰਕਾਰੀ ਹਸਪਤਾਲਾਂ ਵਿੱਚ ਸੰਭਵ ਬਣਾਵੇ, ਇਸ ਲਈ ਵੀ 6 ਤੋਂ 8 ਮਹੀਨੇ ਬਹੁਤ ਹਨ।

3- ਭਾਰਤੀ ਕਾਨੂੰਨ ਅਨੁਸਾਰ ਕੋਈ ਵੀ ਵਿਅਕਤੀ ਸਾਢੇ 17 ਕਿੱਲੇ (ਏਕੜ) ਤੋਂ ਵੱਧ ਜ਼ਮੀਨ ਦਾ ਮਾਲਕ ਨਹੀਂ ਹੋ ਸਕਦਾ, ਕੀ ਸਰਕਾਰ ਵਾਧੂ ਜ਼ਮੀਨ ਅਪਣੇ ਕਬਜ਼ੇ ਵਿੱਚ ਲਵੇਗੀ ? ਤੇ ਕੀ ਬੇ ਜ਼ਮੀਨਿਆਂ ਨੂੰ ਮੁਫਤ ਜ਼ਮੀਨ ਦੇਵੇਗੀ ? (ਇਸ ਕੰਮ ਲਈ ਵੀ ਬਹੁਤਾ ਸਮਾਂ ਨਹੀਂ ਲੱਗਣਾ)

4- ਗੁੰਡਾਗਰਦੀ (ਗੁੰਡਾ ਅਨਸਰ ਅਤੇ ਪੁਲਿਸ) ਨੂੰ ਨਵੀਂ ਸਰਕਾਰ ਕਿੰਨੇ ਸਮੇਂ ਵਿੱਚ ਬੰਦ ਕਰ ਦੇਵੇਗੀ ਜਾਂ ਕੰਟਰੋਲ ਕਰਨ ਲਈ ਉਚਿਤ ਹੀ ਨਹੀਂ, ਨਤੀਜਾ ਨਿਰਧਾਰਿਤ ਕਦਮ ਚੁੱਕੇਗੀ ?

5- ਗਰੀਬ ਬਸਤੀਆਂ, ਝੁੱਗੀ ਝੌਂਪੜੀਆਂ ਵਾਲਿਆਂ ਨੂੰ ਪੱਕੇ ਮਕਾਨ ਬਣਵਾ ਕੇ ਦੇਣੇ ਸਰਕਾਰ ਦਾ ਕੰਮ ਹੈ ਤੇ ਸਰਕਾਰ ਇਸ ਕੰਮ ਨੂੰ 2 ਤੋਂ 3 ਕੁ ਸਾਲ ਵਿੱਚ ਮੁਕੰਮਲ ਕਰ ਸਕਣ ਦੇ ਸਮਰੱਥ ਹੈ, ਪਰ ਅਗਲੀ ਸਰਕਾਰ ਕੀ ਪੰਜ ਸਾਲ ਤੱਕ ਵੀ ਅਤੇ 20 ਫੀਸਦੀ ਹੀ ਟੀਚਾ ਮੁਕੰਮਲ ਕਰਨ ਦਾ ਇਰਾਦਾ ਰੱਖਦੀ ਹੈ, ਜਦੋਂ ਕਿ 100 ਫੀਸਦੀ ਸੰਭਵ ਹੈ ?

6- ???????????????

7- ???????????????????

ਅਤੇ ਏਦਾਂ ਦੇ ਹਜ਼ਾਰਾਂ ਸਵਾਲ ਖੜ੍ਹੇ ਹਨ, ਪਰ ਉਪਰੋਕਤ ਪੰਜ ਸਵਾਲ ਹੀ ਵੋਟਰਾਂ ਦੇ ਏਜੰਡੇ ਤੇ ਹੋਣੇ ਚਾਹੀਦੇ ਹਨ, ਸਰਕਾਰ ਨੂੰ ਮਜ਼ਬੂਰ ਹੋਣਾ ਪਵੇਗਾ ਪਹਿਲ ਦੇ ਆਧਾਰ ਤੇ ਇਹ ਕੰਮ ਕਰਨ ਲਈ। ਕੀ ਤੁਸੀਂ, ਜਿਹੜੇ ਵੋਟਾਂ ਪਾਉਣ ਜਾ ਰਹੇ ਹੋ, ਇਹ ਜ਼ਿੰਮੇਵਾਰੀ ਲੈਂਦੇ ਹੋ ਕਿ ਜੇ ਤੁਹਾਡੀ ਮਰਜ਼ੀ ਦੀ (ਆਮ ਆਦਮੀ ਪਾਰਟੀ ਦੀ, ਜੇ ਗਠਜੋੜ ਵੀ ਬਣੇ ਤਦ ਵੀ) ਸਰਕਾਰ ਹੋਂਦ ਵਿੱਚ ਆਉਂਦੀ ਹੈ ਤਾਂ ਤੁਸੀਂ ਸਰਕਾਰ ਕੋਲੋਂ ਇਹ ਕੰਮ ਕਰਵਾਉਣ ਦੀ ਖੁਦ ਹਾਮੀ ਭਰਦੇ ਹੋਵੋ ?

ਨੋਟ: ਕਾਂਗਰਸ ਅਤੇ ਅਕਾਲੀ-ਭਾਜਪਾ ਗੱਠਜੋੜ ਤੋਂ ਤਾਂ ਉਮੀਦ ਹੀ ਕੀ ਕਰਨੀ, ਪਰ ਸਾਨੂੰ ਆਮ ਆਦਮੀ ਪਾਰਟੀ ਕੋਲੋਂ ਵੀ ਉਮੀਦ ਨਹੀਂ ਹੈ, ਪਰ ਜੇ ਤੁਸੀਂ ਉਮੀਦ ਰੱਖਦੇ ਹੋ ਤੇ ਵੋਟ ਪਾਉਂਦੇ ਹੋ ਤਾਂ ਇਹ ਜ਼ਿੰਮੇਵਾਰੀ ਤੁਹਾਡੀ ਬਣਦੀ ਹੈ, ਤੁਹਾਨੂੰ ਹੀ ਇਹ ਜ਼ਿੰਮੇਵਾਰੀ ਲੈਣੀ ਪਵੇਗੀ ਕਿ ਜਿਸ ਉਮੀਦ ਨਾਲ ਤੁਸੀਂ ਵੋਟ ਪਾਈ ਹੈ, ਉਹ ਉਮੀਦਾਂ ਤੇ ਖਰੇ ਉੱਤਰਨ ਤੇ ਜੇ ਉਹ ਸਰਕਾਰ ਇਹਨਾਂ ਕੰਮਾਂ ਤੋਂ ਟਾਲ਼ਾ ਵੱਟਦੀ ਹੈ, ਲਾਰੇ ਲਾਉਂਦੀ ਹੈ ਜਾਂ ਬਹਾਨੇ ਬਣਾਉਂਦੀ ਹੈ ਤਦ ਤੁਹਾਡਾ ਫਰਜ਼ ਬਣਦਾ ਹੈ ਕਿ ਸਰਕਾਰ ਨੂੰ ਕੀਤੇ ਵਾਅਦੇ ਪੂਰੇ ਕਰਨ ਲਈ ਮਜ਼ਬੂਰ ਕਰਨਾ।

ਅਸੀਂ ਤੁਹਾਡੀਆਂ ਵੋਟਾਂ ਦੀ ਗਿਣਤੀ ਕਰ ਰਹੇ ਹਾਂ, ਜਿੰਨੀਆਂ ਵੋਟਾਂ ਤੁਸੀਂ ਸਰਕਾਰ ਨੂੰ ਪਾਉਣੀਆਂ ਹਨ, ਉਸ ਨਾਲੋਂ ਅੱਧੀਆਂ ਅਸੀਂ ਚਾਹੁੰਦੇ ਹਾਂ ਕਿ ਸੜਕਾਂ ਤੇ ਆ ਜਾਣ ਜੇ ਸਰਕਾਰ ਮਿੱਥੇ ਸਮੇਂ ਵਿੱਚ ਮਿੱਥੇ ਕੰਮ ਨਹੀਂ ਕਰਦੀ। ਅਸੀਂ ਅੱਜ ਵੀ ਤੁਹਾਡੇ ਨਾਲ ਹਾਂ ਤੇ ਉਦੋਂ ਵੀ ਤੁਹਾਡੇ ਨਾਲ ਹੋਵਾਂਗੇ।

**- ਸੁਰਜੀਤ ਗੱਗ**

**#ਗੱਗਬਾਣੀ**

# ਜਮਹੂਰੀ ਅਧਿਕਾਰ ਸਭਾ ਵਲੋਂ ਪੰਜਾਬ ਦੇ ਸਮੂਹ ਇਨਸਾਫ਼ਪਸੰਦ ਤੇ ਜਮਹੂਰੀ ਲੋਕਾਂ ਨੂੰ ਬਸਤਰ ਵਿਚ ਚੱਲ ਰਹੇ ਰਾਜਕੀ ਦਹਿਸ਼ਤਵਾਦ ਵਿਰੁੱਧ ਆਵਾਜ਼ ਉਠਾਉਣ ਦੀ ਅਪੀਲ

ਇਨਸਾਫ਼ਪਸੰਦ ਤੇ ਜਮਹੂਰੀ ਲੋਕੋ!

ਛੱਤੀਸਗੜ੍ਹ ਦੇ ਬਸਤਰ ਖੇਤਰ ਦੇ ਆਦਿਵਾਸੀ ਆਪਣੀ ਜ਼ਿੰਦਗੀ ਦੀ ਸੁੱਰਖਿਆ ਅਤੇ ਆਪਣੇ ਜੀਵਨ-ਗੁਜ਼ਾਰੇ ਦੇ ਵਸੀਲਿਆਂ ਦੀ ਰਾਖੀ ਲਈ ਅਤੇ ਵਾਤਾਵਰਣ ਨੂੰ ਤਬਾਹ ਕਰਨ ਵਾਲੀਆਂ ਸਰਕਾਰੀ ਨੀਤੀਆਂ ਦੇ ਖ਼ਿਲਾਫ਼ ਜਾਨ ਹੂਲਵਾਂ ਸੰਘਰਸ਼ ਲੜ ਰਹੇ ਹਨ। ਮਾਓਵਾਦੀ ਇਨਕਲਾਬੀ ਅਤੇ ਹੋਰ ਵੀ ਕਈ ਤਾਕਤਾਂ ਉਨ੍ਹਾਂ ਦੇ ਇਸ ਸੰਘਰਸ਼ ਨਾਲ ਮੋਢੇ ਨਾਲ ਮੋਢਾ ਜੋੜਕੇ ਲੜ ਰਹੀਆਂ ਹਨ। ਇਸ ਆਦਿਵਾਸੀ ਟਾਕਰੇ ਨੂੰ ਦਬਾਉਣ ਲਈ ਭਾਰਤੀ ਰਾਜ ਵਲੋਂ ਚਲਾਏ ਜਾ ਸਰਕਾਰੀ ਦਮਨ-ਚੱਕਰ ਹੇਠ ਪਿਸ ਰਹੇ ਆਦਿਵਾਸੀ ਸਮਾਜ ਦੀ ਹਾਲਤ ਇਸ ਵਕਤ ਬਹੁਤ ਹੀ ਚਿੰਤਾਜਨਕ ਹੈ। ਇਸਦਾ ਇਕ ਹੋਰ ਪੱਖ ਵੀ ਬਰਾਬਰ ਚਿੰਤਾ ਚਿੰਤਾ ਦਾ ਵਿਸ਼ਾ ਹੈ। ਮਨੁੱਖੀ ਹੱਕਾਂ ਦੀਆਂ ਘੋਰ ਉਲੰਘਣਾਵਾਂ 'ਤੇ ਪਰਦਾ ਬਣਾਈ ਰੱਖਣ ਲਈ ਛੱਤੀਸਗੜ੍ਹ ਦਾ ਪੁਲਿਸ ਰਾਜ ਜਮਹੂਰੀ ਕਾਰਕੁਨਾਂ, ਵਕੀਲਾਂ, ਪੱਤਰਕਾਰਾਂ ਤੇ ਹੋਰ ਇਨਸਾਫ਼ਪਸੰਦ ਸ਼ਖਸੀਅਤਾਂ ਦੀ ਜਮਹੂਰੀ ਦਖ਼ਲਅੰਦਾਜ਼ੀ ਨੂੰ ਦਬਾਉਣ ਲਈ ਹਰ ਹਰਬਾ ਵਰਤ ਰਿਹਾ ਹੈ। ਬਸਤਰ ਦੇ ਦਮਨ ਵਿਰੁੱਧ ਆਵਾਜ਼ ਉਠਾਉਣ ਵਾਲੇ ਕਾਰਕੁੰਨਾਂ ਨੂੰ 'ਸਫ਼ੈਦਪੋਸ਼ ਨਕਸਲੀ' ਕਰਾਰ ਦੇਕੇ ਛੱਤੀਸਗੜ੍ਹ ਪੁਲਿਸ ਉਨ੍ਹਾਂ ਦੇ ਪਿੱਛੇ ਪਈ ਹੋਈ ਹੈ। ਬਸਤਰ ਦੇ ਘੋਰ ਬਦਨਾਮ ਆਈ.ਜੀ. ਐੱਸ.ਆਰ.ਪੀ. ਕਲੂਰੀ ਨੇ ਤਾਂ ਇਸ ਨੂੰ ਸ਼ਰੇਆਮ 'ਮਿਸ਼ਨ 2017' ਵੀ ਐਲਾਨ ਦਿੱਤਾ ਹੈ। ਪਿਛਲੇ ਦਿਨਾਂ ਵਿਚ ਜਦੋਂ ਤੇਲੰਗਾਨਾ ਡੈਮੋਕਰੇਟਿਕ ਫਰੰਟ ਦੀ ਤੱਥ ਖੋਜ ਟੀਮ ਅਜੇ ਆਪਣੇ ਸੂਬੇ ਤੇਲੰਗਾਨਾ ਦੇ ਅੰਦਰ ਹੀ ਸਫ਼ਰ ਕਰ ਰਹੀ ਸੀ ਤਾਂ ਤੇਲੰਗਾਨਾ ਪੁਲਿਸ ਵਲੋਂ ਉਨ੍ਹਾਂ ਨੂੰ ਗਿਣੀ-ਮਿਥੀ ਸਾਜ਼ਿਸ਼ ਤਹਿਤ ਗ੍ਰਿਫ਼ਤਾਰ ਕਰਕੇ ਅਣਮਿੱਥੇ ਸਮੇਂ ਲਈ ਜੇਲ੍ਹ ਵਿਚ ਸਾੜਨ ਦੀ ਮਨਸ਼ਾ ਨਾਲ ਛੱਤੀਸਗੜ੍ਹ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ। ਇਹ ਟੀਮ ਸੀ. ਪ੍ਰਭਾਕਰ (ਐਡਵੋਕੇਟ), ਬੀ.ਰਵਿੰਦਰਨਾਥ (ਐਡਵੋਕੇਟ ਹਾਈਕੋਰਟ ਆਂਧਰਾ ਪ੍ਰਦੇਸ਼), ਦੁਰਗਾ ਪ੍ਰਸਾਦ (ਪੱਤਰਕਾਰ), ਡੂਡੂ ਪ੍ਰਭਾਕਰ (ਪ੍ਰਧਾਨ ਕੇ.ਐੱਨ.ਪੀ.ਐੱਸ. ਆਂਧਰਾ ਪ੍ਰਦੇਸ਼), ਰਾਜਿੰਦਰ ਪ੍ਰਸਾਦ ਅਤੇ ਨਾਜ਼ੀਰ (ਤੇਲੰਗਾਨਾ ਵਿਦਿਆਰਥੀ ਵਾਡਿਕਾ ਦੇ ਵਿਦਿਆਰਥੀ ਆਗੂ) ਅਤੇ ਰਾਮਾਨੰਦ ਲਕਸ਼ਮੇ (ਵਿਦਿਆਰਥੀ ਆਰਗੇਨਾਈਜ਼ਰ) ਕਾਰਕੁੰਨਾਂ 'ਤੇ ਅਧਾਰਤ ਸੀ।

ਇਹ ਸਾਰੇ ਜਮਹੂਰੀ ਹੱਕਾਂ ਦੇ ਕਾਜ ਨੂੰ ਪ੍ਰਣਾਈਆਂ ਸ਼ਖਸੀਅਤਾਂ ਹਨ ਜਿਨ੍ਹਾਂ ਉੱਪਰ ਮਾਓਵਾਦੀਆਂ ਦੀ ਪੁਰਾਣੀ ਕਰੰਸੀ ਬਦਲਾਉਣ ਲਈ ਬਸਤਰ ਦੇ ਇਕ ਪਿੰਡ ਵਿਚ ਆਦਿਵਾਸੀਆਂ ਨੂੰ ਡਰਾ-ਧਮਕਾਉਣ ਦਾ ਝੂਠਾ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਕੋਲੋਂ ਜੋ 'ਪਾਬੰਦੀਸ਼ੁਦਾ' ਸਾਹਿਤ ਬਰਾਮਦ ਹੋਇਆ ਦਿਖਾਇਆ ਗਿਆ ਉਹ ਆਮ ਹੀ ਉਪਲਭਧ ਕਿਤਾਬਾਂ, ਰਸਾਲੇ ਹਨ। 25 ਦਸੰਬਰ ਨੂੰ ਗ੍ਰਿਫ਼ਤਾਰ ਕੀਤੇ ਇਹ ਸੱਤ ਕਾਰਕੁੰਨ ਬਿਨਾ ਜ਼ਮਾਨਤ ਜੇਲ੍ਹ ਵਿਚ ਡੱਕੇ ਹੋਏ ਹਨ। ਉਨ੍ਹਾਂ ਉੱਪਰ ਛੱਤੀਸਗੜ੍ਹ ਵਿਸ਼ੇਸ਼ ਸਕਿਊਰਿਟੀ ਐਕਟ ਅਤੇ ਰਾਜ ਵਿਰੁੱਧ ਸੰਗੀਨ ਸਾਜ਼ਿਸ਼ ਰਚਣ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਸਿਤਮਜ਼ਰੀਫ਼ੀ ਦੀ ਹੱਦ ਇਹ ਹੈ ਕਿ ਅਦਾਲਤ ਨੇ ਪੁਲਿਸ ਦੀ ਮਨਘੜਤ ਕਹਾਣੀ ਨੂੰ ਮੰਨਕੇ ਉਨ੍ਹਾਂ ਨੂੰ ਜ਼ਮਾਨਤ ਦੇਣ ਤੋਂ ਨਾਂਹ ਕਰ ਦਿੱਤੀ ਹੈ। ਇਹ ਟੀਮ ਇਕ ਆਦਿਵਾਸੀ ਲੜਕੇ ਸੋਮਰੂ ਪੋਟਮ ਦੇ ਝੂਠੇ ਮੁਕਾਬਲੇ ਦੀ ਜਾਂਚ ਕਰਨ ਲਈ ਜਾ ਰਹੀ ਸੀ ਜਿਸ ਨੂੰ ਕਤਲ ਕਰਕੇ ਪੁਲਿਸ ਨੇ 'ਅਣਪਛਾਤਾ ਵਰਦੀਧਾਰੀ ਮਾਓਵਾਦੀ' ਕਰਾਰ ਦੇ ਦਿੱਤਾ ਸੀ। ਇਸੇ ਸਿਲਸਿਲੇ ਵਿਚ ਅਗਲੇ ਦਿਨ ਪੁਲਿਸ ਅਧਿਕਾਰੀਆਂ ਵਲੋਂ ਐਡਵੋਕੇਟ ਸ਼ਾਲਿਨੀ ਗੇਰਾ ਉੱਪਰ ਝੂਠਾ ਕੇਸ ਦਰਜ ਕਰ ਲਿਆ ਗਿਆ। ਹੁਣ ਕਾਰਕੁੰਨ ਬੇਲਾ ਭਾਟੀਆ ਦੇ ਘਰ ਉੱਪਰ 23 ਜਨਵਰੀ ਨੂੰ ਗੁੰਡਿਆਂ ਕੋਲੋਂ ਦੁਬਾਰਾ ਹਮਲਾ ਕਰਵਾਇਆ ਗਿਆ ਹੈ। ਜਮਹੂਰੀ ਕਾਰਕੁੰਨਾਂ ਨੂੰ ਆਦਿਵਾਸੀਆਂ ਦਾ ਕਾਨੂੰਨੀ ਸਹਾਰਾ ਬਣਨ ਤੋਂ ਰੋਕਿਆ ਜਾ ਰਿਹਾ ਹੈ। ਜੇ ਰਾਜਤੰਤਰ ਪੁਲਿਸ ਦੇ 'ਮੁਕਾਬਲੇ' ਦੇ ਦਾਅਵੇ ਬਾਰੇ ਜਮਹੂਰੀ ਨਾਗਰਿਕਾਂ ਨੂੰ ਵੀ ਤੱਥਾਂ ਦੀ ਛਾਣਬੀਣ ਕਰਨ ਦੀ ਇਜਾਜ਼ਤ ਦੇਣ ਲਈ ਵੀ ਤਿਆਰ ਨਹੀਂ ਤਾਂ ਹਾਲਤ ਦੀ ਨਜ਼ਾਕਤ ਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਇਹ ਵੀ ਚੇਤੇ ਰੱਖਣਾ ਹੋਵੇਗਾ ਕਿ ਇਹ ਹਮਲਾ ਸਿਰਫ਼ ਛੱਤੀਸਗੜ੍ਹ ਤਕ ਸੀਮਤ ਨਹੀਂ ਹੈ। ਬਿਨਾਸ਼ੱਕ ਇਥੇ ਹਮਲਾ ਸਭ ਤੋਂ ਤਿੱਖੇ ਰੂਪ ਵਿਚ ਹੈ, ਪਰ ਹੋਰ ਸੂਬਿਆਂ ਵਿਚ ਵੀ ਥੋੜ੍ਹੇ ਫ਼ਰਕ ਨਾਲ ਇਸੇ ਤਰ੍ਹਾਂ ਵਾਪਰ ਰਿਹਾ ਹੈ। ਪਿਛਲੇ ਸਾਲ ਕੇਰਲਾ ਅੰਦਰ ਮਾਓਵਾਦੀ ਆਗੂਆਂ ਦੇ ਝੂਠੇ ਮੁਕਾਬਲਿਆਂ ਅਤੇ ਆਦਿਆਸੀਆਂ ਦੇ ਦਮਨ ਵਿਰੁੱਧ ਆਵਾਜ਼ ਉਠਾਉਣ ਵਾਲੇ ਜਮਹੂਰੀ ਕਾਰਕੁੰਨਾਂ ਜੈਸਨ ਕੂਪਰ ਅਤੇ ਐਡਵੋਕੇਟ ਤੁਸ਼ਾਰ ਨਿਰਮਲ ਸਾਰਾਤੀ ਨੂੰ ਕਈ ਮਹੀਨੇ ਜੇਲ੍ਹ ਬੰਦ ਰੱਖਿਆ ਗਿਆ। ਨਵੰਬਰ 2016 ਵਿਚ ਦੋ ਮਾਓਵਾਦੀ ਆਗੂਆਂ ਦੇ ਝੂਠੇ ਮੁਕਾਬਲੇ ਵਿਰੁੱਧ ਆਵਾਜ਼ ਉਠਾ ਰਹੇ ਕਾਰਕੁੰਨਾਂ ਉੱਪਰ ਬੇਤਹਾਸ਼ਾ ਲਾਠੀਚਾਰਜ ਕੀਤਾ ਗਿਆ ਅਤੇ 29 ਕਾਰਕੁੰਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਹੁਣ ਤਾਮਿਲਨਾਡੂ ਵਿਚ ਐਡਵੋਕੇਟ ਐੱਸ.ਮੁਰੂਗਨ ਨੂੰ ਮਾਓਵਾਦੀ ਹਮਾਇਤੀ ਕਹਿਕੇ ਗ੍ਰਿਫ਼ਤਾਰ ਕੀਤਾ ਗਿਆ ਹੈ, ਇਸ ਤੋਂ ਪਹਿਲਾਂ ਉੱਥੇ ਲੋਕ ਗਾਇਕ ਐੱਸ ਕੋਵਾਨ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਜਿਸ ਨੂੰ ਜ਼ੋਰਦਾਰ ਵਿਰੋਧ ਹੋਣ 'ਤੇ ਰਿਹਾਅ ਕੀਤਾ ਗਿਆ।

ਜਮਹੂਰੀ ਦਖ਼ਲਅੰਦਾਜ਼ੀ ਦੇ ਦਮਨ ਦਾ ਲਗਾਤਾਰ ਸਿਲਸਿਲਾ: ਰਾਜਕੀ ਦਹਿਸ਼ਤਗਰਦੀ ਅਤੇ ਜਮਹੂਰੀ ਕਾਰਕੁੰਨਾਂ ਦੇ ਦਮਨ ਦਾ ਆਪਸ ਵਿਚ ਡੂੰਘਾ ਸਬੰਧ ਹੈ। 2016 'ਚ ਬਸਤਰ ਵਿਚ ਪੁਲਿਸ ਅਤੇ ਸੁਰੱਖਿਆ ਬਲਾਂ ਵਲੋਂ ਮੁਕਾਬਲਿਆਂ ਵਿਚ 134 ਹੱਤਿਆਵਾਂ ਕੀਤੀਆਂ ਗਈਆਂ। ਇਸੇ ਅਨੁਪਾਤ ਵਿਚ ਰਾਜਤੰਤਰ ਦੀਆਂ ਲਾਕਾਨੂੰਨੀਆਂ ਦਾ ਪਰਦਾਫਾਸ਼ ਕਰਨ ਵਾਲਿਆਂ ਨੂੰ ਪੁਲਿਸ ਅਤੇ ਰਾਜ ਵਲੋਂ ਖੜ੍ਹੇ ਕੀਤੇ ਗਰੋਹਾਂ ਵਲੋਂ ਨਿਸ਼ਾਨਾ ਬਣਾਏ ਦੀਆਂ ਘਟਨਾਵਾਂ ਨੇ ਵਿਸ਼ੇਸ਼ ਰਫ਼ਤਾਰ ਫੜੀ ਹੈ। ਕੁਝ ਮਿਸਾਲਾਂ ਪੇਸ਼ ਹਨ:

ਪਿਛਲੇ ਡੇਢ ਸਾਲ ਤੋਂ ਜਗਦਲਪੁਰ ਲੀਗਲ ਏਡ ਗਰੁੱਪ ਨੂੰ ਬਸਤਰ ਪੁਲਿਸ ਅਤੇ ਰਾਜ ਵਲੋਂ ਖੜ੍ਹੇ ਕੀਤੇ ਗਏ ਗਰੋਹਾਂ 'ਸਮਾਜਿਕ ਏਕਤਾ ਮੰਚ' ਅਤੇ 'ਅਗਨੀ' (ਐਕਸ਼ਨ ਗਰੁੱਪ ਆਫ ਨੈਸ਼ਨਲ ਇੰਟੈਗਰੇਸ਼ਨ) ਵਲੋਂ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਐਡਵੋਕੇਟ ਸ਼ਾਲਿਨੀ ਗੇਰਾ ਅਤੇ ਐਡਵੋਕੇਟ ਈਸ਼ਾ ਖੰਡੇਲਵਾਲ ਦੀ ਅਗਵਾਈ ਵਾਲੀ ਵਕੀਲਾਂ ਦੀ ਇਹ ਟੀਮ ਝੂਠੇ ਕੇਸਾਂ ਤਹਿਤ ਜੇਲ੍ਹਾਂ ਵਿਚ ਡੱਕੇ ਅਤੇ ਪੁਲਿਸ ਤੇ ਸੁਰੱਖਿਆ ਬਲਾਂ ਦੇ ਜ਼ੁਲਮਾਂ ਦੇ ਸਤਾਏ ਗ਼ਰੀਬ ਆਦਿਵਾਸੀਆਂ ਨੂੰ ਕਾਨੂੰਨੀ ਸਹਾਇਤਾ ਦੇ ਰਹੀ ਹੈ। ਆਦਿਵਾਸੀਆਂ ਦੇ ਵਿਆਪਕ ਘਾਣ ਵਿਚ ਮਸਰੂਫ਼ ਪੁਲਿਸ ਤੇ ਹੋਰ ਏਜੰਸੀਆਂ ਅਤੇ ਛੱਤੀਸਗੜ੍ਹ ਰਾਜ ਨੂੰ ਇਹ ਮਨਜ਼ੂਰ ਨਹੀਂ। ਮਕਾਨ ਮਾਲਕਾਂ ਨੂੰ ਪੁਲਿਸ ਅਤੇ ਇਸਦੇ ਸਹਿਯੋਗੀ ਗਰੋਹਾਂ ਵਲੋਂ ਡਰਾ-ਧਮਕਾਕੇ ਵਕੀਲਾਂ ਦੀ ਟੀਮ ਨੂੰ ਮਾਰਚ 2016 'ਚ ਛੱਤੀਸਗੜ੍ਹ ਵਿੱਚੋਂ ਕੱਢ ਦਿੱਤਾ ਗਿਆ। ਹੁਣ ਜਦੋਂ ਸ਼ਾਲਿਨੀ ਗੇਰਾ ਆਦਿਵਾਸੀ ਲੜਕੇ ਸੋਮਰੂ ਪੋਟਮ ਦੇ ਮਾਮਲੇ ਵਿਚ ਹਾਈਕੋਰਟ ਦੇ ਆਦੇਸ਼ਾਂ ਅਨੁਸਾਰ, ਸਥਾਨਕ ਡਿਵੀਜ਼ਨਲ ਕਮਿਸ਼ਨਰ ਵਲੋਂ ਕੀਤੇ ਇੰਤਜ਼ਾਮਾਂ ਤਹਿਤ ਬੀਜਾਪੁਰ ਦੀ ਇਕ ਧਰਮਸ਼ਾਲਾ ਵਿਚ ਠਹਿਰੀ ਹੋਈ ਸੀ ਤਾਂ ਸਥਾਨਕ ਪੁਲਿਸ ਇੰਸਪੈਕਟਰ ਵਲੋਂ ਉਸ ਨੂੰ ਫ਼ੋਨ ਕਰਕੇ ਪ੍ਰੇਸ਼ਾਨ ਕੀਤਾ ਗਿਆ। ਅਗਲੇ ਦਿਨ ਬਸਤਰ ਦੇ ਐੱਸ.ਪੀ. ਸ਼੍ਰੀ ਦਾਸ਼ ਵਲੋਂ ਉਸ ਨੂੰ ਧਮਕੀਨੁਮਾ ਫ਼ੋਨ ਕਰਕੇ ਦੱਸਿਆ ਗਿਆ ਕਿ ਉਸਦੇ ਖ਼ਿਲਾਫ਼ ਮਾਓਵਾਦੀਆਂ ਦੀ ਮਦਦ ਕਰਨ ਦਾ ਕੇਸ ਦਰਜ ਕਰ ਲਿਆ ਗਿਆ ਹੈ।

ਆਦਿਵਾਸੀ ਹੱਕਾਂ ਲਈ ਸੰਘਰਸ਼ਸ਼ੀਲ ਕਾਰਕੁੰਨ ਸੁਕੁਲ ਪ੍ਰਸਾਦ ਬਾਰਸੇ ਨੇ 19 ਦਸੰਬਰ ਨੂੰ ਦਾਂਤੇਵਾੜਾ ਜ਼ਿਲ੍ਹੇ ਦੇ ਇਕ ਪਿੰਡ ਵਿਚ ਉਨ੍ਹਾਂ ਆਦਿਵਾਸੀ ਪਰਿਵਾਰਾਂ ਦੀ ਪੀ.ਯੂ.ਸੀ.ਐੱਲ. (ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼) ਦੀ ਟੀਮ ਨਾਲ ਇਕ ਮੀਟਿੰਗ ਕਰਵਾਈ ਸੀ ਜਿਨ੍ਹਾਂ ਨੂੰ ਝੂਠੇ ਮੁਕਾਬਲਿਆਂ ਵਿਚ ਮਾਰਿਆ ਗਿਆ ਅਤੇ ਜੋ ਪੁਲਿਸ ਤੇ ਸੁਰੱਖਿਆ ਬਲਾਂ ਵਲੋਂ ਢਾਹੀ ਜਾ ਰਹੀ ਜਿਣਸੀ ਹਿੰਸਾ ਅਤੇ ਮਨੁੱਖੀ ਹੱਕਾਂ ਦੇ ਘਾਣ ਦਾ ਸ਼ਿਕਾਰ ਹੋਏ ਸਨ। ਪੁਲਿਸ ਨੇ ਇਸ ਟੀਮ ਨੂੰ ਤਸਦੀਕ ਦੇ ਬਹਾਨੇ ਤੰਗ-ਪ੍ਰੇਸ਼ਾਨ ਕੀਤਾ, ਉਨ੍ਹਾਂ ਦੀਆਂ ਫ਼ੋਟੋਆਂ ਲੈਕੇ ਸੋਸ਼ਲ ਮੀਡੀਆ ਉੱਪਰ ਪਾ ਦਿੱਤੀਆਂ ਜਿਥੇ ਉਨ੍ਹਾਂ ਨੂੰ ਆਦਿਵਾਸੀਆਂ ਨੂੰ ਭੜਕਾਉਣ ਆਏ ਜੇ.ਐੱਨ.ਯੂ. ਦੇ ਵਿਦਿਆਰਥੀ ਬਣਾਕੇ ਪੇਸ਼ ਕੀਤਾ ਗਿਆ। ਦਾਂਤੇਵਾੜਾ ਪੁਲਿਸ ਆਦਿਵਾਸੀ ਕਾਰਕੁੰਨ ਬਾਰਸੇ ਨੂੰ ਲਗਾਤਾਰ ਤੰਗ-ਪ੍ਰੇਸ਼ਾਨ ਕਰ ਰਹੀ ਹੈ।

24 ਅਕਤੂਬਰ 2016 ਨੂੰ ਪੁਲਿਸ ਵਲੋਂ ਬਸਤਰ ਡਿਵੀਜਨ ਦੇ ਸਾਰੇ ਤਹਿਸੀਲ ਸਦਰ-ਮੁਕਾਮਾਂ ਉੱਪਰ ਛੇ ਉੱਘੀਆਂ ਜਮਹੂਰੀ ਸ਼ਖਸੀਅਤਾਂ - ਮਨੀਸ਼ ਕੁੰਜਮ, ਪ੍ਰੋਫੈਸਰ ਨੰਦਿਨੀ ਸੁੰਦਰ, ਬੇਲਾ ਭਾਟੀਆ, ਸੋਨੀ ਸੋਰੀ ਅਤੇ ਮਾਲਿਨੀ ਸੁਬਰਾਮਨੀਅਮ ਦੇ ਪੁਤਲੇ ਸਾੜੇ ਗਏ ਜਿਨ੍ਹਾਂ ਨੂੰ ਬਸਤਰ ਵਿਚ ਭਾਰਤੀ ਰਾਜ ਵਲੋਂ ਆਦਿਵਾਸੀਆਂ ਵਿਰੁੱਧ ਲੜੀ ਜਾ ਰਹੀ ਜੰਗ ਵਿਰੁੱਧ ਆਵਾਜ਼ ਉਠਾਉਣ ਕਾਰਨ ਲਗਾਤਾਰ ਧਮਕਾਇਆ ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਪੁਲਿਸ ਵਲੋਂ ਇਹ 'ਸਰਕਾਰੀ ਰੋਸ-ਵਿਖਾਵੇ' ਟਾੜਮੇਟਲਾ ਕਤਲੇਆਮ (2011) ਮਾਮਲੇ ਵਿਚ ਸੀ.ਬੀ.ਆਈ. ਵਲੋਂ ਸੁਪਰੀਮ ਕੋਰਟ ਵਿਚ ਸਟੇਟੱਸ ਰਿਪੋਰਟ ਪੇਸ਼ ਕੀਤੇ ਜਾਣ 'ਤੇ ਕੀਤੇ ਗਏ ਜਿਸ ਵਿਚ ਕੇਂਦਰੀ ਏਜੰਸੀ ਵਲੋਂ ਕਤਲਾਂ, ਲੁੱਟਮਾਰ, ਬਲਾਤਕਾਰਾਂ ਅਤੇ ਸਾੜਫੂਕ ਲਈ ਸੱਤ ਐੱਸ.ਪੀ.ਓਜ਼ ਅਤੇ ਸਵਾਮੀ ਅਗਨੀਵੇਸ਼ ਤੇ ਉਸ ਦੀ ਟੀਮ ਉੱਪਰ ਹਮਲੇ ਲਈ 26 ਸਲਵਾ ਜੁੜਮ ਮੈਂਬਰਾਂ ਨੂੰ ਜ਼ੁੰਮੇਵਾਰ ਠਹਿਰਾਇਆ ਗਿਆ ਸੀ। ਪੁਤਲੇ ਸਾੜ ਰਹੀ ਪੁਲਿਸ ਨੇ ਦਾਅਵਾ ਕੀਤਾ ਕਿ ਇਹ ਛੇ ਜਣੇ "ਰਾਸ਼ਟਰ ਵਿਰੋਧੀ" ਹਨ ਜੋ ਝੂਠੇ ਪ੍ਰਚਾਰ ਦੁਆਰਾ ਛੱਤੀਸਗੜ੍ਹ ਪੁਲਿਸ ਨੂੰ ਬਦਨਾਮ ਕਰ ਰਹੇ ਹਨ। ਯਾਦ ਰਹੇ ਕਿ ਕੁੰਜਮ ਅਤੇ ਨੰਦਿਨੀ ਟਾੜਮੇਟਲਾ ਮਾਮਲੇ ਵਿਚ ਮੁੱਖ ਪਟੀਸ਼ਨਰ ਹਨ।

5 ਨਵੰਬਰ ਨੂੰ ਛੱਤੀਸਗੜ੍ਹ ਪੁਲਿਸ ਵਲੋਂ 26 ਵਿਅਕਤੀਆਂ ਵਿਰੁੱਧ ਕਤਲ, ਰਾਜ ਵਿਰੁੱਧ ਸਾਜ਼ਿਸ਼ ਰਚਣ, ਗ਼ੈਰਕਾਨੂੰਨੀ ਇਕੱਠ ਕਰਨ ਆਦਿ ਕਈ ਸੰਗੀਨ ਧਾਰਾਵਾਂ ਤਹਿਤ ਪਰਚਾ ਦਰਜ ਕੀਤਾ ਗਿਆ। ਸਰਕਾਰ ਦੀ ਸਰਪ੍ਰਸਤੀ ਪ੍ਰਾਪਤ ਪੁਲਿਸ ਅਧਿਕਾਰੀ ਕਾਨੂੰਨ ਨੂੰ ਇਸ ਕਦਰ ਟਿੱਚ ਜਾਣਦੇ ਹਨ ਕਿ ਆਈ.ਜੀ. ਕਲੂਰੀ ਵਲੋਂ ਪੁਲਿਸ ਨੂੰ ਇਨ੍ਹਾਂ ਦੋਸ਼ੀਆਂ ਵਿਰੁੱਧ ਕਾਮਯਾਬੀ ਨਾਲ ਕੇਸ ਦਰਜ ਬਦਲੇ ਪ੍ਰੈੱਸ ਕਾਨਫਰੰਸ ਕਰਕੇ ਵਧਾਈ ਦਿੱਤੀ ਗਈ। ਪ੍ਰੋਫੈਸਰ ਨੰਦਿਨੀ ਸੁੰਦਰ, ਪ੍ਰੋਫੈਸਰ ਅਰਚਨਾ ਪ੍ਰਸਾਦ, ਵਿਨੀਤ ਤਿਵਾੜੀ, ਸੰਜੇ ਪਰਾਟੇ ਅਤੇ ਦੋ ਸਥਾਨਕ ਆਦਿਵਾਸੀ ਕਾਰਕੁੰਨਾਂ ਸਮੇਤ ਇਨ੍ਹਾਂ 26 ਵਿਅਕਤੀਆਂ ਉੱਪਰ ਇਲਜ਼ਾਮ ਲਗਾਇਆ ਗਿਆ ਹੈ ਕਿ ਮਾਓਵਾਦੀਆਂ ਵਲੋਂ 'ਟਾਂਗੀਆ' ਨਾਂ ਦੇ ਅਖਾਉਤੀ ਨਕਸਲੀ ਵਿਰੋਧ ਗਰੁੱਪ ਦੇ ਆਗੂ ਸ਼ਾਮਨਾਥ ਬਘੇਲ ਦਾ ਕਤਲ ਇਨ੍ਹਾਂ ਦੇ ਕਹਿਣ 'ਤੇ ਕੀਤਾ ਗਿਆ ਸੀ। ਇਹ ਖ਼ਾਸ ਕੇਸ ਪਾਏ ਜਾਣ ਦਾ ਕਾਰਨ ਮਈ 2016 ਵਿਚ ਉਪਰੋਕਤ ਸ਼ਖਸੀਅਤਾਂ ਵਲੋਂ ਤਿਆਰ ਕੀਤੀ ਗਈ ਤੱਥ ਖੋਜ ਰਿਪੋਰਟ ਸੀ। ਰਿਪੋਰਟ ਵਿਚ ਬਸਤਰ ਵਿਚ ਪੁਲਿਸ ਅਤੇ ਸੁਰੱਖਿਆ ਬਲਾਂ ਵਲੋਂ ਚਲਾਏ ਜਾ ਰਹੇ ਝੂਠੇ ਮੁਕਾਬਲਿਆਂ, ਬਲਾਤਕਾਰਾਂ, ਅੰਧਾਧੁੰਦ ਗ੍ਰਿਫ਼ਤਾਰੀਆਂ, ਆਮ ਆਦਿਵਾਸੀਆਂ ਉੱਪਰ ਤਸ਼ੱਦਦ ਦੇ ਸਿਲਸਿਲੇ ਅਤੇ ਪੁਲਿਸ ਵਲੋਂ ਧੜਾਧੜ ਕੀਤੇ ਜਾ ਰਹੇ ਆਈ.ਈ.ਡੀ. ਧਮਾਕਿਆਂ ਦੀ ਹਕੀਕਤ ਬਿਆਨ ਕੀਤੀ ਗਈ ਸੀ। ਇਹ ਵੀ ਖ਼ੁਲਾਸਾ ਕੀਤਾ ਗਿਆ ਸੀ ਕਿ ਪੁਲਿਸ ਅਧਿਕਾਰੀ ਗ਼ੈਰਕਾਨੂੰਨੀ ਕਰਾਰ ਦਿੱਤੀ ਸਲਵਾ ਜੁੜਮ ਦੀ ਤਰਜ਼ 'ਤੇ ਜਨ-ਜਾਗਰਣ ਮੁਹਿੰਮਾਂ ਚਲਾ ਰਹੇ ਸਨ।

ਜਿਹੜੇ ਪੱਤਰਕਾਰ ਪੁਲਿਸ ਦੇ ਜ਼ੁਲਮਾਂ ਨੂੰ ਸਾਹਮਣੇ ਲਿਆਉਂਦੇ ਹਨ ਉਨ੍ਹਾਂ ਵਿਰੁੱਧ ਪੁਲਿਸ ਵਲੋਂ ਜਥੇਬੰਦ ਮੁਹਿੰਮ ਚਲਾਈ ਜਾ ਰਹੀ ਹੈ। 21 ਮਾਰਚ 2016 ਨੂੰ ਈ.ਟੀਵੀ ਦੇ ਸਥਾਨਕ ਪੱਤਰਕਾਰ ਪ੍ਰਭਾਤ ਸਿੰਘ ਨੂੰ ਪੁਲਿਸ ਵਲੋਂ ਗ੍ਰਿਫ਼ਤਾਰ ਕਰਕੇ ਤਸੀਹੇ ਦਿੱਤੇ ਗਏ। ਉਸ ਉੱਪਰ ਇਕ ਝੂਠਾ ਕੇਸ ਪਾ ਦਿੱਤਾ ਗਿਆ ਅਤੇ ਆਈ.ਜੀ. ਕਲੂਰੀ ਦੇ ਹੱਕ ਵਿਚ ਖ਼ਬਰਾਂ ਦੇਣ ਲਈ ਦਬਾਓ ਪਾਇਆ ਗਿਆ। ਪੁਲਿਸ ਦੇ ਦਬਾਓ ਕਾਰਨ ਚੈਨਲ ਵਲੋਂ ਅਚਾਨਕ ਹੀ ਇਕ ਦਿਨ ਪਹਿਲਾਂ ਉਸਨੂੰ ਬਰਖ਼ਾਸਤ ਕਰ ਦਿੱਤਾ ਗਿਆ। ਉਸ ਉੱਪਰ ਹੋਰ ਥਾਵਾਂ ਉੱਪਰ ਵੀ ਝੂਠੇ ਕੇਸ ਦਰਜ ਕੀਤੇ ਹੋਏ ਸਨ ਅਤੇ ਉਸਨੂੰ ਝੂਠੇ ਮੁਕਾਬਲਿਆਂ ਅਤੇ ਗ੍ਰਿਫ਼ਤਾਰੀਆਂ ਦੇ ਫਰਾਡ ਵਿਰੁੱਧ ਰਿਪੋਰਟਾਂ ਭੇਜੀਆਂ ਬੰਦ ਕਰਨ ਲਈ 2014 ਤੋਂ ਲੈਕੇ ਲਗਾਤਾਰ ਧਮਕਾਇਆ ਜਾ ਰਿਹਾ ਸੀ।

ਇਸੇ ਤਰ੍ਹਾਂ 26 ਮਾਰਚ 2016 ਨੂੰ ਇਕ ਹੋਰ ਪੱਤਰਕਾਰ ਦੀਪਕ ਜੈਸਵਾਲ ਨੂੰ ਇਕ ਪੁਰਾਣੇ ਕੇਸ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ। ਇਹ ਮਾਮਲਾ ਇਕ ਸਕੂਲ ਪ੍ਰਿੰਸੀਪਲ ਨੇ ਦਰਜ ਕਰਾਇਆ ਸੀ ਪਰ ਉਸਨੂੰ ਗ੍ਰਿਫ਼ਤਾਰ ਓਦੋਂ ਕੀਤਾ ਗਿਆ ਜਦੋਂ ਉਹ ਪੱਤਰਕਾਰ ਪ੍ਰਭਾਤ ਸਿੰਘ ਦੀ ਜ਼ਮਾਨਤ ਦੇਣ ਲਈ ਅਦਾਲਤ ਵਿਚ ਆਇਆ। ਉਹ ਚਾਰ ਮਹੀਨਿਆਂ ਦੇ ਅੰਦਰ ਬਸਤਰ ਵਿਚ ਗ੍ਰਿਫ਼ਤਾਰ ਕੀਤਾ ਜਾਣ ਵਾਲਾ ਚੌਥਾ ਪੱਤਰਕਾਰ ਸੀ।

ਕਾਰਕੁੰਨਾਂ ਦੀ ਬਾਂਹ ਮਰੋੜਨ, ਤੰਗ-ਪ੍ਰੇਸ਼ਾਨ ਕਰਨ, ਉਨ੍ਹਾਂ ਨੂੰ ਬਸਤਰ ਵਿੱਚੋਂ ਕੱਢਣ, ਉਨ੍ਹਾਂ ਉੱਪਰ ਹਮਲਿਆਂ, ਝੂਠੇ ਕੇਸਾਂ, ਗ੍ਰਿਫ਼ਤਾਰੀਆਂ, ਹਿਰਾਸਤ ਵਿਚ ਤਸੀਹੇ ਦੇਣ ਦੀਆਂ ਇਨ੍ਹਾਂ ਕੁਝ ਮਿਸਾਲਾਂ ਤੋਂ ਹੀ ਸਪਸ਼ਟ ਹੋ ਜਾਂਦਾ ਕਿ ਛੱਤੀਸਗੜ੍ਹ ਅੰਦਰ ਮਨੁੱਖੀ ਹੱਕਾਂ ਦੀ ਹਾਲਤ ਕਿੰਨੀ ਖ਼ਤਰਨਾਕ ਬਣ ਚੁੱਕੀ ਹੈ। ਡਾ. ਬਿਨਾਇਕ ਸੇਨ, ਸੋਨੀ ਸੋਰੀ, ਹੇਮਮਿਸ਼ਰਾ, ਪ੍ਰੋਫੈਸਰ ਸਾਈਬਾਬਾ ਆਦਿ ਕਾਰਕੁੰਨਾਂ ਨੂੰ ਝੂਠੇ ਕੇਸਾਂ ਤਹਿਤ ਸਾਲਾਂਬੱਧੀ ਜੇਲ੍ਹ ਵਿਚ ਸਾੜਨ ਕਾਰਨ ਛੱਤੀਸਗੜ੍ਹ ਪੁਲਿਸ ਰਾਜ ਦਾ ਫਾਸ਼ੀਵਾਦੀ ਚਿਹਰਾ ਪਹਿਲਾਂ ਹੀ ਬੁਰੀ ਤਰ੍ਹਾਂ ਨੰਗਾ ਹੋ ਚੁੱਕਾ ਹੈ। ਇਨ੍ਹਾਂ ਹਮਲਿਆਂ ਨਾਲ ਪੁਲਿਸ ਇਹ ਯਕੀਨੀਂ ਬਣਾਉਣ ਦੇ ਯਤਨ ਕਰ ਰਹੀ ਹੈ ਕਿ ਸਰਕਾਰੀ ਤਾਕਤਾਂ ਅਤੇ ਉਨ੍ਹਾਂ ਦੇ ਜੋਟੀਦਾਰਾਂ ਵਲੋਂ ਜੋ ਜੁਰਮ ਉੱਥੇ ਕੀਤੇ ਜਾ ਰਹੇ ਹਨ ਉਨ੍ਹਾਂ ਦੀ ਧੂੰ ਬਾਹਰ ਨਾ ਨਿਕਲੇ। ਕਬਾਇਲੀ ਹੱਕਾਂ ਲਈ ਕੰਮ ਕਰਨ ਵਾਲੇ ਵਿਦਵਾਨਾਂ ਅਤੇ ਕਾਰਕੁੰਨਾਂ ਨੂੰ ਕੇਸਾਂ ਵਿਚ ਉਲਝਾਕੇ ਕਬਾਇਲੀ ਲੋਕਾਂ ਦੀ ਹਮਾਇਤ ਅਤੇ ਮਦਦ ਨੂੰ ਰੋਕਿਆ ਜਾ ਰਿਹਾ ਹੈ। ਕਾਨੂੰਨੀ ਸਹਾਇਤਾ ਦੇਣ ਵਾਲਿਆਂ ਨੂੰ ਨਿਸ਼ਾਨਾ ਬਣਾਕੇ ਇਹ ਯਕੀਨੀਂ ਬਣਾਇਆ ਜਾ ਰਿਹਾ ਹੈ ਕਿ ਜੇਲ੍ਹਾਂ ਵਿਚ ਸੜ ਰਹੇ ਬੇਕਸੂਰਾਂ ਦੀ ਕਾਨੂੰਨੀ ਮਦਦ ਕਰਨ ਵਾਲਾ ਕੋਈ ਉੱਥੇ ਨਾ ਰਹੇ। ਚਾਹੇ ਟਾੜਮੇਟਲਾ ਕਤਲੇਆਮ ਵਿਚ ਸੀ.ਬੀ.ਆਈ. ਦੀ ਰਿਪੋਰਟ ਹੈ, ਚਾਹੇ ਨੇਂਦਰਾ ਕਾਂਡ ਵਿਚ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਰਿਪੋਰਟ ਹੈ ਜਾਂ ਪੋਟਮ ਮੁਕਾਬਲੇ ਵਿਚ ਹਾਈਕੋਰਟ ਦੀ ਰਿਪੋਰਟ ਹੈ, ਹਰ ਰਿਪੋਰਟ ਇਹੀ ਜਨਤਕ ਪੁਸ਼ਟੀ ਕਰਦੀ ਹੈ ਕਿ ਛੱਤੀਸਗੜ੍ਹ ਵਿਚ ਸਰਕਾਰੀ ਹਥਿਆਰਬੰਦ ਤਾਕਤਾਂ ਵਲੋਂ ਜੋ ਅਖਾਉਤੀ ਮਾਓਵਾਦੀ ਵਿਰੋਧੀ ਮੁਹਿੰਮ ਚਲਾਈ ਜਾ ਰਹੀ ਹੈ ਉਸ ਦੀ ਆੜ ਹੇਠ ਕੀਤੀ ਜਾ ਰਹੀ ਹਿੰਸਾ ਖ਼ਾਸ ਸੌੜੇ ਹਿੱਤਾਂ ਤੋਂ ਪ੍ਰੇਰਤ ਹੈ। 'ਸਮਾਜਿਕ ਏਕਤਾ ਮੰਚ' ਅਤੇ 'ਅਗਨੀ' ਸਲਵਾ ਜੁੜਮ ਦੀ ਮੁੜ-ਸੁਰਜੀਤੀ ਹੈ ਜਿਸਨੂੰ ਜੁਲਾਈ 2011 ਵਿਚ ਦੇਸ਼ ਦੀ ਸਰਵਉੱਚ ਅਦਾਲਤ ਵਲੋਂ ਗ਼ੈਰਸੰਵਿਧਾਨਕ ਕਰਾਰ ਦਿੱਤਾ ਗਿਆ ਸੀ। ਇਸ ਦੇ ਬਾਵਜੂਦ ਜੇ ਭਾਰਤੀ ਰਾਜ ਐਸੀਆਂ ਗ਼ੈਰਕਾਨੂੰਨੀ ਤਾਕਤਾਂ ਨੂੰ ਮੁੜ-ਮੁੜ ਸੁਰਜੀਤ ਕਰਨ ਅਤੇ ਬਰਕਰਾਰ ਰੱਖਣ 'ਤੇ ਤੁਲਿਆ ਹੋਇਆ ਹੈ ਤਾਂ ਇਸ ਪਿੱਛੇ ਇਕ ਖ਼ਾਸ ਮਨਸ਼ਾ ਕੰਮ ਕਰਦੀ ਹੈ। ਮਨਸ਼ਾ ਇਹ ਹੈ ਕਿ ਹਰ ਹਰਬਾ ਵਰਤਕੇ ਉਨ੍ਹਾਂ ਜਮਹੂਰੀ ਤਾਕਤਾਂ ਦੀ ਜ਼ੁਬਾਨਬੰਦੀ ਕੀਤੀ ਜਾਵੇ ਅਤੇ ਸੱਚ ਨੂੰ ਦਬਾ ਦਿੱਤਾ ਜਾਵੇ ਜੋ ਸਥਾਪਤੀ ਦੇ ਗੁਪਤ ਏਜੰਡੇ ਨੂੰ ਅੰਜਾਮ ਦੇਣ ਵਿਚ ਰੁਕਾਵਟ ਬਣਦੀਆਂ ਹਨ ਅਤੇ ਰਾਜਕੀ ਹਿੰਸਾ ਹੇਠ ਪਿਸ ਰਹੇ ਲੋਕਾਂ ਦੀ ਇਨਸਾਫ਼ ਲੈਣ ਵਿਚ ਮਦਦ ਕਰਦੀਆਂ ਹਨ।

ਸਥਾਪਤੀ ਮਾਓਵਾਦੀ ਬਗ਼ਾਵਤ ਦਾ ਸਫ਼ਾਇਆ ਕਰਕੇ 'ਕਾਨੂੰਨ ਦਾ ਰਾਜ' ਮੁੜ-ਬਹਾਲ ਕਰਨ ਦੇ ਦਾਅਵੇ ਕਰਦੀ ਹੈ ਜਦਕਿ ਇਸੇ ਦੀ ਪੁਲਿਸ, ਨੀਮ-ਫ਼ੌਜੀ ਤਾਕਤਾਂ ਅਤੇ ਇਸ ਵਲੋਂ ਖੜ੍ਹੀਆਂ ਕੀਤੀਆਂ ਹੱਥਠੋਕਾ ਸੰਸਥਾਵਾਂ ਅਦਾਲਤੀ ਅਮਲ ਨੂੰ ਰੋਕਣ ਲਈ ਸਰਗਰਮ ਮੁਹਰੈਲ ਤਾਕਤਾਂ ਹਨ। ਟਾੜਮੇਟਲਾ ਮਾਮਲੇ ਵਿਚ ਸੁਪਰੀਮ ਕੋਰਟ ਦੇ ਆਦੇਸ਼ ਉੱਪਰ ਵਿਸ਼ੇਸ਼ ਜਾਂਚ ਨੂੰ ਦਬਾਉਣ ਲਈ ਪੁਲਿਸ ਵਲੋਂ ਪੁਤਲੇ ਸਾੜਨਾ, ਪੋਟਮ ਮਾਮਲੇ ਵਿਚ ਹਾਈਕੋਰਟ ਦੇ ਦਫ਼ਨਾਈ ਲਾਸ਼ ਨੂੰ ਬਾਹਰ ਕੱਢਕੇ ਦੁਬਾਰਾ ਪੋਸਟ ਮਾਰਟਮ ਕੀਤੇ ਜਾਣ ਦੇ ਆਦੇਸ਼ ਨੂੰ ਲਾਗੂ ਹੋਣ ਤੋਂ ਰੋਕਣ ਲਈ ਕਾਨੂੰਨੀ ਪੈਰਵਾਈ ਕਰਨ ਵਾਲਿਆਂ ਉੱਪਰ ਝੂਠੇ ਕੇਸ ਦਰਜ ਕਰਨਾ ਅਤੇ ਸਥਾਨਕ ਮੁਜਰਿਮਾਂ ਨੂੰ ਆਮ ਨਾਗਰਿਕਾਂ ਵਿਰੁੱਧ ਲਾਮਬੰਦ ਤੇ ਹਥਿਆਰਬੰਦ ਕਰਨ ਪਿੱਛੇ ਸਥਾਪਤੀ ਦਾ ਖ਼ਾਸ ਏਜੰਡਾ ਕੰਮ ਕਰ ਰਿਹਾ ਹੈ। ਇਹ ਆਦਿਵਾਸੀ ਟਾਕਰੇ ਨੂੰ ਹਰ ਫਾਸ਼ੀਵਾਦੀ ਤਰੀਕੇ ਨਾਲ ਕੁਚਲਕੇ ਇੱਥੋਂ ਦੇ ਅਮੀਰ ਕੁਦਰਤੀ ਵਸੀਲੇ ਕਾਰਪੋਰੇਟ ਸਰਮਾਏਦਾਰੀ ਦੇ ਹਵਾਲੇ ਕਰਨ ਦਾ ਏਜੰਡਾ

ਹੈ। ਨਵਉਦਾਰੀਵਾਦੀ ਆਰਥਕ ਮਾਡਲ ਤਹਿਤ ਭਾਰਤੀ ਰਾਜ ਬਦੇਸ਼ੀ ਤੇ ਦੇਸੀ ਕਾਰਪੋਰੇਟ ਸਰਮਾਏਦਾਰੀ ਦੀ ਬੇਸ਼ਰਮ ਸਿਆਸੀ ਏਜੰਸੀ ਵਜੋਂ ਕੰਮ ਕਰ ਰਿਹਾ ਹੈ। ਹਿੰਦੂਤਵੀ ਤਾਕਤਾਂ ਦੇ ਕੇਂਦਰੀ ਸੱਤਾ ਉੱਪਰ ਕਾਬਜ਼ ਹੋਣ ਨਾਲ ਰਾਜ ਦੀ ਇਹ ਦੇਸ਼ ਵਿਰੋਧੀ ਭੂਮਿਕਾ ਹੋਰ ਵੀ ਖੁੱਲ੍ਹਕੇ ਸਾਹਮਣੇ ਆ ਗਈ ਹੈ। 'ਰਾਸ਼ਟਰਵਾਦੀ' ਲਫ਼ਾਜ਼ੀ ਦੀ ਆੜ ਹੇਠ ਦੇਸ਼ ਦੇ ਹਿਤਾਂ ਵਿਰੁੱਧ ਇਸ ਡੂੰਘੀ ਸਾਜ਼ਿਸ਼ ਨੂੰ ਪੂਰੀ ਗੰਭੀਰਤਾ ਨਾਲ ਬੇਨਕਾਬ ਕਰਨਾ ਅਤੇ ਇਸ ਦੇ ਅਨਿੱਖੜ ਅੰਗ ਵਜੋਂ ਬਸਤਰ ਵਿਚ ਅਤੇ ਹੋਰ ਥਾਈਂ ਢਾਹੇ ਜਾ ਫਾਸ਼ੀਵਾਦੀ ਜਬਰ ਦੇ ਖ਼ਿਲਾਫ਼ ਸਰਗਰਮੀ ਨਾਲ ਲੋਕ ਰਾਇ ਲਾਮਬੰਦ ਕਰਨਾ ਅੱਜ ਸਾਡੇ ਸਾਹਮਣੇ ਬਹੁਤ ਹੀ ਅਹਿਮ ਕਾਰਜ ਹੈ।

ਇਸ ਲਈ, ਆਓ! ਬਸਤਰ ਵਿਚ ਚਲਾਏ ਜਾ ਰਹੇ ਰਾਜਕੀ ਦਹਿਸ਼ਤਵਾਦ ਵਿਰੁੱਧ ਮੀਟਿੰਗਾਂ, ਕਨਵੈਨਸ਼ਨਾਂ ਅਤੇ ਵਿਰੋਧ ਪ੍ਰਦਰਸ਼ਨ ਲਾਮਬੰਦ ਕਰਦੇ ਹੋਏ ਮੰਗ ਕਰੀਏ:

ਓਪਰੇਸ਼ਨ ਗਰੀਨ ਹੰਟ ਅਤੇ ਹੋਰ ਰੂਪਾਂ ਵਿਚ ਆਪਣੇ ਹੀ ਲੋਕਾਂ ਵਿਰੁੱਧ ਚਲਾਈ ਜਾ ਰਹੀ ਅਣਐਲਾਨੀ ਜੰਗ ਬੰਦ ਕੀਤੀ ਜਾਵੇ। ਬਸਤਰ ਅਤੇ ਹੋਰ ਇਲਾਕਿਆਂ ਵਿੱਚੋਂ ਨੀਮ-ਫ਼ੌਜੀ ਅਤੇ ਵਿਸ਼ੇਸ਼ ਪੁਲਿਸ ਤਾਕਤਾਂ ਤੁਰੰਤ ਵਾਪਸ ਬੁਲਾਈਆਂ ਜਾਣ। ਯੂ.ਏ.ਪੀ.ਏ., ਛੱਤੀਸਗੜ੍ਹ ਸਪੈਸ਼ਲ ਸਕਿਊਰਿਟੀ ਐਕਟ, ਅਫਸਪਾ, ਜੰਮੂ-ਕਸ਼ਮੀਰ ਪਬਲਿਕ ਸਕਿਊਰਿਟੀ ਐਕਟ ਆਦਿ ਵਿਸ਼ੇਸ਼ ਕਾਨੂੰਨ ਅਤੇ ਇੰਡੀਅਨ ਪੀਨਲ ਕੋਡ ਦੀਆਂ 'ਰਾਜਧ੍ਰੋਹ' ਵਰਗੀਆਂ ਬਸਤੀਵਾਦੀ ਜ਼ਮਾਨੇ ਦੀਆਂ ਧਾਰਾਵਾਂ ਖ਼ਤਮ ਕੀਤੀਆਂ ਜਾਣ। ਅਗਨੀ, ਸਮਾਜਿਕ ਏਕਤਾ ਮੰਚ ਵਰਗੇ ਗਰੋਹਾਂ ਦੀ ਰਾਜਕੀ ਪੁਸ਼ਤਪਨਾਹੀ ਬੰਦ ਕੀਤੀ ਜਾਵੇ।

ਜਥੇਬੰਦੀਆਂ ਉੱਪਰ ਪਾਬੰਦੀ ਲਾਕੇ ਸਥਾਪਤੀ ਵਿਰੁੱਧ ਸਮਾਜਿਕ ਬੇਚੈਨੀ ਅਤੇ ਜਥੇਬੰਦ ਵਿਰੋਧ ਨੂੰ ਦਬਾਉਣ ਦੀ ਫਾਸ਼ੀਵਾਦੀ ਨੀਤੀ ਬੰਦ ਕੀਤੀ ਜਾਵੇ। ਪ੍ਰੋਫੈਸਰ ਨੰਦਿਨੀ ਸੁੰਦਰ ਅਤੇ ਹੋਰ ਜਮਹੂਰੀ ਕਾਰਕੁੰਨਾਂ, ਸਿਆਸੀ ਆਗੂਆਂ ਅਤੇ ਆਦਿਵਾਸੀਆਂ ਵਿਰੁੱਧ ਦਰਜ ਕੀਤੇ ਝੂਠੇ ਕੇਸ ਵਾਪਸ ਲਏ ਜਾਣ। ਤੇਲੰਗਾਨਾ ਡੈਮੋਕਰੇਟਿਕ ਫਰੰਟ ਦੀ ਸੱਤ ਮੈਂਬਰੀ ਟੀਮ ਅਤੇ ਹੋਰ ਕਾਰਕੁੰਨਾਂ ਨੂੰ ਤੁਰੰਤ ਬਿਨਾਸ਼ਰਤ ਰਿਹਾਅ ਕੀਤਾ ਜਾਵੇ।

ਕਲੂਰੀ ਵਰਗੇ ਪੁਲਿਸ ਤੇ ਨੀਮ-ਫ਼ੌਜੀ ਅਧਿਕਾਰੀਆਂ ਦੀ ਰਾਜਕੀ ਪੁਸ਼ਤ-ਪਨਾਹੀ ਬੰਦ ਕੀਤੀ ਜਾਵੇ ਜੋ ਝੂਠੇ ਪੁਲਿਸ ਮੁਕਾਬਲਿਆਂ, ਆਦਿਵਾਸੀ ਔਰਤਾਂ ਨਾਲ ਬਲਾਤਕਾਰਾਂ, ਝੂਠੇ ਆਤਮ-ਸਮਰਪਣਾਂ, ਝੂਠੇ ਕੇਸਾਂ ਅਤੇ ਤਰ੍ਹਾਂ-ਤਰ੍ਹਾਂ ਦੇ ਤਸ਼ੱਦਦ ਤੇ ਹੋਰ ਲਾਕਾਨੂੰਨੀਆਂ ਅਤੇ ਮਨਮਾਨੀਆਂ ਕਰਨ ਵਿਚ ਰੁੱਝੇ ਹੋਏ ਹਨ। ਜਿਨ੍ਹਾਂ ਵੀ ਅਧਿਕਾਰੀਆਂ ਵਿਰੁੱਧ ਐਸੇ ਇਲਜ਼ਾਮ ਹਨ, ਅਤੇ ਖ਼ਾਸ ਕਰਕੇ ਕਲੂਰੀ ਵਰਗੇ ਪੁਲਿਸ ਅਧਿਕਾਰੀ ਜਿਨ੍ਹਾਂ ਦੀ ਭੂਮਿਕਾ ਦੀ ਸੀ.ਬੀ.ਆਈ., ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਹੋਰ ਜਾਂਚਾਂ ਦੌਰਾਨ ਪੂਰੀ ਤਰ੍ਹਾਂ ਪੁਸ਼ਟੀ ਹੋ ਚੁੱਕੀ ਹੈ, ਉਨ੍ਹਾਂ ਨੂੰ ਤੁਰੰਤ ਮੁਅੱਤਲ ਕੀਤਾ ਜਾਵੇ ਅਤੇ ਉਨ੍ਹਾਂ ਦੇ ਖ਼ਿਲਾਫ਼ ਢੁੱਕਵੀਂ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਆਦਿਵਾਸੀ ਲੋਕਾਂ ਦੀ ਰਵਾਇਤੀ ਤਰਜ਼ੇ-ਜ਼ਿੰਦਗੀ ਅਤੇ ਉਨ੍ਹਾਂ ਦੇ ਜੀਵਨ-ਗੁਜ਼ਾਰੇ ਦੇ ਵਸੀਲਿਆਂ, ਜਲ-ਜੰਗਲ-ਜ਼ਮੀਨ, ਦੀ ਸੁਰੱਖਿਆ ਯਕੀਨੀ ਬਣਾਈ ਜਾਵੇ। ਕੁਦਰਤੀ ਵਸੀਲੇ ਹਥਿਆਕੇ ਕਾਰਪੋਰੇਟ ਸਰਮਾਏਦਾਰੀ ਦੇ ਹਵਾਲੇ ਕਰਨ ਦੀ ਧਾੜਵੀ ਨੀਤੀ ਵਾਪਸ ਲਈ ਜਾਵੇ। ਆਮ ਲੋਕਾਂ ਦੀ ਸੱਚੀ ਬਿਹਤਰੀ ਦੇ ਉਦੇਸ਼ ਨਾਲ ਕੁਦਰਤੀ ਚੌਗਿਰਦੇ ਤੇ ਵਾਤਾਵਰਣ ਪੱਖੀ ਆਰਥਕ ਨੀਤੀ ਤਿਆਰ ਕਰਨ ਲਈ ਜਨਤਕ ਬਹਿਸ ਕਰਵਾਈ ਜਾਵੇ।

**ਸੂਬਾ ਕਮੇਟੀ,**
**ਜਮਹੂਰੀ ਅਧਿਕਾਰ ਸਭਾ ਪੰਜਾਬ**
**27 ਜਨਵਰੀ 2017**

# ਕਾਲਾ ਧਨ, ਜੁਮਲਾ ਸਿਆਸਤ ਅਤੇ ਨੋਟਬੰਦੀ

(ਸਫ਼ਾ 17 ਦੀ ਬਾਕੀ)

ਉੱਥੇ ਉਨ੍ਹਾਂ ਨੂੰ ਕ੍ਰੈਡਿਟ ਕਾਰਡਾਂ ਜ਼ਰੀਏ ਖ਼ਰੀਦੋ-ਫ਼ਰੋਖ਼ਤ ਦੇ ਸੁਪਨੇ ਦਿਖਾਉਣਾ ਉਨ੍ਹਾਂ ਨਾਲ ਕੁਹਜੇ ਮਜ਼ਾਕ ਤੋਂ ਬਿਨਾ ਕੁਝ ਨਹੀਂ। ਵਿਹਾਰਕ ਤੌਰ 'ਤੇ ਨਗਦੀਰਹਿਤ ਆਰਥਿਕਤਾ ਦੀ ਧੁਸ ਉਸ ਮੁਲਕ ਅੰਦਰ ਵੈਸੇ ਹੀ ਬੇਮਾਇਨੇ ਹੈ ਜਿਥੇ ਲੋਕਾਂ ਨੂੰ ਸਿੱਖਿਆ ਅਤੇ ਸਿਹਤ ਵਰਗੀਆਂ ਮੁੱਢਲੀਆਂ ਮਨੁੱਖੀ ਜ਼ਰੂਰਤਾਂ ਵੀ ਹਾਸਲ ਨਹੀਂ। ਮੋਦੀ ਸਰਕਾਰ ਨੇ ਮਾਰਚ 2016 ਤਕ 100000 ਪਿੰਡਾਂ ਦੀਆਂ ਪੰਚਾਇਤਾਂ ਨੂੰ ਆਪਟੀਕਲ ਫਾਈਬਰ ਕੇਬਲ ਨੈੱਟਵਰਕ ਨਾਲ ਜੋੜਨ ਦਾ ਟੀਚਾ ਮਿਥਿਆ ਗਿਆ ਸੀ ਹੁਣ ਤਕ ਮਹਿਜ਼ 8000 ਨੂੰ ਹੀ ਜੋੜਿਆ ਗਿਆ ਹੈ। ਮਾਰਚ 2017 ਤਕ ਢਾਈ ਲੱਖ ਪੰਚਾਇਤਾਂ ਨੂੰ ਇਸ ਜ਼ਰੀਏ ਜੋੜਨ ਦਾ ਟੀਚਾ ਨਿਰੀ ਖ਼ਾਮ-ਖ਼ਿਆਲੀ ਹੈ। ਜਿਥੇ ਰਿਜ਼ਰਵ ਬੈਂਕ ਅਨੁਸਾਰ ਬੈਂਕ ਖ਼ਾਤੇ ਵੀ ਅਜੇ 53% ਹਿੰਦੁਸਤਾਨੀਆਂ ਕੋਲ ਹਨ, ਇਨ੍ਹਾਂ ਵਿੱਚੋਂ ਵੀ 43% ਖ਼ਾਤੇ ਗ਼ੈਰਸਰਗਰਮ ਖ਼ਾਤੇ ਹਨ। ਜ਼ਿਆਦਾਤਰ ਬੈਂਕ ਸ਼ਾਖਾਵਾਂ ਸ਼ਹਿਰਾਂ ਅਤੇ 'ਵਿਕਸਤ' ਪੇਂਡੂ ਇਲਾਕਿਆਂ ਵਿਚ ਹੀ ਹਨ ਅਤੇ ਬਹੁਤ ਸਾਰੇ ਪੇਂਡੂ ਇਲਾਕਿਆਂ ਅੰਦਰ ਬੈਂਕਾਂ ਦੀ ਸਹੂਲਤ ਨਹੀਂ ਹੈ। ਗ਼ੈਰਰਸਮੀ ਖੇਤਰ (ਅਖਾਉਤੀ ਸਲੇਟੀ ਆਰਥਿਕਤਾ) ਮੁਲਕ ਦੀ ਆਰਥਿਕਤਾ ਦੇ ਅੰਦਰ ਸਭ ਤੋਂ ਵੱਡਾ ਰੋਜ਼ਗਾਰਦਾਤਾ ਹੈ, ਜਿਸ ਵਿਚ 90ਫ਼ੀਸਦੀ ਦੇ ਕਰੀਬ ਕਾਮਾ ਸ਼ਕਤੀ ਕੰਮ ਕਰਦੀ ਹੈ ਅਤੇ ਇਥੇ ਪ੍ਰਮੁੱਖ ਤੌਰ 'ਤੇ (90ਫ਼ੀਸਦੀ ਦੇ ਕਰੀਬ) ਲੈਣ ਦੇਣ ਨਗਦੀ ਅਧਾਰਤ ਹੁੰਦਾ ਹੈ। ਇਸਤੋਂ ਸਪਸ਼ਟ ਹੈ ਕਿ ਨਗਦੀ ਲੈਣ-ਦੇਣ ਨਾ ਤਾਂ ਆਪਣੇ ਆਪ ਵਿਚ ਕਾਲੇ ਧਨ ਦੀ ਜਨਨੀ ਹੈ ਅਤੇ ਨਾ ਹੀ ਆਰਥਿਕਤਾ ਨੂੰ ਨਗਦੀ ਰਹਿਤ ਬਣਾਉਣਾ ਆਰਥਿਕਤਾ ਦੇ ਹਿੱਤ ਵਿਚ ਹੈ। ਉਲਟਾ ਕਰੈਡਿਟ/ਡੈਬਿਟ ਕਾਰਡਾਂ ਦੁਆਰਾ ਅਦਾਇਗੀ ਉੱਪਰ ਸਰਵਿਸ ਕਟੌਤੀ ਨਾਲ ਖ਼ਪਤਕਾਰਾਂ ਉੱਪਰ ਨਵਾਂ ਬੋਝ ਪੈਣ ਜਾ ਰਿਹਾ ਹੈ।

ਇਕ ਹਾਲੀਆ ਰਿਪੋਰਟ ਅਨੁਸਾਰ ਪਿਛਲੇ ਸਾਲ ਹਿੰਦੁਸਤਾਨ ਵਿਚ 75ਫ਼ੀਸਦੀ ਲੈਣ-ਦੇਣ ਨਗਦੀ ਅਧਾਰਤ ਹੋਇਆ। ਮੋਦੀ ਸਰਕਾਰ ਇਸ ਨੂੰ ਕੈਸ਼ਲੈੱਸ ਆਰਥਿਕਤਾ ਬਣਾਉਣ ਦਾ ਏਜੰਡਾ ਲੈਕੇ ਚੱਲ ਰਹੀ ਹੈ। ਇਸ ਨਾਲ ਹਰ ਨਾਗਰਿਕ ਦਾ ਰੋਜ਼ਮਰਾ ਲੈਣ-ਦੇਣ ਪੂਰੀ ਤਰ੍ਹਾਂ ਸਰਕਾਰ ਦੇ ਕੰਟਰੋਲ ਹੇਠ ਹੋ ਜਾਵੇਗਾ। ਇਸ ਨਾਲ ਛੋਟੇ ਪੈਮਾਨੇ ਦੀ ਟੈਕਸ ਚੋਰੀ ਦੇ ਰਸਤੇ ਬੰਦ ਹੋਣ ਸਰਕਾਰ ਅਤੇ ਕਾਰਪੋਰੇਟ ਕਾਰੋਬਾਰੀਆਂ ਨੂੰ ਫ਼ਾਇਦਾ ਹੋਵੇਗਾ। ਲੋਕਾਂ ਦੇ ਟੈਕਸ ਦਾ ਪੈਸਾ ਹੋਰ ਵੀ ਵਸੀਹ ਪੈਮਾਨੇ 'ਤੇ ਇਨ੍ਹਾਂ ਦੇ ਹਿੱਤ ਲਈ ਇਸਤੇਮਾਲ ਕੀਤਾ ਜਾਵੇਗਾ। ਸਰਵਿਸ ਟੈਕਸ ਪਹਿਲਾਂ ਹੀ 12.36ਫ਼ੀਸਦੀ ਤੋਂ ਵਧਾਕੇ 15ਫ਼ੀਸਦੀ ਕੀਤਾ ਜਾ ਚੁੱਕਾ ਹੈ। ਅਗਲੇ ਸਾਲ ਗੁੱਡਜ਼ ਐਂਡ ਸਰਵਿਸ ਟੈਕਸ (ਜੀ.ਐੱਸ.ਟੀ.) ਲਾਗੂ ਹੋਣ ਨਾਲ ਆਮ ਖ਼ਪਤਕਾਰ ਦੀ ਲੁੱਟ ਵਿਚ ਹੋਰ ਵੀ ਬੇਤਹਾਸ਼ਾ ਵਾਧਾ ਹੋਵੇਗਾ।

ਦਰਅਸਲ, ਸਰਕਾਰ ਦਾ ਇਰਾਦਾ ਕਾਲੇ ਧਨ ਨੂੰ ਨੱਥ ਪਾਉਣ ਦੀ ਬਜਾਏ ਚਲਾਕੀ ਨਾਲ ਇਸ ਨੂੰ ਹੋਰ ਵਧਾਉਣਾ ਹੈ। ਹਾਕਮ ਜਮਾਤੀ ਸਿਆਸੀ ਪਾਰਟੀਆਂ ਦੇ ਖਾਤਿਆਂ ਨੂੰ ਆਮਦਨ ਕਰ ਐਕਟ-1961 ਦੀ ਧਾਰਾ 13-ਏ ਤਹਿਤ ਪਹਿਲਾਂ ਹੀ ਟੈਕਸ ਤੋਂ ਛੋਟ ਹੈ। ਮੋਦੀ ਸਰਕਾਰ ਦੇ ਨਵੇਂ ਫ਼ੁਰਮਾਨ ਤਹਿਤ ਵੀ ਉਨ੍ਹਾਂ ਨੂੰ ਪੂਰੀ ਛੋਟ ਦਿੱਤੀ ਗਈ ਹੈ, ਉਹ ਜਿੰਨੇ ਮਰਜ਼ੀ ਪੁਰਾਣੇ ਨੋਟ ਆਪਣੇ ਖ਼ਾਤਿਆਂ ਦੁਆਰਾ ਜਮਾਂ ਕਰਵਾ ਸਕਦੇ ਹਨ ਜਿਸਦੀ ਆਮਦਨ ਕਰ ਮਹਿਕਮੇ ਵਲੋਂ ਕੋਈ ਪੁੱਛਗਿੱਛ ਨਹੀਂ ਕੀਤੀ ਜਾਵੇਗੀ। ਬਾਰਸੂਖ਼ ਅਤੇ ਧਨਾਢ ਹਿੱਸੇ ਆਪਣੇ ਨਜਾਇਜ਼ ਧਨ ਨੂੰ ਬਹੁਤ ਸੁਖਾਲਿਆਂ ਹੀ ਥੋਕ ਪੈਮਾਨੇ 'ਤੇ ਚਿੱਟੇ ਧਨ ਵਿਚ ਬਦਲ ਲੈਂਦੇ ਸਨ ਅਤੇ ਹੁਣ ਵੀ ਬਦਲ ਰਹੇ ਹਨ। ਜਦਕਿ ਆਮ ਲੋਕ ਆਪਣੀ ਖ਼ੂਨ-ਪਸੀਨੇ ਦੀ ਕਮਾਈ ਦੇ ਕੁਝ ਹਜ਼ਾਰ ਦੇ ਨੋਟ ਬਦਲਾਉਣ ਲਈ ਬੁਰੀ ਤਰ੍ਹਾਂ ਪ੍ਰੇਸ਼ਾਨ ਹਨ। ਬੈਂਕਾਂ, ਡਾਕਖ਼ਾਨਿਆਂ ਵਿਚ ਧੱਕੇ ਖਾ ਰਹੇ ਹਜੂਮਾਂ ਦੀਆਂ ਕਤਾਰਾਂ ਦੇਖਕੇ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਸ ਹਮਲੇ ਦਾ ਨਿਸ਼ਾਨਾ ਦਰਅਸਲ ਕਿਨ੍ਹਾਂ ਨੂੰ ਬਣਾਇਆ ਗਿਆ। ਅੱਜ ਤਕ ਸਰਕਾਰ ਇਕ ਵੀ ਐਸੀ ਮਿਸਾਲ ਪੇਸ਼ ਨਹੀਂ ਕਰ ਸਕੀ ਜਿਸ ਤੋਂ ਇਹ ਸਾਬਤ ਹੋਇਆ ਹੋਵੇ ਕਿ ਇਸ ਮੁਹਿੰਮ ਨੇ ਸੱਚਮੁੱਚ ਕਿਸੇ ਨਜਾਇਜ਼ ਕਾਰੋਬਾਰੀ ਦਾ ਵੱਡੇ ਪੈਮਾਨੇ ਦਾ 'ਕਾਲਾ ਧਨ' ਜ਼ਬਤ ਕੀਤਾ ਹੈ। ਲਿਹਾਜ਼ਾ, ਕਾਲੇ ਧਨ ਨੂੰ ਤਾਂ ਨੋਟਬੰਦੀ ਨਾਲ ਭੋਰਾ ਆਂਚ ਨਹੀਂ ਆਈ, ਨਾ ਹੀ ਆਵੇਗੀ ਪਰ ਇਸ 'ਸਰਜੀਕਲ ਹਮਲੇ' ਨਾਲ ਜੋ ਨਗਦੀ ਦੀ ਭਾਰੀ ਤੋਟ ਆਈ ਉਸ ਆਲਮ ਵਿਚ ਤਰ੍ਹਾਂ-ਤਰ੍ਹਾਂ ਦੇ ਨਜਾਇਜ਼ ਤਰੀਕਿਆਂ ਨਾਲ ਪੁਰਾਣੇ ਨੋਟਾਂ ਨੂੰ ਬਦਲਣ ਅਤੇ ਵੱਡੇ ਕਮਿਸ਼ਨ ਲੈਕੇ ਨਵੇਂ ਛਾਪੇ ਗਏ ਨੋਟ ਬੈਂਕਾਂ ਤੋਂ ਬਾਹਰੋ ਬਾਹਰ ਮੁਹੱਈਆ ਕਰਾਉਣ ਦਾ ਕਾਲਾ ਧੰਦਾ ਅਤੇ ਜ਼ਖ਼ੀਰੇਬਾਜ਼ੀ ਜ਼ੋਰ-ਸ਼ੋਰ ਨਾਲ ਚਲ ਰਹੇ ਹਨ।

ਛੋਟੇ ਅਤੇ ਨਵੇਂ ਨੋਟਾਂ ਦੀ ਮੁਤਬਾਦਲ ਮਿਕਦਾਰ ਮੁਹੱਈਆ ਕਰਾਏ ਬਗੈਰ ਵੱਡਾ ਹਿੱਸਾ ਨੋਟਾਂ ਨੂੰ ਬੰਦ ਕਰਕੇ ਵਿਆਪਕ ਅਫ਼ਰਾ-ਤਫ਼ਰੀ ਪੈਦਾ ਕਰ ਦੇਣਾ ਆਪਣੇ ਆਪ ਵਿਚ ਹੀ ਸਮਾਜ ਦੇ ਖ਼ਿਲਾਫ਼ ਮਹਾਂ ਜੁਰਮ ਹੈ। ਨੋਟਬੰਦੀ ਤੋਂ ਪ੍ਰੇਸ਼ਾਨ 200 ਤੋਂ ਵੱਧ ਲੋਕ ਹੁਣ ਤਕ ਬੇਵਕਤੀ ਮੌਤ ਦਾ ਖਾਜਾ ਬਣ ਚੁੱਕੇ ਹਨ। ਮੋਦੀ ਨੇ ਅਵਾਮ ਨੂੰ ਸਾਫ਼ ਕਹਿ ਦਿੱਤਾ ਹੈ ਕਿ ਹਾਲਤ ਦੇ ਸਹਿਜ ਹੋਣ ਲਈ 50 ਦਿਨ ਲੱਗ ਜਾਣਗੇ। ਨੀਤੀ ਆਯੋਗ ਦੇ ਸੀ.ਈ.ਓ. ਦਾ ਕਹਿਣਾ ਹੈ ਕਿ ਜਨਵਰੀ ਦੇ ਅੱਧ ਤਕ ਨਗਦੀ ਦੀ ਥੁੜ੍ਹ ਜਾਰੀ ਰਹੇਗੀ। ਕਾਰਪੋਰੇਟ ਸਰਮਾਏਦਾਰੀ ਦੇ ਦਲਾਲਾਂ ਲਈ 50 ਦਿਨ ਮਾਮੂਲੀ ਗੱਲ ਹੈ ਪਰ ਆਮ ਬੰਦੇ ਲਈ ਪੰਦਰਾਂ ਦਿਨਾਂ ਕੱਢਣੇ ਵੀ ਮੁਸ਼ਕਲ ਹੋ ਗਏ। ਰਿਜ਼ਰਵ ਬੈਂਕ ਆਫ ਇੰਡੀਆ ਦੇ ਗਵਰਨਰ ਉਰਜਿਤ ਪਟੇਲ, ਜੋ ਮੋਦੀ ਅਤੇ ਕਾਰਪੋਰੇਟ ਸਰਮਾਏਦਾਰੀ ਦਾ ਖ਼ਾਸ ਚਹੇਤਾ ਹੈ, ਨੇ ਐਨੀ ਹਾਹਾਕਾਰ ਮੱਚ ਜਾਣ ਦੇ ਬਾਵਜੂਦ ਦੋ ਹਫ਼ਤੇ ਤਕ ਵੀ ਕੋਈ ਬਿਆਨ ਦੇਣ ਦੀ ਜ਼ਰੂਰਤ ਨਹੀਂ ਸਮਝੀ ਕਿ ਇਸ ਸੰਕਟ ਉੱਪਰ ਕਾਬੂ ਪਾਉਣ ਲਈ ਰਿਜ਼ਰਵ ਬੈਂਕ ਵਲੋਂ ਕੀ ਕਦਮ ਚੁੱਕੇ ਜਾ ਰਹੇ ਹਨ। ਕਿਉਂਕਿ ਇਹ ਉਨ੍ਹਾਂ ਦੇ ਏਜੰਡੇ 'ਤੇ ਹੀ ਨਹੀਂ।

ਮੋਦੀ ਹਕੂਮਤ ਦੇ ਇਸ ਤਾਨਾਸ਼ਾਹ ਫ਼ੁਰਮਾਨ ਨੇ ਆਮ ਲੋਕਾਂ ਲਈ ਨਵੀਆਂ ਬੇਥਾਹ ਮੁਸ਼ਕਲਾਂ ਖੜ੍ਹੀਆਂ ਕਰ ਦਿੱਤੀਆਂ ਹਨ ਜੋ ਕਾਰਪੋਰੇਟ ਸਰਮਾਏਦਾਰੀ ਹਿਤੈਸ਼ੀ ਆਰਥਕ ਨੀਤੀਆਂ ਕਾਰਨ ਪਹਿਲਾਂ ਹੀ ਡੂੰਘੇ ਆਰਥਕ ਸੰਕਟ ਦਾ ਸਾਹਮਣਾ ਕਰ ਰਹੇ ਸਨ। ਕੰਮ-ਧੰਦੇ ਛੱਡਕੇ ਲੋਕਾਂ ਦਾ ਜ਼ਿਆਦਾ ਵਕਤ ਜ਼ਿੰਦਗੀ ਦੀ ਰੋਜ਼ਮਰਾ ਜ਼ਰੂਰਤਾਂ ਲਈ ਹਜ਼ਾਰ, ਦੋ ਹਜ਼ਾਰ ਨਗਦੀ ਹਾਸਲ ਕਰਨ ਲਈ ਕੈਸ਼ ਕਾਊਂਟਰਾਂ ਅੱਗੇ ਲਾਚਾਰ ਖੜ੍ਹੇ ਰਹਿਣ ਵਿਚ ਜ਼ਾਇਆ ਹੋ ਰਿਹਾ ਹੈ। ਹਾੜ੍ਹੀ ਦੀ ਫ਼ਸਲ ਦੀ ਬੀਜਾਈ ਮੌਕੇ ਕਿਸਾਨਾਂ ਦੀ ਕੋਈ ਮਦਦ ਕਰਨ ਦੀ ਬਜਾਏ ਮੋਦੀ ਸਰਕਾਰ ਨੇ ਸਹਿਕਾਰੀ ਬੈਂਕਾਂ ਦਾ ਲੈਣ-ਦੇਣ ਬੰਦ ਕਰਕੇ ਖੇਤੀ ਆਰਥਿਕਤਾ ਨੂੰ ਹੋਰ ਡੂੰਘੇ ਸੰਕਟ ਵਿਚ ਸੁੱਟ ਦਿੱਤਾ ਹੈ। ਸੰਸਥਾਗਤ ਕਰਜ਼ੇ ਤੋਂ ਵਾਂਝੀ ਕਿਸਾਨੀ ਜ਼ਰੂਰਤਾਂ ਦੀ ਪੂਰਤੀ ਲਈ ਸ਼ਾਹੂਕਾਰਾਂ ਦੇ ਰਹਿਮ ਦੀ ਮੁਥਾਜ ਹੋ ਗਈ ਹੈ। ਉਨ੍ਹਾਂ ਨੂੰ ਜ਼ਰੂਰਤਮੰਦ ਕਿਸਾਨਾਂ ਦੀ ਮਜਬੂਰੀ ਦਾ ਭਰਪੂਰ ਲਾਹਾ ਲੈਣ ਦਾ ਇਕ ਨਵਾਂ ਬਹਾਨਾ ਮਿਲ ਗਿਆ ਹੈ ਭਾਵੇਂਕਿ ਤਿੱਖੇ ਵਿਰੋਧ ਤੋਂ ਬਾਦ ਕੇਂਦਰ ਸਰਕਾਰ ਵਲੋਂ ਨਾਬਾਰਡ ਜ਼ਰੀਏ ਸਹਿਕਾਰੀ ਬੈਂਕਾਂ ਲਈ 21000 ਕਰੋੜ ਰੁਪਏ ਦੀ ਰਕਮ ਨੂੰ ਮਨਜ਼ੂਰੀ ਦਿੱਤੀ ਗਈ ਪਰ ਖੇਤੀ ਜ਼ਰੂਰਤਾਂ ਨੂੰ ਨਹਾਇਤ ਮੁਜਰਮਾਨਾ ਤਰੀਕੇ ਨਾਲ ਨਜ਼ਰਅੰਦਾਜ਼ ਕੀਤੇ ਜਾਣ ਕਾਰਨ ਬੀਜਾਈ ਦੀ ਰੁੱਤ ਵਿਚ ਫ਼ਸਲ ਦੀ ਬੀਜਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਰੋਜ਼ਮਰਾ ਖ਼ਰੀਦਦਾਰੀ ਲਈ ਲੋਕਾਂ ਕੋਲ ਨਗਦੀ ਨਾ ਹੋਣ ਕਾਰਨ ਛੋਟੇ ਅਤੇ ਦਰਮਿਆਨੇ ਕਾਰੋਬਾਰ ਲਗਭਗ ਠੱਪ ਹਨ। ਕੁਲ-ਮਿਲਾਕੇ ਆਮ ਬੰਦੇ ਦੀ ਆਰਥਕ ਜ਼ਿੰਦਗੀ ਪੂਰੀ ਤਰ੍ਹਾਂ ਲੀਹੋਂ ਲਹਿ ਗਈ ਹੈ। ਵਿਆਹ-ਸ਼ਾਦੀਆਂ, ਹਸਪਤਾਲਾਂ ਵਿਚ ਦਾਖ਼ਲ ਮਰੀਜ਼ਾਂ ਦੇ ਇਲਾਜ ਲਈ ਨਗਦੀ ਨਹੀਂ ਹੈ। ਨਗਦੀ ਦੀ ਅਣਹੋਂਦ ਵਿਚ ਮਰੀਜ਼ਾਂ ਦੇ ਬਿਨਾ ਇਲਾਜ ਦਮ ਤੋੜਨ ਅਤੇ ਹਸਪਤਾਲਾਂ ਵਲੋਂ ਮਰੀਜ਼ਾਂ ਨੂੰ ਦਾਖ਼ਲ ਕਰਨ ਤੋਂ ਨਾਂਹ ਕਰਨ ਦੀਆਂ ਲਗਾਤਾਰ ਰਿਪੋਰਟਾਂ ਆ ਰਹੀਆਂ ਹਨ। ਪੈਸਾ ਨਾ ਹੋਣ ਕਾਰਨ ਭੁੱਖੇ ਮਰ ਰਹੇ ਲੋਕ ਖ਼ੁਦਕੁਸ਼ੀਆਂ ਕਰ ਰਹੇ ਹਨ। ਜਿਨ੍ਹਾਂ ਦੂਰ-ਦਰਾਜ਼, ਪਿਛੜੇ ਹੋਏ ਪੇਂਡੂ, ਜੰਗਲੀ-ਪਹਾੜੀ ਇਲਾਕਿਆਂ ਵਿਚ ਬੈਂਕ ਬਰਾਂਚਾਂ ਦੀ ਸਹੂਲਤ ਨਹੀਂ ਅਤੇ ਆਵਾਜਾਈ ਦੇ ਕੋਈ ਸਾਧਨ ਵੀ ਨਹੀਂ ਉੱਥੋਂ ਦੇ ਲੋਕਾਂ ਨੂੰ ਕਈ-ਕਈ ਘੰਟੇ ਪੈਦਲ ਸਫ਼ਰ ਕਰਕੇ ਨੇੜਲੇ ਕਸਬਿਆਂ ਵਿਚ ਨੋਟ ਬਦਲਾਉਣੇ ਪੈ ਰਹੇ ਹਨ। ਦਲਾਲਾਂ ਵਲੋਂ 20ਫ਼ੀਸਦੀ ਜਾਂ ਇਸਤੋਂ ਵੀ ਵੱਧ ਕਟੌਤੀ ਕਰਕੇ ਨੋਟਬੰਦੀ ਕੀਤੇ ਨੋਟ ਬਦਲਕੇ ਬੇਵੱਸ ਲੋਕਾਂ ਨੂੰ ਬੇਤਹਾਸ਼ਾ ਲੁੱਟਿਆ ਜਾ ਰਿਹਾ ਹੈ।

ਮੋਦੀ ਜੁੰਡਲੀ ਦਾ ਨੋਟਬੰਦੀ ਦਾ ਫ਼ਰਮਾਨ ਐਨੀ ਅਫਰਾਤਫਰੀ ਮਚਾਉਣ ਵਾਲੀ ਮਾਲੀ ਆਫ਼ਤ ਹੈ ਕਿ ਸਾਮਰਾਜਵਾਦ ਅਤੇ ਕਾਰਪੋਰੇਟ ਦਲਾਲ ਸਰਮਾਏਦਾਰੀ ਦੇ ਪਰਖੇ ਹੋਏ ਦਲਾਲਾਂ ਡਾ. ਮਨਮੋਹਣ ਸਿੰਘ ਅਤੇ ਪੀ. ਚਿਦੰਬਰਮ ਨੇ ਵੀ ਇਸ ਦੀ ਤਿੱਖੀ ਆਲੋਚਨਾ ਕੀਤੀ ਹੈ।

ਇਹ ਰਾਜ ਪ੍ਰਬੰਧ ਤਾਂ ਖ਼ੁਦ ਮਹਾਂ ਭ੍ਰਿਸ਼ਟਾਚਾਰ ਅਤੇ ਤਰ੍ਹਾਂ-ਤਰ੍ਹਾਂ ਦੇ ਨਜਾਇਜ਼ ਤਰੀਕਿਆਂ ਨਾਲ ਦੌਲਤ ਜਮਾਂ ਕਰਨ ਵਾਲੀ ਆਦਮਖ਼ੋਰ ਜਮਾਤ ਦੀ ਜਨਣੀ ਹੈ। ਇਸ ਦੀ ਅਸਲ ਖ਼ਸਲਤ ਤੋਂ ਅਣਜਾਣ ਬੰਦਾ ਹੀ ਇਹ ਭਰਮ ਪਾਲੇਗਾ ਕਿ ਇਸ ਵਿਚ ਬਣਨ ਵਾਲੀਆਂ ਦਲਾਲ ਸਰਕਾਰਾਂ ਨਜਾਇਜ਼ ਦੌਲਤ ਜਾਂ ਕਾਲੇ ਧਨ ਨੂੰ ਖ਼ਤਮ ਕਰਨਗੀਆਂ। ਇਕ ਐਸਾ ਭਰਮ ਹੀ ਆਮ ਆਦਮੀ ਪਾਰਟੀ ਨੇ ਸਿਰਜਿਆ ਹੋਇਆ ਹੈ। ਹਾਕਮ ਜਮਾਤੀ ਸਿਆਸਤ-ਕਾਰਪੋਰੇਟ ਕਾਰੋਬਾਰ ਅਤੇ ਅੰਡਰ ਵਰਲਡ ਦਾ ਗੱਠਜੋੜ ਭ੍ਰਿਸ਼ਟਾਚਾਰ ਦੀ ਬੁਨਿਆਦ ਹੈ। ਚਾਹੇ ਭਾਜਪਾ ਹੈ ਜਾਂ ਕਾਂਗਰਸ ਜਾਂ 'ਆਪ', ਕਾਲੇ ਧਨ ਬਾਰੇ ਹੋ-ਹੱਲਾ ਮਚਾਉਣ ਵਾਲੇ ਤਮਾਮ ਹਾਕਮ ਜਮਾਤੀ ਸਿਆਸਤਦਾਨ ਇਹ ਕਦੇ ਨਹੀਂ ਦੱਸਦੇ ਕਿ ਉਨ੍ਹਾਂ ਦਾ ਸਮੁੱਚਾ ਦਾਰੋਮਦਾਰ ਹੀ ਕਾਲੇ ਧਨ ਨਾਲ ਚੱਲਦਾ ਹੈ। ਉਨ੍ਹਾਂ ਵਲੋਂ ਚੋਣ ਮੁਹਿੰਮਾਂ ਵਿਚ ਜੋ ਪੈਸਾ ਪਾਣੀ ਵਾਂਗ ਵਹਾਇਆ ਜਾਂਦਾ ਹੈ ਉਹ ਮੁੱਖ ਤੌਰ 'ਤੇ ਕਾਲਾ ਧਨ ਹੈ। ਇਸਦੇ ਵਸੀਲੇ ਉਹ ਕਦੇ ਨਸ਼ਰ ਨਹੀਂ ਕਰਦੇ। ਇਨ੍ਹਾਂ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਦੇ ਵਿਅਕਤੀਗਤ ਚੋਣ ਮੁਹਿੰਮ ਦੇ ਖ਼ਰਚੇ ਦੀ ਇਕ ਅਖਾਉਤੀ ਹੱਦ ਮਿਥੀ ਗਈ ਹੈ ਜਿਸਦੀਆਂ ਚੋਰ ਮੋਰੀਆਂ ਉਨ੍ਹਾਂ ਨੂੰ ਬੇਥਾਹ ਨਜਾਇਜ਼ ਧਨ ਇਕੱਠਾ ਕਰਨ ਅਤੇ ਖਰਚਣ ਦੀ ਪੂਰੀ ਖੁੱਲ੍ਹ ਦਿੰਦੀਆਂ ਹਨ ਪਰ ਸਿਆਸੀ ਪਾਰਟੀਆਂ ਲਈ ਐਸੀ ਕੋਈ ਹੱਦ ਤੈਅ ਨਹੀਂ। ਮੋਦੀ ਦੀ 2014 ਦੀ ਚੋਣ ਪ੍ਰਚਾਰ ਮੁਹਿੰਮ ਇਸੇ 'ਕਾਲੇ ਧਨ' ਨਾਲ ਚਲਾਈ ਗਈ ਸੀ। ਮੋਦੀ ਉੱਪਰ ਸਹਾਰਾ ਕੰਪਨੀ ਤੋਂ 55 ਕਰੋੜ ਅਤੇ ਬਿਰਲਾ ਕੰਪਨੀ ਤੋਂ 25 ਕਰੋੜ ਰਿਸ਼ਵਤ ਲੈਣ ਦੇ ਇਲਜ਼ਾਮ ਹਨ ਅਤੇ ਇਹ ਮੁਕੱਦਮਾ ਸੁਪਰੀਮ ਕੋਰਟ ਵਿਚ ਸੁਣਵਾਈ ਯੋਗ ਮੰਨ ਲਿਆ ਗਿਆ ਹੈ। ਮੋਦੀ ਦਾ ਵਿੱਤ ਮੰਤਰੀ ਅਰੁਣ ਜੇਤਲੀ ਉਹ ਸ਼ਖ਼ਸ ਹੈ ਜੋ ਸ਼ੇਅਰ ਮਾਰਕੀਟ ਨਾਲ ਸਬੰਧਤ ਮਹਾਂ-ਘੁਟਾਲੇਬਾਜ਼ ਕੇਤਨ ਪਾਰਿਖ ਦਾ ਅਦਾਲਤ ਵਿਚ ਵਕੀਲ ਰਿਹਾ ਹੈ।

ਖੁੱਲ੍ਹੀ ਮੰਡੀ ਦੀਆਂ ਮਨਮਾਨੀਆਂ ਦਾ ਨਵਉਦਾਰਵਾਦੀ ਆਰਥਕ ਮਾਡਲ ਖ਼ੁਦ ਹੀ ਸਭ ਤੋਂ ਵੱਡਾ ਕਾਲਾ ਧੰਦਾ ਹੈ ਜਿਸ ਵਿਚ ਪੂਰੀ ਤਰ੍ਹਾਂ ਬੇਲਗਾਮ ਕਾਰਪੋਰੇਟ ਸਰਮਾਏਦਾਰੀ ਬਾਕੀ ਸਮਾਜ ਦੀ ਕੀਮਤ 'ਤੇ ਘੋਰ ਤੋਂ ਘੋਰ ਨਜਾਇਜ਼ ਢੰਗਾਂ ਨਾਲ ਸੁਪਰ ਮੁਨਾਫ਼ੇ ਬਟੋਰਨ ਲਈ ਆਜ਼ਾਦ ਹੈ। ਕਾਰਪੋਰੇਟ ਸਰਮਾਏਦਾਰੀ ਤੇ ਇਸ ਦੀਆਂ ਜੋਟੀਦਾਰ ਧਾੜਵੀ ਜਮਾਤਾਂ ਦੇ ਹਿੱਤਾਂ ਦੀ ਬਿਹਤਰੀਨ ਰਾਖੀ ਲਈ ਹੀ ਮੋਦੀ ਸਰਕਾਰ ਨੂੰ ਸੱਤਾ ਵਿਚ ਲਿਆਂਦਾ ਗਿਆ ਸੀ। ਇਸਨੇ ਚੋਣਾਂ ਵਿਚ ਕਾਲੇ ਧਨ ਨੂੰ ਜੁਮਲਾ ਬਣਾਕੇ ਇਸ ਲੜਾਈ ਦੀ ਚੈਂਪੀਅਨ ਬਣਨ ਦਾ ਪੱਤਾ ਖੇਡਿਆ ਅਤੇ ਕਾਂਗਰਸ ਦੀ ਅਗਵਾਈ ਹੇਠ ਵਸੀਹ ਪੈਮਾਨੇ 'ਤੇ ਵਧੇ-ਫੁੱਲੇ ਭ੍ਰਿਸ਼ਟਾਚਾਰ ਤੋਂ ਨਿਜ਼ਾਤ ਹਾਸਲ ਕਰਨ ਦੀ ਅਵਾਮ ਦੀ ਤਾਂਘ ਦਾ ਰੱਜਕੇ ਲਾਹਾ ਲਿਆ। ਹੁਣ ਇਸਦਾ ਅਸਲ ਚਿਹਰਾ ਸਭ ਦੇ ਸਾਹਮਣੇ ਹੈ।

ਇਹ ਦਲੀਲ ਅਸਲੋਂ ਹੀ ਗ਼ਲਤ ਹੈ ਕਿ ਮੋਦੀ ਸਰਕਾਰ ਨੇ ਨੋਟਬੰਦੀ ਦਾ ਫ਼ੈਸਲਾ ਲਾਗੂ ਕਰਦੇ ਵਕਤ ਇਸਦੇ ਮਾੜੇ ਪ੍ਰਭਾਵਾਂ ਬਾਰੇ ਚੰਗੀ ਤਰ੍ਹਾਂ ਸੋਚ-ਵਿਚਾਰ ਨਹੀਂ ਕੀਤੀ। ਅਸਲੀਅਤ ਇਹ ਹੈ ਕਿ ਇਹ ਨੋਟਬੰਦੀ ਦੇ ਬਹਾਨੇ ਲੋਕਾਂ ਦਾ ਪੈਸਾ ਬੈਂਕਾਂ ਦੇ ਕੰਟਰੋਲ ਵਿਚ ਲੈਕੇ ਨਗਦੀ ਦੇ ਸੰਕਟ ਨੂੰ ਘਟਾਉਣ, ਕਾਲਾ ਧਨ ਵਾਪਸ ਲਿਆਉਣ ਦਾ ਵਾਅਦਾ ਪੂਰਾ ਨਾ ਕਰਨ ਨੂੰ ਲੈਕੇ ਮੋਦੀ ਸਰਕਾਰ ਦੀ ਨੁਕਤਾਚੀਨੀ ਦਾ ਮੂੰਹ ਬੰਦ ਕਰਨ, ਸਰਕਾਰ ਦੀ ਲੋਕ ਵਿਰੋਧੀ ਕਾਰਗੁਜ਼ਾਰੀ ਉੱਪਰ ਪਰਦਾ ਪਾਉਣ ਅਤੇ ਇਸਤੋਂ ਅਵਾਮ ਦਾ ਧਿਆਨ ਹਟਾਉਣ ਅਤੇ ਯੂ.ਪੀ., ਪੰਜਾਬ, ਗੋਆ ਆਦਿ ਵਿਚ ਹੋਣ ਜਾ ਰਹੀਆਂ ਚੋਣਾਂ ਵਿਚ ਇਸ ਨੂੰ ਆਪਣੀ ਇਕ ਪ੍ਰਾਪਤੀ ਵਜੋਂ ਪੇਸ਼ ਕਰਨ ਦੀਆਂ ਗਿਣਤੀਆਂ-ਮਿਣਤੀਆਂ ਵਿੱਚੋਂ ਲਿਆ ਇਕ ਸੋਚਿਆ-ਸਮਝਿਆ ਫ਼ੈਸਲਾ ਸੀ। ਲੋਕ ਦੁਸ਼ਮਣ ਖ਼ਾਸੇ ਵਾਲੀ ਭਾਜਪਾ ਆਪਣੇ ਸੌੜੇ ਸਵਾਰਥਾਂ ਵਾਲੇ ਫ਼ੈਸਲੇ ਲਾਗੂ ਕਰਦੇ ਵਕਤ ਭਲਾ ਜਨ ਜੀਵਨ ਉੱਪਰ ਪੈਣ ਵਾਲੇ ਤਬਾਹਕੁਨ ਪ੍ਰਭਾਵਾਂ ਦੀ ਪ੍ਰਵਾਹ ਕਿਉਂ ਕਰੇਗੀ। ਹੋਰ ਤਾਂ ਹੋਰ ਨਵੇਂ ਨੋਟਾਂ ਨੂੰ 'ਸਵੱਛ ਭਾਰਤ ਅਭਿਆਨ' ਦੇ ਸਿਆਸੀ ਸਟੰਟ ਦਾ ਘਿਣਾਉਣਾ ਇਸ਼ਤਿਹਾਰ ਬਣਾਕੇ ਇਸਤੇਮਾਲ ਕੀਤਾ ਗਿਆ। ਜਦੋਂਕਿ ਹਰ ਕੋਈ ਜਾਣਦਾ ਹੈ ਕਿ ਮੁਲਕ ਨੂੰ 'ਸਵੱਛ' ਬਣਾਉਣ ਦੇ ਨਾਂ ਹੇਠ ਕਿਵੇਂ ਸੰਘ ਬਰਗੇਡ ਨੇ ਸਰਕਾਰੀ ਖ਼ਜ਼ਾਨੇ ਨੂੰ ਹਜ਼ਾਰਾਂ ਕਰੋੜ ਰੁਪਏ ਚੂਨਾ ਲਗਾਇਆ ਗਿਆ ਹੈ। ਪਾਰਲੀਮੈਂਟਰੀ ਵਿਰੋਧੀ-ਧਿਰ ਨੇ ਆਪਣੀ ਜਮਾਤੀ ਖ਼ਸਲਤ ਅਨੁਸਾਰ ਨੋਟਬੰਦੀ ਵਿਰੁੱਧ ਸਿਆਸੀ ਨਾਟਕ ਕੀਤਾ ਅਤੇ ਸੰਸਦ ਠੱਪ ਰੱਖੀ। ਪਾਰਲੀਮੈਂਟਰੀ ਖੱਬੀ ਧਿਰ ਆਪਣੀ ਜਮਾਤੀ ਸਾਂਝਭਿਆਲੀ ਦੀ ਸਿਆਸਤ ਕਾਰਨ ਕਦੇ ਵੀ ਸੰਸਦ ਅੰਦਰਲੀ ਸਿਆਸੀ ਚਾਂਦਮਾਰੀ ਤੋਂ ਪਾਰ ਨਹੀਂ ਜਾਂਦੀ। ਇਸੇ ਕਾਰਨ ਇਸਦਾ 'ਭਾਰਤ ਬੰਦ' ਦਾ ਸੱਦਾ ਸੰਘ ਬਰਗੇਡ ਦੀ ਸਰਕਾਰ ਵਿਰੁੱਧ ਲੋਕਾਂ ਅੰਦਰ ਸੁਲਗ ਰਹੀ ਬੇਚੈਨੀ ਨੂੰ ਪ੍ਰਭਾਵਸ਼ਾਲੀ ਵਿਰੋਧ ਲਹਿਰ ਬਣਾਉਣ ਵਿਚ ਬੁਰੀ ਤਰ੍ਹਾਂ ਨਾਕਾਮ ਰਿਹਾ। ਮੁਲਕ ਅੰਦਰ ਕੁਝ ਥਾਵਾਂ ਉੱਪਰ ਅਵਾਮ ਦੇ ਇੱਕਾ-ਦੁੱਕਾ ਆਪਮੁਹਾਰੇ ਵਿਰੋਧ ਅਤੇ ਲੋਕਪੱਖੀ ਤਾਕਤਾਂ ਵਲੋਂ ਇੱਕਾ-ਦੁੱਕਾ ਵਿਰੋਧ ਪ੍ਰਦਰਸ਼ਨਾਂ ਤੋਂ ਬਿਨਾਂ ਨੋਟਬੰਦੀ ਦੇ ਖ਼ਿਲਾਫ਼ ਕੋਈ ਝੰਝੋੜਵੀਂ ਲਾਮਬੰਦੀ ਅਤੇ ਸੰਘਰਸ਼ ਨਹੀਂ ਹੋਏ। ਭਗਵਾਂ ਬਰਗੇਡ ਸਹਿਜੇ ਹੀ ਸਮੁੱਚੇ ਮੁਲਕ ਨੂੰ ਨੋਟਬੰਦੀ ਦਾ ਸਦਮਾ ਦੇਕੇ ਆਪਣਾ ਮਨੋਰਥ ਪੂਰਾ ਕਰਨ ਵਿਚ ਕਾਮਯਾਬ ਹੋ ਗਿਆ ਹੈ।

## ਵਾਅਦਾ - ਨਵੇਂ ਵਰ੍ਹੇ ਦੀ ਆਮਦ ਤੇ...

ਨਵੇਂ ਵਰ੍ਹੇ ਦੀ ਆਮਦ ਉੱਤੇ,
ਆ ਇੱਕ ਵਾਅਦਾ ਕਰੀਏ।
ਸਭ ਰਿਸ਼ਤਿਆਂ ਦਾ ਜੋ ਹੈ ਸਿਰਜਕ,
ਉਹ ਹੀ ਰਿਸ਼ਤਾ ਵਰੀਏ।

ਰੂਹਾਂ ਦਾ ਰਿਸ਼ਤਾ ਮਿਲੇ ਸਬੱਬੀਂ,
ਸਭ ਨੂੰ ਰਾਸ ਨਾ ਆਵੇ।
ਇਸ਼ਕ ਦਾ ਰਿਸ਼ਤਾ ਹੈ ਹੀ ਐਸਾ,
ਜਿਸਮਾਂ ਦਾ ਬਣ ਜਾਵੇ।

ਦਿਲ ਦਾ ਰਿਸ਼ਤਾ ਸਭ ਤੋਂ ਨਾਜ਼ਕ,
ਟੁੱਟਦਾ ਜਦੋਂ ਅਖੀਰ।
ਨਾ ਜਿਉਂਦਿਆਂ ਨਾ ਮੋਇਆਂ ਦੇ ਵਿੱਚ,
ਰੂਹ ਬਿਨ ਜਿਵੇਂ ਸਰੀਰ।

ਜਦ ਵੀ ਨਜ਼ਰਾਂ ਮੈਲੀਆਂ ਹੋ ਕੇ
ਕਰਦੀਆਂ ਨੇ ਯਾਰ-ਮਾਰ।
ਫਿਰ ਯਾਰਾਂ ਦੀ ਯਾਰੀ ਦੇ ਵਿੱਚ
ਪੈਂਦੀ ਝੱਟ ਦਰਾੜ।

ਸਮਾਜਿਕ ਅਤੇ ਪ੍ਰੀਵਾਰਕ ਰਿਸ਼ਤੇ,
ਹੁੰਦੇ ਹੋਏ ਵੀ ਆਪਣੇ।
ਬੇ-ਮੇਚੇ ਨੂੰ ਸਦਾ ਮੇਚ ਬਣਾਕੇ,
ਪੈਂਦੇ ਮੱਲੋ-ਜ਼ੋਰੀ ਹੱਕਣੇ।

ਤਰਕ-ਵਿਚਾਰਾਂ ਦਾ ਰਿਸ਼ਤਾ ਕਈ ਵਾਰੀ,
ਆਉਣ ਨਾ ਦੇਵੇ ਨੇੜੇ।
ਦਿਲ ਜਿੰਨਾ ਵੀ ਮਰਜ਼ੀ ਚਾਹਵੇ, ਪਰ
ਦਿਮਾਗ ਨਾ ਪੰਧ ਨਬੇੜੇ।

ਮਾਨਵਤਾ ਦਾ ਰਿਸ਼ਤਾ ਇੱਕੋ, ਜੋ
ਸਭ ਰਿਸ਼ਤਿਆਂ ਦੀ ਦਾਰੂ।
ਬਾਕੀ ਰਿਸ਼ਤਿਆਂ ਨੂੰ ਇਹ ਰਿਸ਼ਤੇ ਤੇ
ਕਦੇ ਹੋਣ ਨਾ ਦੇਈਏ ਭਾਰੂ।

ਸਮਾਜਿਕ, ਇਸ਼ਕ ਤੇ ਰੂਹ ਦੇ ਰਿਸ਼ਤੇ
ਸਭ ਮਾਨਵਤਾ ਨੇ ਸਿਰਜੇ।
ਪਰ ਮੋਹ-ਮਾਇਆ ਦੇ ਵੱਸ 'ਚ ਪੈਕੇ
ਅਸੀਂ ਇਸ ਨੂੰ ਭੁੱਲੇ ਫਿਰਦੇ।

ਹਰ ਕੋਈ ਆਪਣਾ ਫਰਜ ਸਮਝਕੇ,
ਇਸਨੂੰ ਜੇ ਪਰਨਾਵੇ।
ਫਿਰ ਕਿਸੇ ਵੀ ਰਿਸ਼ਤੇ ਦੇ ਵਿੱਚ,
ਰੱਤੀ ਫਰਕ ਨਾ ਆਵੇ।

ਰਲ ਕੇ ਨਵੇਂ ਸਾਲ ਦੀ ਰੁੱਤੇ,
ਰਿਸ਼ਤਾ ਇਹ ਵਰ ਲਈਏ।
ਹੈਵਾਨੀਅਤ ਨੂੰ ਛੱਡ ਕੇ 'ਰਾਵੀ',
ਆ ਮਾਨਵ ਬਣਕੇ ਰਹੀਏ।

**ਰਾਵੀ ਸੰਧੂ**
**ਵੈਨਕੂਵਰ**

ਉਸਾਰੂ ਸਾਹਿਤ, ਕਵਿਤਾਵਾਂ,
ਗੀਤ, ਨਾਵਲ, ਕਹਾਣੀਆਂ ਅਤੇ
ਤਰਕਸ਼ੀਲ ਵਿਗਿਆਨਕ ਕਿਤਾਬਾਂ
ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ
403-455-4220
ਟੋਰਾਂਟੋ : ਹਰਬੰਸ ਸਿੰਘ
416-817-7142
ਦੇਵਿੰਦਰ ਤੂਰ
416-902-9372

## ਆਜ਼ਾਦੀ ਅਤੇ ਕਵਿਤਾ

ਦਿੱਲੀ ਤਖ਼ਤ ਤੋਂ
ਬੋਲਣ ਤੇ ਪਾਬੰਦੀ
ਖਾਣ ਤੇ ਪਾਬੰਦੀ
ਜਿਉਣ ਤੇ ਪਾਬੰਦੀ
ਕਲਮਾਂ ਨੂੰ ਫ਼ਿਕਰ ਹੋਈ
ਸਾਹਿਤ ਨੇ ਹੜਤਾਲ ਕੀਤੀ
ਅਵਾਰਡ ਵਾਪਸ
ਬੋਲਣ, ਖਾਣ, ਜਿਉਣ ਦੀ ਆਜ਼ਾਦੀ ਦਾ
ਸਾਨੂੰ ਬਹੁਤ ਫਿਕਰ ਹੈ

ਪਰ ਇਤਿਹਾਸ ਤਾਂ ਇਹ ਵੀ ਸੀ
ਦਾਤੀਆਂ ਨੇ ਧਾਰ ਲਿਆ ਸੀ
ਸੰਦ ਤੋਂ ਹਥਿਆਰਾਂ ਦਾ ਰੂਪ
ਭੁਚਾਲ ਦੀ ਆਮਦ ਦਾ ਸੁਨੇਹਾ
ਤਖਤਾਂ ਤੱਕ ਪਹੁੰਚਿਆ
ਕਾਗਜ਼ਾਂ ਤੇ ਉੱਕਰੀ ਆਜ਼ਾਦੀ
ਕੂੜੇਦਾਨ ਚੋ ਤੱਕਦੀ ਰਹੀ
ਜ਼ਿੰਦਗੀ ਦਾ ਕਤਲ

ਚਮਕੌਰ ਦੇ ਥਾਣੇ ਅਤੇ ਹਕੀਮਾਂ ਦੇ ਬ੍ਰਿਗੇਡੀਅਰ ਨੂੰ
ਮਿੱਟੀ ਚ ਮਿਲਾਉਣ ਵਾਲੇ
ਉਹ ਸਿੰਘ ਕੌਣ ਸਨ
ਜਿਨ੍ਹਾਂ ਬੇਦਾਵਾ ਨਹੀਂ ਲਿਖਿਆ
'ਦੀਨ ਕੇ ਹੇਤ' ਤੇ 'ਕਾਹੂੰ ਕੋ ਰਾਜ'
ਉਦੋਂ ਵੀ ਦਿਲ ਅੰਦਰ ਮਘਦੇ ਰਹੇ
ਜਦੋਂ ਚਾਂਦਨੀ ਚੌਕ ਬਣ ਗਏ
ਅੰਬਰਸਰ ਦੇ ਇੰਟੈਰੋਗੇਸ਼ਨ ਸੈਂਟਰ
ਦੁੱਲੇ, ਗੋਬਿੰਦ, ਬੰਦੇ ਬਹਾਦਰ ਦੀ ਵਿਰਾਸਤ ਨੂੰ
ਉਹ ਲਹੂ ਨਾਲ ਸਿੰਜਦੇ ਰਹੇ
ਬੱਬਰਾਂ, ਗਦਰੀਆਂ, ਭਗਤ ਸਿੰਘ ਦੇ ਬੂਟੇ
ਝੱਖੜਾਂ ਅੰਦਰ ਵੀ ਵਧਦੇ ਰਹੇ

ਕਾਗਜ਼ੀ ਆਜ਼ਾਦੀ ਨੂੰ ਪ੍ਰਵਾਨ ਕਰ
ਨੀਲੀ ਸਿਆਹੀ ਵਾਲੀਆਂ ਉਂਗਲਾਂ
ਇੱਕ ਹੋਰ ਬੇਦਾਵਾ ਲਿਖ ਦਿੱਤਾ
ਸਰਕਾਰੀ ਐਵਾਰਡਾਂ ਦੀ ਸਿਆਹੀ
ਕਲਮਾਂ ਨੂੰ ਬਾਂਝ ਕਰਨ ਲੱਗੀ
'ਵੋਟਾਂ ਤੇ ਨੋਟਾ' ਸਾਡੀ ਨਾਸਮਝੀ ਹੈ
ਜਾਂ ਬੇਈਮਾਨੀ ਹੈ
ਜਲਾਲਾਬਾਦ ਖੜ ਬਾਦਲ ਨੂੰ ਮਾਰੀਆਂ ਥਾਪੀਆਂ
ਦਿੱਲੀ ਲਈ ਖਤਰਾ ਨਹੀਂ
ਸਗੋਂ ਇੱਕ ਮਜ਼ਾਕ ਹੈ

ਪਰ ਮਾਣਮੱਤੀ ਜ਼ਿੰਦਗੀ ਦੀ ਲਾਲਸਾ
ਤੜਪਦੀ ਹੈ, ਲੜਦੀ ਹੈ
ਸ਼ਹੀਦਾਂ ਦਾ ਲਹੂ ਵੀ
ਕਾਗਜ਼ ਤੇ ਕਿਰ
ਕਵਿਤਾ ਲਿਖਦਾ ਹੈ
ਕਵਿਤਾ ਜਿਸਦੀ ਗਹਿਰਾਈ
ਹਾਕਮਾਂ ਅੱਗੇ ਕੋਡੇ ਹੋਇਆਂ ਲਈ
ਮਾਪਣੀ ਸੰਭਵ ਨਹੀਂ

ਅੱਜ ਦਿੱਲੀ ਤਖਤ ਤੇ ਜਦੋਂ
ਇੱਕ ਹੋਰ ਬਾਬਰ ਬਿਰਾਜਮਾਨ ਹੈ
ਜੰਗਲਾਂ ਦੇ ਯੋਧਿਆਂ
ਇਹਨਾਂ ਮਰਜੀਵੜਿਆਂ ਦਾ
ਆਓ ਸਵਾਗਤ ਕਰੀਏ
ਅਤੇ ਯਾਦ ਰੱਖੀਏ
ਹੱਥਾਂ ਚੋ ਹਥਿਆਰ ਖੋਹ
ਕਾਗਜ਼ਾਂ ਤੇ ਲਿਖੀ ਆਜ਼ਾਦੀ
ਸਿਰਫ਼ ਇੱਕ ਘਿਨੌਣਾ ਚੁਟਕਲਾ ਹੈ...

## ਗਣਤੰਤਰ ਦਿਵਸ

ਤਿੰਨ ਘੱਟ ਸੱਤਰ ਵਰ੍ਹੇ ਹੋ ਗਏ ਹਨ
ਗਣਤੰਤਰ ਦਿਵਸ ਨੂੰ ਮਨਾਉਂਦਿਆਂ
ਉਹ ਦਿਨ ਜੋ ਅਜ਼ਾਦੀ ਦੇ ਨਾਮ ਤੇ
ਅਜ਼ਾਦੀ ਨਾਲੋਂ ਰੁੱਸ ਗਿਆ ਹੈ
ਕੀ ਬਦਲਿਆ ਹੈ ?
ਕੀ ਵਿਗੜਿਆ ਹੈ ?
ਅਤੇ, ਕੀ ਬਚਿਆ ਹੈ ?
ਤਿੰਨ ਪੀਹੜੀਆਂ ਵੰਡ ਦਾ
ਦਮਨ ਦਾ, ਅਜ਼ਾਦੀ ਦਾ
ਸਰਾਪ ਹੰਡਾ ਚੁੱਕੀਆਂ ਹਨ
ਆਪੋ ਆਪਣੇ ਹਿੱਸੇ ਦਾ
ਮਾਤਮ ਮਨਾ ਚੁੱਕੀਆਂ ਹਨ

ਸਕੂਲ ਵਿੱਚ ਸਫ਼ਾਈ ਕਰਨਾ
ਫ਼ਿਰਨੀ ਤੇ ਪਾਣੀ ਛਿੜਕਣਾ
ਅਤੇ ਪਿੰਡ ਦੇ ਵਾਸੀਆਂ ਨੇ
ਆਪਣੇ ਵਧੀਆ ਕੱਪੜੇ ਪਾ
ਲਾਈਨਾ ਵਿੱਚ ਖੜ੍ਹੇ ਹੋ
ਸ਼ਹਿਰੋਂ ਆਉਂਦੀ ਸੜਕ ਵੱਲ
ਮੂੰਹ ਚੁੱਕ ਕੇ ਦੇਖਣਾ
ਹੱਥ ਵਿੱਚ ਝੰਡੀਆਂ ਫੜਕੇ
ਟੁੱਟੀ ਸੜਕ ਤੇ ਖੜ੍ਹਕੇ
ਆਲ੍ਹਾ ਅਫ਼ਸਰਾਂ ਨੂੰ ਉਡੀਕਣਾ
ਗਣਤੰਤਰ ਦਿਵਸ ਦੇ ਜਸ਼ਨਾ ਲਈ
ਜਾਂ ਗਏ ਸਾਲ ਦੇ ਮਾਤਮ ਲਈ !

ਅੱਜ 67ਵੇਂ ਸਾਲਾ ਦਿਵਸ ਤੇ
ਅਖੌਤੀ ਅਜ਼ਾਦੀ ਦਾ ਦਿਨ
ਫਿਰ ਮਨਾਇਆ ਜਾਵੇਗਾ
ਤਰੰਗਾ ਲਹਿਰਾਇਆ ਜਾਵੇਗਾ
ਲਾਰਾ ਲਾਇਆ ਜਾਵੇਗਾ
ਦਿੱਲੀ ਦੇ ਮਹਾਂਨਗਰ ਵਿੱਚ
ਅਧੂਨਿਕ ਹਥਿਆਰਾਂ ਅਤੇ
ਮਾਰੂ ਸ਼ਕਤੀ ਦਾ ਪ੍ਰਦਰਸ਼ਨ ਕਰ
ਗੁਆਂਢੀ ਨੂੰ ਡਰਾਇਆ ਜਾਵੇਗਾ
ਦੇਸ਼ ਦੀ ਖ਼ੁਰਦੀ ਜਾ ਰਹੀ
ਭੁਰਦੀ ਜਾ ਰਹੀ
ਮਾਨਵੀ ਅਧਿਕਾਰਾਂ ਦੀ
ਅਣਮਨੁੱਖੀ ਸਮਾਜਿਕ ਵਿਵਸਥਾ ਦਾ
ਮੌਜੂ ਮੁੜ ਫਿਰ ਉਡਾਇਆ ਜਾਵੇਗਾ
ਦੇਸ਼ ਭਗਤੀ ਦੇ ਘਸੇ ਪਿੱਟੇ
ਜਜ਼ਬੇ ਨੂੰ ਮੁੱਦਾ ਬਣਾਇਆ ਜਾਵੇਗਾ
ਨੰਗ ਧੜੰਗੇ, ਗੁਰਬਤੀ ਚਿਹਰੇ
ਹੱਥ ਵਿੱਚ ਝੰਡੀਆਂ ਫੜ੍ਹੀ
ਵਿਕਾਸ ਦੀ ਝਲਕੀਆਂ ਦੇਖਣਗੇ
ਸੁਪਨਿਆਂ ਦੇ ਖੰਭ ਗਿਣਨਗੇ
ਅਗਲੇ ਵਰ੍ਹੇ ਦੀ ?ਡੀਕ ਕਰਨਗੇ

ਧਰਮ ਨਿਰਪੇਖਤਾ ਦੀ
ਨਵੀਂ ਨਕੋਰ ਕਹਾਣੀ ਸੁਣਨਗੇ
ਗਊ ਰੱਖਿਆ ਅਤੇ ਗ੍ਰੰਥ ਰੱਖਿਆ
ਦੇ ਧਾਰਮਿਕ ਮੁੱਦੇ ਨੂੰ
ਵੋਟਾਂ ਦੀ ਪੇਂਦ ਚੜਾਈ ਜਾਵੇਗੀ
ਜਨਤਾ ਫਿਰ ਭਰਮਾਈ ਜਾਵੇਗੀ
ਬੋਲਣ ਦੀ ਅਜ਼ਾਦੀ ਦਾ
ਢੰਡੋਰਾ ਪਿੱਟਿਆ ਜਾਵੇਗਾ
ਅੰਨ ਦਾਤਾ, ਖੇਤਾਂ ਵਿੱਚ
ਖ਼ੁਦਕਸ਼ੀ ਦੀ ਫ਼ਸਲ ਬੀਜੇਗਾ
ਜੈ ਜਵਾਨ, ਜੈ ਕਿਸਾਨ
ਦਾ ਉਦਾਸ ਹੋਇਆ ਨਾਹਰਾ
ਮਾਤਮ ਦੀ ਕਿੱਕਲੀ ਪਾਵੇਗਾ
ਨਸ਼ਿਆ ਦੀ ਛੋਟ ਹੋਵੇਗੀ
ਅਤੇ ਮਹਿੰਗੀ ਵੋਟ ਹੋਵੇਗੀ
ਧਰਮ ਅਤੇ ਜਾਤ ਦੇ ਨਾਮ ਤੇ
ਲੋਕਾਂ ਦਾ ਵਰਗੀਕਰਣ ਹੋਵੇਗਾ
ਅੱਛੇ ਦਿਨਾਂ ਦੇ ਨਾਹਰੇ ਨੂੰ
ਮੁੜ ਨਵਿਆਇਆ ਜਾਵੇਗਾ ।
ਕਨ੍ਹਈਏ ਨੂੰ ਕ੍ਰਿਸ਼ਨ ਲੀਲ੍ਹਾ
ਦਾ ਪਾਤਰ ਬਣਾਇਆ ਜਾਵੇਗਾ
ਅਧਿਆਤਮਵਾਦ ਦੇ ਨਾਲ ਨਾਲ
ਅਸ਼ੁੱਧ ਖ਼ੁਰਾਕ ਅਤੇ ਸ਼ੁੱਧ ਯੋਗਾ
ਦਾ ਸਿਹਤਮੰਦ ਮਹੱਤਵ
ਭੁੱਖੇ ਲੋਕਾਂ ਨੂੰ ਸਮਝਾਇਆ ਜਾਵੇਗਾ ।

ਅੰਤਰਰਾਸਟਰੀ ਮੰਡੀ ਵਿੱਚ
ਮਾਲ ਬਣ ਚੁੱਕੇ ਭਾਰਤ ਦੇ
ਸੁਨਿਹਰੀ ਭਵਿੱਖ ਦਾ
ਗੁੰਗਾ ਗੁਣਗਾਨ ਹੋਵੇਗਾ
ਇਸ ਤਰਾਂ ਅੱਜ ਦੇ ਅਹਿਮ ਦਿਨ
ਮੇਰਾ ਭਾਰਤ ਫਿਰ ਮਹਾਨ ਹੋਵੇਗਾ ।

**- ਅਮਰੀਕ ਪਲਾਹੀ**

## ਸਭ ਤੋਂ ਖਤਰਨਾਕ ਹੁੰਦਾ ਹੈ

ਸਭ ਤੋਂ ਖਤਰਨਾਕ ਹੁੰਦਾ ਹੈ,
ਸਾਡੇ ਸੁਪਨਿਆਂ ਦਾ ਮਰ ਜਾਣਾ।
ਪਰ ਉਸ ਤੋਂ ਵੀ ਖਤਰਨਾਕ ਹੁੰਦਾ ਹੈ
ਪੱਤਰਕਾਰਾਂ ਅਤੇ ਅਖਬਾਰਾਂ ਦਾ ਵਿਕ ਜਾਣਾ..

ਸਭ ਤੋਂ ਖਤਰਨਾਕ ਓਹ ਅੱਖ ਹੁੰਦੀ ਹੈ
ਜੋ ਸਭ ਦੇਖਦੀ ਹੋਈ ਵੀ ਠੰਡੀ ਅੱਖ ਹੁੰਦੀ ਹੈ
ਪਰ ਉਸ ਤੋਂ ਵੀ ਖਤਰਨਾਕ ਕਾਨੂਨ ਦੀ ਅੱਖ ਹੁੰਦੀ ਹੈ..
ਜੋ ਆਮੀਰ ਦਾ ਪੈਸਾ ਦੇਖ ਕੇ ਬੰਦ ਹੁੰਦੀ ਹੈ

ਸਭ ਤੋਂ ਖਤਰਨਾਕ ਓਹ ਚੰਨ ਹੁੰਦਾ ਹੈ....
ਜੋ ਹਰ ਕਤਲਕਾਂਡ ਦੇ ਬਾਦ ਸੁੰਨੇ ਹੋਇ ਵੇਹੜਿਆਂ ਵਿਚ ਚੜਦਾ ਹੈ
ਪਰ ਉਸ ਤੋਂ ਵੀ ਖਤਰਨਾਕ ਓਹ ਸਿਆਸਤਦਾਨ ਹੁੰਦਾ ਹੈ....
ਜੋ ਪੰਜ ਸਾਲ ਲੁੱਟਣ ਬਾਅਦ ਫਿਰ ਤੁਹਾਡੇ ਵੇਹੜੇ ਆ ਵੜਦਾ ਹੈ

ਸਭ ਤੋਂ ਖਤਰਨਾਕ ਹੁੰਦੇ ਹਨ ਧਰਮ ਦੇ ਨਾਂ ਤੇ ਦੰਗੇ ਕਰਾਉਣੇ..
ਪਰ ਉਸਤੋਂ ਵੀ ਖਤਰਨਾਕ ਹੁੰਦਾ ਹੈ ਦੰਗਿਆਂ ਤੇ ਸਿਆਸਤ ਕਰਨਾ

ਸਭ ਤੋਂ ਖਤਰਨਾਕ ਓਹ ਦਿਸ਼ਾ ਹੁੰਦੀ ਹੈ,...
ਜਿਸ ਤੋਂ ਆਤਮਾ ਦਾ ਸੂਰਜ ਡੁੱਬ ਜਾਵੇ
ਪਰ ਉਸ ਤੋਂ ਵੀ ਵਧ ਖਤਰਨਾਕ ਓਹ ਵੋਟ ਹੁੰਦੀ ਹੈ....
ਜੋ ਸ਼ਰਾਬ ਦੀ ਬੋਤਲ ਬਦਲੇ ਵਿਕ ਜਾਵੇ

ਸਭ ਤੋਂ ਖਤਰਨਾਕ ਹੁੰਦਾ ਹੈ,.. ਸਾਡੇ ਸੁਪਨਿਆਂ ਦਾ ਮਰ ਜਾਣਾ
ਪਰ ਉਸ ਤੋਂ ਵੀ ਖਤਰਨਾਕ ਹੁੰਦਾ ਹੈ... ਵੇਹਲੜ ਬਣ ਜਾਣਾ
ਆਟਾ ਦਾਲ ਦਾ ਰਾਸ਼ਨ ਕਾਰਡ ਬਣਾਉਣਾ ਖਤਰਨਾਕ ਨਹੀਂ ਹੁੰਦਾ,...
ਖਤਰਨਾਕ ਹੁੰਦਾ ਹੈ ਵੋਟਾਂ ਖਾਤਰ ਇਹਨਾ ਕਾਰਡਾਂ ਦਾ ਲਾਰਾ ਲਾਉਣਾ..

ਖਜਾਨੇ ਦੀ ਚੋਰੀ ਸਭ ਤੋਂ ਖਤਰਨਾਕ ਹੁੰਦੀ ਹੈ...
ਪਰ ਉਸਤੋਂ ਵੀ ਖਤਰਨਾਕ ਹੁੰਦਾ ਹੈ... ਉਸ ਚੋਰੀ ਦੇ ਪੈਸੇ ਦਾ ਸਵਿਸ ਬੈਂਕਾਂ ਵਿਚ ਜਾਣਾ

ਸਭ ਤੋਂ ਖਤਰਨਾਕ ਹੁੰਦਾ ਹੈ, ਮੁਜਰਮਾਂ ਦਾ ਚੋਣ ਲੜਨਾ...
ਪਰ ਉਸ ਤੋਂ ਵੀ ਖਤਰਨਾਕ ਹੁੰਦਾ ਹੈ...
ਉਸਦਾ ਜਿੱਤ ਕੇ ਕਾਨੂੰਨ ਮੰਤਰੀ ਬਣ ਜਾਣਾ...

**- ਰਵਿੰਦਰ ਧਾਲੀਵਾਲ, ਧੂਰਕੋਟ**

## ਗੀਤ

ਸਾਡੀ ਸ਼ੁਰੂ ਤੋਂ ਲੜਾਈ ਹੈ ਹਨੇਰਿਆਂ ਨਾਲ
ਜਿੰਦ ਵਾਰ ਕੇ ਨਿਭਾਈ ਹੈ ਸਵੇਰਿਆਂ ਦੇ ਨਾਲ

ਅਸੀਂ ਅੱਗ ਦਿਆਂ ਰੁੱਖਾਂ ਉਤੇ ਪਾਏ ਆਲ੍ਹਣੇ
ਅਸੀਂ ਮਘਦੇ ਅੰਗਾਰਾਂ ਵਿਚ ਬੋਟ ਪਾਲਣੇ

ਜਾਰੀ ਸੂਹਾ ਸੰਗਰਾਮ ਵੱਡੇ ਜੇਰਿਆਂ ਦੇ ਨਾਲ
ਜਿੰਦ ਵਾਰ ਕੇ ਨਿਭਾਈ ਹੈ ਸਵੇਰਿਆਂ ਦੇ ਨਾਲ

ਲਿਖੇ ਲਹੂ ਨਾਲ ਗ਼ਦਰੀ ਜੋ ਬਾਬਿਆਂ ਦੇ ਬੋਲ
ਸਾਡੀ ਚੰਡੀ ਤੇ ਭਗੌਤੀ ਨੇ ਸਰਾਭਿਆਂ ਦੇ ਬੋਲ

ਸਾਡਾ ਸਾਂਝਾ ਸਿਰਨਾਵਾਂ ਸੁੰਨੇ ਵਿਹੜਿਆਂ ਦੇ ਨਾਲ
ਜਿੰਦ ਵਾਰ ਕੇ ਨਿਭਾਈ ਹੈ ਸਵੇਰਿਆਂ ਦੇ ਨਾਲ

ਸਹੁੰ ਧਰਤੀ ਦੀ ਜਿੰਦ ਨਾ' ਪਿਆਰੀ ਰੱਖਾਂਗੇ
ਲੋਕ ਮੁਕਤੀ ਦੇ ਲਈ ਜੰਗ ਜਾਰੀ ਰੱਖਾਂਗੇ

ਲੰਮੀ ਲੜਾਂਗੇ ਲੜਾਈ ਇਹ ਲੁਟੇਰਿਆਂ ਦੇ ਨਾਲ
ਜਿੰਦ ਵਾਰ ਕੇ ਨਿਭਾਈ ਹੈ ਸਵੇਰਿਆਂ ਦੇ ਨਾਲ

ਅਸੀਂ ਤੁਰਾਂਗੇ ਤੂਫ਼ਾਨਾਂ ਸੰਗ ਹਿੱਕ ਤਾਣ ਕੇ
ਸ਼ਹੀਦ ਸਾਥੀਆਂ ਦੀ ਰੂਹ ਵਾਲਾ ਨਿੱਘ ਮਾਣਦੇ

ਮੋਹ ਗੜ੍ਹੀ ਦਿਆਂ ਕੱਚਿਆਂ ਬਨੇਰਿਆਂ ਦੇ ਨਾਲ
ਜਿੰਦ ਵਾਰ ਕੇ ਨਿਭਾਈ ਹੈ ਸਵੇਰਿਆਂ ਦੇ ਨਾਲ

ਸੂਹੇ ਰੰਗ ਦੀ ਸਵੇਰ ਸਾਡੀ ਬਾਤ ਪਾਏਗੀ
ਜਿਹੜੀ ਆਏਗੀ ਬਹਾਰ ਸਾਡੇ ਗੀਤ ਗਾਏਗੀ

ਕਿਹੜੇ ਵੇਲਿਆਂ ਦੇ ਜੂਝੇ ਕਿਹੜੇ ਕਿਹੜਿਆਂ ਦੇ ਨਾਲ
ਜਿੰਦ ਵਾਰ ਕੇ ਨਿਭਾਈ ਹੈ ਸਵੇਰਿਆਂ ਦੇ ਨਾਲ।

**ਅਨੂਪ ਵਿਰਕ**

## ਸਾਡਾ ਹਰ ਦਿਨ ਨਵਾਂ ਭਲਾਂ ਕੀ ਹੈ ਨਵਾਂ ਸਾਲ ਵੇ

ਸਾਡਾ ਹਰ ਦਿਨ ਨਵਾਂ ਭਲਾਂ ਕੀ ਹੈ ਨਵਾਂ ਸਾਲ ਵੇ।
ਹਨੇਰਿਆ ਚੋਂ ਚੰਨਾਂ ਸਾਨੂੰ ਚਾਨਣ ਦੀ ਭਾਲ ਵੇ।

ਜਿੰਦਗੀ ਦੇ ਫਿਕੇ ਰੰਗ ਹੋਣੇ ਹੈ ਰੰਗੀਨ ਵੇ। ...
ਜੋਕਾਂ ਦੀ ਜਮਾਤ ਗਿਝੀ ਹੋਈ ਖ਼ੂਨ ਪੀਣ ਵੇ।
ਹਾਸਿਆਂ ਨੂੰ ਲੱਗੀ ਨੋਟ ਬੰਦੀ ਦੀ ਜੰਗਾਲ ਵੇ।
ਸਾਡਾ ਹਰ ਦਿਨ ਨਵਾਂ ਭਲਾਂ ਕੀ ਹੈ ਨਵਾਂ ਸਾਲ ਵੇ।

ਚੁਲ੍ਹਿਆਂ ਦੀ ਅੱਗ ਵਾਂਗੂੰ ਠੰਢੇ ਅਰਮਾਨ ਵੇ।
ਉਮਰਾਂ ਦੇ ਵਰੇ ਮਿਣ ਖਾ ਗਏ ਸਾਡੀ ਜਾਨ ਵੇ।
ਉਡੂੰ ਉਡੂੰ ਜਿੰਦ ਕਰੇ ਸੁੱਟੇ ਹੋਏ ਜਾਲ ਵੇ।
ਸਾਡਾ ਹਰ ਦਿਨ ਨਵਾਂ ਭਲਾਂ ਕੀ ਹੈ ਨਵਾਂ ਸਾਲ ਵੇ।

ਕੀਹਨੇ ਕੈਦ ਕੀਤੇ ਸਾਡੇ ਉਮਰਾਂ ਦੇ ਪੰਧ ਵੇ।
ਸੋਚਾਂ ਦੇ ਪਰਿੰਦਿਆਂ ਨੂੰ ਪਿਜਰਿਆਂ ਚ ਬੰਦ ਵੇ।
ਜਿੰਦਗੀ ਦੇ ਚਾਅ ਬਾਕੀ ਜਿਉਣਾ ਦਾ ਸੁਆਲ ਵੇ।
ਸਾਡਾ ਹਰ ਦਿਨ ਨਵਾਂ ਭਲਾਂ ਕੀ ਹੈ ਨਵਾਂ ਸਾਲ ਵੇ।

ਨਿੱਤ ਨਵਾਂ ਦਿਨ ਸੂਹੇ ਸੁਪਨੇ ਸਿੰਗਾਰਦਾ।
ਬੀਤੇ ਨੇ ਸਿੱਖਾਇਆਂ ਆਉ ਸੂਰਜ ਵੰਗਾਰ ਦਾ।
ਸੁਪਨਿਆਂ ਦੀ ਜੰਜ ਕਿੱਦਾਂ ਲੈਣਗੇ ਉਧਾਲ ਵੇ।
ਸਾਡਾ ਹਰ ਦਿਨ ਨਵਾਂ ਭਲਾਂ ਕੀ ਹੈ ਨਵਾਂ ਸਾਲ ਵੇ।

**- ਜਗਸੀਰ ਜੀਦਾ**

# ਇੱਟਾਂ ਨੂੰ ਕੀ ਕਰੀਏ ਜਦ ਉੱਤੇ ਤੁਰਨ ਵਾਲੇ ਗੱਭਰੂ ਹੀ ਨਾ ਰਹੇ...

(ਸਫ਼ਾ 15 ਦੀ ਬਾਕੀ)

ਕੋਲ ਇਸ ਹਕੂਮਤ ਨੇ ਕੁਝ ਨਹੀਂ ਛੱਡਿਆ, ਜਿਸ ਰਾਜ ਭਾਗ ਵਿੱਚ ਸਾਡੇ ਗੁਰੂ ਸਾਹਿਬ ਦੇ ਸਰੂਪ ਨੂੰ ਰੋਲਿਆ ਗਿਆ ਹੋਵੇ, ਓਥੇ ਸਾਡੀਆਂ ਬੱਚੀਆਂ ਦੀ ਪੱਤ ਕਿਵੇਂ ਮਹਿਫੂਜ਼ ਹੋਊ? ਬਹਿਕਾਂ ਤੇ ਰਹਿਣ ਵਾਲੇ ਪਰਿਵਾਰ ਤਾਂ ਆਪਣੀਆਂ ਬੱਚੀਆਂ ਨੂੰ ਪਿੰਡ ਤੱਕ ਵੀ ਪ੍ਰਾਇਮਰੀ ਸਕੂਲ 'ਚ ਨਹੀਂ ਭੇਜਦੇ, ਮਗਰ ਗੁੰਡੇ ਲੱਗਦੇ ਨੇ, ਤੇ ਫੇਰ ਸੁਣਵਾਈ ਵੀ ਤਾਂ ਕੋਈ ਨਹੀਂ। ਕਿਹਦਾ ਜੀਅ ਨਹੀਂ ਕਰਦਾ ਕਿ ਸਾਡੇ ਬੱਚੇ ਬੱਚੀਆਂ ਸਮੇਂ ਦੇ ਹਾਣੀ ਨਾ ਬਣਨ ਪਰ ਸੱਤਾ ਦੇ ਲਾਲਚੀਆਂ ਨੇ ਸਾਨੂੰ ਸਰਹੱਦੀ ਲੋਕਾਂ ਨੂੰ ਦਹਾਕੇ ਪਿੱਛੇ ਸੁੱਟ ਦਿੱਤਾ। ਖਾੜਕੂਵਾਦ ਨੇ ਵੀ ਸਾਡੇ ਜਵਾਨ ਪੁੱਤ ਨਿਗਲੇ, ਤੇ ਨਸ਼ੇ ਨੇ ਵੀ ਸਾਨੂੰ ਸਭ ਤੋਂ ਵੱਧ ਢਾਅ ਲਾਈ। ਪਿੰਡਾਂ ਦੇ ਲੋਕਾਂ ਨੇ ਦਾਅਵਾ ਕੀਤਾ ਕਿ ਇਲਾਕੇ ਦੇ 10-12 ਪਿੰਡਾਂ ਵਿੱਚ ਚਿੱਟੇ ਨੇ ਪਿਛਲੇ 4-5 ਸਾਲਾਂ ਵਿੱਚ ਦੋ ਸੌ ਦੇ ਕਰੀਬ ਜਵਾਨ ਪੁੱਤ ਨਿਗਲ ਲਏ। ਹਾਕਮੀ ਧਿਰ ਦੇ ਸਮਰਥਕਾਂ ਵਲੋਂ ਇਸ ਇਲਾਕੇ ਵਿੱਚ ਵੇਚੀ ਜਾ ਰਹੀ ਨਜਾਇਜ਼ ਸ਼ਰਾਬ ਨਾਲ ਮੌਤਾਂ ਹੋਣ ਵਾਲੀ ਗਿਣਤੀ ਵੱਖਰੀ ਹੈ। ਕਈ ਘਰਾਂ ਵਿੱਚ ਤਾਂ ਦੋ ਦੋ ਜਣੇ ਨਸ਼ੇ ਦੀ ਭੇਟ ਚੜ੍ਹ ਗਏ, ਹਾਲੇ ਵੀ ਸਰਕਾਰ ਕਹਿੰਦੀ ਹੈ, ਨਸ਼ਾ ਐਨਾ ਨਹੀਂ। ਲੋਕ ਸਾਫ ਕਹਿੰਦੇ ਨੇ ਕਿ ਨਸ਼ੇ ਦੇ ਕਾਰੋਬਾਰੀਆਂ ਨੂੰ ਹਾਕਮੀ ਧਿਰ ਦਾ ਥਾਪੜਾ ਹੈ, ਸਵਾਲ ਕਰਦੇ ਨੇ ਕਿ ਜੇ ਖਾੜਕੂਵਾਦ ਨੂੰ ਮਹੀਨੇ ਵਿੱਚ ਖਤਮ ਕੀਤਾ ਜਾ ਸਕਦਾ ਹੈ ਤਾਂ ਫੇਰ ਨਸ਼ਾ ਖਤਮ ਕਿਉਂ ਨਹੀਂ ਹੋ ਸਕਦਾ?

ਪਿੰਡ ਮਰਗਿੰਦਪੁਰਾ ਦੇ ਇਕ ਸੇਵਾਮੁਕਤ ਪੁਲਿਸ ਅਫਸਰ ਦਾ ਜਵਾਨ ਪੁੱਤ ਨਸ਼ੇ ਦੀ ਭੇਟ ਚੜ੍ਹ ਗਿਆ, ਉਸ ਅਫਸਰ ਨਾਲ ਖੁੱਲ੍ਹ ਕੇ ਗੱਲ ਹੋਈ, ਉਹਨਾਂ ਪਿੰਡ ਦੀ ਇਕ ਗੇੜੀ ਲਵਾਉਂਦਿਆਂ ਦੱਸਿਆ ਕਿ ਆਹ ਜਿੰਨੇ ਵੀ ਘਰਾਂ 'ਤੇ ਅਕਾਲੀਆਂ ਦੀਆਂ ਝੰਡੀਆਂ ਲੱਗੀਆਂ ਨੇ, ਸਭ ਸ਼ਰਾਬ ਦੇ ਕਾਰੋਬਾਰੀ ਨੇ, ਨਿਸ਼ਾਨੀ ਲਾਈ ਹੈ ਕਿ ਪੁਲਿਸ ਕਾਰਵਾਈ ਨਾ ਕਰੇ। ਉਹਨਾਂ ਕਿਹਾ ਕਿ ਜੇ ਦੋ ਮਹੀਨੇ ਪਹਿਲਾਂ ਆਉਂਦੇ ਤਾਂ ਪਿੰਡ ਵਿੱਚ ਲੂਣ ਵਾਂਗ ਚਿੱਟਾ ਵਿਕਦਾ ਸੀ। ਜਿੰਨਾ ਮਰਜ਼ੀ ਖਰੀਦ ਕੇ ਲਿਜਾਂਦੇ। ਹੁਣ ਕੁਝ ਪਰਦੇ ਨਾਲ ਵਿਕਦਾ ਹੈ। ਇਥੇ ਚਿੱਟੇ ਦਾ ਕਾਰੋਬਾਰ ਕਰਨ ਵਾਲੇ ਪਰਿਵਾਰਾਂ ਦੇ ਕੋਠੀ-ਨੁਮਾ ਘਰ ਵੀ ਦੇਖੇ। ਪਿੰਡ ਮਰਗਿੰਦਪੁਰਾ ਵਿੱਚ ਵੀ ਕਈ ਕੜੀ ਵਰਗੇ ਜਵਾਨ ਪੁੱਤ ਚਿੱਟੇ ਦੀ ਭੇਟ ਚੜ੍ਹੇ।

ਇਸ ਪਿੰਡ ਵਿੱਚ ਕੈਪਟਨ ਸਰਕਾਰ ਵੇਲੇ ਦੀਆਂ ਗਲੀਆਂ, ਨਾਲੀਆਂ ਬਣੀਆਂ ਨੇ, ਉਸ ਮਗਰੋਂ ਇਕ ਇੱਟ ਤਾਂ ਦੂਰ ਵਿਕਾਸ ਵਾਲਾ ਡਲਾ ਵੀ ਨਹੀਂ ਲੱਗਿਆ। ਸੀਵਰੇਜ ਦਾ ਪਾਣੀ ਲੋਕਾਂ ਨੇ ਘਰਾਂ ਮੂਹਰੇ ਟੋਏ ਪੁੱਟ ਕੇ ਕੱਢਿਆ ਹੋਇਆ ਹੈ, ਜੀਹਨੂੰ ਦਿਨ ਵਿੱਚ ਦੋ ਵਾਰ ਖਾਲੀ ਕਰਦੇ ਨੇ।

ਹਲਕੇ ਦੇ ਕਿਸਾਨਾਂ ਦਾ ਦਰਦ ਸਾਂਝਾ ਹੈ, ਨੇੜੇ ਮੰਡੀ ਨਹੀਂ, ਤੇ ਮੰਡੀਆਂ ਵਿੱਚ ਛੇਤੀ ਤੋਲ ਨਹੀਂ ਲੱਗਦੀ, ਵਕਤ ਸਿਰ ਪੈਸੇ ਨਹੀਂ ਮਿਲਦੇ, ਜਿਣਸ ਦਾ ਸਹੀ ਭਾਅ ਨਹੀਂ ਮਿਲ ਰਿਹਾ। ਬਹੁਤੇ ਕਿਸਾਨਾਂ ਨੂੰ ਝੋਨੇ ਦੀ ਹਾਲੇ ਤੱਕ ਵੱਟਤ ਨਹੀਂ ਮਿਲੀ। ਹਰ ਕਿਸਾਨ ਕਰਜ਼ਈ ਹੈ। ਨੋਟਬੰਦੀ ਕਰਕੇ ਵੀ ਲੋਕਾਂ ਵਿੱਚ ਬੇਹੱਦ ਗੁੱਸਾ ਹੈ। ਕਹਿੰਦੇ ਨੇ ਮੋਦੀ ਨੇ ਸਾਡੇ ਸੁੱਤੇ ਉਠਦਿਆਂ ਦੇ ਡਾਂਗ ਮਾਰਤੀ..।

ਹਲਕੇ ਦੇ ਦਲਿਤਾਂ ਜਾਂ ਕਹਿ ਲਓ ਨੀਲੇ ਕਾਰਡ ਧਾਰਕਾਂ ਨਾਲ ਗੱਲਬਾਤ ਕੀਤੀ ਤਾਂ ਬਹੁਤੇ ਲੋੜਵੰਦਾਂ ਦੇ ਕਾਰਡ ਹੀ ਨਹੀਂ ਬਣੇ। ਪਰ ਹਲਕਾ ਇੰਚਾਰਜਾਂ ਦੇ ਕਰੀਬੀ ਵੱਡੇ ਜ਼ਿਮੀਦਾਰਾਂ ਦੇ ਕਾਰਡ ਬਣੇ ਨੇ। ਸਰਕਾਰੀ ਇਸ਼ਤਿਹਾਰਬਾਜ਼ੀ ਤੋਂ ਜਾਣਕਾਰੀ ਹਾਸਲ ਕਰਕੇ ਹਕੂਮਤ ਦੀ ਬੋਲੀ ਦਾ ਦਮ ਭਰਨ ਵਾਲੇ ਬੇਸ਼ੱਕ ਦਾਅਵਾ ਕਰਦੇ ਨੇ ਕਿ ਬਾਦਲ ਹਕੂਮਤ ਨੇ ਪੈਨਸ਼ਨ 500 ਰੁਪੱਈਆ ਕਰਤੀ, ਭਗਤ ਪੂਰਨ ਸਿੰਘ ਬੀਮਾ ਯੋਜਨਾ ਸ਼ੁਰੂ ਕਰਤੀ, ਕੁੜੀਆਂ ਨੂੰ ਸਾਈਕਲ ਵੰਡਤੇ.. ਪਰ ਹਕੀਕਤ ਤਾਂ ਲੋਕਾਂ ਵਿੱਚ ਵਿਚਰ ਕੇ ਹੀ ਪਤਾ ਲੱਗਦੀ ਹੈ ਕਿ ਹਾਲ ਹੈ ਕੀ?

ਬਾਦਲ ਹਕੂਮਤ ਨੇ ਪੈਨਸ਼ਨਾਂ ਕਾਰਜਕਾਲ ਦੇ ਆਖਰੀ ਵਰੇ ਵਿੱਚ ਪੰਜ ਸੌ ਕਰਨ ਦਾ ਐਲਾਨ ਕੀਤਾ, ਇਵੇਂ ਹੀ ਬੀਮਾ ਯੋਜਨਾ ਵਾਲਾ ਪੱਤਾ ਵੀ ਚੋਣ ਵਰੇ ਵਿੱਚ ਫਾਇਦਾ ਲੈਣ ਲਈ ਸੁੱਟਿਆ ਗਿਆ।

ਖੇਮਕਰਨ ਦੇ ਇਹਨਾਂ ਪਿੰਡਾਂ ਵਿੱਚ ਕਿਸੇ ਵੀ ਗੁਰਬਤ ਮਾਰੇ ਬਜ਼ੁਰਗ ਬਾਬੇ ਜਾਂ ਬੇਬੇ ਕੋਲ ਜਾ ਖੜੋ, ਤੇ ਪੈਨਸ਼ਨ ਦਾ ਸਵਾਲ ਕਰੋ, ਤਾਂ ਉਹ ਰੁਆਂਸੇ ਜਿਹੇ ਕਹਿੰਦੇ ਨੇ- "ਨਾ ਪੁੱਤ ਪੈਨਸ਼ਣ ਤਾਂ ਕਦੇ ਕਦੇ ਮਿਲਦੀ ਆ, ਸਾਡੇ ਤਾਂ ਕਾਟ (ਕਾਰਡ) ਵੀ ਸਰਪੰਚ ਕੋਲ ਪਏ ਨੇ, ਜਦ ਉਹਦਾ ਜੀਅ ਕਰਦਾ ਸੱਦ ਕੇ 2-3 ਸੌ ਰੁਪਈਆ ਦੇ ਦਿੰਦਾ, 'ਗੂਠਾ ਲਵਾ ਲੈਂਦਾ। ਸਾਨੂੰ ਕੀ ਪਤਾ ਕਿੰਨੀ ਆਉਂਦੀ ਆ.. ਪਾੜ੍ਹੇ ਤਾਂ ਆਂਹਦੇ ਆ 500 ਹੋ ਗਈ, ਪਰ ਰੱਬ ਨੂੰ ਜਾਨ ਦੇਣੀ ਆ, ਸਾਨੂੰ ਕਦੇ ਪੰਜ ਸੌ ਨਹੀਂ ਮਿਲੀ। ਇਕ ਮਹੀਨੇ ਮਿਲ ਜੇ ਤਾਂ ਫੇਰ ਕਈ ਕਈ ਮਹੀਨੇ ਮਿਲਦੀ ਨੀ।" ਕਣਕ ਤੇ ਦਾਲ ਵਾਲੀ ਸਹੂਲਤ ਵੀ ਵਿਰਲੇ ਟਾਂਵੇ ਨੂੰ ਮਿਲਦੀ ਹੈ ਜਾਂ ਫੇਰ ਵੋਟਾਂ ਦੇ ਨੇੜੇ ਜਾ ਕੇ ਕਾਰਡ ਧਾਰਕਾਂ ਨੂੰ ਵੰਡੀ ਜਾਂਦੀ ਹੈ। ਸ਼ਗਨ ਸਕੀਮ ਤੇ ਭਗਤ ਪੂਰਨ ਸਿੰਘ ਬੀਮਾ ਯੋਜਨਾ ਵਾਲੇ ਤਾਂ ਕਦੇ ਇਹਨਾਂ ਲੋਕਾਂ ਨੂੰ ਦਰਸ਼ਨ ਵੀ ਨਹੀਂ ਹੋਏ। ਰਹੀ ਗੱਲ ਸਾਈਕਲ ਵੰਡਣ ਦੀ, ਜਦ ਇਸ ਹਲਕੇ ਦੀਆਂ ਬੱਚੀਆਂ ਨੂੰ ਇਕੱਲੀਆਂ ਨੂੰ ਅਸੁਰੱਖਿਅਤ ਮਾਹੌਲ ਦੀ ਵਜਾ ਕਰਕੇ ਮਾਪੇ ਪੜ੍ਹਨ ਭੇਜਦੇ ਹੀ ਨਹੀਂ, ਫੇਰ ਸਾਈਕਲ ਕਿਥੋਂ ਆ ਗਏ?

ਸਾਰੀਆਂ ਸਹੂਲਤਾਂ ਜੇ ਕਹਿ ਲਈਏ ਕਿ 25-75 ਫੀਸਦੀ ਦੀ ਦਰ ਨਾਲ ਮਿਲੀਆਂ ਨੇ ਤਾਂ ਗਲਤ ਨਹੀਂ ਹੋਵੇਗਾ। ਧਾਕੜ ਭਾਵੇਂ ਪੰਝੀ ਕਿੱਲਿਆਂ ਦੀ ਵਾਹੀ ਕਰਦਾ ਹੈ, ਉਹ ਸਹੂਲਤਾਂ ਲੈ ਰਿਹਾ ਹੈ, ਤੇ ਲੋੜਵੰਦ ਦੇ ਘਰ ਭਾਵੇਂ ਦੋ ਦਿਨ ਚੁੱਲ੍ਹਾ ਨਾ ਤਪੇ ਉਸ ਲਈ ਕੋਈ ਸਹੂਲਤ ਨਹੀਂ। ਪੈਨਸ਼ਨ ਜਦ 5-6 ਮਹੀਨਿਆਂ ਬਾਅਦ ਇਕੱਠੀ ਆਉਂਦੀ ਹੈ, ਤਾਂ ਸਰਪੰਚ ਜਾਂ ਅਕਾਲੀ ਮੋਹਤਬਰ ਆਪਣੇ ਘਰ ਪੈਨਸ਼ਨਰਾਂ ਨੂੰ ਸੱਦ ਕੇ ਅੰਗੂਠੇ ਲਵਾ ਕੇ ਜਿੰਨਾ ਮਨ ਕਰੇ ਓਨੀ ਰਕਮ ਹੱਥ ਫੜਾ ਦਿੰਦੇ ਨੇ, ਬਾਕੀ ਪੈਸਾ ਕਿੱਥੇ ਜਾਂਦਾ ਹੈ, ਦੱਸਣ ਦੀ ਲੋੜ ਨਹੀਂ। ਇਸੇ ਤਰਾਂ ਨਰੇਗਾ ਵਾਲੇ ਕਾਮਿਆਂ ਨਾਲ ਹੋ ਰਿਹਾ ਹੈ, ਉਹਨਾਂ ਦੀਆਂ ਕਾਪੀਆਂ ਘੜੰਮ ਚੌਧਰੀਆਂ ਕੋਲ ਨੇ, ਮਨਮਰਜ਼ੀ ਨਾਲ ਪੈਸੇ ਦਿੱਤੇ ਜਾਂਦੇ ਨੇ, ਉਂਵ ਇਸ ਇਲਾਕੇ ਵਿੱਚ ਨਰੇਗਾ ਕਾਮਿਆਂ ਦੀ ਗਿਣਤੀ ਹੈ ਹੀ ਬੜੀ ਘੱਟ।

ਇਹੋ ਜਿਹੀ ਹਾਲਤ ਵਿੱਚ ਵੀ ਜੇ ਕੋਈ ਦਾਅਵਾ ਕਰੇ ਕਿ ਸਰਕਾਰ ਨੇ ਕਈ ਵਾਅਦੇ ਪੂਰੇ ਕੀਤੇ ਨੇ ਤਾਂ ਹੈਰਾਨੀ ਹੁੰਦੀ ਹੈ??

ਖੇਮਕਰਨ ਹਲਕੇ ਦੇ ਇਹਨਾਂ ਪਿੰਡਾਂ ਦੇ ਨਾਲ ਹੀ ਪੱਟੀ ਹਲਕੇ ਦਾ ਪਿੰਡ ਲੱਗਦਾ ਹੈ...। ਧਾਰੀਵਾਲ, ਵਾਪਸੀ 'ਤੇ ਉਸ ਪਿੰਡ ਵਿੱਚ ਵੀ ਗਏ ਹਾਲਾਤ ਬਿਲਕੁਲ ਇਕੋ ਜਿਹੇ, ਲੋਕਾਂ ਦੀਆਂ ਮੁਸ਼ਕਲਾਂ ਇਕੋ ਜਿਹੀਆਂ। ਬੱਸ ਇਕ ਘਟਨਾ ਪ੍ਰਤੱਖ ਦੇਖੀ, ਜਦ ਪਿੰਡ ਦੇ ਕੁਝ ਜਾਗਦੀ ਜ਼ਮੀਰ ਵਾਲੇ ਲੋਕ ਹਾਲਾਤਾਂ ਤੇ ਹਕੂਮਤਾਂ ਦੀ ਬੇਈਮਾਨੀ ਬਾਰੇ ਗੱਲਾਂ ਕਰਦੇ ਪਿੰਡ ਦੀ ਸਥਿਤੀ ਦਿਖਾ ਰਹੇ ਸੀ ਤਾਂ ਸ਼ਾਮ ਢਲੀ ਤੋਂ ਇਕ ਗਲੀ ਦੀ ਗੁੱਠ ਚੋਂ ਲਾਲਾਲਾ ਲਾਲਾਲਾ ਹੋ ਗਈ, ਮਾਂ ਭੈਣਾਂ ਦੀਆਂ ਗੰਦੀਆਂ ਗਾਲਾਂ.. ਸਭ ਨੂੰ ਸ਼ਰਮਸਾਰ ਕਰ ਗਈਆਂ...

10-12 ਮੁੰਡੇ ਨਲਕੇ ਦੀਆਂ ਹੱਥੀਆਂ, ਦਾਅ, ਟਕੂਏ ਹੱਥਾਂ 'ਚ ਫੜੀ, ਲੜਖੜਾਉਂਦੇ ਗਾਲਾਂ ਕੱਢਦੇ ਰੱਬ ਨੂੰ ਜ਼ਮੀਨ 'ਤੇ ਲਾਹੁਣ ਦੀ ਕੋਸ਼ਿਸ਼ ਕਰ ਰਹੇ ਸਨ, ਮੈਂ ਫੋਟੋ ਖਿੱਚਣ ਦੀ ਕੋਸ਼ਿਸ਼ ਕਰ ਰਹੀ ਸੀ, ਤਾਂ ਕਿ ਬਜ਼ੁਰਗ ਨੇ ਮੈਨੂੰ ਇਕ ਘਰ ਦੇ ਅੰਦਰ ਧੱਕਦਿਆਂ ਕਿਹਾ ਨਾ ਪੁੱਤ.. ਅਸੀਂ ਐਨੇ ਜੋਗੇ ਨਹੀਂ ਰਹੇ ਬਈ ਬਿਗਾਨੀ ਧੀ ਦਾ ਕੋਈ ਨੁਕਸਾਨ ਝੱਲ ਲਾਂਗੇ.. ਸਾਨੂੰ ਤਾਂ ਆਦਤ ਐ, ਇਹ ਤਾਂ ਰੋਜ਼ ਦਾ ਕੰਮ ਐ, ਇਕ ਦੂਜੇ ਦਾ ਸਿਰ ਪਾੜਦੇ ਨੇ.. ਸਵੇਰ ਨੂੰ ਫੇਰ 'ਕੱਠੇ ਸੂਟੇ ਲਾਉਂਦੇ ਨੇ, ਸਭ ਚਿੱਟੇ ਵਾਲੇ ਨੇ.. ਤੂੰ ਕਿਤੇ ਦਿਨੇ ਆਈਂ, ਹੁਣ ਤਾਂ ਹਨੇਰਾ ਹੋ ਗਿਆ। ਤੇ ਮੱਲੋਜ਼ੋਰੀ ਫਿਕਰਮੰਦ ਬਜ਼ੁਰਗਾਂ ਨੇ ਪਿੰਡ ਵਿਚੋਂ ਸਾਨੂੰ ਭੇਜ ਦਿੱਤਾ। ਸਾਰੇ ਰਾਹ ਇਕ ਚੀਸ ਕਾਲਜੇ ਵਿੱਚ ਉੱਠਦੀ ਰਹੀ ਕਿ ਬਾਪੂ ਜਦ ਮੇਰੇ ਲੋਕ ਐਨਾ ਸੰਘਣਾ ਹਨੇਰ ਢੋਹ ਰਹੇ ਨੇ, ਦਿਨ ਦਾ ਚਾਨਣ ਤਾਂ ਫੇਰ ਮੇਰੀਆਂ ਅੱਖਾਂ 'ਚ ਰੜਕਦਾ ਰਹੂ.. ..।

... ਕਿਤੇ ਚਾਨਣ ਦੀ ਲੀਕ ਹੱਥ ਆ ਜਾਏ, ਇਸੇ ਆਸ 'ਚ ਜਾਗਦੀਆਂ ਜ਼ਮੀਰਾਂ ਵਾਲੇ ਪੰਜਾਬ ਦੇ ਫਿਕਰਮੰਦਾਂ ਨੂੰ ਹਨੇਰ ਢੋਅ ਰਹੇ ਲੋਕਾਂ ਨਾਲ ਰੂਬਰੂ ਕਰਵਾ ਰਹੀ ਹਾਂ..।

# ਕੀ ਅੱਜ ਦਾ ਹਾਕਮ ਵੀ ਓਵੇਂ ਸਾਰੂ?

(ਸਫ਼ਾ 31 ਦੀ ਬਾਕੀ)

ਜਾ ਰਿਹਾ ਹੈ। ਜਿਨ੍ਹਾਂ ਕੋਲ ਦੇਸ਼ ਦਾ ਸਿਰਫ਼ 5% ਸਰਮਾਇਆ ਹੀ ਹੈ। ਜੋ ਅੱਠ ਦਸ ਘਰਾਣੇ ਦੇਸ਼ ਦੇ 95% ਰੁਪਏ ਤੇ ਅਯਾਸ਼ੀਆਂ ਕਰ ਰਹੇ ਹਨ ਉਹ ਦੁੱਧ ਧੋਤੇ ਬਣੇ ਬੈਠੇ ਹਨ। ਕੀ ਹੁਣ ਤੱਕ ਸਰਕਾਰ ਸਵਿਸ ਬੈਂਕਾਂ 'ਚੋਂ ਇਕ ਰੁਪਏ ਦਾ ਕਾਲਾ ਧਨ ਵਾਪਸ ਲਿਆਂਦਾ ਹੈ? ਇਨ੍ਹਾਂ 10 ਘਰਾਣਿਆਂ ਕੋਲ ਮਾਰਚ 2016 ਤੱਕ 57368 ਕਰੋੜ ਡਾਲਰ ਦਾ ਸਰਮਾਇਆ ਹੈ। ਕਾਲਾ ਧਨ ਕਢਵਾਉਣ ਲਈ ਦੋ ਵੇਲੇ ਮਸਾਂ ਰੋਟੀ ਖਾਣ ਵਾਲੇ ਗਰੀਬ ਜੋ ਪਹਿਲਾਂ ਹੀ ਮਰਿਆਂ ਬਰਾਬਰ ਹੁੰਦੇ ਹਨ ਉਨ੍ਹਾਂ ਦੇ ਮੂੰਹ 'ਚੋਂ ਕਾਰੂ ਵਾਂਗ ਪੰਜ-ਸੱਤ ਹਜ਼ਾਰ ਦੇ ਪੰਜ-ਪੰਜ ਸੌ ਦੇ ਨੋਟ ਕਢਵਾਕੇ, ਨਵੀਂ ਕਰੰਸੀ ਚਲਾ ਕੇ ਅੰਕੜੇ ਦਿੱਤੇ ਜਾ ਰਹੇ ਹਨ। ਜਿਵੇਂ ਕਿ ਦੇਸ਼ ਦੇ ਵਰਤਮਾਨ ਹਾਕਮ ਨੇ ਆਰਥਿਕ ਸਮਾਨਤਾ ਵਾਲਾ ਇਨਕਲਾਬ ਲੈ ਆਂਦਾ ਹੋਵੇ। ਵਿਸ਼ਵੀਕਰਨ ਤੇ ਬਹੁਕੌਮੀ ਕਪਨੀਆਂ ਦਾ ਨਪੀੜਿਆ ਆਮ ਆਦਮੀ ਸਹਿਮ ਵਿਚੋਂ ਉਸੇ ਤਰ੍ਹਾਂ ਲੰਘ ਰਿਹਾ ਹੈ ਜਿਵੇਂ 1330 ਈ. ਵਿਚ ਮੁਹੰਮਦ ਤੁਗਲਕ ਦੇ ਸਮੇਂ ਵਿਚ ਲੰਘਿਆ ਹੋਵੇਗਾ। ਹੁਣ ਤਾਂ ਅਜੋਕੇ ਤੁਗਲਕ ਦਾ ਰਾਜਧਾਨੀ ਬਦਲਣ ਦਾ ਕੰਮ ਹੀ ਅਧੂਰਾ ਰਹਿ ਚੁੱਕਾ ਹੈ। ਜਿਵੇਂ ਪੰਜਾਬ ਵਾਲੇ ਚੰਡੀਗੜ੍ਹ ਛੱਡਕੇ ਮੋਹਾਲੀ ਆ ਗਏ ਹਨਉਸੇ ਤਰ੍ਹਾਂ ਦੇਸ਼ ਦਾ ਹਾਕਮ ਦਿੱਲੀ ਦੇ ਪ੍ਰਦੂਸ਼ਣ ਨੂੰ ਕਿਸੇ ਹੋਰ ਸਿਰ ਮੜਕੇ ਮੁੰਬਈ ਨੂੰ ਰਾਜਧਾਨੀ ਬਣਾ ਸਕਦਾ ਹੈ। ਇਹ ਕੋਈ ਸ਼ੁਭ ਸੰਕੇਤ ਨਹੀਂ ਹੈ। ਆਮ ਮਨੁੱਖ ਦੀ ਨੀਂਦ ਹਰਾਮ ਹੋ ਗਈ ਹੈ। ਉਹ ਬੈਂਕਾਂ ਦੇ ਮੂਹਰੇ ਅਤਿ ਦੀ ਸਰਦੀ ਵਿਚ ਬਾਹਰ ਪੈ ਕੇ ਰਾਤਾਂ ਕੱਟ ਰਹੇ ਹਨ। ਬੈਂਕਾਂ ਅੱਗੇ ਕੈਸ਼ ਨਹੀਂ ਦੀਆਂ ਤਖਤੀਆਂ ਲਟਕ ਰਹੀਆਂ ਹਨ। ਇਸ ਵਰਤਾਰੇ ਤੇ ਸਭ ਸਿਆਸਤਦਾਨਾਂ ਨੇ ਬੁੱਲ੍ਹ ਸਿਉਤੇ ਹੋਏ ਹਨ ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਉਹ ਫਲਾਈਓਵਰ ਪੁਲਾਂਘਾ ਚਹੁ ਤੇ ਛੇ ਮਾਰਗੀ ਸੜਕਾਂ ਨੂੰ ਹੀ ਵਿਕਾਸ ਦੱਸ ਰਹੇ ਹਨ ਜਦਕਿ ਇਹ ਵਿਨਾਸ਼ ਹੈ। ਜ਼ਰਾ ਸੋਚ ਕੇ ਦੱਸੋ ਕਿ ਕੀ ਇਨ੍ਹਾਂ ਮਾਰਗਾਂ 'ਤੇ ਸਾਈਕਲ ਸਵਾਰ, ਰੇੜੀ ਚਾਲਕ ਲੰਘ ਸਕਦੇ ਹਨ? ਇਸ ਵਿਕਾਸ ਦੀ ਬਦੌਲਤ ਕਿੰਨੀ ਹਰਿਆਲੀ ਦੀ ਬਲੀ ਲਈ ਗਈ ਹੈ ਤੇ ਕਿੰਨਾ ਪ੍ਰਦੂਸ਼ਣ ਫੈਲਿਆ ਹੈ ਉਸਦਾ ਕੋਈ ਵੇਰਵਾ ਨਹੀਂ ਹੈ।

ਅਰਥ ਸ਼ਾਸਤਰੀਆਂ ਅਨੁਸਾਰ ਵਿਕਾਸ ਤਾਂ ਦੇਸ਼ ਦੇ ਪੜ੍ਹੇ ਲਿਖੇ ਲੋਕਾਂ ਦੀ ਗਿਣਤੀ, ਪੂਰਨ ਰੁਜ਼ਗਾਰ, ਬਰਾਬਰੀ ਦਾ ਸਮਾਜ ਜੋ ਗਰੀਬੀ ਭ੍ਰਿਸ਼ਟਾਚਾਰ ਤੇ ਬੇਰੁਜ਼ਗਾਰੀ ਤੋਂ ਰਹਿਤ ਹੋਵੇ। ਕਰੰਸੀ ਬਦਲਣਾ ਕੋਈ ਵਿਕਾਸ ਨਹੀਂ ਹੁੰਦਾ ਕਿ ਆਮ ਆਦਮੀ ਦੀ ਜ਼ਿੰਦਗੀ ਦਾ ਤਾਣਾ ਪੇਟਾ ਉਲਝ ਕੇ ਰਹਿ ਜਾਵੇ। ਅਜਿਹੀਆਂ ਹਾਲਤਾਂ ਵਿਚ ਬੌਧਿਕ ਪੱਖੋਂ ਚੇਤੰਨ ਤੇ ਮਾਨਵਵਾਦੀ ਤੇ ਆਰਥਿਕ ਸਮਾਨਤਾ ਦਾ ਦਾਅਵਾ ਕਰਨ ਵਾਲਿਆਂ ਲਈ ਸਿਰ ਜੋੜ ਕੇ ਸੋਚਣ ਦਾ ਵਿਸ਼ਾ ਹੈ। ਨਹੀਂ ਤਾਂ ਅਜੋਕੇ ਕਾਰੂ ਤੇ ਤੁਗਲਕ ਸਾਡੇ ਸਿਰਾਂ 'ਤੇ ਫੁੰਕਾਰੇ ਮਾਰਦੇ ਰਹਿਣਗੇ। ਇਹ ਓਹੀ ਕਾਰੂ ਹਨ ਜਿਨ੍ਹਾਂ ਦੇ ਵੱਖ-ਵੱਖ ਸਕੈਂਡਲਾਂ ਨੂੰ ਤਾਂ ਛੱਡੋ ਆਪਣੇ ਹੀਦੇਸ਼ ਦੇ ਕਾਰਗਿਲ ਸਮੇਂ ਸ਼ਹੀਦ ਹੋਏ ਸੈਨਿਕਾਂ ਦੇ ਤਾਬੂਤਾਂ 'ਚੋਂ ਮੁਰਦੇ ਦੇ ਮੂੰਹ 'ਚੋਂ ਪੈਸਾ ਕੱਢਣ ਦੀ ਕੋਝੀ ਹਰਕਤ ਇਹ 17-18 ਸਾਲ ਪਹਿਲਾਂ ਕਰ ਚੁੱਕੇ ਹਨ। ਜ਼ਰਾ ਸੋਚੋ ਫਿਰ ਪਿਛੇ ਕੀ ਰਹਿ ਗਿਆ? ਅਸੀਂ ਤਾਂ ਬਚਪਨ ਸਮੇਂ ਕਾਰੂ ਦੇ ਕੰਕਾਲਾਂ 'ਚੋਂ ਪੈਸੇ ਕੱਢਣ ਕਰਕੇ ਡਰ ਡਰ ਉਠਦੇ ਸਾਂ। ਪਰ 1999 ਵਿਚ ਕਾਰਗਿਲ ਵਿਚ ਮਰੇ ਸੈਨਿਕਾਂਦਾ ਮਾਪਿਆਂ ਨੂੰ ਸ਼ਹੀਦ ਦੇ ਤਾਬੂਤ 'ਚੋਂ ਖਾਧੇ ਕਮਿਸ਼ਨ ਦਾ ਪਤਾ ਲੱਗਣ 'ਤੇ ਚੰਗਿਆੜਾਂ ਮਾਰਦੇ ਦੇਖਿਆ ਅਤੇ ਸੁਣਿਆ ਹੈ।

ਅਜਿਹੀ ਹਾਲਤ ਵਿਚ ਆਮ ਆਦਮੀ ਦੀ ਸਥਿਤੀ ਤੇ ਬੌਧਿਕ ਪੱਖੋਂ ਚੇਤੰਨ ਲੋਕਾਂ ਨੂੰ ਅਵਾਮ ਨੂੰ ਜਾਗਰੂਕ ਕਰਕੇ ਲੋਕ ਸੰਘਰਸ਼ ਵਿੱਢ ਕੇ ਅਜਿਹੇ ਤੁਗਲਕਾਂ ਤੇ ਕਾਰੂਆਂ ਨੂੰ ਨਾਸ਼ੀ ਚਣੇ ਚੁਗਾਉਣੇ ਹਣਗੇ। ਵੋਟਾਂ ਰਾਹੀਂ ਤਬਦੀਲੀ ਇਸ ਦਾ ਹੱਲ ਨਹੀਂ। ਇਹ ਤਾਂ ਅੰਗਰੇਜ਼ਾਂ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ ਦੇ ਸਿੱਕੇ ਦਾ ਦੂਸਰਾ ਪਾਸਾ ਹੈ ਤੇ ਸਿੱਕਾ ਉਹੀ ਹੈ ਜਾਂ ਇਹ ਕਹਿ ਲਵੋ ਕਿ ਵੋਟਾਂ ਤਾਸ਼ ਦੀ ਖੇਡ ਹੈ। ਅੱਜ ਹੁਕਮ ਦਾ ਯੱਕਾ ਭੁੱਬੂ ਵਰਤਮਾਨ ਹਾਕਮ ਦੇ ਹੱਥ ਵਿਚ ਹੈ ਕੱਲ੍ਹ ਨੂੰ ਦੂਸਰੀ ਧਿਰ ਦੇ ਹਾਕਮ ਦੇ ਹੱਥ ਵਿਚ ਹੋਵੇਗਾ। ਇਸ ਵੋਟਾਂ ਦੀ ਥਾਂ ਗੁਰੂ ਗੋਬਿੰਦ ਸਿੰਘ ਜੀ ਦਾ ਦੱਸਿਆ ਮਾਰਗ ਲੋਕਾਈ ਦਾ ਗਾਡੀ ਰਾਹ ਬਣੇਗਾ ਕਿ

"ਚੂੰ ਕਾਰ ਅਜ ਹੁਮਾ ਹੀਲਤੇ ਦਰਗੁਜ਼ਸ਼ਤ

ਅਸਤ ਬੁਰਦਨ ਬਾ ਸ਼ਮਸ਼ੀਰ ਦਸਤ।

ਤੇ ਚੱਲਕੇ ਆਪਦੀ ਰਾਖੀ ਆਪ ਕਰਨੀ ਹਵੇਗੀ। ਨਹੀਂ ਤਾਂ ਹੁਕਮਾਨ ਆਮ ਲੋਕਾਂ ਨੂੰ ਆਪਣੀਆਂ ਜਾਬਰ ਨੀਤੀਆਂ ਦੀ ਚੱਕੀ 'ਚ ਪੀਸਦੇ ਰਹਿ ਣਗੇ। ਫੈਸਲਾ ਅਵਾਮ ਦੇ ਹੱਥ ਹੈ।

# ਮਾਤਾ ਬੇਨਤੀ ਦੇਵੀ ਜੀ ਦਾ ਸ਼ਰਧਾਂਜਲੀ ਸਮਾਗਮ



ਪਿਛਲੇ ਦਿਨੀਂ ਮਾਸਟਰ ਹਰੀਸ਼ ਮੋਦਗਿਲ (ਪੱਖੋਵਾਲ) ਦੇ ਮਾਤਾ ਜੀ ਸ਼੍ਰੀਮਤੀ ਬੇਨਤੀ ਦੇਵੀ 95 ਸਾਲ ਦੀ ਜਿੰਦਗੀ ਮਾਨਣ ਉਪਰੰਤ ਸਦੀਵੀ ਵਿਛੋੜਾ ਦੇ ਗਏ ਸਨ। ਉਹਨਾਂ ਦੀ ਮੌਤ ਉਪਰੰਤ ਸਮੁੱਚੇ ਪਰਿਵਾਰ ਵੱਲੋਂ ਸਮਾਜ ਵਿੱਚ ਜੜ੍ਹ ਹੋ ਚੁੱਕੀਆਂ ਰੂੜੀਵਾਦੀ ਰੀਤੀ ਰਿਵਾਜਾਂ ਦੀ ਬਜਾਇ ਉਹਨਾਂ ਦੇ ਅੰਤਿਮ ਸੰਸਕਾਰ ਤੋਂ ਲੈ ਕੇ ਸ਼ਰਧਾਂਜਲੀ ਸਮਾਗਮ ਤੱਕ ਬੇਲੋੜੀਆਂ ਰਸਮਾਂ ਨਾ ਕਰਨ ਦਾ ਫੈਸਲਾ ਕੀਤਾ ਗਿਆ। ਸ਼ਰਧਾਂਜਲੀ ਸਮਾਗਮ ਮਿਤੀ 08 ਜਨਵਰੀ 2016, ਦਿਨ ਐਤਵਾਰ ਨੂੰ ਪਿੰਡ ਪੱਖੋਵਾਲ ਵਿਖੇ ਕੀਤਾ ਗਿਆ। ਇਸ ਮੌਕੇ ਤੇ ਕੋਈ ਵੀ ਰਵਾਇਤੀ ਰਸਮਾਂ ਨਾ ਕਰਕੇ ਮਾਤਾ ਜੀ ਨੂੰ ਸਿਰਫ ਫੁੱਲ ਅਰਪਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਤੇ ਸਟੇਜ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਸਟੇਜ ਸਕੱਤਰ ਜ਼ਮੀਰ ਹੁਸੈਨ ਨੇ ਮਾਤਾ ਜੀ ਦੇ ਪਰਿਵਾਰਕ ਪਿਛੋਕੜ, ਜੀਵਨ ਅਤੇ ਸਮੁੱਚੇ ਪਰਿਵਾਰ ਦੀ ਜਾਣਕਾਰੀ ਸਾਂਝੀ ਕੀਤੀ।

ਇਸ ਮੌਕੇ ਤੇ ਪਹੁੰਚੇ ਵੱਖ-2 ਸਮਾਜਕ ਕਾਰਕੁੰਨਾਂ, ਪਤਵੰਤੇ ਸੱਜਣਾਂ, ਪਰਿਵਾਰਕ ਦੋਸਤਾਂ ਅਤੇ ਰਿਸ਼ਤੇਦਾਰਾਂ ਵੱਲੋਂ ਜਿੱਥੇ ਪਰਿਵਾਰ ਵੱਲੋਂ ਕੀਤੇ ਗਏ ਇਸ ਫੈਸਲੇ ਦੀ ਸ਼ਲਾਘਾ ਕੀਤੀ ਗਈ ਉੱਥੇ ਪਰਿਵਾਰ ਨਾਲ ਵਿਚਰਦੇ ਹੋਏ ਮਾਤਾ ਜੀ ਦੇ ਨਾਲ਼ ਸੰਬੰਧਿਤ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ ਗਈਆਂ।

ਸ਼ਰਧਾਂਜਲੀ ਸਮਾਗਮ ਨੂੰ ਸੰਬੋਧਿਤ ਕਰਦੇ ਹੋਏ ਡੈਮੋਕ੍ਰੇਟਿਕ ਟੀਚਰ ਫਰੰਟ ਦੇ ਸਾਬਕਾ ਸੂਬਾ ਕਮੇਟੀ ਮੈਂਬਰ ਮਾਸਟਰ ਜੋਗਿੰਦਰ ਅਜਾਦ ਨੇ ਆਪਣੇ ਜੱਥੇਬੰਦੀ ਵਿੱਚ ਸਰਗਰਮੀ ਸਮੇਂ ਘਰ ਵਿੱਚ ਆਉਣ ਸਮੇਂ ਦੀਆਂ ਯਾਦਾਂ ਸਾਂਝੀਆਂ ਕਰਦੇ ਹੋਏ ਮਾਤਾ ਜੀ ਦੇ ਨਿੱਘੇ ਸੁਭਾਅ ਦੀ ਚਰਚਾ ਕੀਤੀ।

ਨੌਜਵਾਨ ਭਾਰਤ ਸਭਾ ਦੇ ਸਕੱਤਰ ਛਿੰਦਰਪਾਲ ਨੇ ਆਪਣੀ ਗੱਲ ਰੱਖਦੇ ਹੋਏ ਮਾਤਾ ਜੀ ਪਾਸ ਰਹਿੰਦੇ ਸਮੇਂ ਦੀਆਂ ਆਪਣੀਆਂ ਯਾਦਾਂ ਸਾਂਝੀਆਂ ਕਰਦੇ ਹੋਏ ਕਿਹਾ ਕਿ ਮਾਤਾ ਜੀ ਨੇ ਸਿਰਫ ਪਰਿਵਾਰ ਬਾਰੇ ਨਾ ਸੋਚ ਕੇ ਪੂਰੇ ਸਮਾਜ ਪ੍ਰਤੀ ਜਿੰਮੇਵਾਰੀ ਵਾਲੀ ਜਿੰਦਗੀ ਜੀਵੀ। ਇਨਕਲਾਬੀ ਕੇਂਦਰ ਪੰਜਾਬ ਦੇ ਆਗੂ ਕੰਵਲਜੀਤ ਖੰਨਾ ਨੇ ਮਾਤਾ ਜੀ ਦੀਆਂ ਯਾਦਾਂ ਸਾਂਝੀਆਂ ਕਰਦੇ ਹੋਏ ਸਮਾਜ ਵਿੱਚ ਦੱਬੇ ਕੁਚਲੇ ਹੋਏ ਲੋਕਾਂ ਖਾਸ ਕਰਕੇ ਔਰਤਾਂ ਦੀ ਦਸ਼ਾ ਬਾਰੇ ਆਪਣੀ ਫਿਕਰਮੰਦੀ ਜਾਹਰ ਕੀਤੀ।

ਸਮਾਗਮ ਦੇ ਅੰਤ ਵਿੱਚ ਮਾਸਟਰ ਬਚਿੱਤਰ ਸਿੰਘ ਬੀਹਲਾ ਨੇ ਪਰਿਵਾਰ ਵੱਲੋਂ ਸਮਾਗਮ ਵਿੱਚ ਪਹੁੰਚੇ ਸਮੁੱਚੇ ਪਰਿਵਾਰਕ ਦੋਸਤਾਂ-ਸਨੇਹੀਆਂ, ਰਿਸ਼ਤੇਦਾਰਾਂ ਅਤੇ ਸ਼ਰਧਾਂਜਲੀ ਭੇਂਟ ਕਰਨ ਆਏ ਸਮੂਹ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਪੰਡਾਲ ਨੂੰ ਪ੍ਰਭਾਵਸ਼ਾਲੀ ਕੁਟੇਸ਼ਨਾਂ, ਬੈਨਰਾਂ ਨਾਲ਼ ਸਜਾਇਆ ਗਿਆ ਅਤੇ ਚਾਲੂ ਰਵਾਇਤਾਂ ਤੋਂ ਹਟ ਕੇ ਸਮਾਜਕ ਲੋੜਾਂ ਦੇ ਕੰਮਾਂ ਵਿੱਚ ਯੋਗਦਾਨ ਪਾਉਂਦੇ ਹੋਏ ਸਮੁੱਚੇ ਪਰਿਵਾਰ ਵੱਲੋਂ ਹਰ ਸਾਲ ਪਬਲਿਕ ਲਾਇਬ੍ਰੇਰੀ ਪੱਖੋਵਾਲ਼ ਦੇ ਪਾਠਕਾਂ ਦਾ ਉਤਸ਼ਾਹ ਵਧਾਉਣ ਲਈ ਸਮਾਗਮ ਅਤੇ ਯਾਦਗਾਰੀ ਲੈਕਚਰ ਦਾ ਉਪਰਾਲਾ ਕਰਨ ਦਾ ਐਲਾਨ ਕੀਤਾ। ਮਾਤਾ ਬੇਨਤੀ ਦੇਵੀ ਜੀ ਦੀ ਪੋਤੀ ਅਤੇ ਪੋਤ ਜਵਾਈ ਡਾ. ਪੰਕਜ ਸ਼ਰਮਾਂ ਦੇ ਸਮੁੱਚੇ ਪਰਿਵਾਰ ਵੱਲੋਂ ਮਾਤਾ ਜੀ ਦੀ ਯਾਦ ਵਿੱਚ ਇਸੇ ਸਾਲ ਤੋਂ ਹਰ ਸਾਲ ਫਿਜੀਓਥਰੈਪੀ ਕੈਂਪ ਲਗਾਉਣ ਦਾ ਵਾਅਦਾ ਕੀਤਾ ਗਿਆ। ਇਸ ਸਮਾਗਮ ਵਿੱਚ ਕਾਮਰੇਡ ਲਖਵਿੰਦਰ ਟੈਕਸਟਾਈਲ ਹੌਜ਼ਰੀ ਕਾਮਗਾਰ ਯੂਨੀਅਨ, ਜਸਦੇਵ ਲਲਤੋਂ (ਕਾਮਾਗਾਟਾ ਮਾਰੂ ਯਾਦਗਾਰ ਕਮੇਟੀ ਲੁਧਿਆਣਾ, ਡਾ. ਦਵਿੰਦਰ ਅਸ਼ੋਕ, ਉਜਾਗਰ ਲਲਤੋਂ, ਇੰਦਰਜੀਤ ਸਿੰਘ (ਭਾਈ ਘਨੱਈਆ ਜੀ ਵੈੱਲਫੇਅਰ ਸੁਸਾਇਟੀ), ਕਵਿਤਾ ਵਿਦਰੋਹੀ (ਹਰਿਆਣਾ ਜਨ ਸੰਘਰਸ਼ ਮੰਚ), ਪ੍ਰਵੀਨ ਬਾਲੀ, ਡਾ. ਪੰਕਜ ਸ਼ਰਮਾਂ, ਮਾਸਟਰ ਰਾਜ ਕੁਮਾਰ ਮਾਨਸਾ ਅਤੇ ਧਰਮਪਾਲ ਬੇਨੜਾ ਨੇ ਸੰਬੋਧਨ ਕਰਦੇ ਹੋਏ ਮਾਤਾ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ।

ਇਸ ਮੌਕੇ ਤੇ ਸਮੁੱਚੇ ਪਰਿਵਾਰ ਵੱਲੋਂ ਇਲਾਕੇ ਵਿੱਚ ਚੱਲ ਰਹੀਆਂ ਲਾਇਬ੍ਰੇਰੀਆਂ, ਹੈਲਥ ਪ੍ਰਾਜੈਕਟਾਂ, ਨੌਜਵਾਨ ਭਾਰਤ ਸਭਾ ਵੱਲੋਂ ਪਿੰਡ ਵਿੱਚ ਚਲਾਏ ਜਾ ਰਹੇ ਜਿੰਮ, ਤਰਕਸ਼ੀਲ ਭਵਨ, ਵੱਖ-2 ਜ਼ਮਹੂਰੀ ਇਨਕਲਾਬੀ ਮੈਗਜੀਨਾਂ, ਪਿੰਡ ਵਿਚਲੀ ਪਬਲਿਕ ਲਾਇਬ੍ਰੇਰੀ ਅਤੇ ਭਾਈ ਘਨੱਈਆ ਜੀ ਵੈਲਫੇਅਰ ਸੁਸਾਇਟੀ ਨੂੰ ਆਰਥਿਕ ਸਹਿਯੋਗ ਵੀ ਦਿੱਤਾ ਗਿਆ।

# ਰੀਐਲਟੀ ਟੀਵੀ : ਖੂਹ ਦੇ ਡੱਡੂਆਂ ਲਈ ਸੱਭਿਆਚਾਰਕ ਸੜਾਂਦ ਦਾ ਫੈਕਟਰੀ ਆਊਟਲੈੱਟ

ਅੱਜਕੱਲ੍ਹ ਭਾਰਤ ਦਾ ਖੂਹ ਦਾ ਡੱਡੂ ਭਾਵ ਕਿ ਭਾਰਤੀ ਮੱਧਵਰਗ ਕਲਰਜ਼ ਚੈਨਲ ਉੱਤੇ ਚੱਲਦੇ 'ਬਿੱਗ ਬੌਸ' ਨਾਂ ਦੇ ਰੀਐਲਟੀ ਸ਼ੋਅ ਲਈ ਟੀਵੀ ਅੱਗੇ ਜੁੜ ਕੇ ਬੈਠਦਾ ਹੈ। ਇਹ ਸ਼ੋਅ ਬ੍ਰਿਟੇਨ, ਆਸਟਰੇਲੀਆ ਤੇ ਹੋਰ ਪੱਛਮੀ ਦੇਸ਼ਾਂ ਵਿੱਚ ਚੱਲਦੇ ਅਜਿਹੇ ਹੀ ਇੱਕ ਸ਼ੋਅ 'ਬਿੱਗ ਬ੍ਰਦਰ' ਦੀ ਭਾਰਤੀ ਨਕਲ ਹੈ, ਲਿਹਾਜ਼ਾ ਇਹਦਾ ਸਟੈਂਡਰਡ ਵੀ ਥੋੜਾ ਥੱਲੇ ਹੈ। ਇਹ ਸ਼ੋਅ ਇੱਕ ਖਾਸ ਕਿਸਮ ਦੇ ਟੀਵੀ ਪ੍ਰੋਗਰਾਮਾਂ ਦੀ ਨਸਲ ਵਿੱਚੋਂ ਇੱਕ ਹੈ ਜਿਸਨੂੰ ਰੀਐਲਟੀ ਟੀਵੀ ਕਿਹਾ ਜਾਂਦਾ ਹੈ। ਕੌਣ ਬਣੇਗਾ ਕਰੋੜਪਤੀ, ਇੰਡੀਅਨ ਆਇਡਲ ਤੇ ਹੋਰ ਮੁਕਾਬਲਾ ਸ਼ੋਅ, ਐਕਸ਼ਨ ਟੀਵੀ ਦੇ ਫੀਅਰ ਫੈਕਟਰ, ਰਿਪਲੇਜ਼ ਬੀਲੀਵ ਇਟ ਆਰ ਨਾਟ, ਐਮਟੀਵੀ ਰੋਡੀਜ ਤੇ ਇਹੋ ਜਿਹੇ ਹੋਰ ਕਈ ਪ੍ਰੋਗਰਾਮ ਇਸੇ ਨਸਲ ਵਿੱਚ ਆਉਂਦੇ ਹਨ। ਇਹ ਸਾਰੇ ਹੀ ਵੱਡੀ ਗਿਣਤੀ ਵਿੱਚ ਦਰਸ਼ਕਾਂ ਨੂੰ ਟੀਵੀ ਸਕਰੀਨ ਅੱਗੇ ਖਿੱਚ ਲਿਆਉਣ ਵਿੱਚ ਕਾਮਯਾਬ ਰਹੇ ਹਨ ਪਰ ਬਿਗ ਬੌਸ ਇਹਨਾਂ ਵਿੱਚੋਂ ਖਾਸ ਤੌਰ 'ਤੇ ਕਾਮਯਾਬ ਰਿਹਾ ਹੈ।

ਰੀਐਲਟੀ ਟੀਵੀ ਪ੍ਰੋਗਰਾਮਾਂ ਦੀ ਖਾਸੀਅਤ ਇਹ ਮੰਨੀ ਜਾਂਦੀ ਹੈ ਕਿ ਇਹ ਪਹਿਲਾਂ ਤੋਂ ਲਿਖੀ ਸਕ੍ਰਿਪਟ ਅਨੁਸਾਰ ਤਿਆਰ ਨਹੀਂ ਕੀਤੇ ਜਾਂਦੇ, ਕੁਝ ਪ੍ਰੋਗਰਾਮਾਂ ਬਾਰੇ ਤਾਂ ਇਹ ਵੀ ਦਾਅਵਾ ਕੀਤਾ ਜਾਂਦਾ ਹੈ ਕਿ ਉਹ ਬਿਨਾਂ ਕਿਸੇ ਕਾਂਟ-ਛਾਂਟ ਦੇ ਦਰਸ਼ਕਾਂ ਨੂੰ ਦਿਖਾਏ ਜਾਂਦੇ ਹਨ। ਇਹ ਕਿਹਾ ਜਾਂਦਾ ਹੈ ਕਿ ਇਸ ਵਿੱਚ ਸਾਹਮਣੇ ਆਉਣ ਵਾਲ਼ੇ ਪਾਤਰ ਅਸਲੀਅਤ ਦੇ ਵਧੇਰੇ ਨੇੜੇ, ਜਾਂ ਕਿਹਾ ਜਾਵੇ ਅਸਲੀਅਤ ਨੂੰ ਹੀ ਬਿਆਨ ਕਰਦੇ ਹਨ, ਨਾ ਕਿ ਟੀਵੀ ਉੱਤੇ ਚੱਲਣ ਵਾਲ਼ੇ ਹੋਰ ਸੀਰੀਅਲਾਂ ਦੇ ਡਰਾਮੇ ਦੀ ਤਰ੍ਹਾਂ ਅਦਾਕਾਰੀ ਪੇਸ਼ ਕਰਦੇ ਹਨ। ਇਸ ਪ੍ਰਚਾਰ ਕਰਕੇ ਇਹ ਪ੍ਰੋਗਰਾਮ ਆਮ ਲੋਕਾਂ ਨੂੰ ਆਪਣੇ ਵੱਲ ਜ਼ਿਆਦਾ ਖਿੱਚਦੇ ਹਨ। ਪਰ ਅਸਲ ਵਿੱਚ ਅਜਿਹਾ ਕੁਝ ਨਹੀਂ ਹੈ, ਇਹ ਪ੍ਰੋਗਰਾਮ ਵੀ ਪਹਿਲੋਂ ਤੈਅ ਸਕ੍ਰਿਪਟ ਰਾਹੀਂ ਜਾਂ ਪਲਾਨ ਰਾਹੀਂ ਹੀ ਤਿਆਰ ਹੁੰਦੇ ਹਨ, ਸਿਰਫ਼ ਫਿਲਮਾਏ ਇਸ ਤਰ੍ਹਾ ਜਾਂਦੇ ਹਨ ਕਿ ਦੇਖਣ ਵਾਲ਼ੇ ਨੂੰ ਸੀਰੀਅਲ ਵਰਗਾ ਡਰਾਮਾ ਨਾ ਲੱਗੇ, ਅਸਲੀ ਡਰਾਮਾ ਲੱਗੇ। ਵਧੇਰੇ ਤੋਂ ਵਧੇਰੇ ਨਾਲ਼ੋ-ਨਾਲ਼ ਦਿਖਾਏ ਜਾਣ ਵਾਲ਼ੇ ਪ੍ਰੋਗਰਾਮ ਵੀ ਸੂਟਿੰਗ ਤੇ ਪ੍ਰਸਾਰਣ ਵਿੱਚ 10 ਮਿੰਟ ਦਾ ਵਕਫਾ ਰੱਖ ਕੇ ਚੱਲਦੇ ਹਨ ਤਾਂ ਕਿ ਬੇਲੋੜੇ ਦ੍ਰਿਸ਼ ਕੱਟੇ ਜਾ ਸਕਣ। ਬਹੁਤੇ ਪ੍ਰੋਗਰਾਮ ਤਾਂ ਦੂਜੇ ਪ੍ਰੋਗਰਾਮਾਂ ਵਾਂਗ ਪਹਿਲੋਂ ਰਿਕਾਰਡ ਕੀਤੇ ਹੀ ਹੁੰਦੇ ਹਨ। ਪਰ ਖੂਹ ਦੇ ਡੱਡੂ ਅਕਸਰ ਇਸ ਬਾਰੇ ਕੁਝ ਨਹੀਂ ਜਾਣਦੇ ਹੁੰਦੇ (ਕਿਉਂਕਿ ਕੁਝ ਜਾਣਨ ਲਈ ਕੁਝ ਤਰੱਦਦ ਕਰਨਾ ਪੈਂਦਾ ਹੈ ਤੇ ਖੂਹ ਦਾ ਡੱਡੂ ਕਲਰਕੀ ਕਰਕੇ ਇੰਨਾ ਥੱਕ ਜਾਂਦਾ ਹੈ ਕਿ ਉਸ ਤੋਂ ਬਾਅਦ ਸੋਫੇ ਉੱਤੇ ਪਸਰ ਕੇ ਤੇ ਢਿੱਡ ਉੱਤੇ ਕੁਰਕਰੇ ਦਾ ਪੈਕਟ ਰੱਖ ਕੇ ਚੈਨਲ ਬਦਲਣ ਜਾਂ ਮੋਬਾਈਲ ਦੇ ਬਟਨ ਦੱਬਣ ਤੋਂ ਵੱਧ ਕੁਝ ਕਰ ਸਕਣ ਦੀ ਉਸ ਵਿੱਚ ਸੱਤਿਆ ਹੀ ਨਹੀਂ ਹੁੰਦੀ), ਉਹ ਇਹਨਾਂ ਪ੍ਰੋਗਰਾਮਾਂ ਨੂੰ ਪੂਰੀ ਤਰ੍ਹਾਂ ਅਸਲੀ ਘਟਨਾਕ੍ਰਮ ਸਮਝ ਕੇ ਚੱਲਦੇ ਹਨ; ਬਿਲਕੁਲ ਇਹੀ ਇਹਨਾਂ ਪ੍ਰੋਗਰਾਮਾਂ ਦੇ ਪਿੱਛੇ ਕੰਮ ਕਰਦੇ ਦਿਮਾਗ਼ਾਂ ਦਾ ਮਕਸਦ ਹੁੰਦਾ ਹੈ, ਭਾਵ ਖੂਹ ਦੇ ਡੱਡੂ ਦੇ ਖੂਹ ਨੂੰ ਹੋਰ ਡੂੰਘਾ ਕਰਨਾ।

ਰੀਐਲਟੀ ਟੀਵੀ ਦੀ ਸ਼ੁਰੂਆਤ 1991 ਵਿੱਚ ਮੰਨੀ ਜਾਂਦੀ ਹੈ ਜਦੋਂ ਹਾਲੈਂਡ ਦੇ ਇੱਕ ਟੀਵੀ ਚੈਨਲ ਨੇ ਨੰਬਰ 28 ਨਾਂ ਦਾ ਪ੍ਰੋਗਰਾਮ ਪ੍ਰਸਾਰਤ ਕਰਨਾ ਸ਼ੁਰੂ ਕੀਤਾ। ਭਾਵੇਂ ਪਹਿਲਾਂ ਵੀ ਟੀਵੀ ਉੱਤੇ ਅਣਜਾਣ ਲੋਕਾਂ ਦੀਆਂ ਚੋਰੀ ਛੁਪਾ ਕੇ ਰੱਖੇ ਕੈਮਰਿਆਂ ਰਾਹੀਂ ਹਾਸੇ ਜਾਂ ਡਰਨ ਵਾਲ਼ੀਆਂ ਵੀਡੀਓ ਉੱਤੇ ਅਧਾਰਤ ਦੋ-ਚਾਰ ਪ੍ਰੋਗਰਾਮ ਪ੍ਰਸਾਰਤ ਹੁੰਦੇ ਰਹੇ ਹਨ ਪਰ ਇਹਨਾਂ ਨੂੰ ਰੀਐਲਟੀ ਟੀਵੀ ਦੀ ਕੋਟੀ ਵਿੱਚ ਨਹੀਂ ਰੱਖਿਆ ਜਾਂਦਾ। ਇਹਨਾਂ ਪ੍ਰੋਗਰਾਮਾਂ ਦੀ ਸ਼ੁਰੂਆਤ ਦਾ ਮੁੱਖ ਕਾਰਨ ਆਮ ਲੋਕਾਂ ਦਾ ਟੀਵੀ ਦੇ ਪ੍ਰੋਗਰਾਮਾਂ ਤੋਂ ਅਕੇਵਾਂ ਮਹਿਸੂਸ ਕਰਦੇ ਹੋਏ ਦੂਰ ਹੋਣਾ ਹੈ। ਆਮ ਲੋਕਾਂ ਦਾ ਟੀਵੀ ਤੋਂ ਦੂਰ ਹੋਣ ਦਾ ਮਤਲਬ ਇਸ਼ਤਿਹਾਰਬਾਜ਼ੀ ਦੀ ਸਨਅਤ ਦਾ ਅਸਰ ਘਟਣਾ ਹੈ ਜਿਸ ਨੂੰ ਸਰਮਾਏਦਾਰਾ ਢਾਂਚਾ ਕਿਵੇਂ ਸਹਿਣ ਕਰ ਸਕਦਾ ਹੈ। ਸਮਾਜ ਦਾ ਮੱਧਵਰਗੀ ਤਬਕਾ ਸਰਮਾਏਦਾਰਾ ਸਮਾਜ ਵਿੱਚ ਮੁੱਖ ਖਪਤਕਾਰ ਤਬਕਾ ਹੁੰਦਾ ਹੈ ਜਿਸ ਦੀ ਖਰੀਦ-ਸ਼ਕਤੀ ਸਹਾਰੇ ਸਰਮਾਏਦਾਰਾ ਪੈਦਾਵਾਰ ਦਾ ਪਹੀਆ ਘੁੰਮਦਾ ਹੈ। ਜੇ ਇਹ ਤਬਕਾ ਇਸ਼ਤਿਹਾਰਬਾਜੀ ਤੋਂ ਦੂਰ ਹੁੰਦਾ ਹੈ ਤਾਂ ਜਿਣਸਾਂ ਦੀ ਵਿਕਰੀ ਉੱਤੇ ਮਾੜਾ ਪ੍ਰਭਾਵ ਪੈਣਾ ਲਾਜਮੀ ਹੈ। ਦੂਸਰਾ, ਟੀਵੀ ਤੋਂ ਬਚਿਆ ਸਮਾਂ ਲੋਕ ਕਿਸੇ ਰਚਨਾਤਮਕ ਕੰਮ ਉੱਤੇ ਲਗਾ ਸਕਦੇ ਹਨ, ਇਹ ਵੀ ਸਰਮਾਏਦਾਰੀ ਲਈ ਕੋਈ ਸ਼ੁਭ ਸ਼ਗਨ ਨਹੀਂ ਹੈ। ਇੱਥੋਂ ਹੀ ਰੀਐਲਟੀ ਟੀਵੀ ਦਾ ਗੰਦਾ ਨਾਲ਼ਾ ਫੁੱਟਦਾ ਹੈ। ਸਮਾਜ ਦਾ ਮੱਧਵਰਗੀ ਤਬਕਾ ਮੁੱਖ ਰੂਪ ਵਿੱਚ ਆਪਣੇ ਜੀਵਨ ਦੇ ਵਿਹਲੜਪੁਣੇ ਤੇ ਨੀਰਸਤਾ ਕਾਰਨ ਹੀ ਟੀਵੀ ਤੇ ਮਨੋਰੰਜਨ ਦੇ ਹੋਰਨਾਂ ਸਾਧਨਾਂ ਦੀ ਵਰਤੋਂ ਕਰਦਾ ਹੈ। ਇਹ ਮਨੋਰੰਜਨ ਵਿੱਚੋਂ ਕੁਝ ਨਵਾਂ ਭਾਲ਼ਦਾ ਹੈ, ਟੀਵੀ ਦੀ ਸਕਰੀਨ ਹੀ (ਹੁਣ ਮੋਬਾਈਲ ਤੇ ਲੈਪਟਾਪ ਦੀ ਸਕਰੀਨ ਵੀ) ਇਹਨਾਂ ਦੇ ਖੜੋਤ ਮਾਰੇ ਜੀਵਨ ਵਿੱਚ ਉਹ ਜਗ੍ਹਾ ਹੈ ਜਿੱਥੇ ਕੁਝ ਵਾਪਰਦਾ ਹੈ, ਜੋ ਨੀਰਸਤਾ ਨੂੰ ਤੋੜਦੀ ਹੈ, ਜੋ ਇਹਨਾਂ ਨੂੰ ਗੱਲ ਕਰਨ ਤੇ ਸੋਚਣ ਦਾ ਬਹਾਨਾ ਦਿੰਦੀ ਹੈ। ਕੁੱਲ ਮਿਲ਼ਾ ਕੇ ਟੀਵੀ ਵਿੱਚੋਂ ਇਹਨਾਂ ਦੀ ਸੁਸਤ, ਨਿੱਸਲ਼ ਹੋ ਚੁੱਕੀ ਰੂਹ ਨੂੰ ਕੁਝ ਪਲਾਂ ਲਈ ਕਿੱਕ ਮਿਲ਼ਦੀ ਹੈ, ਜਿਵੇਂ ਨਸ਼ੇ ਦੀ ਡੋਜ਼ ਮਿਲ਼ਣ ਤੋਂ ਬਾਅਦ ਕਿਸੇ ਨਸ਼ੇੜੀ ਨੂੰ ਕਿੱਕ ਮਿਲ਼ਦੀ ਹੈ। ਪਰ ਟੀਵੀ ਦੇ ਇੱਕੋ ਤਰ੍ਹਾਂ ਦੇ ਪ੍ਰੋਗਰਾਮ ਲੰਮਾ ਸਮਾਂ ਦੇਖਣ ਤੋਂ ਬਾਅਦ ਇਹ ਕਿੱਕ ਮਿਲ਼ਣੀ ਬੰਦ ਹੋ ਜਾਂਦੀ ਹੈ, ਖੂਹ ਦਾ ਡੱਡੂ 'ਬੋਰ' ਹੋ ਜਾਂਦਾ ਹੈ ਤੇ ਉਹ ਟੀਵੀ ਛੱਡ ਕੇ ਕਿਸੇ ਹੋਰ ਪਾਸਿਓਂ ਇਹੀ ਲੋੜ ਪੂਰੀ ਕਰਨ ਦੇ ਯਤਨ ਕਰਦਾ ਹੈ, ਹੁਣ ਇੰਟਰਨੈੱਟ ਤੇ ਮੋਬਾਈਲ ਇਸ ਦੀ ਖਾਨਾਪੂਰਤੀ ਕਰਦੇ ਹਨ ਜਾਂ ਫਿਰ ਟੀਵੀ ਤੋਂ ਕੁਝ ਨਵਾਂ ਮੰਗਦਾ ਹੈ।

ਸਰਮਾਏਦਾਰਾ ਢਾਂਚਾ ਜਿਵੇਂ-ਜਿਵੇਂ ਵਧੇਰੇ ਤੋਂ ਵਧੇਰੇ ਪਤਨਸ਼ੀਲ ਤੇ ਪਰਜੀਵੀ ਹੁੰਦਾ ਜਾਂਦਾ ਹੈ, ਉਵੇਂ ਉਵੇਂ ਹੀ ਇਹ ਆਪਣੇ ਅਨੁਸਾਰੀ ਸੱਭਿਆਚਾਰਕ ਪਤਨਸ਼ੀਲਤਾ ਸਿਰਜਦਾ ਜਾਂਦਾ ਹੈ ਅਤੇ ਸਮਾਜ ਵਿੱਚ ਬੇਗਾਨਗੀ ਵਧਦੀ ਜਾਂਦੀ ਹੈ। ਵਿਅਕਤੀ ਆਤਮਿਕ ਰੂਪ ਵਿੱਚ ਸੱਖਣੇਪਣ ਦਾ ਸ਼ਿਕਾਰ ਹੋ ਜਾਂਦਾ ਹੈ। ਸਾਰਥਕ ਬੌਧਿਕ ਤੇ ਸਮਾਜਿਕ ਸਰਗਰਮੀ ਤੋਂ ਟੁੱਟਿਆ ਮਨੁੱਖ ਤਰ੍ਹਾਂ-ਤਰ੍ਹਾਂ ਦੇ ਅਵੈੜਾਂ ਵਿੱਚ ਗਰਕਦਾ ਜਾਂਦਾ ਹੈ। ਖੂਹ ਦੇ ਡੱਡੂਆਂ ਦਾ ਵੱਡਾ ਹਿੱਸਾ ਜਿਹੜਾ ਇਸੇ ਪਤਨਸ਼ੀਲਤਾ ਤੇ ਪਰਜੀਵੀਪੁਣੇ ਦੀ ਪੈਦਾਇਸ਼ ਹੁੰਦਾ ਹੈ, ਇਸੇ ਮੰਜ਼ਿਲ ਉੱਤੇ ਦੇਰ-ਸਵੇਰ ਪਹੁੰਚ ਜਾਂਦਾ ਹੈ। ਅਜਿਹੇ ਮਨੁੱਖ ਲਈ ਦੂਜਿਆਂ ਦੀ ਜ਼ਿੰਦਗੀ ਵਿੱਚ ਝਾਕਣਾ ਆਪਣੇ ਜੀਵਨ ਦੀ ਨੀਰਸਤਾ ਮਿਟਾਉਣ ਦਾ ਸਾਧਨ ਬਣ ਜਾਂਦਾ ਹੈ, ਉਸਨੂੰ ਓਨਾ ਚਿਰ ਚੈਨ ਨਹੀਂ ਆਉਂਦਾ ਜਿੰਨਾ ਚਿਰ ਕਿਸੇ ਨਾ ਕਿਸੇ ਤਰੀਕੇ ਕਿਸੇ ਦੂਸਰੇ ਦੀ ਜ਼ਿੰਦਗੀ ਵਿੱਚ ਝਾਕ ਨਾ ਲਵੇ। ਆਮ ਕਰਕੇ ਇਹ ਚੁਗਲਖੋਰੀ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ, ਅਕਸਰ ਦੂਜਿਆਂ ਦੀਆਂ ਟੋਹਾਂ ਲੈਣ ਦੇ ਰੂਪ ਵਿੱਚ ਦਿਖਦਾ ਹੈ ਅਤੇ ਜਦੋਂ ਵਧ ਕੇ ਮਾਨਸਿਕ ਰੋਗ ਬਣ ਜਾਵੇ ਤਾਂ ਇਸ ਨੂੰ 'ਵੂਈਰਿਜਮ' ਨਾਂ ਦੀ ਬਿਮਾਰੀ ਕਿਹਾ ਜਾਂਦਾ ਹੈ ਜਿਸ ਵਿੱਚ ਵਿਅਕਤੀ ਨੂੰ ਦੂਜਿਆਂ ਦੀ ਜ਼ਿੰਦਗੀ ਵਿੱਚ ਝਾਕਣ ਦਾ ਝੱਲ ਇੰਨਾ ਜ਼ਿਆਦਾ ਸਵਾਰ ਹੋ ਜਾਂਦਾ ਹੈ ਕਿ ਉਹ ਲੋਕਾਂ ਦੇ ਸੌਣ ਕਮਰਿਆਂ ਤੇ ਗੁਸਲਖਾਨਿਆਂ ਵਿੱਚ ਮੋਰੀਆਂ ਲੱਭਦਾ ਹੈ। ਬਿੱਗ ਬੌਸ ਇੱਕ ਕਿਸਮ ਦਾ ਸਮੂਹਿਕ ਵੂਈਰਿਜਮ ਹੈ ਜਿਸਨੂੰ ਟੀਵੀ ਨੇ ਸਮਾਜਕ ਮਾਨਤਾ ਦਿਵਾ ਦਿੱਤੀ ਹੈ।




ਇਹਨਾਂ ਹਾਲਤਾਂ ਵਿੱਚ ਨਵੇਂ ਢੰਗ-ਤਰੀਕਿਆਂ ਨਾਲ਼ ਇਸ ਤਬਕੇ ਨੂੰ ਟੀਵੀ ਅੱਗੇ ਖਿੱਚ ਲਿਆਉਣਾ ਜਰੂਰੀ ਬਣ ਗਿਆ। ਖੂਹ ਦੇ ਡੱਡੂ ਨੂੰ ਰਿਝਾਉਣ ਲਈ ਟੀਵੀ ਪ੍ਰੋਗਰਾਮ ਬਣਾਉਣ ਵਾਲ਼ੇ ਉਸਦੇ ਖਿੰਡ ਰਹੇ ਵਿਅਕਤੀਤਵ ਤੇ ਅਵੈੜ ਰੁਚੀਆਂ ਨੂੰ ਧਿਆਨ ਵਿੱਚ ਰੱਖ ਕੇ ਸਕ੍ਰਿਪਟਡ ਡਰਾਮਿਆਂ ਤੋਂ ਰੀਐਲਟੀ ਟੀਵੀ ਵੱਲ ਮੁੜਦੇ ਹਨ। ਅਜੀਬੋਗਰੀਬ ਹਰਕਤਾਂ, ਪੋਰਨੋਗ੍ਰਾਫਿਕ ਪੱਧਰ ਦੇ ਰੀਐਲਟੀ ਡਰਾਮੇ, ਵਹਿਸ਼ੀਆਂ ਦੀ ਤਰ੍ਹਾਂ ਲੜਦੇ ਡਬਲਿਊ.ਡਬਲਿਊ.ਐੱਫ. ਦੇ ਫਿਕਸ ਮੈਚ ਜਿਹੇ ਪ੍ਰੋਗਰਾਮਾਂ ਦਾ ਹੜ੍ਹ ਆ ਜਾਂਦਾ ਹੈ। ਕੁਝ ਵੀ ਮਨੁੱਖੀ ਲੱਗਣ ਵਾਲ਼ਾ, ਮਨੁੱਖਤਾ ਨਾਲ਼ ਸਰੋਕਾਰ ਰੱਖਦਾ ਜਾਂ ਮਨੁੱਖ ਦੀ ਊਰਜਾ ਦਾ ਸਿਰਜਣਾਤਮਕ ਇਸਤੇਮਾਲ ਦਿਖਾਉਂਦਾ ਦ੍ਰਿਸ਼ ਜਾਂ ਪ੍ਰੋਗਰਾਮ ਉਸਨੂੰ ਰੁਮਾਂਚਿਤ ਨਹੀਂ ਕਰਦਾ। ਦਰਦਨਾਕ ਘਟਨਾਵਾਂ ਦੀਆਂ ਖਬਰਾਂ ਦੇਖ ਕੇ ਉਸਦਾ ਦਿਲ ਗੁੱਸੇ ਨਾਲ਼ ਨਹੀਂ ਭਰਦਾ, ਉਸਦਾ ਮਨ ਪਸੀਜਦਾ ਨਹੀਂ ਸਗੋਂ ਉਹ ਡਰ ਜਾਂਦਾ ਹੈ ਕਿਤੇ ਕੋਈ ਉਸਨੂੰ ਇਸ ਸਭ ਕੁਝ ਨੂੰ ਬਦਲਣ ਲਈ ਨਾ ਕਹਿ ਦੇਵੇ, ਉਸ ਤੋਂ ਕੋਈ ਕਿਸੇ ਕਿਸਮ ਦੀ ਮਨੁੱਖੀ ਹਰਕਤਸ਼ੀਲਤਾ ਦੀ ਮੰਗ ਨਾ ਕਰ ਲਵੇ। ਵਿਗਿਆਨ ਨਾਲ਼ ਸਬੰਧਿਤ ਕੋਈ ਚੈਨਲ ਉਹ ਦੇਖ ਨਹੀਂ ਸਕਦਾ, ਕਿਉਂਕਿ ਵਿਗਿਆਨ ਉਸਨੂੰ ਕਦੇ ਸਮਝ ਆਈ ਹੀ ਨਹੀਂ। ਉਹ ਰੁਮਾਂਚਿਤ ਹੋਣ ਲਈ ਵਰੈਟੀ ਚੈਨਲਾਂ ਵੱਲ ਰਿਮੋਟ ਦੱਬਦਾ ਹੈ। ਕਿਸੇ ਪ੍ਰੋਗਰਾਮ ਵਿੱਚ ਮੁਕਾਬਲੇ ਲਈ ਇਕੱਠੇ ਹੋਏ ਕੁਝ ਵਿਅਕਤੀ ਗੰਡੋਏ ਖਾ ਕੇ ਦਿਖਾਉਂਦੇ ਹਨ ਜਿਹਨਾਂ ਨੂੰ ਦੇਖ ਕੇ ਖੂਹ ਦਾ ਡੱਡੂ ਰੁਮਾਂਚਿਤ ਹੋ ਉੱਠਦਾ ਹੈ। ਕਿਸੇ ਹੋਰ ਪ੍ਰੋਗਰਾਮ ਵਿੱਚ ਮੁਕਾਬਲੇ ਲਈ ਇਕੱਠੇ ਹੋਏ ਵਿਅਕਤੀ ਆਪਣੀਆਂ ਲਿੰਗਕ ਰੁਚੀਆਂ ਦੀ ਨੁਮਾਇਸ਼ ਲਗਾਉਂਦੇ ਹਨ ਜਿਸ ਨੂੰ ਦੇਖਕੇ ਪਹਿਲਾਂ ਤੋਂ ਹੀ ਨੱਕ ਤੱਕ ਲਿੰਗਕ ਵਿਗਾੜਾਂ ਤੇ ਸੋਚਾਂ ਵਿੱਚ ਡੁੱਬਿਆ ਵਿਅਕਤੀ ਆਪਣੀ ਕੁੰਠਿਤ ਤੇ ਬਾਂਝ ਕਲਪਨਾਸ਼ੀਲਤਾ ਨੂੰ ਕੁਝ ਮਨੋਰੋਗੀ ਉਡਾਰੀਆਂ ਲਵਾਉਂਦਾ ਹੈ ਅਤੇ ਫਿਰ ਇਹਨਾਂ ਨੁਮਾਇਸ਼ਾਂ ਤੋਂ ਅੱਕਿਆ ਉਸ ਤੋਂ ਵੀ ਘਟੀਆ ਨੁਮਾਇਸ਼ਾਂ ਦੀ ਉਮੀਦ ਲਈ ਚੈਨਲ ਬਦਲਦਾ ਹੈ ਜੋ ਕੋਈ ਹੋਰ ਟੀਵੀ ਚੈਨਲ ਜਲਦੀ ਹੀ ਪੂਰੀ ਕਰ ਦਿੰਦਾ ਹੈ ਜਾਂ ਫਿਰ ਉਹ ਇੰਟਰਨੈੱਟ ਅੱਗੇ ਬੈਠ ਜਾਂਦਾ ਹੈ। ਕਿਸੇ ਹੋਰ ਪ੍ਰੋਗਰਾਮ ਵਿੱਚ ਇੱਕ ਘਰ ਵਿੱਚ ਇਕੱਠੇ ਕੀਤੇ ਅਣਜਾਣ ਲੋਕਾਂ ਦੀਆਂ ਬੇਸਿਰਪੈਰ ਹਰਕਤਾਂ, ਇੱਕ-ਦੂਜੇ ਖਿਲਾਫ਼ ਤੁੱਛ ਸਾਜਿਸ਼ਾਂ ਅਤੇ ਦਰਸ਼ਕਾਂ ਦੀਆਂ ਵੋਟਾਂ ਹਾਸਲ ਕਰਨ ਲਈ ਡਰਾਮਿਆਂ ਤੇ ਲੜਾਈਆਂ ਨੂੰ ਦੇਖ ਕੇ ਖੂਹ ਦੇ ਡੱਡੂ ਦੇ ਅਮਰ ਵੇਲ ਬਣ ਚੁੱਕੇ ਦਿਮਾਗ਼ੀ ਤੰਤੂ ਆਪਣੀ ਬੌਧਿਕ ਖੁਰਾਕ ਚੂਸਦੇ ਹਨ।

ਪਰ ਬਿੱਗ ਬੌਸ ਜਿਹੇ ਪ੍ਰੋਗਰਾਮ ਇਸ ਤੋਂ ਵੀ ਵਡੇਰਾ ਕੰਮ ਕਰਦੇ ਹਨ। ਮੀਡੀਆ, ਸਮੇਤ ਟੀਵੀ ਦੇ, ਸਮਾਜ ਵਿੱਚ ਭਾਰੂ ਜਮਾਤਾਂ ਦੇ ਵਿਚਾਰਾਂ ਦਾ ਗਲਬਾ ਬਣਾਈ ਰੱਖਣ ਦਾ ਸਾਧਨ ਹੈ। ਰੀਐਲਟੀ ਟੀਵੀ ਅਸਲ ਵਿੱਚ ਰੀਐਲਟੀਨਹੀਂ ਦਿਖਾਉਂਦੇ, ਸਗੋਂ ਯਥਾਰਥ ਤੋਂ ਤੋੜਨ ਅਤੇ ਯਥਾਰਥ ਪ੍ਰਤੀ ਸੰਵੇਦਨਹੀਣਤਾ ਪੈਦਾ ਕਰਨ ਦੇ ਸਭ ਤੋਂ ਅਸਰਦਾਰ ਤਰੀਕਿਆਂ 'ਚੋਂ ਇੱਕ ਹੈ। ਬਿੱਗ ਬੌਸ ਦੇ ਸਾਜਿਸ਼ੀ ਤੇ ਕੋਝੇ ਪਾਤਰ ਖੂਹ ਦੇ ਡੱਡੂ ਨੂੰ ਦੱਸਦੇ ਹਨ ਕਿ ਸਮੂਹ ਸਿਰਫ਼ ਸਾਜਿਸ਼ਾਂ, ਲੜਾਈਆਂ ਅਤੇ ਹਿਤਾਂ ਦੇ ਟਕਰਾਅ ਨੂੰ ਜਨਮ ਦਿੰਦਾ ਹੈ, ਮਨੁੱਖਾਂ ਦਾ ਸਮੂਹ ਵਿੱਚ ਰਹਿਣਾ ਸੰਭਵ ਹੀ ਨਹੀਂ ਹੈ। ਇਸ ਜੱਗ ਉੱਤੇ ਕੋਈ ਚੰਗਾ ਨਹੀਂ, ਕੋਈ ਵੀ ਥੋਡਾ ਨਹੀਂ, ਹਰ ਕੋਈ ਦੂਸਰੇ ਸਭਨਾਂ ਦੇ ਖਿਲਾਫ਼ ਹੈ ਅਤੇ ਸਭ ਇੱਕ ਦੇ ਖਿਲਾਫ਼ ਹਨ, ਭਾਵ ਸਭ ਇੱਕ-ਦੂਜੇ ਖਿਲਾਫ਼ ਗੇਮ ਚਲਾ ਰਹੇ ਹਨ। ਇਸ ਆਪਾ-ਧਾਪੀ ਵਿੱਚ ਜੇ ਵਿਅਕਤੀ ਨੇ ਬਚਣਾ ਹੈ ਤਾਂ ਥੋੜਾ ਕਮੀਨਾ, ਨੀਚ, ਡਰਾਮੇਬਾਜ਼ ਬਣਨਾ ਹੀ ਪੈਣਾ ਹੈ। ਸਰਮਾਏਦਾਰਾ ਢਾਂਚੇ ਦੀ ਪੈਦਾ ਕੀਤੀ ਬੇਗਾਨਗੀ, ਨਿੱਜੀ ਜਾਇਦਾਦ ਦੇ ਖੜੇ ਕੀਤੇ ਵਿਅਕਤੀ ਅਤੇ ਸਮੂਹ ਦੇ ਟਕਰਾਅ ਨੂੰ ਅਜਿਹੇ ਪ੍ਰੋਗਰਾਮ ਇੱਕੋ-ਇੱਕ ਸੰਭਵ ਸਮਾਜਕ ਹਾਲਤ ਬਣਾ ਕੇ ਪੇਸ਼ ਕਰਦੇ ਹਨ। ਇੱਕ ਦਰਸ਼ਕ ਜੋ ਪਹਿਲਾਂ ਸਕ੍ਰਿਪਟ ਅਧਾਰਤ ਸੀਰੀਅਲ ਵਿੱਚ ਦੇਖ ਰਿਹਾ ਸੀ, ਉਹ ਹੁਣ ਉਸੇ ਪਤਨਸ਼ੀਲਤਾ ਨੂੰ ਅਸਲੀ ਸਮਝ ਕੇ ਦੇਖਦਾ ਹੈ ਅਤੇ ਆਪਣੀ ਖੁਦ ਦੀ ਇਹੋ-ਜਿਹੀ ਹੀ ਸਮਾਜਕ ਹੋਂਦ ਨੂੰ ਤਾਰਕਿਕ ਅਧਾਰ ਦਿੰਦਾ ਹੈ ਕਿਉਂਕਿ ਉਸ ਸਾਹਮਣੇ ਸਿੱਧ ਹੋ ਗਿਆ ਹੈ ਕਿ ਸਭ ਲੋਕ ਹੀ ਅਜਿਹੇ ਹੁੰਦੇ ਹਨ। ਬਿਲਕੁਲ ਇਹੀ ਵਿਚਾਰ ਮੌਜੂਦਾ ਸਰਮਾਏਦਾਰਾ ਢਾਂਚੇ ਦੇ ਰਹਿਬਰ ਆਮ ਲੋਕਾਂ ਦੇ ਦਿਮਾਗ਼ਾਂ ਵਿੱਚ ਕੁੱਟ-ਕੁੱਟ ਕੇ ਭਰਨਾ ਚਾਹੁੰਦੇ ਹਨ ਅਤੇ ਭਰ ਰਹੇ ਹਨ ਕਿਉਂਕਿ ਅਜਿਹੇ ਵਿਅਕਤੀਵਾਦੀ ਤੇ ਖੁਦਪ੍ਰਸਤ ਵਿਚਾਰਾਂ ਦਾ ਡੰਗਿਆ ਵਿਅਕਤੀ ਸਮੂਹਕ ਹਿਤਾਂ ਲਈ ਸਮੂਹਕ ਰੂਪ ਵਿੱਚ ਲੜ ਹੀ ਨਹੀਂ ਸਕਦਾ ਤੇ ਮੌਜੂਦਾ ਲੁਟੇਰੇ ਸਮਾਜਕ-ਆਰਥਕ ਨਿਜ਼ਾਮ ਖਿਲਾਫ਼ ਸਮੂਹਕ ਰੂਪ ਵਿੱਚ ਹੀ ਲੜਿਆ ਜਾ ਸਕਦਾ ਹੈ, ਵਿਅਕਤੀਗਤ ਯਤਨ ਜਾਂ ਵਿਦਰੋਹ ਇਸਦੀ ਸਿਹਤ ਲਈ ਕੋਈ ਖਤਰਾ ਨਹੀਂ ਹਨ। ਇਸ ਤੋਂ ਇਲਾਵਾ ਇੰਡੀਅਨ ਆਇਡਲ, ਕੌਣ ਬਣੇਗਾ ਕਰੋੜਪਤੀ ਅਤੇ ਬਿੱਗ ਬੌਸ ਜਿਹੇ ਪ੍ਰੋਗਰਾਮ ਅਮੀਰ ਤੇ ਮਸ਼ਹੂਰ ਹੋਣ ਦਾ ਨੁਸਖਾ ਵੀ ਪੇਸ਼ ਕਰਦੇ ਹਨ। ਜਿੱਥੇ ਦਰਸ਼ਕ ਵੀ ਆਪਣੀ ਲਾਟਰੀ ਨਿੱਕਲਣ ਦੇ ਸੁਪਨੇ ਲੈਂਦਾ ਹੈ, ਉੱਥੇ ਮੁਕਾਬਲਾ ਜਿੱਤਣ ਵਾਲ਼ੇ ਵਿਅਕਤੀ ਨੂੰ ਮਿਲ਼ਦੇ ਪੈਸੇ ਤੇ ਮਸ਼ਹੂਰੀ ਨੂੰ ਦੇਖ ਕੇ ਹੋਰ ਕਿੰਨੇ ਹੀ ਲੋਕ ਇਹਨਾਂ ਪ੍ਰੋਗਰਾਮਾਂ ਸਹਾਰੇ ਅਮੀਰ ਹੋਣ ਦੇ ਯਤਨ ਕਰਦੇ ਹਨ। ਨਾਲ਼ ਹੀ ਇਹ ਮੁਕਾਬਲੇਬਾਜ਼ੀ ਇਹ ਸਥਾਪਤ ਕਰਦੀ ਹੈ ਕਿ ਜਿਹੜਾ ਵਿਅਕਤੀ ਕਾਬਲ ਹੈ, ਉਹ ਹੀ ਅਮੀਰ ਹੋ ਸਕਦਾ ਹੈ, ਜੇ ਤੁਸੀਂ ਗਰੀਬ ਹੋ ਜਾਂ ਛੋਟੇਅਮੀਰ ਹੋ ਤਾਂ ਤੁਸੀਂ ਕਾਬਲ ਨਹੀਂ ਹੋ।

ਮੁਨਾਫਾ ਕੇਂਦਰਤ ਢਾਂਚੇ ਵਿੱਚ ਮੁਨਾਫਾ ਕਮਾਉਣ ਲਈ ਹੁਣ ਕਲਾ ਦੀ ਵੀ ਲੋੜ ਨਹੀਂ ਰਹਿ ਗਈ, ਹੁਣ ਇਸ ਲਈ ਮਨੁੱਖਾਂ ਦੇ ਭੈੜੇ ਪੱਖਾਂ ਅਤੇ ਇਕੱਲੇ ਰਹਿ ਗਏ ਆਤਮਾਹੀਣੇ ਮਨੁੱਖ ਦੀਆਂ ਮਨੋਰੋਗੀ ਚਾਂਗਰਾਂ ਤੇ ਹਰਕਤਾਂ ਦਾ ਸਿੱਧਾ ਪ੍ਰਸਾਰਣ ਹੀ ਕਾਫੀ ਹੈ। ਦੂਜੇ ਪਾਸੇ ਇਹਨਾਂ ਪ੍ਰੋਗਰਾਮਾਂ ਨੂੰ ਮਿਲਦੇ ਵੱਡੇ ਹੁੰਗਾਰੇ ਨੂੰ ਦੇਖ ਕੇ ਇਹ ਵੀ ਸਾਫ ਹੋ ਜਾਂਦਾ ਹੈ ਕਿ ਮੀਡੀਆ ਦਾ ਹਮਲਾ ਇੰਨਾ ਵੱਡਾ ਹੈ ਕਿ ਸਰਮਾਏਦਾਰਾ ਢਾਂਚੇ ਦੀ ਸੱਭਿਆਚਾਰਕ ਸੜਾਂਦ ਹੁਣ ਲੋਕਾਂ ਲਈ ਸੜਾਂਦ ਨਹੀਂ ਰਹੀ, ਉਹ ਹੁਣ ਇਸਨੂੰ ਮਨੁੱਖਤਾ ਦਾ ਇੱਕੋ-ਇੱਕ ਪੱਖ ਸਮਝ ਕੇ ਮਾਣਦੇ ਹਨ। ਪਰ ਨਾਲ਼ ਹੀ ਇਹ ਇਹ ਵੀ ਦਿਖਾਉਂਦਾ ਹੈ ਕਿ ਮਨੁੱਖ ਸਰਮਾਏਦਾਰਾ ਢਾਂਚੇ ਵੱਲੋਂ ਉਸਦੀ ਇੱਛਾ ਦੇ ਖਿਲਾਫ਼ ਉਸ ਉੱਤੇ ਲੱਦੀ ਕਿਰਤ ਤੋਂ ਕਿੰਨਾ ਅੱਕ ਚੁੱਕਾ ਹੈ, ਉਹ ਅਣਇੱਛਤ ਕੰਮ ਤੋਂ ਕੁਝ ਸਮਾਂ ਦੂਰ ਰਹਿਣ ਲਈ ਕੁਝ ਵੀ ਦੇਖ ਸਕਦਾ ਹੈ। ਕੁੱਲ ਮਿਲ਼ਾ ਕੇ ਰੀਐਲਟੀ ਟੀਵੀ ਮੌਜੂਦਾ ਸਰਮਾਏਦਾਰਾ ਢਾਂਚੇ ਦੇ ਹੋਰ ਵਧੇਰੇ ਪਤਨਸ਼ੀਲ ਤੇ ਪਰਜੀਵੀ ਹੋਣ ਦਾ ਹੀ ਸੂਚਕ ਹੈ। ਇੱਕ ਅਜਿਹਾ ਪਰਜੀਵੀ ਧਨੀ ਤਬਕਾ ਪੈਦਾ ਹੋ ਚੁੱਕਾ ਹੈ ਜਿਹੜਾ ਸਮਾਜ ਨਾਲ਼ੋਂ ਪੂਰੀ ਤਰ੍ਹਾਂ ਟੁੱਟਿਆ ਹੋਇਆ ਹੈ। ਆਪਣੀ ਇਕੱਲਤਾ ਤੇ ਅਵਸਾਦ ਭਰੀ ਹਾਲਤ ਵਿੱਚ ਇਹ ਤਬਕਾ ਦਿਨ ਕਟੀ ਲਈ ਮਨੋਰੰਜਨ ਦਾ ਸਹਾਰਾ ਲੈ ਰਿਹਾ ਹੈ ਤੇ ਸੋਚਦਾ ਹੈ ਕਿ ਇਸ ਨਾਲ਼ ਆਉਣ ਵਾਲ਼ੇ ਕੱਲ੍ਹ ਦੇ ਡਰ ਨੂੰ ਦਬਾ ਸਕੇਗਾ। ਇਹ ਬਾਬਿਆਂ, ਤਾਂਤਰਿਕਾਂ, ਮੰਦਿਰਾਂ-ਗੁਰਦਵਾਰਿਆਂ, ਓਸ਼ੋ-ਕੇਂਦਰਾਂ ਦਾ ਟੂਰ ਕਰਨ ਤੋਂ ਬਾਅਦ ਹੁਣ ਅਸ਼ਲੀਲ ਭੋਗ-ਵਿਲਾਸ ਦੀ ਬਿਮਾਰ ਲਾਲਸਾ, ਕਾਮੁਕ ਭਟਕਣ ਦਾ ਵਿਕਾਸ ਅਤੇ ਜੁਰਮ ਤੇ ਖੁਦਕਸ਼ੀਆਂ ਦੀ ਘੁੰਮਣਘੇਰੀ ਵਿੱਚ ਫਸ ਚੁੱਕਾ ਹੈ। ਇਸ ਧਨੀ ਪਰਜੀਵੀ ਖੂਹ-ਦੇ-ਡੱਡੂ ਦੀ ਇਕੱਲਤਾ, ਨਿਰਾਸ਼ਾ ਤੇ ਅਵਸਾਦ ਨੂੰ ਮੁੱਖ ਰੱਖ ਕੇ ਹੀ ਟੀਵੀ ਦੇ ਪ੍ਰੋਗਰਾਮ ਬਣਦੇ ਹਨ ਪਰ ਜਿਸਨੂੰ ਦੇਖਦਾ ਸਮੁੱਚਾ ਸਮਾਜ ਹੈ ਜਿਸ ਕਰਕੇ ਇਸਦੇ ਮਨੋਰੋਗਾਂ ਦੀ ਲਾਗ ਸਮੁੱਚੇ ਸਮਾਜ ਨੂੰ ਲੱਗ ਰਹੀ ਹੈ। ਆਮ ਕਿਰਤੀ ਲੋਕ, ਨੌਜਵਾਨ ਵੀ ਇਸ ਪਰਜੀਵੀ ਤਬਕੇ ਦੀਆਂ ਭੈੜਾਂ ਦੇ ਸ਼ਿਕਾਰ ਹੋ ਰਹੇ ਹਨ। ਇਸ ਲਈ, ਜਿਵੇਂ ਕਿ ਮਹਾਨ ਲੇਖਕ ਮੈਕਸਿਮ ਗੋਰਕੀ ਨੇ ਕਿਹਾ ਹੈ, ਸਾਨੂੰ ਸਮਝਣਾ ਹੋਵੇਗਾ 'ਪੁਰਾਣੀ ਦੁਨੀਆਂ' ਅਸਲ ਵਿੱਚ ਜਾਨਲੇਵਾ ਬਿਮਾਰੀ ਨਾਲ਼ ਗ੍ਰਸਤ ਹੈ ਅਤੇ ਸਾਨੂੰ ਆਪਣੇ ਆਪ ਨੂੰ ਜਿੰਨੀ ਜਲਦੀ ਹੋ ਸਕੇ ਇਸ ਨਾਲ਼ੋਂ ਅਲੱਗ ਕਰ ਲੈਣਾ ਚਾਹੀਦਾ ਹੈ ਤਾਂ ਕਿ ਇਸਦੀ ਜ਼ਹਿਰੀਲੀ ਹਵਾ ਕਿਤੇ ਸਾਨੂੰ ਨਾ ਲੱਗ ਜਾਵੇ। ੩ ਇਹ ਜਾਨਣਾ ਮਹੱਤਵਪੂਰਨ ਹੈ ਕਿ ਹਮੇਸ਼ਾਂ ਅਜਿਹੇ ਲੋਕ ਹੋਏ ਹਨ ਜਿੰਨ੍ਹਾਂ ਨੇ ਮਨੁੱਖਾਂ ਦਾ ਦਿਲ ਬਹਿਲਾਉਣ ਵਾਲ਼ੀਆਂ ਤੁੱਛ ਗੱਲਾਂ ਦੇ ਆਨੰਦ ਮਾਨਣ ਨੂੰ ਉਤਸ਼ਾਹਿਤ ਕੀਤਾ ਹੈ, ਉੱਥੇ ਹੀ ਅਜਿਹੇ ਬਾਗੀ ਵੀ ਹੋਏ ਹਨ ਜਿੰਨ੍ਹਾਂ ਨੇ ਆਪਣੇ ਆਲ਼ੇ-ਦੁਆਲ਼ੇ ਦੀ ਜ਼ਿੰਦਗੀ ਦੀ ਨੀਚਤਾ, ਘਟੀਆਪਣ ਅਤੇ ਉਸਦੀ ਬੁਨਿਆਦ ਖਿਲਾਫ਼ ਸਿਰ ਚੁੱਕਿਆ। ਇਹ ਸਮਝਣਾ ਵੀ ਮਹੱਤਵਪੂਰਨ ਹੈ ਕਿ ਆਖ਼ਰ ਨੂੰ ਉਹ ਬਾਗੀ ਹੀ, ਜਿੰਨ੍ਹਾਂ ਨੇ ਮਨੁੱਖ ਨੂੰ ਅੱਗੇ ਵਧਣ ਦਾ ਰਾਹ ਦਿਖਾਇਆ ਅਤੇ ਉਸਤੇ ਚੱਲਣ ਲਈ ਪ੍ਰੇਰਿਤ ਕੀਤਾ, ਓਨਾਂ ਲੋਕਾਂ ਉੱਤੇ ਹਾਵੀ ਹੋ ਜਾਂਦੇ ਹਨ ਜੋ ਜਮਾਤੀ ਸਮਾਜ ਦੁਆਰਾ, ਸਰਮਾਏਦਾਰਾ ਸਮਾਜ ਦੁਆਰਾ ਪੈਦਾ ਕੀਤੀਆਂ ਨੀਚਤਾਪੂਰਨ ਹਾਲਤਾਂ ਨਾਲ਼ ਸੰਤੁਸ਼ਟ ਹੋ ਜਾਣ ਅਤੇ ਉਨਾਂ ਨੂੰ ਪ੍ਰਵਾਨ ਕਰ ਲੈਣ ਦਾ ਉਪਦੇਸ਼ ਦਿੰਦੇ ਹਨ। ਪਰ ਇਸ ਲਈ ਹਰ ਸੂਝਵਾਨ ਇਨਸਾਨ ਨੂੰ ਸਚੇਤਨ ਯਤਨ ਕਰਨੇ ਹੋਣਗੇ ਤਾਂ ਕਿ ਟੀਵੀ ਤੇ ਮਨੋਰੰਜਨ ਦੇ ਹੋਰ ਸਾਧਨਾਂ ਵੱਲੋਂ ਫੈਲਾਈ ਜਾ ਰਹੀ ਮਨੋਰੋਗੀ ਹਾਲਤ ਦੀ ਕਾਟ ਕੀਤੀ ਜਾ ਸਕੇ।



# ਸਿਆਸਤ, ਧਰਮ ਅਤੇ ਵਿਗਿਆਨ

**ਸੁਰਜੀਤ ਸਿੰਘ ਢਿੱਲੋਂ**

ਅੱਜ ਅਸੀਂ ਅਜਿਹੀਆਂ ਵਿਚਾਰ-ਪ੍ਰਣਾਲੀਆਂ ਦੀ ਅਗਵਾਈ ਅਧੀਨ ਵਿਚਰ ਰਹੇ ਹਾਂ ਜਿਹੜੀਆਂ ਇਕ ਦੂਜੀ ਨਾਲ ਮੇਲ ਨਹੀਂ ਖਾ ਰਹੀਆਂ। ਇਹ ਹਨ: ਸਿਆਸਤ, ਧਰਮ ਅਤੇ ਵਿਗਿਆਨ। ਧਰਮ ਲਈ ਲੋਕਾਂ ਦੇ ਮਨ 'ਚ ਸ਼ਰਧਾ ਹੈ ਅਤੇ ਵਿਗਿਆਨ ਲਈ ਸਨਮਾਨ, ਜਦਕਿ ਸਿਆਸਤ ਹਰ ਇਕ ਨੂੰ ਨਿਰਾਸ਼ ਕਰ ਰਹੀ ਹੈ। ਸਾਡੀ ਆਪਣੀ ਕੌਮ, ਪਰ, ਸਿਆਸਤ ਤੋਂ ਸਦਾ ਨਿਰਾਸ਼ ਨਹੀਂ ਸੀ। ਸੁਰਾਜ ਲਈ ਸੰਘਰਸ਼ ਕਰ ਰਹੀਆਂ ਸਿਆਸੀ ਸਰਗਰਮੀਆਂ ਦਾ ਤਾਂ ਸਗੋਂ ਸ਼ਰਧਾਮਈ ਸਨਮਾਨ ਹੋ ਰਿਹਾ ਸੀ। ਇਹ ਸਥਿਤੀ ਸੁਰਾਜ ਮਿਲਣ ਉਪਰੰਤ ਤਦ ਬਦਲ ਗਈ ਜਦ ਸਿਆਸਤ ਵਿਚ ਸਾਊ-ਸ਼ਰਾਫਤ ਦਾ ਸਥਾਨ ਆਤਮ-ਕ੍ਰਿਤ ਆਪਾ-ਧਾਪੀ ਨੇ ਲੈ ਲਿਆ। ਜਿਹੜੇ ਸ੍ਵਰਗ ਦੇ ਸੁਪਨੇ ਸੁਰਾਜ ਪ੍ਰਾਪਤੀ ਨਾਲ ਜੁੜੀ ਸਿਆਸਤ ਨੇ ਦਿਖਾਏ ਸਨ, ਉਹ ਇਕ ਇਕ ਕਰਕੇ ਭੰਗ ਹੁੰਦੇ ਰਹੇ।

ਗੱਲ ਪ੍ਰਲੋਕ ਵਾਲੇ ਸ੍ਵਰਗ ਦੀ ਨਹੀਂ, ਅਜਿਹੀ ਸਮਾਜਿਕ ਵਿਵਸਥਾ ਦੀ ਹੈ, ਜਿਸ ਦੀ ਭਰੋਸਾ, ਹਮਦਰਦੀ, ਰਵਾਦਾਰੀ ਅਤੇ ਵਚਨਾਂ ਦੀ ਪਾਲਣਾ ਵਿਸ਼ੇਸ਼ਤਾ ਹੈ। ਵਿਆਪਕ ਵਿਵਸਥਾ 'ਚ ਅਜਿਹੇ ਪ੍ਰਚਲਨ ਦੀ ਕਿਧਰੋਂ ਵੀ ਸੁਗੰਧ ਨਹੀਂ ਆ ਰਹੀ। ਅੱਜ ਕੋਈ ਕਿਸੇ ਦਾ ਵਿਸ਼ਵਾਸ ਨਹੀਂ ਕਰ ਰਿਹਾ, ਅਧਿਕਾਰੀਆਂ ਦਾ ਵੀ ਨਹੀਂ, ਸਰਕਾਰਾਂ ਦਾ ਵੀ ਨਹੀਂ ਅਤੇ ਆਪਸ 'ਚ ਇਕ ਦੂਜੇ ਦਾ ਵੀ ਨਹੀਂ। ਇਸੇ ਕਾਰਨ ਫੂਕ ਫੂਕ ਕੇ ਪੈਰ ਪੁੱਟੇ ਜਾ ਰਹੇ ਹਨ ਅਤੇ ਦੰਭ ਅਤੇ ਵਿਖਾਵਿਆਂ ਉਪਰ ਨਿਰਭਰ ਸਾਡਾ ਜੀਵਨ ਬੀਤ ਰਿਹਾ ਹੈ। ਸਿਆਸੀ ਵਰਗ ਜਿਸ ਗੱਲ ਦਾ ਪ੍ਰਚਾਰ ਕਰਦਾ ਹੈ, ਉਹ ਉਸ ਦੇ ਮਨ 'ਚ ਨਹੀਂ ਹੁੰਦੀ ਅਤੇ ਜੋ ਉਸ ਦੇ ਮਨ 'ਚ ਹੁੰਦੀ ਹੈ, ਉਹ ਹੀ ਚੁੱਪ-ਚਪੀਤੇ ਅਮਲ 'ਚ ਆਉਂਦੀ ਰਹਿੰਦੀ ਹੈ। ਸਿਆਸਤ ਸਿਰ ਅੱਜ ਆਮ ਭਲਾਈ ਦੀ ਲਗਨ ਨਹੀਂ, ਸੱਤਾ ਹਥਿਆਉਣ ਦਾ ਜਨੂੰਨ ਸਵਾਰ ਹੈ।

ਉਧਰ, ਧਰਮ ਅਤੇ ਵਿਗਿਆਨ ਤਾਂ ਹਨ ਹੀ ਸੁਹਿਰਦ ਅਤੇ ਖਰੇ ਵਤੀਰੇ ਦੇ ਸ਼ੈਦਾਈ। ਗੱਲ ਧਾਰਮਿਕ ਰਵਾਇਤਾਂ ਦੀ ਪਾਲਣਾ ਕਰਨ ਵਾਲਿਆਂ ਦੀ ਨਹੀਂ; ਰੂਹਾਨੀਅਤ ਜਿਨ੍ਹਾਂ ਦਾ ਧਰਮ ਹੈ, ਉਨ੍ਹਾਂ ਦੀ ਹੈ। ਉਂਜ, ਧਰਮ ਅਤੇ ਵਿਗਿਆਨ ਇਕਮਤ ਨਹੀਂ ਹਨ ਅਤੇ ਇਹ ਇਸ ਲਈ ਇਕਮਤ ਨਹੀਂ ਹਨ, ਕਿਉਂਕਿ ਇਕ ਦਾ ਸ੍ਰੋਤ ਭਾਵਨਾਵਾਂ ਹਨ ਅਤੇ ਦੂਜੇ ਦਾ ਤਰਕਸ਼ੀਲ ਸੂਝ। ਇਨ੍ਹਾਂ ਦੋਵਾਂ ਦਾ ਵਿਅਕਤੀਗਤ ਚਰਿੱਤਰ ਢਾਲਣ 'ਚ ਆਪੋ-ਆਪਣਾ ਵੱਖ ਵੱਖ ਮਹੱਤਵ ਹੈ। ਕੋਈ ਵੀ ਵਿਅਕਤੀ ਨਾ ਇਕੱਲੀਆਂ ਭਾਵਨਾਵਾਂ ਆਸਰੇ ਜੀਵਨ ਬਿਤਾ ਰਿਹਾ ਹੈ ਅਤੇ ਨਾ ਹੀ ਨਿਰੋਲ ਸੂਝ ਆਸਰੇ। ਇਨ੍ਹਾਂ ਦੋਵਾਂ ਦੀ ਸੰਜਮੀ ਅਤੇ ਮਿਲਵੀਂ ਪੈਰਵੀ ਕੀਤਿਆਂ ਬਿਨਾਂ ਸੰਤੁਸ਼ਟ ਜੀਵਨ ਭੋਗ ਸਕਣਾ ਸੰਭਵ ਨਹੀਂ। ਬਰਟਰੰਡ ਰੱਸਲ ਦਾ ਸੁਝਾਅ ਹੈ : "ਗਿਆਨ ਅਤੇ ਸਨੇਹ ਦੇ ਮਿਲਵੇਂ ਸੰਚਾਲਨ ਅਧੀਨ ਬੀਤ ਰਿਹਾ ਜੀਵਨ, ਸੰਤੁਸ਼ਟ ਬੀਤ ਰਿਹਾ ਜੀਵਨ ਹੋ ਸਕਦਾ ਹੈ।" ਗਿਆਨ ਸੂਝ ਦੀ ਦੇਣ ਹੈ ਅਤੇ ਸਨੇਹ ਭਾਵਨਾਵਾਂ ਚੋਂ ਪੁੰਗਰਦੀ ਵਿਵਸਥਾ। ਧਰਮ ਅਤੇ ਵਿਗਿਆਨ ਦੇ ਨਜ਼ਰੀਏ ਤੋਂ ਵੀ ਇਹੋ ਉਚਿਤ ਵਤੀਰਾ ਹੈ ਅਤੇ ਦੋਵੇਂ ਇਸ ਨੂੰ ਧਾਰਨ ਦੀ, ਇਸੇ ਕਾਰਨ, ਹਾਮੀ ਵੀ ਭਰਦੇ ਹਨ। ਜਦ, ਪਰ, ਚਰਚਾ ਸ੍ਰਿਸ਼ਟੀ ਅਤੇ ਜੀਵਨ ਬਾਰੇ ਛਿੜਦੀ ਹੈ, ਤਦ ਧਰਮ ਅਤੇ ਵਿਗਿਆਨ ਇਕ ਦੂਜੇ ਤੋਂ ਦੂਰ ਖਲੋਤੇ ਨਜ਼ਰ ਆਉਂਦੇ ਹਨ।


ਜਿਸ ਪ੍ਰਕਾਰ ਦੀ ਸ੍ਰਿਸ਼ਟੀ ਨਾਲ ਧਰਮ ਸਾਡੀ ਪਛਾਣ ਕਰਵਾ ਰਿਹਾ ਹੈ, ਉਸ 'ਚ ਪ੍ਰਿਥਵੀ, ਜਿਸ ਉਪਰ ਅਸੀਂ ਰਹਿ ਰਹੇ ਹਾਂ, ਵਿਸ਼ਵ ਦੇ ਕੇਂਦਰ 'ਚ ਹੈ ਅਤੇ ਜਿਸ ਦੁਆਲੇ ਸੂਰਜ, ਚੰਨ, ਤਾਰੇ, ਗੈਲੈਕਸੀਆਂ ਆਦਿ ਨਿਰੰਤਰ ਚੱਕਰ ਗ੍ਰਸਤ ਹਨ। ਧਰਮ ਦਾ ਇਹ ਵੀ ਕਹਿਣਾ ਹੈ ਕਿ ਮਨੁੱਖ ਲਈ ਹੀ ਇਹ ਸ੍ਰਿਸ਼ਟੀ ਰਚੀ ਗਈ ਹੈ। ਮਨੁੱਖ ਨੂੰ ਜੀਵਨ ਅਰਪਣ ਕਰਨ ਲਈ ਪ੍ਰਿਥਵੀ ਉਪਰ ਜਲ-ਵਾਯੂ ਹਨ ਅਤੇ ਇਹ ਫੁੱਲਾਂ-ਫਲਾਂ ਨਾਲ ਇਸ ਲਈ ਸ਼ਿੰਗਾਰੀ ਹੋਈ ਹੈ, ਤਾਂ ਜੋ ਮਨੁੱਖ ਦੀਆਂ ਲੋੜਾਂ ਪੂਰੀਆਂ ਹੋ ਸਕਣ। ਹੋਰ ਵੀ ਜੋ ਕੁਝ ਪ੍ਰਿਥਵੀ ਉਪਰ ਹੈ, ਮਨੁੱਖ ਦੀ ਸੁੱਖ-ਸੁਵਿਧਾ ਲਈ ਹੀ ਹੈ। ਇਹ ਨਜ਼ਰੀਆ ਪਰ ਤਰਕ ਦੀ ਤਪਸ਼ ਝਲਣ ਯੋਗ ਨਹੀਂ। ਤਰਕ ਇਹ ਪੁੱਛਣ ਲਈ ਮਜਬੂਰ ਹੈ ਕਿ ਜੇਕਰ ਮਾਨਵੀ ਸੁੱਖ-ਸੁਬਧਾ ਹੀ ਸ੍ਰਿਸ਼ਟੀ ਦੇ ਰਚੇ ਜਾਣ ਦਾ ਮੰਤਵ ਹੈ, ਤਦ ਤਬਾਹੀ ਦਾ ਕਾਰਨ ਬਣਦੇ ਭੁਚਾਲ ਕਿਉਂ ਆਉਂਦੇ ਹਨ, ਸੋਕੇ ਕਿਉਂ ਪੈਂਦੇ ਹਨ, ਹੜ੍ਹ ਕਿਉਂ ਤਬਾਹੀ ਦਾ ਕਾਰਨ ਬਣਦੇ ਹਨ, ਅਸਾਨੂੰ ਰੋਗ ਕਿਉਂ ਭਮੋੜਦੇ ਰਹਿੰਦੇ ਹਨ ਅਤੇ ਅਸਾਡੇ ਚੋਂ ਕਈ ਅਪਾਹਜ ਕਿਉਂ ਹਨ ? ਇਸ ਦਾ ਉਤਰ ਧਰਮ ਕੋਲ ਇਹ ਹੈ ਕਿ ਅਜਿਹਾ 'ਰੱਬ ਦੀ ਰਜ਼ਾ' ਦੀ ਪਾਲਣਾ ਨਾ ਕਰਨ ਕਰਕੇ ਹੋ ਰਿਹਾ ਹੈ। ਫਿਰ ਇਹ ਪ੍ਰਸ਼ਨ ਉਠਦਾ ਹੈ ਕਿ 'ਰੱਬ ਦੀ ਰਜ਼ਾ' ਸਭਨਾਂ ਲਈ ਇਕਸਾਰ ਕਿਉਂ ਨਹੀਂ ? ਲੋੜਵੰਦਾਂ ਲਈ ਇਹ ਅਮੀਰਾਂ ਨਾਲੋਂ ਵਖਰੀ ਕਿਉਂ ਹੈ, ਭਾਰਤ ਨਾਲੋਂ ਚੀਨ ਜਾਂ ਯੂਰਪ ਲਈ ਵੱਖਰੀ ਕਿਉਂ ਹੈ ਅਤੇ ਅਮਰੀਕਾ ਲਈ ਇਸ ਹੱਦ ਤੱਕ ਸੁਖਾਵੀਂ ਕਿਉਂ ਹੈ ? ਅਜਿਹੀ ਟਿੱਪਣੀ ਦੇ ਬਾਵਜੂਦ ਸੰਸਾਰ 'ਚ ਬਹੁਤਿਆਂ ਦਾ ਧਾਰਮਿਕ ਧਾਰਨਾਂ 'ਚ ਹੀ ਦ੍ਰਿੜ੍ਹ ਵਿਸ਼ਵਾਸ ਹੈ, ਜਿਸ ਆਸਰੇ ਇਨ੍ਹਾਂ ਦੀ ਚੰਗੀ ਨਿਭ ਵੀ ਰਹੀ ਹੈ।

ਜੀਵਨ ਬਾਰੇ ਅਤੇ ਵਿਸ਼ਵ ਬਾਰੇ ਜੋ ਨਜ਼ਰੀਆ ਵਿਗਿਆਨ ਦਾ ਹੈ, ਉਹ ਉਪਰੋਕਤ ਦੇ ਉਲਟ ਹੈ। ਵਿਗਿਆਨ ਦਾ ਨਜ਼ਰੀਆ ਪਰਖ-ਪੜਤਾਲ ਅਤੇ ਹਕੀਕਤ ਉਪਰ ਆਧਾਰਿਤ ਹੈ, ਜਿਸ ਅਨੁਕੂਲ ਨਾ ਪ੍ਰਿਥਵੀ ਵਿਸ਼ਵ ਦਾ ਅਦਿਭੁਤ ਗ੍ਰਹਿ ਹੈ ਅਤੇ ਨਾ ਹੀ ਇਹ ਵਿਸ਼ਵ ਦਾ ਕੇਂਦਰ ਹੈ। ਇਹ ਸੂਰਜ ਦੁਆਲੇ ਘੁੰਮ ਰਿਹਾ ਗ੍ਰਹਿ ਹੈ, ਉਸ ਸੂਰਜ ਦੁਆਲੇ ਜਿਹੜਾ ਆਕਾਸ਼-ਗੰਗਾ ਦਾ ਇਕ ਸਾਧਾਰਨ ਤਾਰਾ ਹੈ, ਇਸ ਦਿਆਂ ਖ਼ਰਬਾਂ ਤਾਰਿਆਂ ਚੋਂ ਇਕ ਮਾਮੂਲੀ ਤਾਰਾ। ਆਕਾਸ਼-ਗੰਗਾ ਵੀ ਨਿਰਾਲੀ ਨਹੀਂ, ਇਹ ਵੀ ਵਿਸ਼ਵ ਦੀਆਂ ਖ਼ਰਬਾਂ ਗੈਲੈਕਸੀਆਂ ਚੋਂ ਇਕ ਹੈ। ਪ੍ਰਿਥਵੀ ਉਪਰ ਜੇਕਰ ਜੀਵਨ ਹੈ ਤਾਂ ਇਸ ਕਾਰਨ ਕਿ ਸੂਰਜ ਤੋਂ ਉਚਿਤ ਦੂਰੀ ਤੇ ਹੋਣ ਕਰਕੇ, ਇਸ ਉਪਰਲਾ ਜਲ ਤਰਲ ਰੂਪ 'ਚ ਹੈ ਅਤੇ ਤਰਲ ਜਲ ਦੀ ਹੋਂਦ ਜੀਵਨ ਦੇ ਪੁੰਗਰਨ ਦੀ ਮੂਲ ਸ਼ਰਤ ਹੈ। ਮਨੁੱਖ ਜੇਕਰ ਹੋਰਨਾਂ ਜੀਵਾਂ ਤੋਂ ਭਿੰਨ ਜਾਪਦਾ ਹੈ ਤਾਂ ਆਪਣੇ ਵਿਕਸਿਤ ਦਿਮਾਗ਼ ਕਰਕੇ, ਨਹੀਂ ਤਾਂ ਇਹ ਵੀ ਹੋਰਨਾਂ ਜੀਵਾਂ ਵਾਂਗ ਹੀ ਜੀਵਨ ਬਿਤਾ ਰਿਹਾ ਹੁੰਦਾ।

ਵਿਗਿਆਨ ਦਾ ਸੁਭਾਅ ਹੈ ਕਿ ਇਹ ਨਾ ਸਾਡੇ ਹਿੱਤ 'ਚ ਭੁਗਤਦਾ ਹੈ ਅਤੇ ਨਾ ਹੀ ਅਸਾਡੇ ਵਿੱਰੁਧ। ਇਸ ਨੂੰ ਕੋਈ ਸਰੋਕਾਰ ਨਹੀਂ ਕਿ ਅਸੀਂ ਕਿਵੇਂ ਸੋਚਦੇ ਹਾਂ, ਕੀ ਅਸਾਡੇ ਵਿਸ਼ਵਾਸ ਹਨ ਜਾਂ ਕਿਹੋ ਜਿਹੀਆਂ ਸਾਡੀਆਂ ਲਾਲਸਾਵਾਂ ਜਾਂ ਅਸਾਡੇ ਵਿਚਾਰ ਹਨ। ਇਹ ਤਾਂ ਮਸਤ ਹੋਇਆ ਹਕੀਕਤ ਖੋਜਦਾ ਰਹਿੰਦਾ ਹੈ ਅਤੇ ਨਾਲੋ-ਨਾਲ ਇਸ ਦੀ ਤਰਕਸ਼ੀਲ ਵਿਆਖਿਆ ਵੀ ਕਰਦਾ ਰਹਿੰਦਾ ਹੈ। ਵਿਗਿਆਨ ਨਾ ਲਾਈਲਗ ਹੈ ਅਤੇ ਨਾ ਹੀ ਇਹ ਸਿਆਣੇ ਸਮਝੇ ਜਾਂਦੇ ਵਿਅਕਤੀਆਂ ਦੇ ਉਚਾਰਣਾਂ ਨੂੰ ਬਿਨਾਂ ਪਰਖਿਆਂ ਸਵੀਕਾਰ ਕਰਦਾ ਹੈ। ਕਿਸੇ ਦੇ ਕਹੇ ਦਾ ਇਸ ਲਈ ਕੋਈ ਮਹੱਤਵ ਨਹੀਂ; ਇਸ ਲਈ ਮਹੱਤਵ ਕੇਵਲ ਵਿਗਿਆਨਕ ਵਿਧੀ ਦੁਆਰਾ ਖੋਜੀ ਗਈ ਹਕੀਕਤ ਦਾ ਹੈ, ਇਹ ਭਾਵੇਂ ਮਨਭਾਉਂਦੀ ਨਾ ਵੀ ਹੋਵੇ, ਇਹ ਭਾਵੇਂ ਦਿਲ ਨੂੰ ਧਰਵਾਸ ਨਾ ਵੀ ਦਿਵਾ ਰਹੀ ਹੋਵੇ ਅਤੇ ਇਹ ਕਿੰਨੀ ਵੀ ਭਿਆਨਕ ਜਾਂ ਡਰਾਉਣੀ ਹੋਵੇ। ਜੇਕਰ ਵਿਗਿਆਨ ਜੀਵਨ ਦੇ ਅਤੇ ਵਿਸ਼ਵ ਦੇ ਹੋਏ ਵਿਕਾਸ ਨੂੰ ਸਵੀਕਾਰ ਕਰ ਰਿਹਾ ਹੈ, ਤਾਂ ਇਸ ਲਈ ਨਹੀਂ ਕਿ ਅਜਿਹਾ ਡਾਰਵਿਨ ਦਾ ਅਤੇ ਆਈਸਟਾਈਨ ਦਾ ਕਹਿਣਾ ਸੀ। ਇਹ ਤਾਂ ਉਨ੍ਹਾਂ ਦੇ ਖੋਜੇ ਪ੍ਰਮਾਣਾਂ ਦਾ ਮੁਰੀਦ ਤਦ ਬਣਿਆ ਜਦ ਇਨ੍ਹਾਂ ਨੂੰ ਇਸ ਨੇ ਮੁੜ ਮੁੜ ਕੇ ਪ੍ਰਯੋਗਾਂ ਦੁਆਰਾ ਪਰਖਿਆ ਅਤੇ ਇਨ੍ਹਾਂ ਪ੍ਰਤੀ ਉਕਾ ਹੀ ਸੰਦੇਹ ਨਾ ਰਿਹਾ।

ਵਿਗਿਆਨ ਅਤੇ ਧਰਮ ਸੋਚਦੇ ਭਾਵੇਂ ਵੱਖ ਵੱਖ ਹਨ, ਪਰ ਹਨ ਇਹ ਦੋਵੇਂ ਆਦਰਸ਼ਵਾਦੀ। ਮਾਨਵੀ ਭਲਾਈ ਇਨ੍ਹਾਂ ਦਾ ਆਦਰਸ਼ ਹੈ ਅਤੇ ਇਸ ਸਬੰਧ 'ਚ ਇਹ ਦੋਵੇਂ ਅੱਜ ਅਭਿਆਸ ਅਧੀਨ ਸਿਆਸਤ ਤੋਂ ਬਹੁਤ ਉਪਰ ਹਨ। ਸਿਆਸਤ ਦਾ ਤਾਂ ਸਕਤਾ ਦੀ ਗੱਦੀ ਤੇ ਬਿਰਾਜਮਾਨ ਹੋਣਾ ਅਤੇ ਫਿਰ ਬਣੇ ਰਹਿਣਾ ਇਕੋ-ਇਕ ਮੰਤਵ ਹੈ; ਮਾਨਵੀ ਭਲਾਈ ਦਾ ਢੰਡੋਰਾ ਭਾਵੇਂ ਇਹ ਦਿਨ-ਰਾਤ ਪਿੱਟਦੀ ਰਹਿੰਦੀ ਹੈ। ਫਿਰ ਵੀ, ਸਮਾਜ ਨੂੰ ਚਲਦਿਆਂ ਰੱਖਣ 'ਚ ਮਹੱਤਵ ਇਸੇ ਦਾ ਹੀ ਹੈ, ਇਸ ਲਈ ਕਿਉਂਕਿ ਰਾਜ-ਪ੍ਰਬੰਧ ਉਪਰ ਕੇਵਲ ਇਸੇ ਦਾ ਅਧਿਕਾਰ ਹੈ, ਜਿਸ ਬਿਨਾਂ ਨਾ ਕਾਇਦੇ-ਕਾਨੂੰਨਾਂ ਦੀ ਪਾਲਣਾ ਸੰਭਵ ਹੈ ਅਤੇ ਨਾ ਨਿਆ ਸੰਭਵ ਹੈ। ਪਰ, ਦੁਖਾਂਤ ਇਹ ਵੀ ਹੈ ਕਿ ਸਿਆਸਤ ਅਧੀਨ ਇਨ੍ਹਾਂ ਦੀ ਦਿਆਨਤ ਨਾਲ ਪੈਰਵੀ ਘੱਟ ਅਤੇ ਮਨਚਾਹੀ ਉਲੰਘਣਾ ਵੱਧ ਹੋ ਰਹੀ ਹੈ।

×ਪ੍ਰੋਫੈਸਰ ਆਫ਼ ਐਮੀਨੈਂਸ (ਜ਼ੂਆਲੋਜੀ)
ਪੰਜਾਬੀ ਯੂਨੀਵਰਸਿਟੀ, ਪਟਿਆਲਾ)
ਸੰਪਰਕ: 0175-221454747



ਬਹੁਤ ਦੁਖੀ ਹਿਰਦੇ ਨਾਲ, 'ਸਰੋਕਾਰਾਂ ਦੀ ਆਵਾਜ਼' ਦਾ ਅਦਾਰਾ ਖ਼ਬਰ ਸਾਂਝੀ ਕਰ ਰਿਹਾ ਹੈ ਕਿ ਸਾਡੇ ਮਿੱਤਰ ਸ੍ਰ. ਸੁਖਵਿੰਦਰ ਸਿੰਘ ਢਿੱਲੋਂ ਜੀ ਦੇ ਪਿਤਾ ਸ੍ਰ. ਜਸਵੰਤ ਸਿੰਘ ਢਿੱਲੋਂ ਆਪਣੀ ਦੁਨਿਆਵੀ ਯਾਤਰਾ ਪੂਰੀ ਕਰਕੇ ਪਰਿਵਾਰ ਨੂੰ ਵਿਛੋੜਾ ਦੇ ਗਏ ਹਨ। ਇਸ ਸਮੇਂ ਅਦਾਰਾ ਪਰਿਵਾਰ ਨਾਲ ਬੜੇ ਡੂੰਘੇ ਦੁੱਖ ਵਿਚ ਸ਼ਰੀਕ ਹੁੰਦਾ ਹੈ। ਸ੍ਰ. ਸੁਖਵਿੰਦਰ ਸਿੰਘ ਢਿੱਲੋਂ Pro People Arts Projects Media Group ਨਾਲ ਸ਼ੁਰੂ ਤੋਂ ਬਹੁਤ ਹੌਸਲੇ ਨਾਲ ਕੰਮ ਕੀਤਾ ਜਿਸ ਦੀਆਂ ਕਾਮਯਾਬੀਆਂ ਕਾਰਨ ਹੁਣ 'ਸਰੋਕਾਰਾਂ ਦੀ ਆਵਾਜ਼' ਨਿਊਜ਼ਪੇਪਰ ਹਰ ਮਹੀਨੇ ਤੁਹਾਡੇ ਹੱਥਾਂ ਵਿਚ ਹੁੰਦਾ ਹੈ। ਜੋ ਤੁਹਾਨੂੰ ਭਰਪੂਰ ਜਾਣਕਾਰੀ ਦਿੰਦਾ ਹੈ।




# ਪ੍ਰਗਤੀ ਕਲਾ ਕੇਂਦਰ ਲਾਦੜਾ ਨੇ ਕਰਵਾਇਆ 23ਵਾਂ ਬਲਰਾਜ ਸਾਹਨੀ ਯਾਦਗਾਰੀ ਨਾਟਕ ਮੇਲਾ





ਅੱਪਰਾ, (ਸੁਖਦੇਵ ਸਿੰਘ) : ਪ੍ਰਗਤੀ ਕਲਾ ਕੇਂਦਰ (ਰਜਿ.) ਲਾਦੜਾ ਜਲੰਧਰ ਵਲੋਂ ਮੇਲੇ ਦੇ ਮੁੱਖ ਪ੍ਰਬੰਧਕ ਸੋਢੀ ਰਾਣਾ ਅਤੇ ਮੱਖਣ ਕ੍ਰਾਤੀ ਦੇ ਪ੍ਰਬੰਧਾਂ ਅਧੀਨ ਭਾਰਤ ਦੀ ਪ੍ਰਥਮ ਮਹਿਲਾ ਅਧਿਆਪਕਾ ਸਵਿੱਤਰੀ ਬਾਈ ਫੂਲੇ ਨੂੰ ਸਮਰਪਿਤ ਪਿੰਡ ਲਾਦੜਾ ਦੇ ਸਰਕਾਰੀ ਹਾਈ ਸਕੂਲ ਲਾਦੜਾ ਦੀ ਗਰਾਊਂਡ ਵਿਚ 23ਵਾਂ ਬਲਰਾਜ ਸਾਹਨੀ ਯਾਦਗਾਰੀ ਨਾਟਕ ਮੇਲਾ ਕਰਵਾਇਆ ਗਿਆ। ਮੇਲੇ ਦਾ ਉਦਘਾਟਨ ਮਾਸਟਰ ਸਾਧੂ ਸਿੰਘ ਜੱਸਲ ਨੇ ਕੀਤਾ ਜਦੋਂਕਿ ਸਮਾ ਰੌਸ਼ਨ ਪ੍ਰੋ. ਸੰਧੂ ਵਰਿਆਣਵੀ ਨੇ ਕੀਤੀ। ਮੇਲੇ ਵਿਚ ਲਗਾਈ ਗਈ ਕੁਲਪ੍ਰੀਤ ਰਾਣਾ ਦੀ ਅਗਵਾਈ ਵਿਚ 35 ਆਰਸਿਟ ਚਿੱਤਰ ਪ੍ਰਦਰਸ਼ਨੀ ਦੀ ਸਮ੍ਹਾਂ ਰੌਸ਼ਨ ਵਿਰਸਾ ਵਿਹਾਰ ਜਲੰਧਰ ਤੋਂ ਚੰਨੀ ਤਕੁੱਲੀਆ ਨੇ ਕੀਤੀ ਤੇ ਸ਼੍ਰੀ ਜਸਵਿੰਦਰ ਸਿੰਘ ਕਲਾ ਅਲੋਚਕ ਤੇ ਓਮ ਪ੍ਰਕਾਸ਼ ਓਮੀ ਬਤੌਰ ਮੁੱਖ ਮਹਿਮਾਨ ਪਹੁਚੇ। ਪ੍ਰਧਾਨਗੀ ਮੰਡਲ ਵਿਚ ਪ੍ਰੋ. ਸੰਧੂ ਵਰਿਆਣਵੀ, ਮੋਹਨ ਲਾਲ ਫਿਲੌਰੀਆ, ਸਲਵਿੰਦਰ ਸਿੰਘ ਜੱਸੀ, ਤਰਲੋਚਨ ਸਿੰਘ ਵਾਰੀਆ (ਏਕ-ਨੂਰ ਸਵੈ-ਸੇਵੀ ਸੰਸਥਾ ਪਠਲਾਵਾ), ਕਾਮਰੇਡ ਗੁਰਜੀਤ ਸਿੰਘ ਢੱਡਾ, ਮੈਡਮ ਸਕੁੰਤਲਾ ਫਗਵਾੜਾ, ਮੈਡਮ ਦਲਜੀਤ ਕੌਰ ਅਤੇ ਮੈਡਮ ਰਜਿੰਦਰ ਕੌਰ ਸੁਸ਼ੋਭਿਤ ਹੋਏ। ਇਸ ਮੌਕੇ ਪ੍ਰਸਿੱਧ ਕਹਾਣੀਕਾਰ ਸ੍ਰੀ ਅਜਮੇਰ ਸਿੱਧੂ ਨੂੰ ਬਲਰਾਜ ਸਾਹਨੀ ਯਾਦਗਾਰੀ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਗਿਆ ਜਦੋਂਕਿ ਮਿਸ਼ਨਰੀ ਲੇਖਕ ਸੋਹਣ ਸਹਿਜਲ ਨੂੰ ਜਨਾਬ ਸ਼ੌਕਤ ਢੰਡਵਾੜਵੀ ਯਾਦਗਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਲੇਖਕ ਅਮਰੀਕ ਸਿੰਘ ਮਦਰੋਸ਼ ਦੀ ਪੁਸਤਕ ਦਰਦ ਪੰਜਾਬ ਦਾ ਅਤੇ ਸੋਹਣ ਸਹਿਜਲ ਦੀ ਪੁਸਤਕ ਦੀ ਗਰੇਟਿਸਟ ਇੰਡੀਅਨ ਬਾਬਾ ਸਾਹਿਬ ਅੰਬੇਡਕਰ ਦੀ ਘੁੰਡ ਚੁਕਾਈ ਪ੍ਰੋ. ਸੰਧੂ ਵਰਿਆਣਵੀ ਅਤੇ ਮੋਹਨ ਲਾਲ ਫਿਲੌਰੀਆ ਨੇ ਕੀਤੀ। ਨਾਟਕਾ ਦੀ ਲੜੀ ਵਿਚ ਲਵਲੀ ਪ੍ਰੋਫੈਸਨਲ ਯੂਨੀਵਰਸਿਟੀ ਦੇ ਡਰਾਮਾ ਵਿਭਾਗ ਵਲੋਂ ਦੋ ਨਾਟਕ 'ਕੁੱਖੋਂ ਹੀਣੀ ਧਰਤੀ' (ਨਿਰਦੇਸ਼ਕ ਕਰਨ ਦੇਵ ਜਗੋਤਾ) ਤੇ ਨਾਟਕ 'ਕਫਨ' (ਨਿਰਦੇਸ਼ਕ ਮਨੋਜ ਸਾਈਕੀਆ) ਦੀਆਂ ਬਾਖੂਬੀ ਪੇਸ਼ਕਾਰੀਆ ਕੀਤੀਆਂ ਗਈਆਂ। ਨੌਜਵਾਨ ਲੇਖਕ ਤੇ ਨਿਰਦੇਸ਼ਕ ਮਨਦੀਪ ਸਿੰਘ ਨਿਊਜ਼ੀਲੈਂਡ ਨੇ ਨਾਟਕ ਸੁਪਨੇ ਦੀ ਪੇਸ਼ਕਾਰੀ ਸਮੇਂ ਦਰਸ਼ਕਾਂ ਦੀਆਂ ਅੱਖਾਂ ਨਮ ਕਰ ਦਿੱਤੀਆਂ। ਪ੍ਰਗਤੀ ਕਲਾ ਕੇਂਦਰ ਇਕਾਈ ਚੱਕ ਦੇਸ ਰਾਜ ਵਲੋਂ ਬਬੀਤਾ ਅਤੇ ਅਜੈ ਕੁਮਾਰ ਦੀ ਨਿਰਦੇਸ਼ਨਾ ਹੇਠ ਨਾਟਕ ਜਖਮੀ ਖੰਭਾ ਦੀ ਪਰਵਾਜ ਬਹੁਤ ਖੂਬ ਰਿਹਾ। ਇਸ ਤੋਂ ਬਿਨਾ ਸਰਕਾਰੀ ਹਾਈ ਸਕੂਲ ਲਾਦੜਾ, ਸਰਕਾਰੀ ਹਾਈ ਸਕੂਲ ਨਗਰ, ਪ੍ਰਗਤੀ ਕਲਾ ਕੇਂਦਰ ਇਕਾਈ ਮਾਲਵਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਸਾੜਾ ਵਲੋਂ ਕੋਰੀਓਗ੍ਰਾਫੀਆਂ ਦਾ ਬਾਖੂਬੀ ਮੰਚਨ ਕੀਤਾ ਗਿਆ। ਇਸ ਮੌਕੇ ਹਰਮੇਸ਼ ਰਾਹੀ, ਬਲਵੀਰ ਮੰਡ, ਮਾਸਟਰ ਸੁਖਵਿੰਦਰ ਸਿੰਘ ਨਾਮਧਾਰੀ, ਭਿੰਡਰ ਪਟਵਾਰੀ, ਜਸਵੀਰ ਕੌਰ ਜੱਸੀ, ਵਿਜੈ ਸ਼ੌਕਤ, ਦਿਲਬਹਾਰ ਸ਼ੌਕਤ, ਜਸਵੀਰ ਮੋਰੋ, ਜਗੀਰ ਸਿੰਘ ਲਸਾੜਾ, ਕੁਲਦੀਪ ਸਿੰਘ ਮਾਣਕ, ਦੇਸ ਰਾਜ ਉਮਰਪੁਰਾ, ਮਾਸਟਰ ਤਰਸੇਮ ਪਠਲਾਵਾ, ਜੋਗ ਰਾਜ ਚੰਦੜ, ਸੁਮਨ ਸ਼ਾਮਪੁਰੀ, ਨੱਛਤਰ ਭੱਟੀ, ਸੁਨੀਲ ਰਟੈਡਾ ਆਦਿ ਸ਼ਖਸ਼ੀਅਤਾਂ ਨੇ ਵਿਸ਼ੇਸ਼ ਸਿਰਕਤ ਕੀਤੀ। ਨਾਟਕਾਂ ਤੇ ਪ੍ਰਬੰਧਾਂ ਵਿਚ ਕਲਾਕਾਰ ਅੰਮ੍ਰਿਤਾ ਰਾਣੀ, ਸਿਮਰਨਜੀਤ ਕੌਰ, ਕੁਲਪ੍ਰੀਤ ਰਾਣਾ, ਬਬੀਤਾ, ਅਜੈ ਕੁਮਾਰ, ਵਿਸ਼ਾਲ ਗੜੀ, ਅਮਨ ਲਸਾੜਾ, ਬੂਟਾ ਲਸਾੜਾ, ਪੁਸ਼ਕਿਲ ਕੈਥ, ਚਰਨਜੀਤ ਚੰਨੀ, ਪ੍ਰੀਤੀ, ਪੂਨਮ ਲਸਾੜਾ, ਅਰਸ਼ਮੀਤ ਆਸ਼ੂ, ਸੁਸ਼ੀਲ ਕ੍ਰਾਤੀ, ਮਨੀਸ਼ ਮਸਾਣੀ, ਸੰਨੀ ਮਸਾਣੀ, ਮੋਹਤ ਰਸੂਲਪੁਰੀ, ਗਗਨ ਆਦਿ ਨੇ ਵਿਸ਼ੇਸ਼ ਯੋਗਦਾਨ ਪਾਇਆ। ਮੇਲੇ ਦੇ ਅਖੀਰ ਵਿਚ ਪ੍ਰਗਤੀ ਕਲਾ ਕੇਦਰ ਲਾਦੜਾ ਦੇ ਨਿਰਦੇਸ਼ਕ ਸੋਢੀ ਰਾਣਾ ਅਤੇ ਮੱਖਣ ਕ੍ਰਾਂਤੀ ਨੇ ਮੇਲੇ ਵਿਚ ਪਹੁਚੇ ਕਲਾਕਾਰਾਂ, ਲੇਖਕਾਂ, ਪਤਵੰਤਿਆਂ ਅਤੇ ਦਰਸ਼ਕਾਂ ਦਾ ਧੰਨਵਾਦ ਕੀਤਾ।




ਪ੍ਰੋ-ਪੀਪਲ ਆਰਟ ਪ੍ਰੋਜੈਕਟ ਮੀਡੀਆ ਗਰੁੱਪ ਦੇ ਅਖ਼ਬਾਰ 'ਸਰੋਕਾਰਾਂ ਦੀ ਆਵਾਜ਼' ਵਲੋਂ ਜਲੰਧਰ ਦੇ ਦੇਸ਼ ਭਗਤ ਯਾਦਗਾਰੀ ਹਾਲ ਵਿਖੇ ਗ਼ਦਰੀ ਬਾਬਿਆਂ ਦੇ ਮੇਲੇ 'ਤੇ ਹਿਊ ਜੇ. ਐਮ. ਜੌਨਸਟਨ ਵਲੋਂ ਗ਼ਦਰ ਲਹਿਰ ਨਾਲ ਸਬੰਧਤ ਰਚੀ ਪੁਸਤਕ 'ਕਾਮਾਗਾਟਾ-ਮਾਰੂ ਦੀ ਇਤਿਹਾਸਕ ਯਾਤਰਾ' ਰਿਲੀਜ਼ ਕੀਤੀ ਗਈ। ਇਸ ਪੁਸਤਕ ਵਿਚ ਲੇਖਕ ਨੇ ਕੈਨੇਡਾ ਦੇ ਨਸਲੀ ਵਿਤਕਰੇ ਦੇ ਵਿਰੁੱਧ ਅਤੇ ਆਜ਼ਾਦੀ ਲਈ ਗ਼ਦਰ ਪਾਰਟੀ ਦੇ ਮੈਂਬਰਾਂ ਵਲੋਂ ਪਾਏ ਯੋਗਦਾਨ ਦਾ ਵਿਸਥਾਰਪੂਰਵਕ ਵਰਨਣ ਕੀਤਾ ਹੈ।

ਇਹ ਕਿਤਾਬ ਸ਼ਹੀਦ ਭਗਤ ਸਿਘ ਬੁੱਕ ਕੇਂਦਰ, ਪੰਜਾਬੀ ਭਵਨ ਲੁਧਿਆਣਾ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ

97819-43772, 94176-42785

Rates among the lowest in Canada!

Punjab Insurance Inc.



Bachitter S Mehmi

Protect the ones you love.

Whether you are...

- 18 or 80
- Hard to insure
- Fear medical tests
- In good health
- Looking for fast and affordable coverage up to $500,000

...We've got the Life Insurance plan that's right for you!

Canada Protection Plan

416-527-3737

bachitter@punjabinsurance.ca

Commitment to Excellent Services

Punjab Insurance Inc

Punjab Insurance Inc

Your Insurance Advisor

Super Visa Insurance

Disability Insurance | Life Insurance | Critical Illness Insurance |

Mortgage Insurance Segregated Funds | RRSP & TFSA | RESP |

Email : dharbans@hotmail.com www.numberoneinsurance.ca



Harbans Singh

416-817-7142

ਗੁਰਮੇਲ ਸਿੰਘ 'ਬੌਡੇ'

## ਮੁੰਹਮਦ ਤੁਗਲਕ ਤੇ ਕਾਰੂ

# ਕੀ ਅੱਜ ਦਾ ਹਾਕਮ ਵੀ ਓਵੇਂ ਸਾਰੂ ?



ਉਸ ਸਮੇਂ ਅਸੀਂ ਬੜੇ ਨਿੱਕੜੇ ਜੇਹੇ ਹੁੰਦੇ ਸਾਂ। ਜਦ ਵੱਡੇ ਵਡੇਰਿਆਂ ਕੋਲੋਂ ਤੇ ਮਾਂ ਬਾਪ ਕੋਲੋਂ ਸੁਣਦੇ ਹੁੰਦੇ ਸੀ ਕਿ "ਪੁੱਤ ਇਕ ਵਾਰ ਕਾਰੂ ਨਾਂ ਦਾ ਬਾਦਸ਼ਾਹ ਹੁੰਦਾ ਸੀ, ਉਸ ਸਮੇਂ ਅੱਜ ਵਾਂਗ ਡਾਕਖਾਨੇ ਜਾਂ ਬੈਂਕਾਂ ਤਾਂ ਹੁੰਦੀਆਂ ਹੀ ਨਹੀਂ ਸਨ। ਲੋਕ ਆਪਣਾ ਪੈਸਾ ਟਕਾ, ਟੂਮ ਛੱਲਾ ਘਰੇ ਧਰਤੀ ਹੇਠ ਦਬ ਦਿੰਦੇ ਸਨ। ਉਸ ਸਮੇਂ ਮਰਨ ਵਾਲੇ ਦੇ ਮੂੰਹ ਵਿਚ ਸਤਿਕਾਰ ਵਜੋਂ ਟਕਾ ਪਾ ਕੇ ਦਬਾ ਦਿੱਤਾ ਜਾਂਦਾ ਸੀ ਜਿਵੇਂ ਕੱਲ੍ਹ ਮਰਨ ਵਾਲੇ ਬਜ਼ੁਰਗ ਦੇ ਮੂੰਹ ਨੂੰ ਦੁੱਧ ਘਿਓ ਲਗਾਇਆ ਜਾਂਦਾ ਹੈ। ਉਸ ਸਮੇਂ ਕਾਰੂ ਬਾਦਸ਼ਾਹ ਨੇ ਆਪਣਾ ਖਜ਼ਾਨਾ ਭਰਨ ਲਈ ਕਬਰਾਂ ਪੁਟਵਾ ਕੇ ਉਥੇ ਦੱਬੇ ਮੁਰਦੇ ਜੋ ਕੰਕਾਲ ਬਣ ਚੁੱਕੇ ਸਨ, ਦੇ ਮੂੰਹ 'ਚੋਂ ਟਕਾ ਕੱਢ ਕੇ ਆਪਣਾ ਖਜ਼ਾਨਾ ਭਰ ਲੈਂਦਾ ਸੀ। ਉਹ ਇਸਨੂੰ ਧਰਤੀ ਹੇਠ ਦੱਬਿਆ ਕਾਲਾ ਧਨ ਸਮਝਦਾ ਸੀ। ਆਪਣਾ ਰਾਜ ਮਜਬੂਤ ਕਰਨ ਦੀ ਭੁੱਖ ਨੇ ਸਧਾਰਨ ਕਿਸਾਨਾਂ ਤੇ ਮਜ਼ਦੂਰਾਂ ਨੂੰ ਭਿਖਾਰੀ ਬਣਾ ਦਿੱਤਾ ਸੀ। ਇਹ ਸੁਣ ਕੇ ਅਸੀਂ ਮੁਰਦੇ ਦੇ ਪਿੰਜਰ ਦੀ ਕਲਪਨਾ ਕਰਕੇ ਅੱਖਾਂ ਮੀਟ ਲੈਂਦੇ। ਰਾਤ ਨੂੰ ਅਜਿਹੇ ਕੰਕਾਲ ਨਜ਼ਰ ਆਉਣ 'ਤੇ ਲੇਰਾਂ ਮਾਰਕੇ ਉਠਦੇ ਜਿਵੇਂ ਕੋਈ ਕਾਰੂ ਵਰਗਾ ਅਕਸ ਸਾਡੇ ਮੂੰਹ 'ਚ ਹੱਥ ਪਾ ਕੇ ਪੈਸਾ ਕੱਢ ਰਿਹਾ ਹੋਵੇ। ਸਾਡੇ ਸੁਪਨੇ ਵਿਚ ਇੰਜ ਡਰ ਕੇ ਲੇਰਾਂ ਮਾਰਨ ਤੋਂ ਬੇਚੈਨ ਮਾਂ ਬਾਪ ਸਾਨੂੰ 'ਵਾਹਿਗੁਰੂ ਵਾਹਿਗੁਰੂ' ਕਹਿਣ ਲਈ ਕਹਿੰਦੇ, ਮੰਜੇ ਸਿਰਹਾਣੇ ਪਾਣੀ ਦਾ ਗਲਾਸ ਸਾਂ ਸਿਹਾਣੇ ਕੋਈ ਲੋਹੇ ਦੀ ਚੀਜ਼ ਰੱਖ ਦਿੰਦੇ। ਪਰ ਸਾਡੀਆਂ ਅੱਖਾਂ ਵਿਚ ਤਾਂ ਕਾਰੂ ਬਾਦਸ਼ਾਹ ਦਾ ਡਰ ਦੱਸਿਆ ਹੋਇਆ ਸੀ।

ਕੁਝ ਵੱਡੇ ਹੋਏ ਤਾਂ ਸਕੂਲ ਜਾਣ ਲੱਗ ਪਏ। ਤੀਜੀ ਚੌਥੀ ਜਮਾਤ ਤੋਂ ਸ਼ੁਰੂ ਹੋਈ ਸਮਾਜਿਕ ਸਿੱਖਿਆ ਦਸਵੀਂ ਜਮਾਤ ਤੱਕ ਸਾਡੇ ਨਾਲ ਰਹੀ। ਕਾਰੂ ਤੋਂ ਬਾਅਦ ਇਨ੍ਹਾਂ ਹੀ ਪੁਸਤਕਾਂ ਵਿਚ ਇਕ ਪੜ੍ਹੇ ਲਿਖੇ ਮੂਰਖ ਬਾਦਸ਼ਾਹ ਬਾਰੇ ਪੜ੍ਹਿਆ। ਜਿਸ ਨੇ 1325 ਤੋਂ 1351 ਤੱਕ ਰਾਜ ਕੀਤਾ। 1330-32 ਵਿਚ ਉਸਨੇ ਨਵੀਂ ਟੋਕਨ ਕਰੰਸੀ ਜਾਰੀ ਕੀਤੀ। ਉਸਨੇ ਚਾਂਦੀ ਦੀ ਥਾਂ ਕਾਂਸੇ ਦੇ ਟਕੇ ਚਲਾਏ। ਇਕ ਸ਼ਾਸ਼ਕ ਨੇ ਤਾਂ ਚੰਮ ਦੀ ਕਰੰਸੀ ਵੀ ਚਲਾਈ। ਮੁੰਹਮਦ ਤੁਗਲਕ ਨੇ ਪੁਰਾਣੇ ਕਰੰਸੀ ਤੇ ਨਵੀਂ ਕਰੰਸੀ ਤੇ ਟੈਕਸ ਲਗਾਕੇ 1330 ਵਿਚ ਨਵੀਆਂ ਯੋਜਨਾਵਾਂ ਤੇ ਖਰਚ ਕੀਤਾ। ਜਿਸ ਨਾਲ ਕਿਸਾਨ ਮਜ਼ਦੂਰ ਅਤੇ ਗਰੀਬ ਭੁੱਖ ਨਾਲ ਮਰਨ ਲੱਗੇ।

ਵਿਦਵਾਨ ਲੋਕ ਕਹਿੰਦੇ ਹਨ ਕਿ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ। ਮੁੰਹਮਦ ਤੁਗਲਕ ਵਰਗੇ 21ਵੀਂ ਸਦੀ ਦੇ ਸ਼ਾਸਕ ਨੇ ਵੀ ਲੋਕਾਂ ਕੋਲੋਂ, ਸਾਧਾਰਨ ਪਰਜ਼ਾ ਕੋਲੋਂ ਕਾਲਾ ਧਨ ਕਢਵਾਉਣ ਲਈ ਕਰੰਸੀ ਬਦਲਣ ਦਾ ਕਦਮ ਚੁੱਕਿਆ ਹੈ। ਮੁੰਹਮਦ ਤੁਗਲਕ ਵੇਲੇ ਵੀ ਲੋਕਾਂ ਨੇ ਕਾਂਸੀ ਦੀ ਜਾਅਲੀ ਕਰੰਸੀ (ਸਿੱਕੇ) ਤਿਆਰ ਕਰ ਲਈ ਸੀ। ਉਸ ਸਮੇਂ ਦਾ ਤਾਂ ਕੋਈ ਸਬੂਤ ਨਹੀਂ ਪਰ ਵਰਤਮਾਨ ਸਮੇਂ ਦਾ ਹਾਕਮ ਹਰ ਮਹੀਨੇ "ਮਨ ਕੀ ਬਾਤ ਦਾ" 27 ਲੱਖ ਪ੍ਰਤੀ ਪ੍ਰਸਾਰਣ ਖਰਚ ਕਰਕੇ ਸੁਣਾਉਂਦਾ ਹੈ ਪਰ ਇੰਜ ਲੋਕਾਂ ਨੂੰ ਪ੍ਰੇਸ਼ਾਨ ਕਰਨ ਵਾਲੀ ਗੱਲ ਤਾਂ ਉਸਨੇ ਸੁਣਾਈ ਹੀ ਨਹੀਂ।

ਜਿਸ ਤਰ੍ਹਾਂ ਕਾਰੂ ਤੇ ਤੁਗਲਕ ਦੇ ਸਮੇਂ ਦਾ ਵਰਤਮਾਨ ਅੱਜ ਦਾ ਇਤਿਾਸ ਬਣ ਗਿਆ ਹੈ ਉਸੇ ਤਰ੍ਹਾਂ ਅੱਜ ਦੇ ਵਰਤਮਾਨ ਨੇ ਵੀ ਇਤਿਹਾਸ ਬਣਨਾ ਹੈ ਜੋ ਭਵਿੱਖ ਦੇ ਪਾਠਕਾਂ ਨੂੰ ਦੱਸੇਗਾ ਕਿ ਕਿੰਝ 'ਕਊਆ ਚਲਾ ਹੰਸ ਕੀ ਚਾਲ ਤੇ ਆਪਣੀ ਵੀ ਭੁੱਲ ਗਿਆ ਸੀ। ਜਿਵੇਂ ਕਹਿੰਦੇ ਹਨ ਕਿ ਚਾਹੇ ਛੁਰੀ ਖਰਬੂਜੇ ਤੇ ਡਿੱਗੇ ਜਾਂ ਖਰਬੂਜਾ ਛੁਰੀ 'ਤੇ ਡਿੱਗੇ ਘਾਣ ਤਾਂ ਖਰਬੂਜੇ ਦਾ ਹੀ ਹੋਣਾ ਹੈ। ਤੁਗਲਕ ਤੇ ਕਾਰੂ ਸਮੇਂ ਵੀ ਅਜਿਹਾ ਹੋਇਆ ਸੀ। ਵਰਤਮਾਨ ਸਮੇਂ ਵੀ ਇੰਜ ਹੋ ਰਿਹਾ ਹੈ। ਤੁਗਲਕ ਵਾਂਗ ਭਾਵੇਂ ਉਸ ਵਰਗੀ ਜ਼ਹਿਨੀਅਤ ਰੱਖਣ ਵਾਲਾ ਤੁਗਲਕ ਵੀ ਤਜਰਬੇ ਕਰਕੇ ਦੇਖ ਲਵੇ।

ਡੀਜ਼ਲ ਤੇ ਪੈਟਰੋਲ ਦੀਆਂ ਕੀਮਤਾਂ ਵਿਚ ਰਾਤ ਨੂੰ ਬਾਰਾਂ ਵਜੇ ਤੋਂ ਲਾਗੂ ਹੋਣਗੇ ਦੀ ਖ਼ਬਰ ਲੋਕਾਂ ਦੇ ਕਪਾਲ ਵਿਚ ਵਜਦੀ ਹੈ। ਉਸੇ ਤਰ੍ਹਾਂ ਅੱਜ ਨਵੰਬਰ ਨੂੰ ਵੀ ਇਹ ਖ਼ਬਰ ਵੀ ਇੰਜ ਹੀ ਵੱਜੀ ਕਿ ਪੰਜ ਸੌ ਅਤੇ ਹਜ਼ਾਰ ਦੇ ਨੋਟ ਬੰਦ ਹੋਣਗੇ ਤੇ ਤੁਗਲਕ ਵਾਂਗ ਨਵੇਂ ਨੋਟ (ਕਰੰਸੀ) ਜਾਰੀ ਕੀਤੀ ਜਾਵੇਗੀ। ਕੌੜ ਵਾਂਗ ਤੋੜੂ ਇਹ ਪਿੱਟਿਆ ਗਿਆ ਕਿ ਇਹ ਸਭ ਕਾਲਾ ਧਨ ਕਢਵਾਉਣ ਲਈ ਕੀਤਾ ਗਿਆ ਹੈ। ਇਸ ਨੇ ਸਭ ਕੁਝ ਠੱਪ ਕਰ ਦਿੱਤਾ ਹੈ। ਦੇਸ਼ ਦੇ ਆਮ ਉਪਭੋਗਤਾ ਦਾ ਆਰਥਿਕ ਢਾਂਚਾ ਚਿਰਮਰਾ ਕੇ ਰਹਿ ਗਿਆ ਹੈ। ਜਿਸ ਦਾ ਖਮਿਆਜਾ ਆਮ ਲੋਕ ਭੁਗਤ ਰਹੇ ਹਨ। ਮਿਹਨਤ ਮਜ਼ਦੂਰੀ ਕਰਕੇ ਜੋੜੇ ਪੰਜ ਪੰਜ ਸੌ ਅਤੇ ਹਜ਼ਾਰ ਹਜ਼ਾਰ ਦੇ ਨੋਟ ਰੱਦੀ ਬਣਕੇ ਰਹਿ ਗਏ ਹਨ ਤੇ ਉਹ ਕਈ ਕਈ ਦਿਨ ਕਿਰਤ ਕਰਨ ਦੀਆਂ ਦਿਹਾੜੀਆਂ ਭੰਨ ਕੇ ਇਹ ਬਦਲਾਉਣ ਲਹੀ ਜਾਂ ਮੀਂਗਣਾ ਘੋਲ ਕੇ ਦਿੱਤੇ ਦੁੱਧ ਵਾਂਗ ਹਜ਼ਾਰ ਦੋ ਹਜ਼ਾਰ ਦੇ ਨਵੇਂ ਨੋਟਾਂ ਲਈ ਤਰਸ ਰਹੇ ਹਨ। ਤੁਗਲਕ ਦੇ ਸਮੇਂ ਵਾਂਗ ਸੈਂਕੜੇ ਲੋਕ ਧੀ-ਪੁੱਤ ਦੇ ਰੱਖੇ ਵਿਆਹਾਂ ਦੇ ਹੋਣ ਵਾਲੇ ਖਰਚੇ ਕਾਰਨ ਡਿਪਰੈਸ਼ਨ (ਨਿਰਾਸ਼ਤਾ) ਦਾ ਸ਼ਿਕਾਰ ਹੋ ਕੇ ਮਰ ਗਏ ਹਨ। ਦੂਸਰੇ ਪਾਸੇ ਜ਼ਨਾਰਦਨ ਰੈਡੀ ਨੋਟ ਬੰਦੀ ਤੋਂ ਬਾਅਦ ਆਪਣੇ ਪੁੱਤਰ ਦੇ ਵਿਆਹ 'ਤੇ ਸੱਤ ਸੌ ਕਰੋੜ ਖਰਚ ਕਰ ਰਿਹਾ ਹੈ। ਤੇ ਲਾੜੀ ਦਾ ਲਹਿੰਗਾ ਹੀ ਸਤਾਰਾਂ ਕਰੋੜ ਦਾ ਹੈ। ਕੀ ਇਹ ਚਿੱਟਾ ਧਨ ਹੈ? ਅੱਗੇ ਤਾਂ ਪੈਨਸ਼ਨਰਾਂ ਨੂੰ ਆਪਣੀ ਪੈਨਸ਼ਨ ਲੈਣ ਲਈ ਜਿਉਂਦੇ ਹੋਣ ਦਾ ਸਬੂਤ ਦੇਣਾ ਪੈਂਦਾ ਸੀ ਪਰ ਵਰਤਮਾਨ ਸਮੇਂ ਧੀ ਪੁੱਤ ਦੇ ਵਿਆਹ ਦਾ ਬੈਂਕ ਨੂੰ ਐਫੀਡੇਵਟ ਤੇ ਕਾਰਡ ਦੇ ਕੇ ਵਿਆਹ ਦਾ ਸਬੂਤ ਦੇਣਾ ਪੈ ਰਿਹਾ ਹੈ। ਜਦਕਿ ਸੋਨਾ 25 ਹਜ਼ਾਰ ਤੋਂ 35 ਹਜ਼ਾਰ 'ਤੇ ਚਲਾ ਗਿਆ ਹੈ। ਕੀ ਢਾਈ ਲੱਖ ਵਿਚ ਵਿਆਹ ਹੋ ਜਾਵੇਗਾ? ਦੇਸ਼ ਦਾ ਸ਼ੇਅਰ ਬਾਜ਼ਾਰ ਲੁੜਕ ਗਿਆ ਹੈ ਤੇ ਲੋਕਾਂ ਦੇ ਕਰੋੜਾਂ ਰੁਪਏ ਧਨਾਢਾਂ ਦੀ ਜੇਬ ਵਿਚ ਚਲੇ ਗਏ ਹਨ? ਕੀ ਇਹ ਸਭ ਅੱਛੇ ਦਿਨਾਂ ਦੀ ਨਿਸ਼ਾਨੀ ਹਨ। ਸਰਕਾਰ ਨੂੰ ਚਾਹੀਦਾ ਸੀ ਕਿ ਉਹ ਕਰੰਸੀ ਬਦਲਣ ਤੋਂ ਪਹਿਲਾਂ ਨਵੀਂ ਕਰੰਸੀ ਦਾ ਇੰਤਜਾਮ ਕਰਕੇ ਫਿਰ ਨਵੀਂ ਕਰੰਸੀ ਦਾ ਪ੍ਰਚਲਣ ਕਰਦੀ ਤਾਂ ਜੋ ਅਜਿਹੇ ਹਲਾਤ ਨਾ ਬਣਦੇ। ਅਮੀਰਾਂ ਨੂੰ ਗੱਫੇ ਤੇ ਗਰੀਬਾਂ ਨੂੰ ਧੱਕੇ ਦੇਣ ਵਾਂਗ ਅਜੋਕੇ ਸਿਆਸਤਦਾਨ ਦੇਸ਼ ਦੇ 95% ਸਰਮਾਏ ਦੇ ਮਾਲਕ ਹੋਣ ਕਰਕੇ ਦੇਸ਼ ਦੀ ਲੋਕ ਸਭਾ, ਰਾਜ ਸਭਾ ਤੇ ਵਿਧਾਨ ਸਭਾਵਾਂ ਉਨ੍ਹਾਂ ਦੀ ਜੇਬ ਵਿਚ ਹਨ ਤੇ ਇਹ ਲੋਕ ਕਾਰਪੋਰੇਟ ਤੇ ਬਹੁਕੰਪਨੀਆਂ ਦੀਆਂ ਕਠਪੁਤਲੀਆਂ ਹਨ। ਉਪਰਲਿਆਂ ਦੀ ਘੁਰਕੀ ਤੋਂ ਡਰਦਿਆਂ ਖਰਬਾਂਪਤੀਆਂ ਦੇ ਕਰਜ਼ੇ ਮੁਆਫ਼ ਕਰਕੇ ਤੇ ਹੋਰ ਰਿਆਇਤਾਂ ਦੇ ਕੇ ਹੋਰ ਅਮੀਰ ਕਰ ਦਿੱਤਾ ਹੈ ਤੇ ਚੋਰ ਹੋਣ ਦੀ ਗਾਜ ਆਮ ਬੰਦੇ ਜਾਂ ਮੁਲਾਜ਼ਮ 'ਤੇ ਡਿੱਗ ਰਹੀ ਹੈ। ਕਿਸੇ ਆਮ ਆਦਮੀ ਜਾਂ ਮੁਲਾਜ਼ਮ ਕੋਲੋਂ ਜੇ ਦੋ ਤਿੰਨ ਲੱਖ ਦੀ ਨਵੀਂ ਕਰੰਸੀ ਫੜੀ ਜਾਂਦੀ ਹੈ ਤਾਂ ਉਹ ਦੇਸ਼ ਧ੍ਰੋਹੀ ਹੈ, ਚੋਰ ਹੈ ਦੂਜੇ ਪਾਸੇ ਕੀ ਪੁੱਤਰ ਦੇ ਵਿਆਹ 'ਤੇ ਸੱਤ ਸੌ ਕਰੋੜ ਖਰਚ ਕਰਨ ਵਾਲਾ ਦੁੱਧ ਧੋਤਾ ਤੇ ਸ਼ਰੀਫ਼ ਹੈ? ਉਸ ਉਪਰ ਮੁਕੱਦਮਾ ਦਾਇਰ ਕਿਉਂ ਨਹੀਂ? ਦੂਸਰੇ ਪਾਸੇ ਆਰ. ਐਸ. ਐਸ. ਦੇ ਮੁਖੀ ਮੋਹਨ ਭਾਗਵਤ ਕੋਲ (368000000000000000) ਸੋਲਾਂ ਸਿਫਰਾਂ ਲਗਾ ਦੇਵੋ ਐਨੇ ਡਾਲਰ ਸਵਿਸ ਬੈਂਕ ਵਿਚ ਜਮ੍ਹਾਂ ਹਨ। ਅੰਬਾਨੀ, ਅਦਾਨੀ ਤੇ ਬਿਰਲੇ ਇਸ ਤੋਂ ਵੱਖਰੇ ਹਨ। ਕੀ ਇਹ ਸਫੈਦ ਧਨ ਹੈ।

ਕੀ ਉਪਰੋਕਤ ਘਰਾਣਿਆਂ ਨੂੰ ਦੇਸ਼ ਧ੍ਰੋਹੀ ਮਨ ਕੇ ਜਾਂ ਟਿਕਟ ਲੈਣਲਈ ਕਰੋੜਾਂ ਰੁਪਏ ਦੇਣ ਤੇ ਲੈਣ ਵਾਲੇ ਜਾਂ ਵਿਕਣ ਵਾਲੇ ਸਿਆਸਤਦਾਨ ਨੂੰ ਭ੍ਰਿਸ਼ਟ ਅਫ਼ਸਰ ਨੂੰ ਲਾਈਨ ਵਿਚ ਲੱਗੇ ਦੇਖਿਆ ਹੈ? ਜੇ ਕਾਨੂੰਨ ਸਭ ਲਈ ਬਰਾਬਰ ਹੈ ਤਾਂ ਇਹ ਡੈਂਗਾਪਣ ਕਿਉਂ? ਕੀ ਅਰਬਾਂ ਖਰਬਾਂ ਦੇ ਮਾਲਕ ਦੇਹਧਾਰੀ ਬਾਬਿਆਂ ਨੂੰ ਜਿੰਨਾ ਕੋਲ ਸਾਈਂ ਬਾਬੇ ਜਿੰਨਾ ਕਈ ਟਨ ਸੋਨਾ ਹੈ ਸ਼ਾਇਦ ਏਨਾ ਸੋਨ ਰਿਜ਼ਰਵ ਬੈਂਕ ਆਫ਼ ਇੰਡੀਆ ਕੋਲ ਵੀ ਨਾ ਹੋਵੇ ਕੀ ਉਨ੍ਹਾਂ ਨੂੰ ਅਦਾਲਤ ਵਿਚ ਖੜ੍ਹਾ ਕੀਤਾ ਹੈ? ਫਿਰ ਮੁੰਹਮਦ ਤੁਗਲਕ ਵਾਂਗ ਇਹ ਤਜਰਬਾ ਆਮ ਲੋਕਾਂ 'ਤੇ ਹੀ ਕਿਉਂ ਕੀਤਾ ਜਾ ਰਿਹਾ ਹੈ। ਨਸ਼ਿਆਂ ਦੇ ਸੌਦਾਗਾਰ ਵੱਖ-ਵੱਖ ਸਕੈਂਡਲਾਂ 'ਚ ਅਰਬਾਂ, ਖਰਬਾਂ ਖਾਣ ਵਾਲੇ ਤਾਂ ਅਜੇ ਵੀ ਚਿੱਟੇ ਧਨ ਤੋਂ ਕੋਹਾਂ ਦੂਰ ਹਨ। ਦੇਸ਼ ਦਾ ਹੁਕਮਰਾਨ ਜ਼ੈਡ ਸਕਿਓਰਿਟੀ ਦੇ ਪਹਿਰੇ ਹੇਠ ਆਪਣੀ ਬਿਰਧ ਮਾਂਨੂੰ ਤੇ ਦੂਸਰੇ ਪਾਸੇ ਕਰੋੜਾਂ ਦੀ ਕਾਰ ਵਿਚ ਬੈਝ ਕੇ ਆਉਣ ਵਾਲਾ ਵਿਰੋਧੀ ਧਿਰ ਦਾ ਨੇਤਾ ਲਾਈਨ ਵਿਚ ਲੱਗਕੇ ਅੱਖੀ ਘੱਟਾ ਪਾਉਣ ਵਾਲੇ ਡਰਾਮੇ ਕਰ ਰਹੇ ਹਨ। ਹੁਣ ਹੁਕਮਰਾਨਾਂ ਦੀ ਅੱਖ ਸੋਨੇ 'ਤੇ ਹੈ। ਉਹ ਡਾਕਟਰੀ ਕਿੱਤੇ ਦੇ ਪਲਸ ਰੇਟ ਜਾਂ ਸਰੀਰ ਦੇ 98.4 ਫਾਰਨੀਹੀਟ ਤਾਪਮਾਨ ਦੇ ਮਾਪਦੰਡ ਤਹਿ ਕਰਨ ਵਾਂਗ ਪੁਰਸ਼ਾਂ ਚਿਸਤਕੀਆਂ ਤੇ ਕੁਆਰੀਆਂ ਲੜਕੀਆਂ ਤੇ ਸੋਨਾ ਰੱਖਣ ਦੇ ਮਾਪਦੰਡ ਤਹਿ ਕਰ ਰਹੇ ਹਨ। ਇਹ ਮਾਪਦੰਡ ਜਨਾਰਦਨ ਰੈਡੀ ਵੇਲੇ ਕਿਥੇ ਸੀ? ਦੇਸ਼ ਦੇ ਸਿਆਸਤਦਾਨ ਜੇ ਦੇਸ਼ ਦੇ ਧਾਰਮਿਕ ਸਥਾਨਾਂ ਤੇ ਸਾਈਂ ਬਾਬੇ ਵਰਗੇ ਡੇਰਾਵਾਦੀਆਂ ਕੋਲੋਂ ਸੋਨਾ ਕਢਵਾ ਲੈਣ ਜਾਂ ਸੋਨੇ ਦੀਆਂ ਮੂਰਤੀਆਂ ਨੂੰ ਵਰਤ ਲੈਦ ਤਾਂ ਦੇਸ਼ ਦੀ ਕਾਇਆਕਲਪ ਹੋ ਸਕਦੀ ਹੈ। ਅਬਦਾਲੀ ਵੀ ਤਾਂ ਵਾਰ ਵਾਰ ਹਲਮੇ ਕਰਕੇ ਸੋਨੇ ਦੀਆਂ ਮੂਰਤੀਆਂ ਲੈ ਹੀ ਗਿਆ ਸੀ। ਇੰਜ ਸਾਈਂ ਬਾਬਾ ਦੀ ਗੁਫਾ ਵਾਂਗ ਹੋਰਨਾਂ ਸਾਧਾਂ ਦੀਆਂ ਖੁੱਡਾਂ ਵੀ ਹਨ। ਫਿਰ ਅੱਜ ਦੇ ਕਾਰੂ ਤੇ ਤੁਗਲਕ ਬਣੇ ਸਿਆਸਤਦਾਨਾਂ ਦਾ ਧਿਆਨ ਇਸ ਪਾਸੇ ਕਿਉਂ ਨਹੀਂ ਜਾ ਰਿਹਾ?

ਗੱਲ ਧੀਆਂ ਪੁੱਤਰਾਂ ਦੇ ਵਿਆਹਾਂ ਤੱਕ ਹੀ ਸੀਮਤ ਨਹੀਂ ਸਗੋਂ ਇਸਨੇ ਆਮ ਮਨੁੱਖ ਦੀ ਜ਼ਿੰਦਗੀ ਤੇ ਨਾਂਹਪੱਖੀ ਪ੍ਰਭਾਵ ਪਾਏ ਹਨ। ਫਰਜ਼ ਕਰੋ ਕਿਸੇ ਮੱਧ ਵਰਗੀ ਮਾਂ ਬਾਪ ਨੇ ਆਪਣੀਆਂ ਧੀਆਂ ਪੁੱਤਰਾਂ ਨੂੰ ਉਚ ਵਿਦਿਆ ਜਾਂ ਕੋਰਸ ਵਿਚ ਦਾਖਲਾ ਕਰਵਾਉਣਾ ਹੈ ਜਾਂ ਵਿਦੇਸ਼ ਭੇਜਣਾ ਹੈ ਕੀ ਉਹ ਲਾਈਨ 'ਚ ਖੜ੍ਹਕੇ ਹਫਤੇ 'ਚ ਚਾਰ ਹਜ਼ਾਰ ਜਾਂ ਮਹੀਨੇ ਵਿਚ ਚੌਵੀ ਹਜ਼ਾਰ ਲੈ ਕੇ ਭੇਜਦੂ? ਦੂਸਰੇ ਪਾਸੇ ਨਿੱਜੀ ਹਸਪਤਾਲਾਂ ਵਿਚ ਜ਼ਿੰਦਗੀ ਮੌਤ ਨਾਲ ਜੂਝ ਰਹੇ ਮਰੀਜ਼ਾਂ ਦੇ ਓਪਰੇਸ਼ਨਾਂ ਲਈ ਵਾਰਸ ਲੱਖਾਂ ਰੁਪਏ ਕਿਥੋਂ ਲਿਆਉਣ? ਉਹ ਵੀ ਇਸ ਜ਼ਹਿਨੀ ਦਬਾਓ ਦਾ ਸ਼ਿਕਾਰ ਹਨ। ਇੰਜ ਮਾਨਸਿਕ ਤਣਾਓ ਤੇ ਹਸਪਤਾਲਾਂ ਵਿਚ ਮਰੀਜ਼ਾਂ ਦੀ ਤੇ ਆਮ ਲੋਕਾਂ ਦੀਆਂ ਮੌਤਾਂ ਦੀ ਗਿਣਤੀ ਤੁਗਲਕ ਦੇ ਸਮੇਂ ਵਾਂਗ ਵਧੇਗੀ। ਸਰਕਾਰ ਖੁਦ ਮੰਨ ਰਹੀ ਹੈ ਕਿ ਸਥਿਤੀ ਸਮਾਜ ਹੋਣ ਤੇ ਪੰਜ-ਛੇ ਮਹੀਨੇ ਲੱਗ ਜਾਣਗੇ। ਏਨੇ ਸਮੇਂ ਵਿਚ ਆਮ ਆਦਮੀ ਦਾ ਕੀ ਹੋਵੇਗਾ ਜੋ ਆਪਣੀ ਕਮਾਈ ਲੈਣ ਤੋਂ ਵੀ ਆਤੁਰ ਹੋ ਜਾਵੇਗਾ। ਇੰਜ ਹਜ਼ਾਰਾਂ-ਲੱਖਾਂ ਵਿਚ ਹੋਣ ਵਾਲੀਆਂ ਮੌਤਾਂ ਦੀ ਸਥਿਤੀ ਮਗਰਮੱਛ ਵਾਂਗ ਮੂੰਹ ਅੱਡੀ ਖੜ੍ਹੀ ਹੈ।

ਕਈ ਵਿਦਵਾਨਾਂ ਦਾ ਮਤ ਹੈ ਕਿ ਇਸ ਤੋਂ ਪਹਿਲਾਂ ਵੀ ਸਰਕਾਰ ਕਰੰਸੀ ਬਦਲ ਚੁੱਕੀ ਹੈ ਪਰ ਅਜਿਹੀ ਸਥਿਤੀ ਕਦੇ ਨਹੀਂ ਆਈ ਉਸਸਮੇਂ ਮਨੁੱਖ ਦੀ ਬਜ਼ਾਰ ਤੇ ਨਿਰਭਰਤਾ ਬਹੁਤ ਘੱਟ ਸੀ। ਲੋੜਾਂ ਸੀਮਤ ਸਨ। ਖੇਤੀ ਗੁਜ਼ਾਰਾ ਆਧਾਰਤ (ਘਰ ਦਾ ਤੇਲ, ਕਮਾਦ ਦਾ ਗੁੜ, ਕਪਾਹ ਦੇ ਰੂੰ ਤੋਂ ਬਣੇ ਕੱਪੜੇ ਘਰ ਦੀਆਂ ਸਬਜ਼ੀਆਂ ਸਨ) ਜਦਕਿ ਅੱਜ ਦੇ ਯੁੱਗ ਵਿਚ ਬਰਾਂਡਿਡ ਕੱਪੜੇ, ਜੁੱਤੀਆਂ, ਮੋਟਰਸਾਈਕਲਾਂ, ਕਾਰਾਂ, ਮੋਬਾਇਲਾਂ ਤੇ ਟੈਲੀਵਿਜ਼ਨ, ਫਰਿਜ਼ ਆਦਿ ਦੀ ਲੋੜ ਹੈ। ਇਹ ਵਸਤਾਂ ਨੂੰ ਜਾਂ ਇਨ੍ਹਾਂ ਨੂੰ ਵਿਕਾਸ ਨਹੀਂ ਕਹਿ ਸਕਦੇ। ਕੰਕਰੀਟ ਕਦੇ ਵਿਕਾਸ ਨਹੀਂ ਹੁੰਦਾ। ਦੇਸ਼ ਦੀ ਸਵਾ ਅਰਬ ਆਬਾਦੀ ਵਿਚੋਂ 80% ਅਨਪੜ੍ਹ ਤੇ ਡੇਢ ਦੋ ਪ੍ਰਤੀਸ਼ਤ ਗਰੈਜੂਏਟ ਜਾਂ ਪੋਸਟ ਗਰੈਜੂਏਟ ਹਨ ਜਿਨ੍ਹਾਂ ਦੀ ਕੁੱਲ ਗਿਣਤੀ ਡੇਢ ਦੋ ਪ੍ਰਤੀਸ਼ਤ ਬਣਦੀ ਹੈ ਸਾਡੀ ਸੱਤਰ ਸਾਲ ਦੀ ਅਜ਼ਾਦੀ ਰੁਜ਼ਗਾਰ ਨਹੀਂ ਦੇ ਸਕੀ।

ਭਾਰਤ ਦੀ ਸਵਾ ਅਰਬ ਆਬਾਦੀ ਵਿਚੋਂ ਕੁੱਲ 7-8 ਲੱਖ ਹੀ ਸਰਕਾਰੀ ਮੁਲਾਜ਼ਮ ਹਨ। ਜਿਨ੍ਹਾਂ ਵਿਚ ਫੌਜ, ਬੀ. ਐਸ. ਐਫ., ਸੀ. ਆਰ. ਪੀ. ਪ੍ਰਾਂਤਿਕ ਪੁਲਿਸ ਡਾਕਟਰ, ਅਧਿਆਪਕ, ਵਕੀਲ ਜੱਜ, ਕਲਰਕ ਅਤੇ ਚਪੜਾਸੀ ਭਾਵ ਦਰਜਾ ਚਾਰ ਕਰਮਚਾਰੀ ਹਨ। ਕੀ ਇਹ ਸਾਰੇ ਆਪਣੀਆਂ ਉਜਰਤਾਂ ਲੈਣ ਲਈ ਬੈਂਕ ਅੱਗੇ ਕਤਾਰਾਂ ਵਿਚ ਲੱਗਣਗੇ। 14 ਜਨਵਰੀ 2008 ਤੋਂ 22 ਜਨਵਰੀ 2008 ਵਿਚ ਸ਼ੇਅਰ ਬਾਜ਼ਾਰ 21000 ਤੋਂ 16000 ਅੰਕ ਤੇ ਲੁੜਕਿਆ ਸਿੱਟੇ ਵਜੋਂ ਭਾਰਤੀ ਲੋਕਾਂ ਦਾ ਦਸ ਲੱਖ ਕਰੋੜ ਰੁਪਈਆ ਡੁੱਬਿਆ। ਹੁਣ ਤਾਂ ਇਸ ਤੋਂ ਵੀ ਬੁਰਾ ਹਾਲ ਹੈ। ਕਾਲੇ ਧਨ ਵਾਲਿਆਂ ਵਿਚ ਅਦਾਨੀ, ਅੰਬਾਨੀ ਵਰਗੇ ਆਪਣੇ 4300 ਕਰੋੜ ਦੇ ਬੰਗਲੇ ਤੇ ਹਵਾਈ ਹਜ਼ਾਰ ਪਤਨੀ ਨੂੰ ਤੋਹਫ਼ੇ ਵਿਚ ਦੇ ਰਹੇ ਹਨ। ਸ਼ਸ਼ੀ ਕਾਂਤ, ਰਵੀ ਰੂਇਆ ਸਾਢੇ ਸੱਤ ਅਰਬ ਡਾਲਰ ਦੇ ਮਾਲਕ, ਅਨੁਰਾਗ ਦੀਕਸ਼ਤ 7200 ਕਰੋੜ ਡਾਲਰ ਭਿੱਖੂ ਪਟੇਲ ਤੇ ਵਿਜੈ ਪਟੇਲ 520 ਮਿਲੀਅਨ ਡਾਲਰ ਦੇ ਮਾਲਕ ਹਨ। ਸਿਆਸਤਦਾਨਾਂ, ਫਿਲਮੀ ਐਕਟਰਾਂ ਤੇ ਉਦਯੋਗਪਤੀਆਂ ਵੱਲ ਅਰਬਾਂ ਡਾਲਰ ਆਮਦਨ ਕਰ ਬਕਾਇਆ ਖੜ੍ਹਾ ਹੈ। ਵਿਜੈ ਮਾਲੀਆ ਵਾਂਗ ਬੈਂਕਾਂ ਖਾਮੋਸ਼ ਹਨ। ਸਰਕਾਰੀ ਤੰਤਰ ਖਾਮੋਸ਼ ਹੈ। ਹੋਰ ਤਾਂ ਹੋਰ ਬਾਂਦਰ ਟਪੂਸੀਆਂ ਮਾਰਨ ਵਾਲੇ ਰਾਮਦੇਵ ਦਾ ਕਾਰੋਬਾਰ ਵੀ 27000 ਕਰੋੜ ਦਾ ਹੈ। ਅਜਿਹੇ ਆਰਥਿਕ ਪਾੜੇ ਵਿਚ ਭਾਰਤ ਵਿਚ ਜਨਮ ਲੈਣ ਵਾਲਾ ਨਾਗਰਿਕ ਲੱਖਾਂ ਦਾ ਕਰਜ਼ਾ ਸਿਰ ਲੈ ਕੇ ਜਨਮਦਾ ਹੈ। ਡਾਲਰ ਦੇ ਮੁਕਾਬਲੇ ਰੁਪਈਏ ਦੀ ਕੀਮਤ ਘਟਣ ਨਾਲ ਜੋ ਵਿਦੇਸ਼ੀ ਕਰਜ਼ਾ ਵਧ ਰਿਹਾ ਹੈ ਉਹ ਉਪਰੋਕਤ ਅੰਕੜਿਆਂ ਤੋਂ ਵੱਖਰਾ ਹੈ। ਕੀ ਅਜਿਹੀ ਕਰੰਸੀ ਬਦਲਣ ਦੇ ਦੌਰ ਵਿਚ ਕਿਰਤੀ ਵਰਗ ਕੱਖ ਪਤੀ ਬਣਦੇ ਨਹੀਂ ਰਹਿ ਜਾਵੇਗਾ? ਇਸ ਕਾਰਨ ਆਮ ਲੋਕਾਂ ਦਾ ਸਬਜ਼ੀ ਫਰੋਸ਼, ਦਰਜ਼ੀਆਂ ਦਾ ਤੇ ਦੁਕਾਨਾਂ 'ਤੇ ਕੰਮ ਕਰਦੇ ਕਰਿੰਦਿਆਂ ਦਾ ਰੁਜ਼ਗਾਰ ਬੰਦ ਹੋ ਕੇ ਰਹਿ ਗਿਆ ਹੈ। ਇਨ੍ਹਾਂ ਦੇ ਮਾਲਕ ਆਪਣੇ ਕਾਮਿਆਂ ਨੂੰ ਉਜਰਤਾਂ ਦੇਣ ਤੋਂ ਆਤੁਰ ਹਨ। ਫਿਰ ਇਹ ਦਿਹਾੜੀਦਾਰ, ਕਾਮੇ, ਕਰਿੰਦੇ ਕਿਥੇ ਜਾਣਗੇ? ਕੀ ਤੁਗਲਕ ਦੇ ਸਮੇਂ ਵਾਂਗ ਅਣਆਈ ਮੌਤ ਨਹੀਂ ਮਰਨਗੇ? ਫਰਜ਼ ਕਰੋ ਅੱਜ ਕਿਸੇ ਦਿਹਾੜੀਦਾਰ, ਮਜ਼ਦੂਰ ਦੇ ਘਰ ਮੌਤ ਹੋ ਜਾਵੇ ਤਾਂ ਸਾਢੇ ਚਾਰ ਹਜ਼ਾਰ ਦੀ ਲੱਕੜ ਦੇਹੀ ਕਿਮਟਣ ਲਈ ਚਾਹੀਦੀ ਹੈ। ਬਾਕੀ ਰਸਮਾਂ ਵੱਖਰੀਆਂ ਹਨ। ਦੱਸੋ ਉਹ ਮੁਰਦੇ ਨੂੰ ਘਰੇ ਰੱਖਕੇ ਕਿੰਨੇਦਿਨ ਬੈਂਕਾਂ ਅੱਗੇ ਖੜ੍ਹੇਗਾ। ਦੂਜੇ ਪਾਸੇ ਜੇਤਲੀ ਨੇ 2015 ਦੇ ਬਜਟ ਵਿਚ 3315 ਕਰੋੜ ਦੇ ਕਰਜ਼ੇ ਕਾਰਪੋਰੇਟ ਅਦਾਰਿਆਂ ਦੇ ਮੁਆਫ਼ ਕੀਤੇ। ਮਾਰਚ 2016 ਦੇ ਬਜਟ ਵਿਚ 9892822 ਕਰੋੜ ਦੀ ਸਬਸਿਡੀ ਇਨ੍ਹਾਂ ਕਾਰਪੋਰੇਟ ਅਦਾਰਿਆਂ ਤੇ ਬਹੁਕੌਮੀ ਕੰਪਨੀਆਂ ਦੀ ਜੇਲ੍ਹ ਵਿਚ ਪਾ ਦਿੱਤੀ। ਅਜਿਹੀ ਸਥਿਤੀ 'ਚ ਕਾਲੇ ਧਨ ਦੇ ਦੋਸ਼ੀ ਆਮ ਲੋਕਾਂ ਨੂੰ ਬਣਾਇਆ

(ਬਾਕੀ ਸਫ਼ਾ 27 'ਤੇ)


HomeLife SilverCity
Realty Inc., Brokerage
EACH OFFICE INDEPENDENTLY OWNED & OPERATED
Now Hiring
New / Experienced Real Estate Sales Representative / Brokers
Office: 905-913-8500
50 Cottrelle Blvd., Unit 29, Brampton
www.HomelifeSilvercityTeam.com
NEW LOCATION AT AIRPORT RD/DREW TO SERVE YOU BETTER
BALJIT GARCHA
BROKER OF RECORD
AJIT GARCHA
BROKER / PRESIDENT
Team of OVER 250 Realtors
www.homelifesilvercityteam.com